Downloaded from https:// www.studiestoday.com

# ਧਰਮ

(ਬਾਰ੍ਹਵੀਂ ਸ਼੍ਰੇਣੀ ਲਈ)

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ



Downloaded from https:// www.studiestoday.com

Downloaded from https:// www.studiestoday.com

# ਵਿਸ਼ਾ ਸੂਚੀ


| | ਭਾਗ ੳ : (ਇਤਿਹਾਸਕ) | ਪੰਨਾ ਨੰ. |
|---|---|---|
| 1. | ਸਿੰਧੂ ਘਾਟੀ ਸਭਿਅਤਾ ਦੇ ਲੋਕਾਂ ਦਾ ਧਾਰਮਿਕ ਜੀਵਨ | 1 |
| 2. | ਮੁਢਲੇ ਆਰੀਆਂ ਦਾ ਧਾਰਮਿਕ ਜੀਵਨ | 8 |
| 3. | ਮਹਾਤਮਾ ਬੁੱਧ ਦਾ ਜੀਵਨ | 14 |
| 4. | ਬੁੱਧ ਧਰਮ ਦਾ ਵਿਕਾਸ | 19 |
| 5. | ਸਿੱਖ ਧਰਮ ਦਾ ਜਨਮ ਤੇ ਵਿਕਾਸ (ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅਰਜਨ ਦੇਵ ਜੀ ਤੱਕ) | 28 |
| 6. | ਸਿੱਖ ਧਰਮ ਦਾ ਵਿਕਾਸ (ਗੁਰੂ ਅਰਜਨ ਦੇਵ ਜੀ ਤੋਂ ਬਾਅਦ) | 46 |
| | **ਭਾਗ ਅ : (ਸਾਹਿਤਕ)** | |
| 7. | ਵੈਦਿਕ ਸਾਹਿਤ ਦੀ ਜਾਣ-ਪਛਾਣ (ਚਾਰੇ ਵੇਦਾਂ ਦੇ ਨਾਂ ਅਤੇ ਮੁੱਖ ਲੱਛਣ) | 58 |
| 8. | ਪੁਰਾਣਾਂ ਅਤੇ ਧਰਮ ਸ਼ਾਸਤਰਾਂ ਦਾ ਸਾਧਾਰਣ ਪ੍ਰੀਚੈ | 66 |
| 9 | "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ" | 77 |
| | **ਭਾਗ ੲ : (ਵਿਹਾਰਕ)** | |
| 10. | ਬੁੱਧ ਧਰਮ ਦਾ ਅਸ਼ਟਾਂਗ ਮਾਰਗ | 87 |
| 11. | ਜੈਨ ਧਰਮ ਦੀਆਂ ਨੈਤਿਕ ਸਿੱਖਿਆਵਾਂ | 95 |
| 12. | ਸਿੱਖ ਜੀਵਨ ਜਾਚ | 108 |




Downloaded from https:// www.studiestoday.com

Downloaded from https:// www.studiestoday.com

# ਸੰਦੇਸ਼

ਰਾਜ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਪਹਿਲ ਦਿੰਦੇ ਹੋਏ ਨੈਸ਼ਨਲ ਇੰਨਸਟੀਚਿਊਟ ਆਫ਼ ਓਪਨ ਸਕੂਲਿੰਗ, ਨੋਆਇਡਾ ਦੇ ਪੈਟਰਨ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਾਬ ਓਪਨ ਸਕੂਲ ਸਿੱਖਿਆ ਪ੍ਰਣਾਲੀ ਰਾਹੀਂ ਸਿੱਖਿਆ ਪ੍ਰਦਾਨ ਕਰਨ ਦਾ ਉਪਬੰਧ ਕੀਤਾ ਗਿਆ ਹੈ। ਓਪਨ ਸਕੂਲ ਪ੍ਰਣਾਲੀ ਵੱਲੋਂ ਰਾਸ਼ਟਰੀ ਸਿੱਖਿਆ ਨੀਤੀ ਦੇ ਉਦੇਸ਼ ਦੀ ਪੂਰਤੀ ਤੇ ਸਰਵ-ਵਿਆਪਕ ਸਿੱਖਿਆ ਦੇ ਟੀਚੇ ਨੂੰ ਪੂਰਾ ਕਰਨ ਲਈ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ।

ਸਿੱਖਿਆ ਹੀ ਇੱਕ ਅਜਿਹਾ ਸ਼ਕਤੀਸ਼ਾਲੀ ਉਪਰਾਲਾ ਹੈ ਜਿਸ ਨਾਲ ਸਮਾਜ ਵਿੱਚ ਪਰਿਵਰਤਨ ਲਿਆਂਦਾ ਜਾ ਸਕਦਾ ਹੈ। ਓਪਨ ਸਿੱਖਿਆ ਪ੍ਰਣਾਲੀ ਨੂੰ ਹਰ ਪੱਖੋਂ ਰਸਮੀ ਸਿੱਖਿਆ ਪ੍ਰਣਾਲੀ ਦੇ ਬਰਾਬਰ ਮੰਨਿਆ ਜਾਂਦਾ ਹੈ ਕਿਉਂਕਿ ਇਸ ਦੇ ਪਾਠ-ਕ੍ਰਮ ਅਤੇ ਪਰੀਖਿਆ ਵਿੱਚ ਕੋਈ ਅੰਤਰ ਨਹੀਂ ਹੈ। ਇਸ ਪ੍ਰਣਾਲੀ ਦੀਆਂ ਕੁਝ ਖ਼ਾਸ ਵਿਸ਼ੇਸ਼ਤਾਵਾਂ ਹਨ ਜਿਵੇਂ ਕਿ ਪੜ੍ਹਾਈ ਸਕੀਮ ਅਧੀਨ ਵਿਸ਼ਿਆਂ ਦੀ ਚੋਣ ਲਈ ਲਚਕੀਲਾਪਣ, ਪਹਿਲਾਂ ਪਾਸ ਕੀਤੇ ਵਿਸ਼ਿਆਂ ਨੂੰ ਕਰੈਡਿਟ ਕੈਰੀ ਕਰਨ ਦਾ ਲਾਭ, ਪਰੀਖਿਆ ਪਾਸ ਕਰਨ ਦੇ ਵੱਧ ਅਵਸਰ ਅਤੇ ਉਮਰ ਦੀ ਹੱਦ ਵਿੱਚ ਛੋਟ ਆਦਿ। ਇਸ ਪ੍ਰਣਾਲੀ ਅਧੀਨ ਰੈਗੂਲਰ ਤੌਰ 'ਤੇ ਸਕੂਲ ਜਾਣ ਦੀ ਜ਼ਰੂਰਤ ਨਹੀਂ, ਸਗੋਂ ਵਿਸ਼ੇਸ਼ ਤੌਰ 'ਤੇ ਤਿਆਰ ਕਰਵਾਈ ਪਾਠ ਸਮੱਗਰੀ ਤੋਂ ਸੁਵਿਧਾ ਅਤੇ ਸਮੇਂ ਅਨੁਸਾਰ ਸ੍ਵੈ-ਅਧਿਐਨ ਰਾਹੀਂ ਹੀ ਪੜ੍ਹਾਈ ਕੀਤੀ ਜਾ ਸਕਦੀ ਹੈ। ਪੜ੍ਹਾਈ ਦੌਰਾਨ ਆਈਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਅਧਿਐਨ ਕੇਂਦਰ ਸਥਾਪਿਤ ਕਰਕੇ ਵਿਅਕਤੀਗਤ ਸੰਪਰਕ ਪ੍ਰੋਗਰਾਮ ਲਗਾਏ ਜਾਂਦੇ ਹਨ ਅਤੇ ਜਿਸ ਦੌਰਾਨ ਪ੍ਰਯੋਗੀ ਵਿਸ਼ਿਆਂ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ।

ਹਥਲੀ ਪਾਠ ਸਮਗਰੀ ਦਾ ਵਿਸ਼ਾ-ਵਸਤੂ ਸਰਲ ਭਾਸ਼ਾ ਵਿੱਚ ਦਰਸਾਉਣ ਦਾ ਉਪਰਾਲਾ ਕੀਤਾ ਗਿਆ ਹੈ। ਆਸ ਕੀਤੀ ਜਾਂਦੀ ਹੈ ਕਿ ਇਸ ਕੋਰਸ ਦੀ ਪੜ੍ਹਾਈ ਮੁਕੰਮਲ ਹੋਣ ਤੇ ਆਪ ਨੂੰ ਸਫ਼ਲ ਇਨਸਾਨ ਬਣ ਸਕਣ ਲਈ ਸੇਧ ਮਿਲੇਗੀ। ਪਾਠ ਸਮਗਰੀ ਵਿੱਚ ਹੋਰ ਸੁਧਾਰ ਲਿਆਉਣ ਲਈ ਖੇਤਰ ਤੋਂ ਪ੍ਰਾਪਤ ਸੁਝਾਵਾਂ ਦਾ ਬੋਰਡ ਵੱਲੋਂ ਸਤਿਕਾਰ ਕੀਤਾ ਜਾਵੇਗਾ।

ਚੇਅਰਪਰਸਨ

ਪੰਜਾਬ ਸਕੂਲ ਸਿੱਖਿਆ ਬੋਰਡ



Downloaded from https:// www.studiestoday.com

Downloaded from https:// www.studiestoday.com

SYLLABUS

## RELIGION

Time: 3 Hrs

Theory: 90 Marks
CCE: 10 Marks
Total: 100 Marks

### STRUCTURE OF QUESTION PAPER

1. The question paper will comprise of 32 questions in total.
2. All questions will be compulsory to attempt.
3. The question paper will consist of four parts with each part representing all sections and all religions.

**Part-I** will consist of ten (10) objective type questions (Q. no. 1 to 10) carrying one mark each. Objective type questions may include questions with one word to one sentence answer or fill in the blank or true/false or multiple choice type questions. 10×1=10

**Part-II** will consists of eight (8) short answer type -I questions (Q. no. 11 to 18) carrying 2 marks each. Answer of each question should be given within 30-35 words. 8×2=16

**Part-III** will consist of ten (10) short answer type-II questions (Q. no. 19 to 28) carrying 4 marks each. Answer of each question should be given within 60-70 words. Out of ten, three Questions will have internal choice. 10×4=40

**Part-IV** will consist of four (4) long answer type questions with internal choice (Q. no. 29 to 32) carrying 6 marks each. Answer of each question should be given in approximately 1½ to 2 pages of the answer sheet. 4×6=24

### SECTIONWISE DISTRIBUTION OF QUESTIONS AND MARKS

| Type of question | Marks per question | No. of questions | Section wise Distribution of questions | | | Total Marks |
|---|---|---|---|---|---|---|
| | | | Section A | Section B | Section C | |
| Objective type | 1 Mark | 10 | 3 | 3 | 4 | 10 |
| Short answer type-I | 2 Marks | 08 | 3 | 3 | 2 | 16 |
| Short answer type-II | 4 Marks | 10 | 4 | 3 | 3 | 40 |
| Long answer type | 6 Marks | 04 | 1 | 1 | 2 | 24 |
| **Total** | | **32** | **11** | **10** | **11** | **90** |

### SYLLABUS
### SECTION A: (HISTORICAL)

(1) Religious life of the Indus valley people and early Aryans.
(2) Budhist movement (up to Ashoka Period).
(3) Rise And development of Sikhism (A.D. 1469 – 1708).

### SECTION B : (LITERARY)

(1) Introduction to Vedic Literature (name and main features of the four Vedas).
(2) General Introduction to Puranas, Upanishads, Shastras.
(3) The Adi-Granth – its editing scheme.

### SECTION C : (REFLECTIVE)

(1) Ashta marga of Buddhism.
(2) Ethical teachings of Jainism.
(3) The Sikh way of life.

Downloaded from https:// www.studiestoday.com

Downloaded from https:// www.studiestoday.com

**BOOK PRESCRIBED**

An Introduction to Indian Religion by Harbans Singh & L.M. Joshi (Punjabi University, Patiala).

**BOOK SUGGESTED (for general reading)**

| | |
|---|---|
| Punjabi University, Patiala | Budhism |
| | Jainism |
| | Sikhism |

Surinder Singh Johar – A hand book of Sikhism.

Downloaded from https:// www.studiestoday.com

Downloaded from https:// www.studiestoday.com

# ਭਾਗ ੳ ਇਤਿਹਾਸਿਕ

## ਪਾਠ-1
## ਸਿੰਧੂ ਘਾਟੀ ਸਭਿਅਤਾ ਦੇ ਲੋਕਾਂ ਦਾ ਧਾਰਮਿਕ ਜੀਵਨ

ਪਿਆਰੇ ਵਿਦਿਆਰਥੀਓ,

ਤੁਸੀਂ ਇਤਿਹਾਸ ਦੀ ਪੁਸਤਕ ਵਿੱਚ ਸਿੰਧੂ ਘਾਟੀ ਸਭਿਅਤਾ ਅਤੇ ਇਸ ਸਭਿਅਤਾ ਨਾਲ ਸੰਬੰਧਿਤ ਲੋਕਾਂ ਦੇ ਜੀਵਨ ਬਾਰੇ ਪੜ੍ਹ ਆਏ ਹੋ। ਬਾਰ੍ਹਵੀਂ ਸ਼੍ਰੇਣੀ ਦੇ ਧਰਮ ਦੇ ਵਿਸ਼ੇ ਵਿੱਚ ਸਾਡਾ ਸੰਬੰਧ ਮੁੱਖ ਤੌਰ ਉੱਤੇ ਇਸ ਸਭਿਅਤਾ ਦੇ ਲੋਕਾਂ ਦੇ ਧਾਰਮਿਕ ਜੀਵਨ ਨਾਲ ਹੈ। ਸੋ ਇਸ ਪਾਠ ਵਿੱਚ, ਅਸੀਂ ਇਸ ਵਿਸ਼ੇ ਸੰਬੰਧੀ ਚਰਚਾ ਕਰਾਂਗੇ।

'ਸਿੰਧੂ ਘਾਟੀ ਸਭਿਅਤਾ ਦੇ ਲੋਕਾਂ ਦਾ ਧਾਰਮਿਕ ਜੀਵਨ' ਪਾਠ ਦੇ ਆਧਾਰ ਉੱਤੇ ਨਿਮਨ ਲਿਖਤ ਪ੍ਰਸ਼ਨ ਪੁੱਛੇ ਜਾ ਸਕਦੇ ਹਨ-

(1) ਸਿੰਧੂ ਘਾਟੀ ਸਭਿਅਤਾ ਦੇ ਮੁੱਖ ਕੇਂਦਰ ਕਿਹੜੇ ਕਿਹੜੇ ਹਨ? ਅਤੇ ਇਸ ਸਭਿਅਤਾ ਦੇ ਲੋਕਾਂ ਦਾ ਧਾਰਮਿਕ ਜੀਵਨ ਕਿਹੋ ਜਿਹਾ ਸੀ ?

(2) ਸਿੰਧੂ ਘਾਟੀ ਸਭਿਅਤਾ ਦੇ ਲੋਕਾਂ ਦੇ ਧਾਰਮਿਕ ਜੀਵਨ ਬਾਰੇ ਜਾਣਕਾਰੀ ਦਿਓ ।

(3) ਸਿੰਧੂ ਘਾਟੀ ਸਭਿਅਤਾ ਨਾਲ ਸੰਬੰਧਿਤ ਮੁੱਖ ਮਾਨਤਾਵਾਂ ਸਵਾਸਤਿਕ, ਦੇਵੀ ਪੂਜਾ, ਬਿਰਛ, ਪਿੱਪਲ ਪੂਜਾ, ਸਵਰਗ ਵਿੱਚ ਵਿਸਵਾਸ ਆਦਿ ਬਾਰੇ ਤੁਸੀਂ ਕੀ ਜਾਣਦੇ ਹੋ?

(4) ਸਿੰਧੂ ਘਾਟੀ ਸਭਿਅਤਾ ਦੇ ਲੋਕਾਂ ਦੇ ਮ੍ਰਿਤਕ ਸੰਸਕਾਰ ਆਪਣੇ ਸ਼ਬਦਾਂ ਵਿੱਚ ਲਿਖੋ ।

**ਸਿੰਧੂ ਘਾਟੀ ਸਭਿਅਤਾ ਦੀ ਖੋਜ ਅਤੇ ਕੇਂਦਰ-** ਭਾਰਤੀ ਪੁਰਾਤੱਤਵ ਵਿਭਾਗ ਦੇ ਮਹਾਂ ਨਿਰਦੇਸ਼ਕ ਜਾਨ ਮਾਰਸ਼ਲ ਦੁਆਰਾ 1924 ਵਿੱਚ ਕੀਤੇ ਐਲਾਨ ਪਿੱਛੋਂ ਸਿੰਧੂ ਘਾਟੀ ਸਭਿਅਤਾ ਪ੍ਰਕਾਸ਼ ਵਿੱਚ ਆਈ। ਇਸ ਸਭਿਅਤਾ ਬਾਰੇ ਹੋਰ ਜਾਣਕਾਰੀ ਪਿੱਛੋਂ ਥਾਂ-ਥਾਂ ਕੀਤੀ ਗਈ ਖੁਦਾਈ ਤੋਂ ਪਤਾ ਲੱਗੀ ਹੁਣ ਤੱਕ ਇਸ ਸੰਸਕ੍ਰਿਤੀ ਨਾਲ ਸੰਬੰਧਿਤ 1,000 ਥਾਂਵਾਂ ਦਾ ਪਤਾ ਲੱਗ ਚੁੱਕਾ ਹੈ। ਇਹਨਾਂ ਵਿੱਚੋਂ ਮੁੱਖ ਕੇਂਦਰ ਹਨ- ਹੜੱਪਾ, ਮੋਹਨਜੋਦੜੋ, ਚੂਨਹੋਦੜੋ, ਰੋਪੜ, ਕਾਲੀਬੰਗਾ, ਲੋਥਲ, ਸੰਘੋਲ, ਮੀਤਾਥਾਲ, ਆਲਮਗੀਰ, ਮਲਵ ਆਦਿ।

**ਕਾਲ-** ਸਿੰਧੂ ਘਾਟੀ ਸਭਿਅਤਾ ਦੇ ਕਾਲ ਬਾਰੇ ਵਿਦਵਾਨਾਂ ਵਿੱਚ ਮੱਤਭੇਦ ਹੈ। ਸਰ ਜਾਨ ਮਾਰਸ਼ਲ ਉਸ ਸਭਿਅਤਾ ਦਾ ਕਾਲ 4,000 ਤੋਂ 2,500 ਈ. ਪੂ. ਮੰਨਦਾ ਹੈ। ਸਰ ਮਾਰਟੀਮਰ ਵੀਲਰ (Sir Mortimar Wheeler) ਅਨੁਸਾਰ ਉਸਦਾ ਕਾਲ ਵਿਸਤਾਰ 2,500 ਤੋਂ 1,700 ਈ. ਪੂਰਵ ਹੈ। ਡਾ. ਆਰ ਕੇ. ਮੁਕਰਜੀ ਇਸ ਸਭਿਅਤਾ ਦਾ ਕਾਲ 3,250 ਤੋਂ 2,750 ਈ. ਪੂ. ਦਸਦਾ ਹੈ। ਪਰੰਤੂ ਏ. ਡੀ. ਪੁਸਤਕਰ ਅਨੁਸਾਰ ਇਸ ਸਭਿਅਤਾ ਦਾ ਵਿਸਤਾਰ 2800 ਈ. ਪੂ. ਤੋਂ 2,500 ਈ. ਪੂਰਵ ਵਿੱਚ ਹੋਇਆ ਹੈ। ਕੁਝ ਵੀ ਹੋਵੇ ਵਧੇਰੇ ਇਤਿਹਾਸਕਾਰਾਂ ਦਾ ਵਿਸ਼ਵਾਸ਼ ਹੈ ਕਿ ਇਹ ਸਭਿਅਤਾ ਲਗਭਗ 5,000 ਸਾਲ ਪੁਰਾਣੀ ਹੈ।

### ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

1. ਸਿੰਧੂ ਘਾਟੀ ਸਭਿਅਤਾ ਨੂੰ ਸੱਭ ਤੋਂ ਪਹਿਲਾਂ ਕਦੋਂ ਪ੍ਰਕਾਸ਼ ਵਿੱਚ ਲਿਆਂਦਾ ?
2. ਇਸ ਸਭਿਅਤਾ ਬਾਰੇ ਸੱਭ ਤੋਂ ਪਹਿਲਾਂ ਦੱਸ ਪਾਉਣ ਵਾਲਾ ਵਿਦਵਾਨ ਕੌਣ ਹੈ?
3. ਸਿੰਧੂ ਘਾਟੀ ਦੇ ਦੋ ਕੇਂਦਰਾਂ ਦੇ ਨਾਂ ਲਿਖੋ ।
4. ਸਰ ਜਾਨ ਮਾਰਸ਼ਲ ਅਨੁਸਾਰ ਇਸ ਸਭਿਅਤਾ ਦਾ ਸਮਾਂ ਕੀ ਹੈ ?



Downloaded from https:// www.studiestoday.com

Downloaded from https:// www.studiestoday.com

**ਦੇਵੀ ਸੱਤਾ ਵਿੱਚ ਵਿਸ਼ਵਾਸ :** ਸਿੰਧੂ ਘਾਟੀ ਸਭਿਅਤਾ ਨਾਲ਼ ਸੰਬੰਧਿਤ ਥਾਂਵਾਂ ਉੱਤੇ ਕੀਤੀ ਗਈ ਖੁਦਾਈ ਤੋਂ ਜਿਹੜੀਆਂ ਮੁਹਰਾਂ, ਮੂਰਤੀਆਂ, ਬਰਤਨ ਅਤੇ ਹੋਰ ਸਮੱਗਰੀ ਮਿਲੀ ਹੈ ਉਸ ਤੋਂ ਪਤਾ ਲਗਦਾ ਹੈ ਕਿ ਇਸ ਸਭਿਅਤਾ ਦੇ ਲੋਕ ਧਰਮ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਉਹਨਾਂ ਦਾ ਯਕੀਨ ਸੀ ਕਿ ਕੋਈ ਨਾ ਕੋਈ ਦੈਵੀ ਸ਼ਕਤੀ ਜ਼ਰੂਰ ਮੌਜੂਦ ਹੈ। ਇਸ ਤੋਂ ਇਲਾਵਾ ਉਸ ਯੁਗ ਦੇ ਲੋਕ ਵਿਸ਼ਾਲ ਰੁੱਖਾਂ, ਸ਼ਿਲਾਵਾਂ, ਪਸ਼ੂਆਂ ਵਿੱਚ ਆਤਮਾਵਾਂ ਦਾ ਨਿਵਾਸ ਮੰਨ ਕੇ ਉਹਨਾਂ ਵਿੱਚ ਆਪਣੀ ਆਸਥਾ ਪ੍ਰਗਟਾਉਣ ਲਈ ਉਹਨਾਂ ਦੀ ਪੂਜਾ ਕਰਦੇ ਸਨ।

**ਮਾਤ ਦੇਵੀ ਦੀ ਪੂਜਾ:** ਸਿੰਧੂ ਘਾਟੀ ਦੀ ਖੁਦਾਈ ਤੋਂ ਪ੍ਰਾਪਤ ਬਹੁਤ ਸਾਰੀਆਂ ਸ਼ਿਲਾਵਾਂ, ਮੋਹਰਾਂ ਅਤੇ ਤਾਵੀਜ਼ਾਂ ਉੱਤੇ ਅੰਕਿਤ ਚਿੱਤਰਾਂ ਤੋਂ ਪਤਾ ਲਗਦਾ ਹੈ ਕਿ ਇਸ ਸਭਿਅਤਾ ਦੇ ਲੋਕ ਦੇਵੀ ਮਾਤਾ ਦੀ ਪੂਜਾ ਕਰਦੇ ਸਨ। ਕੁਝ ਮੂਰਤੀਆਂ ਉੱਤੇ ਧੂੰਏ ਦੇ ਦਾਗ ਸਨ, ਜਿਸ ਤੋਂ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਇਹ ਲੋਕ ਆਪਣੇ ਦੇਵੀ ਦੇਵਤਿਆਂ ਦੀ ਧੂਫ, ਦੀਪ, ਘਿਓ ਆਦਿ ਨਾਲ਼ ਪੂਜਾ ਕਰਦੇ ਸਨ। ਵਿਦਵਾਨਾਂ ਅਨੁਸਾਰ ਜਿਨ੍ਹਾਂ ਮੂਰਤੀਆਂ ਵਿੱਚ ਗਰਭਵਤੀ ਨਾਰੀ ਦਾ ਰੂਪ ਅੰਕਿਤ ਹੈ, ਉਹਨਾਂ ਨੂੰ ਪੁੱਤਰ ਪ੍ਰਾਪਤੀ ਲਈ ਚੜ੍ਹਾਈ ਗਈ ਉਦੇਸ਼ਿਕ ਭੇਟ ਮੰਨਿਆਂ ਜਾ ਸਕਦਾ ਹੈ। ਇਸ ਪਿੱਛੇ ਇਹ ਭਾਵਨਾ ਸੀ ਕਿ ਉਹਨਾਂ ਦੀ ਪੂਜਾ ਕਰਨ ਵਾਲੀਆਂ ਇਸਤਰੀਆਂ ਗਰਭਵਤੀ ਹੋਣ। ਇਹਨਾਂ ਮੂਰਤੀਆਂ ਵਿੱਚੋਂ ਕੁਝ ਵਿੱਚ ਮਾਤ-ਦੇਵੀ ਦਾ ਜਨਨ ਸ਼ਕਤੀ ਵਾਲਾ ਸਰੂਪ ਵੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਸਿੰਧੂ ਘਾਟੀ ਸਭਿਅਤਾ ਦੇ ਲੋਕ ਕਿਸ-ਕਿਸ ਦੀ ਪੂਜਾ ਕਰਦੇ ਸਨ ?
2. ਮਾਤ ਦੇਵੀ ਦੇ ਚਿੱਤਰ ਕਿਸ ਉੱਤੇ ਅੰਕਿਤ ਹਨ ?
3. ਉਸ ਕਾਲ ਦੀਆਂ ਇਸਤਰੀਆਂ ਪੁੱਤਰ ਪ੍ਰਾਪਤੀ ਲਈ ਕਿਹੋ ਜਿਹੀ ਦੇਵੀ ਦੀ ਪੂਜਾ ਕਰਦੇ ਸਨ ?
4. ਕੁਝ ਮੂਰਤੀਆਂ ਉੱਤੇ ਮਿਲਦੇ ਧੂੰਏ ਦੇ ਦਾਗ ਕੀ ਦਰਸਾਉਂਦੇ ਹਨ?

**ਜਲ ਦੀ ਪਵਿੱਤਰਤਾ :** – ਮੋਹਨਜੋਦੜੋ ਦੀ ਖੁਦਾਈ ਤੋਂ ਮਿਲੀ ਮੋਟੀਆਂ ਦੀਵਾਰਾਂ ਵਾਲੀ ਇਮਾਰਤ ਜਿਸਨੂੰ 'ਵਿਸ਼ਾਲ ਇਸ਼ਨਾਨ ਘਰ' ਦਾ ਨਾਂ ਦਿੱਤਾ ਗਿਆ ਹੈ ਤੋਂ ਪਤਾ ਲਗਦਾ ਕਿ ਹੈ ਕਿ ਉਸ ਸਮੇਂ ਦੇ ਲੋਕ ਜਲ ਦੀ ਪਵਿੱਤਰਤਾ ਵਿੱਚ ਵਿਸ਼ਵਾਸ ਰੱਖਦੇ ਸਨ। ਇਸ ਇਮਾਰਤ ਦੇ ਵਿਹੜੇ ਵਿੱਚ ਮਿਲੇ ਕੁੰਡ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਸ ਦਾ ਪ੍ਰਯੋਗ ਵਿਸ਼ੇਸ਼ ਵਿਅਕਤੀਆਂ ਦੁਆਰਾ ਤੇ ਵਿਸ਼ੇਸ਼ ਪੁਰਬਾਂ ਉੱਤੇ ਇਸ਼ਨਾਨ ਲਈ ਹੁੰਦਾ ਸੀ । ਇਸ ਭਵਨ ਦੇ ਚਾਰੇ ਪਾਸੇ ਕੁਝ ਹੋਰ ਇਮਾਰਤਾਂ ਅਤੇ ਇਸ਼ਨਾਨ ਘਰਾਂ ਦੇ ਉੱਤੇ ਇੱਕ ਮੰਜਿਲ ਸੀ। ਕੁੱਝ ਵਿਦਵਾਨਾਂ ਅਤੇ ਪੁਰਾਤੱਤਵ ਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਇੱਥੇ ਪੁਜਾਰੀ ਲੋਕ ਰਹਿੰਦੇ ਸਨ ਅਤੇ ਖਾਸ ਮੌਕਿਆਂ ਉੱਤੇ ਹੀ ਇਸ਼ਨਾਨ ਕਰਨ ਲਈ ਹੇਠ ਉਤਰਦੇ ਸਨ। ਸਰ ਜਾਹਨ ਮਾਰਸ਼ਲ ਅਨੁਸਾਰ ਇਸ਼ਨਾਨ ਦਾ ਜਿੰਨਾ ਪ੍ਰਬੰਧ ਸਿੰਧੂ ਸਭਿਅਤਾ ਸਮੇਂ ਕੀਤਾ ਗਿਆ ਸੀ, ਉਨਾਂ ਸ਼ਾਇਦ ਸੰਸਾਰ ਦੀ ਕਿਸੇ ਪੁਰਾਤਨ ਸਭਿਅਤਾ ਵਿੱਚ ਨਾ ਰਿਹਾ ਹੋਵੇ।

**ਸਵਾਸਤਿਕ ਪੂਜਾ :** – ਇਸ ਸਭਿਅਤਾ ਨਾਲ਼ ਸੰਬੰਧਿਤ ਖੁਦਾਈ ਤੋਂ ਸਵਾਸਤਿਕ ਦੇ ਆਕਾਰ ਨੂੰ ਦਰਸਾਉਂਦੀਆਂ ਕੁਝ ਮੋਹਰਾਂ ਮਿਲੀਆਂ ਹਨ। ਇਸ ਤੋਂ ਸੰਕੇਤ ਮਿਲਦਾ ਹੈ ਕਿ ਉਸ ਸਮੇਂ ਲੋਕਾਂ ਦਾ ਇਸ ਧਾਰਮਿਕ ਚਿੰਨ੍ਹ ਸਵਾਸਤਿਕ ਵਿੱਚ ਵਿਸ਼ਵਾਸ ਸੀ। ਉਹ ਲੋਕ ਇਸ ਨੂੰ ਮੰਗਲਕਾਰੀ ਅਤੇ ਸ਼ੁੱਭ ਮੰਨਦੇ ਸਨ। ਇਸੇ ਪ੍ਰਕਾਰ ਪੱਥਰ ਦੇ ਚੱਕਰ ਵਿਸ਼ਾਲ ਸੰਖਿਆ ਵਿੱਚ ਮਿਲੇ ਹਨ। ਸੰਭਵ ਹੈ ਕਿ ਇਹਨਾਂ ਦੀ ਵਰਤੋਂ ਥੰਭਿਆਂ ਦੇ ਸਿਖਰ ਨੂੰ ਸਜਾਉਣ ਲਈ ਕੀਤੀ ਜਾਂਦੀ ਸੀ। ਇੰਝ ਇਹ ਚੱਕਰ ਵੀ ਸਵਾਸਤਿਕ ਪੂਜਾ ਵੱਲ ਵੀ ਸੰਕੇਤ ਕਰਦੇ ਹਨ।

**ਸ਼ਿਵ ਪਸ਼ੂ-ਪਤੀ ਦੀ ਪੂਜਾ :** ਸਿੰਧੂ ਘਾਟੀ ਸਭਿਅਤਾ ਦੀ ਖੁਦਾਈ ਤੋਂ ਇੱਕ ਮਹੱਤਵ ਪੂਰਨ ਮੋਹਰ ਮਿਲੀ ਹੈ। ਇਸ ਮੋਹਰ ਉੱਤੇ ਇੱਕ ਪੁਰਸ਼ ਆਕ੍ਰਿਤੀ (ਸ਼ਕਲ) ਅੰਕਿਤ ਹੈ , ਜੋ ਤਿੰਨ ਮੁਖੀ ਹੈ। ਇਹ ਯੋਗ ਆਸਣ ਵਿੱਚ ਇੱਕ ਚੌਕੀ ਉੱਤੇ ਬੈਠੀ ਹੈ ਅਤੇ ਉਸ ਦੇ ਸਿਰ ਉੱਤੇ ਸਿੰਗ ਵਰਗੀ ਸ਼ਕਲ ਬਣੀ ਹੋਈ ਹੈ। ਉਸ ਦੀ ਕਲਾਈ ਤੋਂ ਮੋਢਿਆਂ ਤੱਕ ਬਾਹਾਂ ਚੂੜੀਆਂ ਨਾਲ ਭਰੀਆਂ ਪਈਆਂ ਹੈ। ਇਸ ਅਕ੍ਰਿਤੀ ਦੇ ਸੱਜੇ ਪਾਸੇ ਹਾਥੀ ਅਤੇ ਬਾਘ ਅਤੇ ਖੱਬੇ ਪਾਸੇ ਗੈਂਡਾ ਅਤੇ ਮੱਝ ਹੈ। ਆਸਣ ਹੇਠ ਦੋ ਹਿਰਨ ਦਿਖਾਏ ਗਏ ਹਨ ਜਿਨ੍ਹਾਂ ਵਿੱਚੋਂ ਇੱਕ ਆਕ੍ਰਿਤੀ ਖੰਡਿਤ ਹੈ। ਮੁਦਰਾ ਉੱਤੇ ਸਿੰਧੂ ਲਿਪੀ ਵਿੱਚ ਕੁਝ ਲਿਖਿਆ ਹੋਇਆ ਹੈ। ਸਰ ਜਾਹਨ ਮਾਰਸ਼ਲ ਨੇ ਇਸ ਮੋਹਰ ਉੱਤੇ ਅੰਕਿਤ ਆਕ੍ਰਿਤੀ ਨੂੰ ਸ਼ਿਵ ਪਸ਼ੂ-ਪਤੀ ਦਾ ਪੁਰਾਣਾ ਰੂਪ ਮੰਨਿਆ ਹੈ।



Downloaded from https:// www.studiestoday.com

Downloaded from https:// www.studiestoday.com

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਪਾਣੀ ਦੀ ਪਵਿੱਤਰਤਾ ਕਿਹੜੇ ਭਵਨ ਤੋਂ ਪਤਾ ਲਗਦੀ ਹੈ ?
2. ਇਸ਼ਨਾਨ ਘਰ ਦੇ ਉੱਤੇ ਬਣੀ ਮੰਜ਼ਿਲ ਤੋਂ ਕੀ ਅੰਦਾਜ਼ਾ ਲਗਦਾ ਹੈ ਕਿ ਉਸ ਮੰਜ਼ਿਲ ਤੇ ਕੌਣ ਰਹਿੰਦਾ ਸੀ ?
3. ਸਵਾਸਤਿਕ ਦੀ ਸ਼ਕਲ ਕਿਸ ਉੱਤੇ ਅੰਕਿਤ ਹੈ ?
4. ਸ਼ਿਵ ਪਸ਼ੂ ਪਤੀ ਦੀ ਸ਼ਕਲ ਕਿਸ ਚੀਜ਼ ਉੱਤੇ ਬੈਠੀ ਹੋਈ ਹੈ।
5. ਸ਼ਿਵ ਪਸ਼ੂ ਪਤੀ ਵਾਲੀ ਸ਼ਕਲ ਹੇਠ ਕਿਹੜੀ ਲਿੱਪੀ ਵਿੱਚ ਕੁਝ ਲਿਖਿਆ ਹੋਇਆ ਹੈ।

**ਜਾਨਵਰਾਂ ਅਤੇ ਰੁੱਖਾਂ ਦੀ ਪੂਜਾ :** ਸਿੰਧੂ ਘਾਟੀ ਸਭਿਅਤਾ ਦੀ ਖੁਦਾਈ ਤੋਂ ਪ੍ਰਾਪਤ ਖੰਡਰਾਤਾਂ ਤੋਂ ਮਿਲੀ ਸਮੱਗਰੀ ਤੋਂ ਪਤਾ ਲਗਦਾ ਹੈ ਕਿ ਇਸ ਯੁੱਗ ਦੇ ਲੋਕ ਹੋਰਨਾਂ ਤੇ ਇਲਾਵਾ ਜਾਨਵਰਾਂ ਅਤੇ ਰੁੱਖਾਂ ਦੀ ਪੂਜਾ ਕਰਦੇ ਸਨ। ਇੱਥੋਂ ਮਿਲੀਆਂ ਮੋਹਰਾਂ ਉੱਤੇ ਬਣੇ ਚਿਤਰਾਂ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਇਹ ਲੋਕ ਗੈਂਡਾ, ਹਾਥੀ, ਸਾਨ੍ਹ, ਮੱਝ, ਚੀਤੇ ਵਰਗੇ ਜਾਨਵਰਾਂ ਦੀ ਪੂਜਾ ਕਰਦੇ ਸਨ। ਕਈ ਮੋਹਰਾਂ ਉੱਤੇ ਬਿਰਛ ਵੀ ਬਣੇ ਹੋਏ ਹਨ, ਜੋ ਪਵਿੱਤਰਤਾ ਦੇ ਚਿੰਨ੍ਹ ਹਨ। ਇਹਨਾਂ ਵਿੱਚੋਂ ਪਿੱਪਲ ਵਿਸ਼ੇਸ਼ ਬਿਰਛ ਹੈ। ਮੋਹਰਾਂ ਤੋਂ ਇਲਾਵਾ ਮਿੱਟੀ ਦੇ ਬਰਤਨਾਂ ਉੱਤੇ ਵੀ ਪਿੱਪਲ ਦਾ ਬਿਰਛ ਵਿਖਾਇਆ ਗਿਆ ਹੈ।

**ਲਿੰਗ ਪੂਜਾ :** ਮੋਹਨਜਦੜੋ, ਹੜੱਪਾ, ਲੋਥਲ, ਆਦਿ ਥਾਂਵਾਂ ਤੋਂ ਪ੍ਰਾਪਤ ਸਮੱਗਰੀ ਉੱਤੇ ਮਿਲੀਆਂ ਆਕ੍ਰਿਤੀਆਂ ਲਿੰਗ ਵਰਗੀਆਂ ਹਨ। ਇਸ ਤੋਂ ਬਿਨਾਂ ਯੋਨੀ ਵਰਗੀਆਂ ਆਕ੍ਰਿਤੀਆਂ ਵੀ ਮਿਲੀਆਂ ਹਨ। ਇਸ ਤੋਂ ਸੰਕੇਤ ਮਿਲਦਾ ਹੈ ਕਿ ਸਿੰਧੂ ਘਾਟੀ ਦੀ ਸਭਿਅਤਾ ਦੇ ਲੋਕ ਲਿੰਗ ਅਤੇ ਯੋਨੀ ਦੀ ਪੂਜਾ ਕਰਦੇ ਹਨ। ਵਰਤਮਾਨ ਸਮੇਂ ਦੀ ਸ਼ਿਵ ਲਿੰਗ ਪੂਜਾ ਇਸੇ ਦਾ ਹੀ ਵਿਕਸਿਤ ਰੂਪ ਹੈ।

**ਨਾਗ ਦੇਵਤਾ :** ਭਾਰਤ ਵਿੱਚ ਨਾਗ ਪੂਜਾ ਦਾ ਮੁਢਲਾ ਰੂਪ ਸਿੰਧੂ ਘਾਟੀ ਦੇ ਸਮੇਂ ਤੋਂ ਵੇਖਿਆ ਜਾ ਸਕਦਾ ਹੈ। ਸਿੰਧੂ ਸਭਿਅਤਾ ਦੇ ਕੁੱਝ ਬਰਤਨਾਂ ਉੱਤੇ ਸੱਪਾਂ ਦਾ ਚਿਤਰਣ ਉਹਨਾਂ ਦੇ ਧਾਰਮਿਕ ਮਹੱਤਵ ਕਾਰਨ ਹੀ ਹੋ ਸਕਦਾ ਹੈ। ਮੋਹਨਜੋਦੜੋ ਤੋਂ ਪ੍ਰਾਪਤ ਮਿੱਟੀ ਦੀ ਇੱਕ ਮੋਹਰ ਉੱਤੇ ਦੋਵੇ ਪਾਸੇ ਇੱਕ - ਇੱਕ ਪੁਰਸ਼ ਖੜ੍ਹਾ ਅੰਕਿਤ ਕੀਤਾ ਗਿਆ ਹੈ। ਇਸ ਆਕ੍ਰਿਤੀ ਵਿੱਚ ਪੁਰਸ਼ ਨੇ ਹੱਥ ਜੋੜੇ ਹੋਏ ਹਨ ਅਤੇ ਉਸ ਦੇ ਸਰੀਰ ਦੇ ਪਿੱਛੇ ਸੱਪ ਦੇ ਫਣ ਵਿਖਾਏ ਗਏ ਹਨ। ਇਹ ਪੁਰਸ਼ ਨਾਗ ਦੇਵਤਾ ਹੋ ਸਕਦਾ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਸਿੰਧੂ ਘਾਟੀ ਦੇ ਲੋਕ ਕਿਹੜੇ ਕਿਹੜੇ ਜਾਨਵਰ ਦੀ ਪੂਜਾ ਕਰਦੇ ਸਨ ?
2. ਇਸ ਸਭਿਅਤਾ ਦੇ ਲੋਕਾਂ ਦਾ ਕਿਹੜੇ ਵਿਸ਼ੇਸ਼ ਬਿਰਛ ਦੀ ਪੂਜਾ ਵਿੱਚ ਵਿਸ਼ਵਾਸ ਸੀ ?
3. ਕਿਹੜੀਆਂ ਕਿਹੜੀਆਂ ਥਾਂਵਾਂ ਤੋਂ ਮਿਲੀਆਂ ਸ਼ਕਲਾਂ ਲਿੰਗ ਵਰਗੀਆਂ ਹਨ ?
4. ਨਾਗ ਦੇਵਤਾ ਦੀ ਸ਼ਕਲ ਵਾਲੀ ਮੋਹਰ ਕਿਸ ਸਥਾਨ ਤੋਂ ਮਿਲੀ ਹੈ?
5. ਨਾਗ ਦੇਵਤਾ ਵਾਲੀ ਸ਼ਕਲ ਦੇ ਹੱਥਾਂ ਦੀ ਕਿਹੜੀ ਮੁਦਰਾ ਹੈ?

**ਸੱਤ- ਰਿਸ਼ੀਆਂ ਵਿੱਚ ਵਿਸ਼ਵਾਸ :** ਸੱਤ ਰਿਸ਼ੀਆਂ ਵਿੱਚ ਵਿਸ਼ਵਾਸ ਇਸ ਯੁਗ ਦੇ ਧਾਰਮਿਕ ਵਿਸ਼ਵਾਸਾਂ ਵਿੱਚੋਂ ਇੱਕ ਹੈ। ਇਸ ਸਭਿਅਤਾ ਨਾਲ ਸੰਬੰਧਿਤ ਥਾਂਵਾਂ ਉੱਤੇ ਕੀਤੀ ਖੁਦਾਈ ਤੋਂ ਮਿਲੀਆਂ ਮੋਹਰਾਂ ਵਿੱਚੋਂ ਇੱਕ ਮੋਹਰ ਉੱਤੇ ਸੱਤ ਮਨੁੱਖ ਇੱਕ ਬਿਰਛ ਦੇ ਸਾਹਮਣੇ ਖੜ੍ਹੇ ਵਿਖਾਏ ਗਏ ਹਨ। ਇਹਨਾਂ ਨੂੰ ਵਿਦਵਾਨਾਂ ਨੇ ਸੱਤ (ਸਪਤ) ਰਿਸ਼ੀਆਂ ਵਜੋਂ ਸਵੀਕਾਰਿਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਸਿੰਧੂ ਘਾਟੀ ਦੀ ਸਭਿਅਤਾ ਨਾਲ ਸੰਬੰਧਿਤ ਲੋਕ, ਸੱਤ-ਰਿਸ਼ੀਆਂ ਦੀ ਧਾਰਣਾ ਵਿੱਚ ਵਿਸ਼ਵਾਸ਼ ਹੀ ਨਹੀਂ ਕਰਦੇ ਸਨ, ਸਗੋਂ ਉਹਨਾਂ ਦੀ ਪੂਜਾ-ਅਰਚਨਾ ਵੀ ਕਰਦੇ ਸਨ।

**ਹਵਨ, ਯੱਗ ਅਤੇ ਬਲੀ ਦੀ ਪ੍ਰਥਾ :** ਇਸ ਸਭਿਅਤਾ ਨਾਲ ਸੰਬੰਧਿਤ ਥਾਂਵਾਂ, ਕਾਲੀ ਬੰਗਾ, ਲੋਥਲ ਅਤੇ ਕੁਝ ਹੋਰ ਥਾਂਵਾਂ ਦੀ ਖੁਦਾਈ ਤੋਂ ਪਤਾ ਲਗਦਾ ਹੈ ਕਿ ਉੱਥੇ ਅਗਨੀ ਕੁੰਡ ਸਨ। ਇਸ ਤੋਂ ਸੰਕੇਤ ਮਿਲਦਾ ਹੈ ਕਿ ਉਸ ਯੁਗ ਵਿੱਚ ਹਵਨ ਅਤੇ ਯੱਗ -ਬਲੀ ਵਰਗੀਆਂ ਧਾਰਮਿਕ ਪ੍ਰਥਾਵਾਂ ਪ੍ਰਚਲਿਤ ਸਨ। ਇਸੇ ਪ੍ਰਕਾਰ ਕਾਲੀ ਬੰਗਾ [illegible] ਦੱਖਣੀ ਹਿੱਸੇ ਵਿੱਚ ਮਿਲੀ ਅਗਨੀ ਵੇਦੀ ਵਿੱਚ ਇੱਕ ਪਾਲਤੂ ਪਸ਼ੂ ਦੀਆਂ ਹੱਡੀਆਂ ਅਤੇ ਹਿਰਨ ਦੇ ਸਿੰਗ ਮਿਲੇ [illegible] ਤੋਂ ਅੰਦਾਜਾ



Downloaded from https:// www.studiestoday.com

Downloaded from https:// www.studiestoday.com

ਲਗਦਾ ਹੈ ਕਿ ਧਾਰਮਿਕ ਅਨੁਸ਼ਠਾਨ ਵਿੱਚ ਪਸ਼ੂ ਬਲੀ ਦਿੱਤੀ ਜਾਂਦੀ ਸੀ। ਇਸੇ ਪ੍ਰਕਾਰ ਇੱਥੇ ਹੀ ਸੱਤ ਅਗਨੀ ਕੁੰਡ ਇੱਕ ਕਤਾਰ ਵਿੱਚ ਮਿਲੇ ਹਨ ਜੋ ਇਸੇ ਧਾਰਨਾ ਦੀ ਪ੍ਰੋੜ੍ਹਤਾ ਕਰਦੇ ਹਨ। ਇਸੇ ਪ੍ਰਕਾਰ ਦੇ ਅਗਨੀ ਕੁੰਡ ਲੋਥਲ ਦੀਆਂ ਸਰਵਜਨਕ ਥਾਂਵਾਂ ਅਤੇ ਘਰਾਂ ਵਿੱਚ ਵੀ ਮਿਲਦੇ ਹਨ।

**ਮਰਨ ਪਿੱਛੋਂ ਜੀਵਨ ਵਿੱਚ ਵਿਸ਼ਵਾਸ :** ਸਿੰਧੂ ਘਾਟੀ ਸਭਿਅਤਾ ਨਾਲ ਸੰਬੰਧਿਤ ਥਾਂਵਾਂ ਤੋਂ ਮ੍ਰਿਤਕ ਦੇਹਾਂ ਦੇ ਨਾਲ ਰੱਖੇ ਮਿੱਟੀ ਦੇ ਬਰਤਨ ਅਤੇ ਕੁਝ ਹੋਰ ਸਮਗਰੀ ਮਿਲੀ ਹੈ। ਉਸ ਤੋਂ ਸਿੰਧੂ ਸਭਿਅਤਾ ਦੇ ਲੋਕਾਂ ਅੰਦਰ ਮੌਤ ਪਿੱਛੋਂ ਜੀਵਨ ਦੀ ਧਾਰਨਾ ਹੋਣ ਸੰਬੰਧੀ ਪਤਾ ਲਗਦਾ ਹੈ । ਉਸ ਸਮੇਂ ਮ੍ਰਿਤਕ ਦੇਹ ਨੂੰ ਆਮ ਤੌਰ ਉੱਤੇ ਉੱਤਰ-ਦੱਖਣ ਦਿਸ਼ਾ ਵਿੱਚ ਲਿਟਾਇਆ ਗਿਆ ਹੈ । ਇਹ ਕਿਸੇ ਧਾਰਮਿਕ ਵਿਸ਼ਵਾਸ ਕਾਰਨ ਹੀ ਹੋ ਸਕਦਾ ਹੈ। ਲੋਥਲ ਵਿੱਚ ਮਿਲੀਆਂ ਤਿੰਨ ਕਬਰਾਂ ਵਿੱਚੋਂ ਦੋ ਮ੍ਰਿਤਕ ਦੇਹਾਂ ਨੂੰ ਗੱਡਿਆ ਗਿਆ ਹੈ। ਜੇ ਇਹਨਾਂ ਵਿੱਚ ਇੱਕ ਇਸਤਰੀ ਅਤੇ ਇੱਕ ਪੁਰਸ਼ ਨਾਲ ਨਾਲ ਗੱਡੇ ਗਏ ਹੋਣ ਤਦ ਇਹ ਧਾਰਮਿਕ ਪਰੰਪਰਾ ਦੇ ਆਧਾਰ ਉੱਤੇ ਪਤੀ ਦੇ ਮਰਨ ਪਿੱਛੋਂ, ਪਤਨੀ ਦੇ ਜੀਵਨ-ਤਿਆਗਣ ਦੀ ਗਵਾਹੀ ਮਿਲਦੀ ਹੈ। ਇਹ ਰਿਵਾਜ ਮਗਰੋਂ ਸਤੀ ਪ੍ਰਥਾ ਵਿੱਚ ਬਦਲਿਆ ਵੇਖਿਆ ਜਾ ਸਕਦਾ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. 'ਸਤ ਰਿਸ਼ੀਆਂ' ਵਿੱਚ ਵਿਸ਼ਵਾਸ ਦੀ ਹੋਂਦ ਕਿਸ ਚੀਜ਼ ਦੇ ਪ੍ਰਮਾਣ ਤੋਂ ਪਤਾ ਲਗਦੀ ਹੈ?
2. ਉਸ ਕਾਲ ਵਿੱਚ ਹਵਨ ਯੱਗ ਦੀ ਗਵਾਹੀ ਕਿਸ ਚੀਜ਼ ਤੋਂ ਮਿਲਦੀ ਹੈ?
3. ਕਾਲੀ ਬੰਗਾ ਵਿੱਚ ਕਿੰਨੇ ਅਗਨੀ ਕੁੰਡ ਇੱਕ ਕਤਾਰ ਵਿੱਚ ਮਿਲੇ?
4. ਮੌਤ ਪਿੱਛੋਂ ਜੀਵਨ ਸੰਬੰਧੀ ਸਿੰਧੂ ਘਾਟੀ ਸਭਿਅਤਾ ਦੀਆਂ ਥਾਂਵਾਂ ਤੋਂ ਕੀ ਪ੍ਰਮਾਣ ਮਿਲਿਆ ਹੈ?

## ਮ੍ਰਿਤਕ ਸੰਸਕਾਰ

ਸਿੰਧੂ ਘਾਟੀ ਸਭਿਅਤਾ ਦੀ ਖੁਦਾਈ ਕਰਦਿਆਂ ਬਹੁਤ ਸਾਰੇ ਅਵਿਸ਼ੇਸ਼ ਅਜਿਹੇ ਮਿਲੇ ਹਨ ਜਿਨ੍ਹਾਂ ਤੋਂ ਉਸ ਯੁੱਗ ਦੇ ਲੋਕਾਂ ਦੇ ਮ੍ਰਿਤਕ ਸੰਸਕਾਰਾਂ ਬਾਰੇ ਜਾਣਕਾਰੀ ਮਿਲਦੀ ਹੈ। ਉਸ ਨਾਲ ਸੰਬੰਧਿਤ 57 ਕਬਰਾਂ ਲੱਭੀਆਂ ਹਨ ਜਿਨ੍ਹਾਂ ਵਿੱਚ ਮ੍ਰਿਤਕ ਦੇਹਾਂ ਨਾਲ ਪਈ ਸਮੱਗਰੀ ਤੋਂ ਉਹਨਾਂ ਲੋਕਾਂ ਦੇ ਮੌਤ ਨਾਲ ਸੰਬੰਧਿਤ ਧਾਰਮਿਕ ਵਿਸ਼ਵਾਸਾਂ ਅਤੇ ਰਹੁ-ਰੀਤਾਂ ਬਾਰੇ ਪਤਾ ਲਗਦਾ ਹੈ। ਇਹ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ :-

**ਭਿੰਨ ਭਿੰਨ ਪ੍ਰਕਾਰ ਦੇ ਮ੍ਰਿਤਕ ਸੰਸਕਾਰ :** ਉਸ ਕਾਲ ਨਾਲ ਸੰਬੰਧਿਤ ਮਿਲੀ ਸਮੱਗਰੀ ਦੇ ਅਧਿਐਨ ਤੋਂ ਪਤਾ ਲਗਦਾ ਹੈ ਸਿੰਧੂ ਘਾਟੀ ਦੇ ਲੋਕ ਮ੍ਰਿਤਕ ਸੰਸਕਾਰ ਭਿੰਨ ਭਿੰਨ ਪ੍ਰਕਾਰ ਨਾਲ ਕਰਦੇ ਸਨ ਇਹਨਾਂ ਵਿੱਚੋਂ ਪ੍ਰਮੁੱਖ ਕਿਸਮਾਂ ਇਸ ਪ੍ਰਕਾਰ ਹਨ :-

**(ੳ) ਕਬਰਾਂ ਵਿੱਚ ਦਬਾਉਣਾ :** ਉਸ ਯੁਗ ਨਾਲ ਸੰਬੰਧਿਤ ਮਿਲੀਆਂ ਕਬਰਾਂ ਅਤੇ ਉਹਨਾਂ ਵਿੱਚੋਂ ਮਿਲੀ ਸਮੱਗਰੀ ਤੋਂ ਪਤਾ ਲਗਦਾ ਹੈ ਕਿ ਸਿੰਧੂ ਘਾਟੀ ਦੇ ਅਮੀਰ ਲੋਕ ਮ੍ਰਿਤਕ ਸਰੀਰਾਂ ਨੂੰ ਕਬਰਾਂ ਵਿੱਚ ਦਬਾ ਦਿੰਦੇ ਸਨ। ਕਬਰ ਵਿੱਚ ਮੁਰਦੇ ਦਾ ਸਿਰ ਉੱਤਰ ਵੱਲ ਅਤੇ ਉਸਦੇ ਪੈਰ ਦੱਖਣ ਵੱਲ ਕੀਤੇ ਜਾਂਦੇ ਸਨ। ਕੁੱਝ ਥਾਂਵਾਂ ਤੋਂ ਮੁਰਦਿਆਂ ਦੇ ਸਰੀਰਾਂ ਤੋਂ ਹਾਰ, ਕੜੇ, ਮਣਕਿਆਂ ਵਾਲੀਆਂ ਪੰਜੇਬਾਂ ਅਤੇ ਤਾਂਬੇ ਦੀਆਂ ਅੰਗੂਠੀਆਂ ਵੀ ਮਿਲੀਆਂ ਹਨ। ਇਸੇ ਪ੍ਰਕਾਰ ਕੁਝ ਕਬਰਾਂ ਵਿੱਚ ਮ੍ਰਿਤਕ ਸਰੀਰ ਨਾਲ ਹਾਰ ਸ਼ਿੰਗਾਰ ਦੀਆਂ ਚੀਜ਼ਾਂ ਵੀ ਰੱਖੀਆਂ ਮਿਲੀਆਂ ਹਨ ਜਿਵੇਂ ਤਾਂਬੇ ਦੇ ਬਰਤਨ ਅਤੇ ਸਿੱਪੀਆਂ ਦੇ ਚਮਚੇ। ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਉਸ ਯੁਗ ਦੇ ਲੋਕ ਅਗਲੇ ਜਨਮ ਵਿੱਚ ਵਰਤੋਂ ਲਈ ਕੁੱਝ ਚੀਜ਼ਾਂ ਮੁਰਦੇ ਦੀ ਵਰਤੋਂ ਲਈ ਕਬਰਾਂ ਵਿੱਚ ਰੱਖਦੇ ਸਨ।

ਉਸ ਯੁਗ ਨਾਲ ਸੰਬੰਧਿਤ ਇੱਕ ਕਬਰ ਵਿੱਚੋਂ ਮਿੱਟੀ ਦਾ ਇੱਕ ਲੈਂਪ ਵੀ ਮਿਲਿਆ ਹੈ ਇਸੇ ਪ੍ਰਕਾਰ ਇੱਕ ਹੋਰ ਕਬਰ ਵਿੱਚੋਂ ਲੱਕੜੀ ਦਾ ਇੱਕ ਤਾਬੂਤ ਵੀ ਮਿਲਿਆ ਹੈ । ਇੱਕ ਕਬਰ ਵਿੱਚ 37 ਭਾਂਡੇ ਪਏ ਸਨ, ਪਰੰਤੂ ਤਾਬੂਤ ਦੇ ਅੰਦਰ ਸਿਰਫ ਇੱਕ ਹੀ ਭਾਂਡਾ ਸੀ। ਇਹ ਭਾਂਡੇ ਸ਼ਾਇਦ ਮਰੇ ਹੋਏ ਵਿਅਕਤੀ ਦੀ ਮਲਕੀਅਤ ਸਨ।



Downloaded from https:// www.studiestoday.com

Downloaded from https:// www.studiestoday.com

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਅਮੀਰ ਲੋਕਾਂ ਦੀਆਂ ਮ੍ਰਿਤਕ ਦੇਹਾਂ ਨਾਲ ਕਿਹੜੇ ਕਿਹੜੇ ਗਹਿਣੇ ਮਿਲੇ ਹਨ?
2. ਸਿੰਧੂ ਘਾਟੀ ਦੇ ਕਾਲ ਦੇ ਅਮੀਰ ਲੋਕਾਂ ਦੀਆਂ ਕਬਰਾਂ ਵਿੱਚੋਂ ਕਿਹੜੀ ਧਾਤ ਦੇ ਬਰਤਨ ਪ੍ਰਾਪਤ ਹੋਏ ਹਨ?
3. ਮ੍ਰਿਤਕ ਸਰੀਰ ਨਾਲ ਰੱਖੀਆਂ ਚੀਜਾਂ ਤੋਂ ਕਿਸ ਗੱਲ ਦਾ ਸੰਕੇਤ ਮਿਲਦਾ ਹੈ?
4. ਕਬਰ ਵਿੱਚੋਂ ਮਿਲੇ 37 ਭਾਂਡੇ ਕੀ ਦਰਸਾਉਂਦੇ ਹਨ?

(ii) **ਜੋੜਿਆਂ ਨੂੰ ਦਫਨਾਉਣ ਦਾ ਰਿਵਾਜ :** ਲੋਥਲ (ਗੁਜਰਾਤ ) ਦੇ ਇੱਕ ਕਬਰਿਸਤਾਨ ਤੋਂ ਮੁਰਦੇ ਦਫਨਾਉਣ ਦੇ ਇੱਕ ਨਿਵੇਕਲੇ ਢੰਗ ਦੀ ਜਾਣਕਾਰੀ ਮਿਲੀ ਹੈ। ਇਸ ਕਬਰਿਸਤਾਨ ਦੀਆਂ ਕੁੱਝ ਕਬਰਾਂ ਵਿੱਚੋਂ ਇਨਸਾਨੀ ਪਿੰਜਰਾਂ ਦੇ ਜੋੜੇ ਮਿਲੇ ਹਨ, ਜੋ ਇੱਕ ਮਰਦ ਦਾ ਸੀ ਅਤੇ ਦੂਜਾ ਇਸਤਰੀ ਦਾ। ਇਹ ਜੋੜੇ ਪਤੀ-ਪਤਨੀ ਦੇ ਹੋਣ ਦੀ ਵਧੇਰੇ ਸੰਭਾਵਨਾ ਲਗਦੀ ਹੈ। ਇਸ ਤੋਂ ਇਹ ਵੀ ਸ਼ੱਕ ਪੈਦਾ ਹੈ ਕਿ ਸ਼ਾਇਦ ਪਤੀ ਦੇ ਮਰਨ ਪਿੱਛੋਂ ਸਤੀ ਹੋਣ ਲਈ ਪਤਨੀ ਨੇ ਵੀ ਜਾਨ ਦੇ ਦਿੱਤੀ ਹੋਵੇ। ਇਝ ਅਸੀਂ ਆਖ ਸਕਦੇ ਹਾਂ ਕਿ ਸਤੀ ਪ੍ਰਥਾ ਦਾ ਬੀਜ ਰੂਪ ਸਿੰਧੂ ਘਾਟੀ ਸਭਿਅਤਾ ਸਮੇਂ ਸਮਾਜ ਅੰਦਰ ਮੌਜੂਦ ਸੀ।

**(ਅ) ਮੁਰਦਿਆਂ ਨੂੰ ਜਲਾਉਣਾ :** ਸਿੰਧੂ ਘਾਟੀ ਸਭਿਅਤਾ ਮਾਗੋ ਵਿਚ ਨਾਲ ਸੰਬੰਧਿਤ ਕੁੱਝ ਅਜਿਹੇ ਪ੍ਰਮਾਣ ਵੀ ਮਿਲੇ ਹਨ, ਜਿਨ੍ਹਾਂ ਤੋਂ ਸੰਕੇਤ ਮਿਲਦਾ ਹੈ ਕਿ ਉਸ ਯੁੱਗ ਦੇ ਕੁੱਝ ਲੋਕ ਮੁਰਦਿਆਂ ਨੂੰ ਅੱਗ ਵਿੱਚ ਜਲਾ ਦਿੰਦੇ ਸਨ। ਇਹ ਅੰਦਾਜਾ ਇਸ ਆਧਾਰ ਉੱਤੇ ਲਗਾਇਆ ਗਿਆ ਹੈ ਕਿ ਖੁਦਾਈ ਸਮੇਂ ਮਿਲੇ ਘੜੇ ਅਤੇ ਹੋਰ ਭਾਂਡੇ ਮਨੁੱਖ ਦੀ ਸਵਾਹ ਅਤੇ ਹੱਡੀਆਂ ਨਾਲ ਭਰੇ ਹੋਏ ਹਨ। ਕੁਝ ਅਜਿਹੇ ਬਰਤਨ ਵੀ ਮਿਲੇ ਹਨ, ਜਿਨ੍ਹਾਂ ਵਿੱਚ ਮ੍ਰਿਤਕਾਂ ਦੇ ਪਰਲੋਕਿਕ ਜੀਵਨ ਦੇ ਕਲਿਆਣ ਲਈ ਆਹੂਤੀ ਅਤੇ ਹੋਰ ਚੜ੍ਹਾਵੇ ਮੌਜੂਦ ਸਨ। ਇਸ ਪ੍ਰਕਾਰ ਦੇ ਘੜੇ ਬਲੋਚਿਸਤਾਨ ਦੀਆਂ ਅੱਡ ਅੱਡ ਥਾਂਵਾਂ ਤੋਂ ਮਿਲੇ ਹਨ।

ਕੁਝ ਹੋਰ ਥਾਂਵਾਂ ਉੱਤੇ ਵੀ ਇਨਸਾਨੀ ਹੱਡੀਆਂ ਭਾਂਡਿਆਂ ਵਿੱਚ ਬੰਦ ਕਰਕੇ ਦਫ਼ਨਾਈਆਂ ਮਿਲੀਆਂ ਹਨ। ਇਹਨਾਂ ਵਿੱਚੋਂ ਕੁੱਝ ਭਾਂਡਿਆਂ ਉੱਤੇ ਰੰਗ ਕੀਤਾ ਹੋਇਆ ਸੀ। ਉਹਨਾਂ ਭਾਂਡਿਆਂ ਉੱਤੇ ਪਸ਼ੂ-ਪੰਛੀਆਂ ਵਿਸ਼ੇਸ਼ ਕਰਕੇ ਮੋਰ, ਗਊਆਂ ਅਤੇ ਬਲਦਾਂ ਦੀਆਂ ਮੂਰਤਾਂ ਸਨ। ਕੁਝ ਭਾਂਡਿਆਂ ਉੱਤੇ ਬਿਰਛ, ਪੱਤੇ ਅਤੇ ਤਾਰੇ ਉੱਕਰੇ ਹੋਏ ਹਨ। ਇਸ ਤੋਂ ਸੰਕੇਤ ਮਿਲਦਾ ਹੈ ਕਿ ਅੱਡ ਅੱਡ ਥਾਂਵਾਂ ਉੱਤੇ ਮੁਰਦਿਆਂ ਨੂੰ ਜਲਾਉਣ ਪਿੱਛੋਂ ਕੇਵਲ ਹੱਡੀਆਂ ਹੀ ਵਖਰੇ ਢੰਗ ਨਾਲ ਦਫ਼ਨਾਈਆਂ ਜਾਂਦੀਆਂ ਸਨ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਜੋੜਾ ਰੂਪ ਵਿੱਚ ਇਨਸਾਨੀ ਪਿੰਜਰ ਕਿਹੜੇ ਸਥਾਨ ਤੋਂ ਮਿਲੇ ?
2. ਪਤੀ-ਪਤਨੀ ਦੇ ਇਕੱਠੇ ਰੂਪ ਵਿੱਚ ਮਿਲੇ ਪਿੰਜਰ ਭਾਰਤ ਦੀ ਕਿਹੜੀ ਪ੍ਰਥਾ ਦੀ ਹੋਂਦ ਵੱਲ ਸੰਕੇਤ ਕਰਦੇ ਹਨ ?
3. ਉਸ ਯੁਗ ਦੇ ਕੁੱਝ ਲੋਕ ਮੁਰਦਿਆਂ ਨੂੰ ਜਲਾਉਣ ਦੀ ਥਾਂ ਕੀ ਕਰਦੇ ਹਨ?
4. ਬਲੋਚਿਸਤਾਨ ਤੋਂ ਮਿਲੇ ਭਾਂਡਿਆਂ ਵਿੱਚ ਕੀ ਕੀ ਸੀ?
5. ਹੋਰ ਥਾਂਵਾਂ ਤੋਂ ਮਿਲੇ ਭਾਂਡਿਆਂ ਉੱਤੇ ਕਿਹੜੇ-ਕਿਹੜੇ ਪਸ਼ੂ ਪੰਛੀਆਂ ਦੀਆਂ ਮੂਰਤਾਂ ਉੱਕਰੀਆਂ ਹੋਈਆਂ ਸਨ?

**(ੲ) ਪਸ਼ੂਆਂ ਦੀ ਖੁਰਾਕ ਬਣਾਉਣਾ :** ਉਸ ਯੁੱਗ ਨਾਲ ਸੰਬੰਧਿਤ ਥਾਂਵਾਂ ਦੀ ਖੁਦਾਈ ਤੋਂ ਇਹ ਪਤਾ ਲਗਦਾ ਹੈ ਕਿ ਮ੍ਰਿਤਕਾਂ ਦੇ ਸੰਸਕਾਰ ਸੰਬੰਧੀ ਇੱਕ ਹੋਰ ਪ੍ਰਥਾ ਵੀ ਪ੍ਰਚਲਿਤ ਸੀ। ਕੁਝ ਲੋਕ ਮੁਰਦੇ ਨੂੰ ਪਸ਼ੂ-ਪੰਛੀਆਂ ਦੇ ਖਾਣ ਲਈ ਸੁੱਟ ਦਿੰਦੇ ਸਨ। ਮਗਰੋਂ ਬਾਕੀ ਬਚੇ ਹੋਏ ਸਰੀਰ ਨੂੰ ਕਿਸੇ ਬਰਤਨ ਜਾਂ ਤਬੂਤ ਵਿੱਚ ਰੱਖਕੇ ਧਰਤੀ ਵਿੱਚ ਗੱਡ ਦਿੱਤਾ ਜਾਂਦਾ ਸੀ।



Downloaded from https:// www.studiestoday.com

Downloaded from https:// www.studiestoday.com

(ਸ) ਕਾਹਲੀ ਕਾਰਣ ਵਿਧੀ ਦੀ ਵਰਤੋਂ ਨਾ ਕਰਨਾ : ਮੋਹਿੰਜਦੜੋ ਤੋਂ ਮਿਲੇ ਅੰਤਿਮ ਚਰਣ ਦੀ ਸਭਿਅਤਾ ਨਾਲ ਸੰਬੰਧਿਤ ਅਵਿਸ਼ੇਸ਼ਾਂ ਵਿੱਚੋਂ ਪ੍ਰਾਪਤ ਇੱਕੀ ਪਿੰਜਰਾਂ ਤੋਂ ਪਤਾ ਲਗਦਾ ਹੈ ਕਿ ਇਹਨਾਂ ਵਿੱਚੋਂ 14 ਪਿੰਜਰ ਇੱਕ ਘਰ ਦੇ ਕਮਰੇ ਵਿੱਚੋਂ, ਛੇ ਇੱਕ ਗਲੀ ਵਿੱਚੋਂ, ਇੱਕ ਦੂਜੀ ਗਲੀ ਵਿੱਚੋਂ ਮਿਲੇ ਹਨ। ਇਹਨਾਂ ਵਿੱਚੋਂ ਕੁਝ ਪਿੰਜਰਾਂ ਉੱਤੇ ਤੇਜ ਸ਼ਸਤਰਾਂ ਦੁਆਰਾ ਕੀਤੇ ਜ਼ਖਮਾਂ ਦੇ ਨਿਸ਼ਾਨ ਹਨ ਅਤੇ ਵਧੇਰੇ ਪਿੰਜਰ ਖਿੰਡੀ-ਪੁੰਡੀ ਦਸ਼ਾ ਵਿੱਚ ਪਏ ਮਿਲੇ ਹਨ। ਇਹ ਅਚਾਨਕ ਹੋਈ ਮੌਤ ਨੂੰ ਪ੍ਰਾਪਤ ਲੋਕਾਂ ਦੇ ਲਗਦੇ ਹਨ। ਮਾਰਸ਼ਲ ਦਾ ਵਿਚਾਰ ਹੈ ਕਿ ਉਹਨਾਂ ਨੂੰ ਮੌਤ ਪਿੱਛੋਂ ਗੱਡਿਆ ਗਿਆ ਸੀ, ਪਰੰਤੂ ਤਤਕਾਲੀ ਪਰੰਪਰਾ ਅਨੁਸਾਰ ਵਿਧੀ ਪੂਰਵਕ ਨਹੀਂ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਕੁਝ ਲੋਕ ਸਿੰਧੂ ਘਾਟੀ ਦੀ ਸਭਿਅਤਾ ਦੇ ਯੁਗ ਵਿੱਚ ਮ੍ਰਿਤਕ ਸਰੀਰਾਂ ਨੂੰ ਕਿਹਨਾ ਦੇ ਖਾਣ ਲਈ ਸੁੱਟ ਦਿੰਦੇ ਸਨ?
2. ਬਚੇ ਹੋਏ ਸਰੀਰ ਨੂੰ ਕਿਸ ਚੀਜ਼ ਵਿੱਚ ਰੱਖਕੇ ਧਰਤੀ ਵਿੱਚ ਗੱਡ ਦਿੱਤਾ ਜਾਂਦਾ ਸੀ?
3. ਮੋਹਿੰਜੋਦੜੋ ਤੋਂ ਇਸ ਸਭਿਅਤਾ ਦੇ ਅੰਤਿਮ ਚਰਣ ਨਾਲ਼ ਸੰਬੰਧਿਤ ਕਿੰਨੇ ਪਿੰਜਰ ਮਿਲੇ?
4. ਘਰ ਦੇ ਇੱਕ ਕਮਰੇ ਵਿੱਚੋਂ ਮਿਲੇ ਪਿੰਜਰਾਂ ਦੀ ਗਿਣਤੀ ਦੱਸੋ?
5. ਮੋਹਿੰਜੋਦੜੋ ਤੋਂ ਕੁਝ ਪਿੰਜਰ ਕਿਹੜੇ ਹਾਲਤ ਵਿੱਚ ਮਿਲੇ?
6. ਮੋਹਿੰਜੋਦੜੋ ਤੋਂ ਮਿਲੇ ਪਿੰਜਰ ਮੌਤ ਦੇ ਕਾਰਨ ਦਾ ਕੀ ਸੰਕੇਤ ਕਰਦੇ ਹਨ-

(ਹ) ਬਲੀ ਦੀ ਪ੍ਰਥਾ: ਹੱੜਪਾ ਦੇ ਇੱਕ ਖੇਤਰ ਵਿੱਚ ਇੱਕਠੀਆਂ ਹੀ ਵੀਹ ਮਨੁੱਖ ਖੋਪੜੀਆਂ ਅਤੇ ਉਹਨਾਂ ਨਾਲ਼ ਦਸ ਹੇਠਲੇ ਜਬਾੜੇ ਗੀੜ੍ਹ ਦੀਆਂ ਹੱਡੀਆਂ, ਹੱਥ ਅਤੇ ਪੈਰ ਦੀਆਂ ਹੱਡੀਆਂ, ਜਨੌਰਾਂ ਦੀਆਂ ਹੱਡੀਆਂ ਅਤੇ ਸਿੰਧੂ ਸਭਿਅਤਾ ਦੇ ਬਰਤਨ ਵੀ ਮਿਲੇ ਹਨ। ਇਹਨਾਂ ਹੱਡੀਆਂ ਨਾਲ ਗਹਿਣੇ ਨਹੀਂ ਮਿਲੇ ਹਨ। ਇਹ ਸਤੱਹਿ ਤੋਂ 1.28 ਮੀਟਰ ਤੋਂ 1.77 ਮੀਟਰ ਡੂੰਘਾਈ ਉੱਤੇ ਮਿਲੇ ਹਨ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਪਹਿਲਾਂ ਇਹਨਾਂ ਮ੍ਰਿਤਕ ਸਰੀਰਾਂ ਨੂੰ ਖੁੱਲ੍ਹਾ ਹੀ ਛੱਡ ਦਿੱਤਾ ਗਿਆ ਸੀ ਅਤੇ ਫਿਰ ਉਹਨਾਂ ਦੀਆਂ ਕੁਝ ਅਸਥੀਆਂ ਇਕੱਠੀਆਂ ਕਰਕੇ ਦਫ਼ਨਾਈਆਂ ਗਈਆਂ ਸਨ। ਇਸ ਤੋਂ ਇਹ ਵੀ ਅੰਦਾਜਾ ਲਗਾਇਆ ਜਾਂਦਾ ਹੈ ਕਿ ਕਿਸੀ ਮਹੱਤਵ-ਪੂਰਣ ਵਿਅਕਤੀ ਦੀ ਮ੍ਰਿਤਕ ਦੇਹ ਦੇ ਸੰਸਕਾਰ ਦੇ ਸੰਬੰਧ ਵਿੱਚ ਕਈ ਵਿਅਕਤੀਆਂ ਦੀ ਬਲੀ ਦਿੱਤੀ ਗਈ ਸੀ। ਪਰੰਤੂ ਇੱਕ ਵਿਦਵਾਨ ਦੀ ਇਹ ਵੀ ਰਾਇ ਹੈ ਕਿ ਬਲੀ ਸ਼ਾਇਦ ਨਾ ਵੀ ਦਿੱਤੀ ਗਈ ਹੋਵੇ, ਕਿਉਂਕਿ ਅਜਿਹਾ ਕੋਈ ਵੀ ਪਿੰਜਰ ਨਹੀਂ ਮਿਲਿਆ ਜਿਸ ਨੂੰ ਹੋਰ ਪਿੰਜਰਾਂ ਤੋਂ ਵਿਸ਼ੇਸ਼ ਮੰਨਿਆ ਜਾ ਸਕਦਾ ਹੋਵੇ।

**ਕੁੱਤੇ ਦੀ ਮ੍ਰਿਤਕ ਦੇਹ ਮਿਲਣੀ:** ਰੋਪੜ ਦੀ ਖੁਦਾਈ ਤੋਂ ਜਿਹੜਾ ਕਬਰਿਸਤਾਨ ਮਿਲਿਆ ਹੈ ਉਹ ਅਬਾਦੀ ਤੋਂ ਲਗਭਗ 53 ਮੀਟਰ ਦੂਰੀ ਉੱਤੇ ਹੈ। ਇੱਥੇ ਮਿਲੀਆਂ ਕਬਰਾਂ ਹੜੱਪਾਂ ਅਤੇ ਮੋਹਿੰਜਦੜੋ ਵਰਗੀਆਂ ਹੀ ਹਨ। ਇਹਨਾਂ ਵਿੱਚੋਂ ਦੋ ਕਬਰਾਂ ਨੂੰ ਛੱਡ ਕੇ ਬਾਕੀਆਂ ਵਿੱਚ ਚੂੜੀਆਂ, ਤਾਂਬੇ ਦਾ ਕੰਗਣ ਅਤੇ ਮਣਕੇ ਵਿਸ਼ੇਸ਼ ਕਰਕੇ ਮਿਲੇ। ਇੱਕ ਹੋਰ ਕਬਰ ਵਿੱਚ ਬੰਦੇ ਦੀ ਕਬਰ ਦੇ ਨਾਲ਼ ਕੁੱਤੇ ਦੀ ਮ੍ਰਿਤਕ ਦੇਹ ਵੀ ਮਿਲੀ। ਇਸ ਤੋਂ ਇਸ਼ਾਰਾ ਮਿਲਦਾ ਹੈ ਕਿ ਜਾਂ ਤਾਂ ਕੁੱਤਾ, ਸੁਆਮੀ ਦੀ ਮੌਤ ਪਿੱਛੋਂ ਦੁਖੀ ਹੋ ਕੇ ਮਰ ਗਿਆ ਅਤੇ ਲੋਕਾਂ ਨੇ ਉਸਨੂੰ ਮਾਲਕ ਨਾਲ਼ ਹੀ ਗੱਡ ਦਿੱਤਾ ਜਾਂ ਫੇਰ ਮਾਲਕ ਦਾ ਬਹੁਤ ਪਿਆਰ ਹੋਣ ਕਰਕੇ ਉਸਨੂੰ ਵੀ ਜਿਉਂਦੀ ਜਾਂ ਮ੍ਰਿਤਕ ਹਾਲਤ ਵਿੱਚ ਕਬਰ ਵਿੱਚ ਹੀ ਰੱਖ ਦਿੱਤਾ ਗਿਆ।

**ਮਿਸਰ ਤੋਂ ਅੱਡ ਪ੍ਰਣਾਲੀ:** ਅਧਿਐਨ ਤੋਂ ਪਤਾ ਲਗਦਾ ਹੈ ਕਿ ਸਿੰਧੂ ਸਭਿਅਤਾ ਵਿੱਚ ਮੈਸੋਪੋਟਾਮੀਆਂ ਅਤੇ ਮਿਸਰ ਵਰਗੀਆਂ ਵੱਡੀਆ ਵੱਡੀਆਂ ਕਬਰਾਂ ਨਹੀਂ ਮਿਲੀਆਂ ਹਨ ਅਤੇ ਨਾ ਹੀ ਸਿੰਧੂ ਸਭਿਅਤਾ ਦੇ ਲੋਕਾਂ ਨੇ ਪ੍ਰਾਚੀਨ ਮਿਸਰ ਵਾਂਗ ਮਿਰਤਕ ਸਰੀਰਾਂ ਨੂੰ ਮਸਾਲੇ ਵਿੱਚ ਰੱਖਕੇ ਉਹਨਾਂ ਨੂੰ ਸੁਰੱਖਿਅਤ ਰੱਖਣ ਦੀ ਕੋਸ਼ਿਸ਼ ਕੀਤੀ।



Downloaded from https:// www.studiestoday.com

Downloaded from https:// www.studiestoday.com

### ਦੁਹਰਾਈ ਲਈ ਪ੍ਰਸ਼ਨ

1. ਹੜੱਪਾ ਦੇ ਇੱਕ ਖੇਤਰ ਵਿੱਚ ਮਨੁੱਖੀ ਖੋਪੜੀਆਂ ਅਤੇ ਹੋਰ ਅਵਿਸ਼ੇਸ਼ ਸਤਹਿ ਤੋਂ ਕਿੰਨੀ ਡੂੰਘਾਈ ਉੱਤੇ ਮਿਲੇ?
2. ਇਕੱਠੀਆਂ ਮਿਲੀਆਂ ਹੱਡੀਆਂ ਤੋਂ ਕੀ ਅਨੁਮਾਨ ਲਗਦਾ ਹੈ?
3. ਰੋਪੜ ਦੀ ਖੁਦਾਈ ਤੋਂ ਕਬਰਿਸਤਾਨ ਦੀ ਅਬਾਦੀ ਤੋਂ ਕਿੰਨੀ ਦੂਰੀ ਦਾ ਪਤਾ ਲਗਦਾ ਹੈ?
4. ਰੋਪੜ ਵਿਖੇ ਮਿਲੀ ਕਬਰ ਵਿੱਚ ਮਨੁੱਖੀ ਮਿਰਤਕ ਦੇਹ ਦੇ ਨਾਲ਼ ਹੋਰ ਕਿਹੜੇ ਜਨੌਰ ਦਾ ਪਿੰਜਰ ਮਿਲਿਆ?

### ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਸਿੰਧੂ ਘਾਟੀ ਦੀ ਸਭਿਅਤਾ ਦੀ ਖੋਜ ਕਦੋ ਹੋਈ? ਇਸਦੇ ਮੁੱਖ ਕੇਂਦਰ ਵੀ ਲਿਖੋ।
2. ਸਿੰਧੂ ਘਾਟੀ ਦੀ ਸਭਿਅਤਾ ਦੇ ਕਾਲ ਬਾਰੇ ਵਿਦਵਾਨਾ ਦੇ ਕੀ ਕੀ ਵਿਚਾਰ ਹਨ?
3. ਸਿੰਧੂ ਘਾਟੀ ਦੀ ਸਭਿਅਤਾ ਸਮੇਂ ਮਾਤਾ ਦੇਵੀ ਦੀ ਪੂਜਾ ਤੇ ਨੋਟ ਲਿਖੋ।
4. ਇਸ ਸਭਿਅਤਾ ਸਮੇਂ ਜਲ ਦੀ ਪਵਿਤਰਤਾ ਕਿਵੇਂ ਰੱਖੀ ਜਾਂਦੀ ਸੀ ਚਰਚਾ ਕਰੋ।
5. ਸਿੰਧੂ ਘਾਟੀ ਦੀ ਸਭਿਅਤਾ ਸਮੇਂ ਲਿੰਗ ਪੂਜਾ ਤੇ ਨਾਰੀ ਪੂਜਾ ਬਾਰੇ ਜਾਣਕਾਰੀ ਦਿਓ।
6. ਇਸ ਸਭਿਅਤਾ ਦੇ ਲੋਕ ਸੱਤ ਰਿਸ਼ੀਆਂ ਵਿੱਚ ਵਿਸ਼ਵਾਸ਼ ਰੱਖਦੇ ਸਨ। ਸੰਖੇਪ ਰੂਪ ਵਿੱਚ ਵਿਚਾਰ ਕਰੋ।
7. ਸਿੰਧੂ ਘਾਟੀ ਦੀ ਸਭਿਅਤਾ ਸਮੇਂ ਜੋੜਿਆ ਨੂੰ ਦਫਨਾਉਣ ਦਾ ਰਿਵਾਜ ਸੀ। ਚਰਚਾ ਕਰੋ।
8. ਇਸ ਕਾਲ ਵਿੱਚ ਪ੍ਰਚਲਿਤ ਬਲੀ ਦੀ ਪ੍ਰਥਾ ਬਾਰੇ ਤੁਸੀਂ ਕੀ ਜਾਣਦੇ ਹੋ?
9. ਸਿੰਧੂ ਘਾਟੀ ਸਭਿਅਤਾ ਦੀਆਂ ਕਬਰਾਂ ਮਿਸ਼ਰ ਦੀਆਂ ਕਬਰਾਂ ਤੋਂ ਅੱਡ ਕਿਵੇਂ ਹਨ?

### ਨਿਬੰਧਾਤਮਕ ਉੱਤਰਾਂ ਵਾਲੇ ਪ੍ਰਸ਼ਨ

1. ਸਿੰਧੂ ਘਾਟੀ ਸਭਿਅਤਾ ਦੇ ਲੋਕਾਂ ਦੇ ਧਾਰਮਿਕ ਵਿਸ਼ਵਾਸ਼ਾ ਉਪਰ ਚਰਚਾ ਕਰੋ।
2. ਸਿੰਧੂ ਘਾਟੀ ਸਭਿਅਤਾ ਨਾਲ ਸੰਬੰਧਿਤ ਮੁੱਖ ਮਾਨਤਾਵਾਂ : - ਸਵਾਸਤਿਕ, ਦੇਵੀ ਪੂਜਾ, ਬਿਰਛ ਪੂਜਾ, ਪਿੱਪਲ ਪੂਜਾ, ਸਵਰਗ ਵਿੱਚ ਵਿਸ਼ਵਾਸ਼ ਬਾਰੇ ਤੁਸੀਂ ਕੀ ਜਾਣੇ ਹੋ?
3. ਸਿੰਧੂ ਘਾਟੀ ਸਭਿਅਤਾ ਦੇ ਮੁੱਖ ਕੇਂਦਰ ਕਿਹੜੇ ਕਿਹੜੇ ਹਨ ਅਤੇ ਉਨ੍ਹਾਂ ਲੋਕਾਂ ਦੇ ਮ੍ਰਿਤਕ ਸੰਸਕਾਰਾਂ ਬਾਰੇ ਚਰਚਾ ਕਰੋ।

Downloaded from https:// www.studiestoday.com

Downloaded from https:// www.studiestoday.com

# ਪਾਠ-2

## ਮੁਢਲੇ ਆਰੀਆਂ ਦਾ ਧਾਰਮਿਕ ਜੀਵਨ

ਪਾਠ ਦੇ ਪਿਛਲੇ ਭਾਗ ਵਿੱਚ ਅਸੀਂ ਸਿੰਧੂ ਘਾਟੀ ਸਭਿਅਤਾ ਦੇ ਲੋਕਾਂ ਦੇ ਧਾਰਮਿਕ ਜੀਵਨ ਬਾਰੇ ਅਧਿਐਨ ਕਰ ਚੁੱਕੇ ਹਾਂ ਅਤੇ ਇਸ ਭਾਗ ਵਿੱਚ ਅਸੀਂ ਮੁਢਲੇ ਆਰੀਆਂ ਦੇ ਧਾਰਮਿਕ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਕਰਾਂਗੇ। ਇਸ ਭਾਗ ਵਿੱਚੋਂ ਅੱਗੇ ਲਿਖੇ ਪ੍ਰਸ਼ਨ ਪੁੱਛੇ ਜਾ ਸਕਦੇ ਹਨ :-

1. ਮੁਢਲੇ ਆਰੀਆਂ ਦੇ ਧਾਰਮਿਕ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ?
2. ਮੁਢਲੇ ਆਰੀਆਂ ਦੇ ਦੇਵੀ ਦੇਵਤਿਆਂ ਬਾਰੇ ਸੰਖੇਪ ਜਾਣਕਾਰੀ ਦਿਓ।
3. ਵੈਦਿਕ ਕਾਲ ਦੀ ਯੱਗ ਅਤੇ ਬਲੀ ਦੀ ਪ੍ਰਥਾ ਉੱਤੇ ਨੋਟ ਲਿਖੋ।

**ਆਰੀਆਂ ਦਾ ਧਾਰਮਿਕ ਜੀਵਨ**

ਮੁਢਲੇ ਆਰੀਆਂ ਧਾਰਮਿਕ ਪ੍ਰਵਿਰਤੀ ਦੇ ਲੋਕ ਸਨ। ਇਸ ਗੱਲ ਦਾ ਪ੍ਰਮਾਣ ਸਾਨੂੰ ਵੇਦਿਕ ਸਾਹਿਤ ਅਤੇ ਵਿਸ਼ੇਸ਼ ਕਰਕੇ ਰਿਗਵੇਦ ਤੋਂ ਪਤਾ ਲਗਦਾ ਹੈ। ਸਭ ਤੋਂ ਪਹਿਲਾਂ ਅਸੀਂ ਮੁਢਲੇ ਆਰੀਆਂ ਦੇ ਸਮੇਂ ਬਾਰੇ ਵਿਚਾਰ ਕਰਾਂਗੇ ।

**ਮੁਢਲੇ ਆਰੀਆਂ ਦਾ ਸਮਾਂ :** ਮੁੱਢਲੇ ਆਰੀਆਂ ਦਾ ਸਮਾਂ ਰਿਗਵੇਦ ਦੀ ਰਚਨਾ ਤੋਂ ਵੀ ਪੂਰਬਲਾ ਪ੍ਰਤੀਤ ਹੁੰਦਾ ਹੈ। ਰਿਗਵੇਦ ਦੀ ਰਚਨਾ ਬਾਰੇ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। ਇਹਨਾਂ ਵਿੱਚੋਂ ਕੁਝ ਵਿਚਾਰ ਇਸ ਪ੍ਰਕਾਰ ਹਨ।

(ੳ) ਪ੍ਰੋ. ਮੈਕਸ ਮੂਲਰ ਅਨੁਸਾਰ ਰਿਗਵੇਦ ਦੀ ਰਚਨਾ 1000 ਈ. ਪੂ: ਤੱਕ ਪੂਰਣ ਹੋ ਗਈ ਸੀ।

(ਅ) ਜੇ ਹੇਰਤਲ (J.Hertal ) ਦਾ ਮੱਤ ਹੈ ਕਿ ਰਿਗਵੇਦ ਦੀ ਰਚਨਾ ਕਾਲ 550 ਈ. ਪੂ: ਦੇ ਲਗਭਗ ਹੈ ।

(ੲ) ਪ੍ਰੋ. ਜੈਕੋਬੀ ਦਾ ਵਿਚਾਰ ਹੈ ਕਿ ਰਿਗਵੇਦ ਦੀ ਰਚਨਾ ਈ. ਪੂ: ਤੀਸਰੀ ਸਦੀ ਵਿੱਚ ਹੋਈ।

(ਸ) ਬਲੂਮ ਫੀਲਡ (Bloom field ) ਦੀ ਮਾਨਤਾ ਹੈ ਕਿ ਜਦੋਂ ਰਿਗਵੇਦ ਦੀ ਰਚਨਾ ਹੋਈ ਉਸ ਸਮੇਂ ਕਈ ਲੋਕ-ਪ੍ਰਚਲਤ ਸਤਰਾਂ ਸਨ ਜਿਨ੍ਹਾਂ ਨੂੰ ਕੋਈ ਸਲੋਕ ਰਚਣਵਾਲਾ ਉਹਨਾਂ ਨਾਲ ਜੋੜ ਸਕਦਾ ਸੀ।

ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਰਿਗਵੇਦ ਦੀ ਰਚਨਾ ਲਗਭਗ ਅੱਜ ਤੋਂ ਢਾਈ ਤੋਂ ਤਿੰਨ ਹਜ਼ਾਰ ਸਾਲ ਪਹਿਲਾਂ ਹੋਈ ਅਤੇ ਮੁਢਲੇ ਆਰੀਆਂ ਦਾ ਸਮਾਂ ਵੀ ਇਸੇ ਕਾਲ ਦੌਰਾਨ ਬਣਦਾ ਹੈ।

**ਧਾਰਮਿਕ ਵਿਸ਼ਵਾਸਾਂ ਦਾ ਆਧਾਰ :** ਮੁੱਢਲੇ ਆਰੀਆਂ ਦੇ ਧਾਰਮਿਕ ਵਿਸ਼ਵਾਸ ਜਾਣਨ ਦਾ ਸੋਮਾ ਸਾਡੇ ਪਾਸ ਮੁਢਲਾ ਵੇਦ ਸਾਹਿਤ ਅਤੇ ਉਸ ਨਾਲ ਸੰਬੰਧਿਤ ਪੁਰਾਤੱਤਵ ਹੈ। ਇਹਨਾਂ ਦੋਹਾਂ ਸੋਮਿਆ ਤੋਂ ਸਾਨੂੰ ਉਹਨਾਂ ਲੋਕਾਂ ਦੇ ਧਾਰਮਿਕ ਵਿਸ਼ਵਾਸ ਜਾਂ ਧਾਰਮਿਕ ਜੀਵਨ ਬਾਰੇ ਹੇਠ ਲਿਖੇ ਅਨੁਸਾਰ ਜਾਣਕਾਰੀ ਮਿਲਦੀ ਹੈ :-

**ਕੁਦਰਤ ਦੀ ਪੂਜਾ :** ਅਧਿਐਨ ਤੋਂ ਪਤਾ ਲਗਦਾ ਹੈ ਕਿ ਮੁਢਲੇ ਆਰੀਆਂ ਕੁਦਰਤੀ ਸ਼ਕਤੀਆਂ ਦੀ ਪੂਜਾ ਕਰਦੇ ਸਨ। ਇਸਦਾ ਕਾਰਣ ਉਹਨਾਂ ਨੂੰ ਕੁਦਰਤੀ ਸ਼ਕਤੀਆਂ ਦੀ ਸੁੰਦਰਤਾ, ਉਹਨਾਂ ਤੋਂ ਮਿਲਣ ਵਾਲੇ ਲਾਭ, ਉਹਨਾਂ ਦਾ ਭੈਅ ਅਤੇ ਭਵਿੱਖ ਲਈ ਆਸਾਂ ਹੋ ਸਕਦੀਆਂ ਹਨ। ਉਹ ਇੰਦਰ ਨੂੰ ਇਸ ਲਈ ਪੂਜਦੇ ਸਨ ਕਿਉਂਕਿ ਉਹ ਉਹਨਾਂ ਦੀਆਂ ਫਸਲਾਂ ਲਈ ਵਰਖਾ ਦਿੰਦਾ ਸੀ। ਉਹ ਸੂਰਜ ਦੀ ਇਸ ਲਈ ਪੂਜਾ ਕਰਦੇ ਸਨ ਕਿਉਂਕਿ ਉਹ ਉਹਨਾਂ ਨੂੰ ਪ੍ਰਕਾਸ਼ ਅਤੇ ਤਾਪ ਦਿੰਦਾ ਸੀ। ਊਸ਼ਾ ਦੇਵੀ (ਪ੍ਰਭਾਤ) ਦੀ ਪੂਜਾ ਇਸ ਲਈ ਕੀਤੀ ਜਾਂਦੀ ਸੀ ਕਿਉਂਕਿ ਉਹ ਮਨੁੱਖਾਂ ਨੂੰ ਨੀਂਦਰ ਤੋਂ ਜਗਾ ਕੇ ਦਿਨ ਦੇ ਕੰਮ ਲਈ ਸੁਚੇਤ ਕਰਦੀ ਸੀ।

**ਬਹੁ-ਦੇਵ ਵਾਦੀ :** ਮੁਢਲੇ ਆਰੀਆਂ ਬਹੁ ਦੇਵਵਾਦੀ ਸਨ। ਭਾਵ ਉਹ ਬਹੁਤ ਸਾਰੇ ਦੇਵਤਿਆਂ ਦੀ ਪੂਜਾ ਕਰਦੇ ਸਨ। ਰਿਗਵੇਦ ਵਿੱਚ 33 ਦੇਵਤਿਆਂ ਦਾ ਵਰਣਨ ਮਿਲਦਾ ਹੈ। ਇਹਨਾਂ ਨੂੰ ਵਿਦਵਾਨਾਂ ਨੇ ਤਿੰਨ ਵਰਗਾਂ ਵਿੱਚ ਵੰਡਿਆ ਹੈ। ਪਹਿਲੇ ਵਰਗ ਵਿੱਚ ਆਕਾਸ਼ ਦੇ ਗਿਆਰਾਂ ਦੇਵਤੇ ਆਉਂਦੇ ਹਨ ਦੂਜਾ ਵਰਗ ਧਰਤੀ ਦੇ ਗਿਆਰਾਂ ਦੇਵਤਿਆਂ ਦਾ ਹੈ



Downloaded from https:// www.studiestoday.com

Downloaded from https:// www.studiestoday.com

ਅਤੇ ਤੀਜਾ ਵਰਗ ਧਰਤੀ ਅਤੇ ਆਕਾਸ਼ ਦੇ ਵਿਚਕਾਰਲੇ ਗਿਆਰਾਂ ਦੇਵਤਿਆਂ ਦਾ ਹੈ। ਪ੍ਰਮੁੱਖ ਦੇਵਤਿਆਂ ਦੇ ਨਾਂ ਹਨ :- ਵਰੁਣ, ਇੰਦਰ, ਅਗਨੀ, ਸੂਰਜ, ਊਸ਼ਾ, ਰੁਦਰ, ਪ੍ਰਿਥਵੀ ਦੇਵੀ, ਬ੍ਰਹਿਸਪਤੀ ਆਦਿ। ਪ੍ਰਕਿਰਤੀ ਨਾਲ ਸੰਬੰਧਿਤ ਦੇਵਤਿਆਂ ਤੋਂ ਇਲਾਵਾ ਅਦਿਤੀ, ਪੁਰਸ਼, ਪਰਜਾਪਤੀ, ਵਿਸ਼ਵਕਰਮਨ, ਹਿਰਣਯ ਗਰਭ ਆਦਿ ਦੇਵਤਿਆਂ ਦਾ ਉਲੇਖ ਵੀ ਵੇਦਾਂ ਵਿੱਚ ਮਿਲਦਾ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਰਿਗਵੇਦ ਦੀ ਰਚਨਾ ਸੰਬੰਧੀ ਪ੍ਰੋ. ਮੈਕਸ ਮੂਲਰ ਦੇ ਵਿਚਾਰ ਦੱਸੋ ।
2. ਜੇ. ਹੈਰਟਲ, ਰਿਗਵੇਦ ਦੀ ਰਚਨਾ ਕਦੋਂ ਹੋਈ ਮੰਨਦਾ ਹੈ ?
3. ਪ੍ਰੋ. ਜੈਕੋਬੀ ਅਨੁਸਾਰ ਰਿਗਵੇਦ ਦੀ ਰਚਨਾ ਕਦੋਂ ਹੋਈ ?
4. ਮੁੱਢਲੇ ਆਰੀਆਂ ਦਾ ਸਮਾਂ ਕੀ ਮੰਨਿਆ ਜਾ ਸਕਦਾ ਹੈ ?
5. ਮੁੱਢਲੇ ਆਰੀਆਂ ਕੁਦਰਤ ਦੀ ਪੂਜਾ ਕਿਉਂ ਕਰਦੇ ਸਨ ? ਕੋਈ ਦੋ ਕਾਰਨ ਲਿਖੋ?
6. ਮੁੱਢਲੇ ਆਰੀਆਂ ਦੇ ਦੇਵਤਿਆਂ ਨੂੰ ਕਿੰਨੇ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ ?
7. ਮੁੱਢਲੇ ਆਰੀਆਂ ਦੇ ਕਿਸੇ ਪੰਜ ਦੇਵਤਿਆਂ ਦੇ ਨਾਂ ਦੱਸੋ ?

**ਮੂਰਤੀ ਪੂਜਾ ਦੀ ਅਣਹੋਂਦ :** ਇਹ ਇੱਕ ਸਾਂਝਾ ਮੱਤ ਹੈ ਕਿ ਵੈਦਿਕ ਕਾਲ ਸਮੇਂ ਮੂਰਤੀ ਪੂਜਾ ਨਹੀਂ ਸੀ। ਉਸ ਸਮੇਂ ਦਾ ਨਾ ਕੋਈ ਮੰਦਰ ਅਤੇ ਨਾ ਹੀ ਮੂਰਤੀ ਮਿਲਦੀ ਹੈ। ਮੈਕਸ ਮੂਲਰ ਦਾ ਕਹਿਣਾ ਹੈ ਕਿ ਵੈਦਿਕ ਧਰਮ ਦਾ ਮੂਰਤੀਆਂ ਨਾਲ ਕੋਈ ਸੰਬੰਧ ਨਹੀਂ ਸੀ। ਇਸ ਕਰਕੇ ਰਿਗ ਵੈਦਿਕ ਅਤੇ ਉੱਤਰ ਰਿਗ ਵੈਦਿਕ ਕਾਲ ਵਿੱਚ ਦੇਵੀ ਦੇਵਤਿਆਂ ਦੇ ਮੰਦਰ ਜਾਂ ਉਹਨਾਂ ਦੇ ਪੂਜਾ ਪਾਠ ਦੇ ਸਥਾਨ ਨਹੀਂ ਮਿਲਦੇ ਹਨ। ਸੋ ਮੁਢਲੇ ਆਰੀਆ ਲੋਕ ਮੂਰਤੀ ਪੂਜਕ ਨਹੀਂ ਸਨ। ਉਹ ਖੁੱਲੀ ਹਵਾ ਵਿੱਚ ਜਾਂ ਘਰਾਂ ਵਿੱਚ ਦੇਵਤਿਆਂ ਦੀ ਪੂਜਾ ਕਰਦੇ ਸਨ। ਮੁਢਲੇ ਆਰੀਆ ਕਾਲ ਵਿੱਚ ਪੁਜਾਰੀ ਸ਼੍ਰੇਣੀ ਵੀ ਹੋਂਦ ਵਿੱਚ ਨਹੀਂ ਸੀ ਆਈ ਜੋ ਮੰਦਰ ਅਤੇ ਮੂਰਤੀ ਪੂਜਾ ਵਿਧੀ ਸਥਾਪਿਤ ਕਰਦੀ।

**ਪ੍ਰਾਰਥਨਾ ਅਤੇ ਮੰਤਰ ਉਚਾਰਣ :** ਮੁੱਢਲੇ ਆਰੀਆਂ ਦਾ ਧਰਮ ਨਾਲ ਡੂੰਘਾ ਪਿਆਰ ਸੀ । ਉਹ ਸਵੇਰੇ ਅਤੇ ਸ਼ਾਮ ਪ੍ਰਾਰਥਨਾ ਕਰਦੇ ਅਤੇ ਸਧਾਰਣ ਯੱਗ ਵੀ ਕਰਦੇ ਸਨ। ਪੁਰਾਤਨ ਆਰੀਆਂ ਦੀ ਪ੍ਰਾਰਥਨਾ ਦਾ ਨਮੂਨਾ ਇੱਥੇ ਦਿੱਤਾ ਜਾ ਰਿਹਾ ਜੋ ਵੈਦਿਕ ਸੂਕਤਾਂ ਦੇ ਅਧਾਰ ਉੱਤੇ ਹੈ :-

(ੳ) ਹੇ ਇੰਦਰ। ਸਾਡੇ ਸਰੀਰ ਤਾਕਤਵਰ ਹੋਣ/ ਸਾਡੀ ਪੂਜਾ ਤਾਕਤਵਰ ਹੋਵੇ ਤਾਂ ਕਿ ਜੀਵਨ ਚੰਗੀ ਤਰ੍ਹਾਂ ਗੁਜ਼ਰੇ/ ਤੁਸੀਂ ਹੀ ਬਲ ਦੇਣ ਵਾਲੇ ਹੋ।

(ਅ) ਸਾਨੂੰ ਅਜਿਹੇ ਲੋਕਾਂ ਵਿੱਚ ਅਮਰ ਕਰੋ, ਜਿੱਥੇ ਸਾਨੂੰ ਸੁੱਖ ਅਨੰਦ ਅਤੇ ਸਾਰੀਆਂ ਕਿਸਮਾਂ ਦੀ ਚੰਗੀ ਕਿਸਮਤ ਪ੍ਰਾਪਤ ਹੋਵੇ ਅਤੇ ਜਿੱਥੇ ਸਾਡੀਆਂ ਸਾਰੀਆਂ ਅਭਿਲਾਸ਼ਾਵਾਂ (ਇੱਛਾਵਾਂ) ਪੂਰੀਆਂ ਹੋਣ।

**ਯੱਗ :** ਆਦਿ ਕਾਲ ਵਿੱਚ ਮੁਢਲੇ ਆਰੀਆਂ ਦੇ ਯੱਗ ਸਧਾਰਣ ਹੁੰਦੇ ਸਨ ਜਿਨ੍ਹਾਂ ਵਿੱਚ ਸਿਰਫ਼ ਇੱਕ ਪ੍ਰੋਹਿਤ ਹੁੰਦਾ ਸੀ ਅਤੇ ਗ੍ਰਹਿਸਥੀ ਖੁਦ ਯੱਗ ਦਾ ਕੰਮ ਨਿਭਾਅ ਲੈਂਦਾ ਸੀ। ਰੋਜ਼ਾਨਾ ਦੇ ਅਤੇ ਵਿਸ਼ੇਸ਼ ਮੌਕਿਆਂ ਉੱਤੇ ਵੀ ਯੱਗ ਦੇ ਮਾਧਿਅਮ ਦੁਆਰਾ ਪੂਜਾ ਹੁੰਦੀ ਸੀ। ਕਈ ਯੱਗਾਂ ਦਾ ਸੰਬੰਧ ਰੁੱਤਾਂ ਨਾਲ ਸੀ। ਅਜਿਹੇ ਯੱਗ ਵਿਸ਼ੇਸ਼ ਸਮੇਂ ਉੱਤੇ ਕੀਤੇ ਜਾਂਦੇ ਸਨ। ਕਈ ਵਾਰ ਰਾਜਾ ਅਤੇ ਅਮੀਰ ਲੋਕ ਵੱਡੇ ਵੱਡੇ ਯੱਗ ਕਰਦੇ ਅਤੇ ਉਹਨਾਂ ਵਿੱਚ ਕਈ ਕਈ ਪਰੋਹਿਤ ਹਿੱਸਾ ਲੈਂਦੇ ਸਨ। ਇਸ ਪ੍ਰਕਾਰ ਦੇ ਯੱਗ ਕਈ ਕਈ ਦਿਨ ਅਤੇ ਕਈ ਕਈ ਮਹੀਨੇ ਚਲਦੇ ਰਹਿੰਦੇ ਸਨ। ਕੀਥ ਆਦਿ ਵਿਦਵਾਨਾਂ ਅਨੁਸਾਰ ਯੱਗ ਦਾ ਉਦੇਸ਼ ਭੇਟਾਵਾਂ ਦੁਆਰਾ ਦੇਵਤਿਆਂ ਨੂੰ ਖੁਸ਼ ਕਰਨਾ ਸੀ। ਇਹ ਵਿਸ਼ਵਾਸ਼ ਕੀਤਾ ਜਾਂਦਾ ਸੀ ਕਿ ਦੇਵਤਾ ਖੁਸ਼ ਹੋ ਕੇ ਬਦਲੇ ਵਿੱਚ ਉਪਾਸਕ ਦੀਆਂ ਇੱਛਾਵਾਂ ਦੀ ਪੂਰਤੀ ਕਰਦਾ ਸੀ। ਯੱਗ ਨੂੰ ਇੱਕ ਮਹਾਨ ਕਾਰਜ ਸਮਝਿਆ ਜਾਂਦਾ ਸੀ। ਇਸ ਲਈ ਵੇਦਾਂ ਵਿੱਚ ਲਿਖਿਆ ਹੈ ਕਿ ਵਿਸ਼ਵ ਦਾ ਬਣਾਉਣਾ ਪ੍ਰਮਾਤਮਾ ਲਈ ਇੱਕ ਯੱਗ ਵਰਗਾ ਕਾਰਜ ਹੈ।



Downloaded from https:// www.studiestoday.com

Downloaded from https:// www.studiestoday.com

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਮੁੱਢਲੇ ਆਰੀਆਂ ਆਪਣੇ ਦੇਵਤਿਆਂ ਦੀ ਪੂਜਾ ਕਿੱਥੇ ਕਰਦੇ ਸਨ?
2. ਮੁੱਢਲੇ ਆਰੀਆਂ ਦੇ ਸਮੇਂ ਦੌਰਾਨ ਪ੍ਰਾਥਨਾ ਸਮੇਂ ਕਿਸ ਚੀਜ਼ ਦਾ ਉਚਾਰਣ ਹੁੰਦਾ ਸੀ।
3. ਯੱਗ ਕਿਹੜੇ ਕਿਹੜੇ ਮੌਕਿਆਂ ਉੱਤੇ ਕੀਤੇ ਜਾਂਦੇ ਸਨ?
4. ਅਮੀਰ ਲੋਕਾਂ ਦੇ ਯੱਗਾਂ ਦਾ ਕੋਈ ਇੱਕ ਲੱਛਣ ਦੱਸੋ?
5. ਅਮੀਰ ਲੋਕਾਂ ਦੇ ਯੱਗਾਂ ਵਿੱਚ ਕੌਣ ਹਿੱਸਾ ਲੈਂਦੇ ਸਨ।
6. ਵਿਦਵਾਨਾਂ ਅਨੁਸਾਰ ਉਸ ਕਾਲ ਵਿੱਚ ਯੱਗ ਕਰਨ ਦਾ ਕੀ ਉਦੇਸ਼ ਸੀ?

**ਬਲੀ :** ਮੁਢਲੇ ਆਰੀਆਂ ਵਿੱਚ ਵਿਸ਼ੇਸ਼ ਮੌਕਿਆ ਉੱਤੇ ਬਲੀ ਦੇਣ ਦੀ ਪ੍ਰਥਾ ਪ੍ਰਚਲਿਤ ਸੀ। ਆਮ ਕਰਕੇ ਲੋਕ ਭੇਡ, ਬੱਕਰੀਆਂ ਅਤੇ ਘੋੜਿਆਂ ਦੀ ਬਲੀ ਦਿੰਦੇ ਸਨ। ਮਨੁੱਖ ਦੀ ਬਲੀ ਦੇਣ ਦਾ ਕੋਈ ਪ੍ਰਮਾਣ ਨਹੀਂ ਮਿਲਦਾ। ਬਲੀ ਇਸ਼ਟ ਨੂੰ ਪ੍ਰਸੰਨ ਕਰਨ ਲਈ ਅਤੇ ਆਪਣੀ ਕਾਮਨਾ ਪੂਰੀ ਕਰਨ ਲਈ ਦਿੱਤੀ ਜਾਂਦੀ ਸੀ। ਘੋੜੇ ਦਾ ਬਲੀਦਾਨ ਅਸ਼ਵਮੇਧ ਯੱਗ ਸਮੇਂ ਰਾਜੇ ਮਹਾਰਾਜੇ ਸ਼ਾਹੀ ਢੰਗ ਨਾਲ ਕਰਦੇ ਸਨ। ਸੋਮ ਯੱਗ ਸਮੇਂ ਬਲੀ ਦੇਣ ਦੇ ਸਮੇਂ ਸੋਮ ਰਸ ਤਿਆਰ ਕੀਤਾ ਜਾਂਦਾ ਸੀ। ਰਸਮ ਸਮਾਪਤ ਹੋਣ ਉੱਤੇ ਪੁਜਾਰੀਆਂ ਨੂੰ ਭੇਟਾ ਅਤੇ ਦੱਖਣਾ ਦਿੱਤੀ ਜਾਂਦੀ ਸੀ।

**ਸਵੱਰਗ ਦੀ ਕਲਪਨਾ :** ਉਸ ਸਮੇਂ ਯੱਗ ਦਾ ਮੁੱਖ ਮਨੋਰਥ ਸਵਰਗ ਦੀ ਪ੍ਰਾਪਤੀ ਸਮਝਿਆ ਜਾਂਦਾ ਸੀ। ਰਿਗਵੇਦ ਦੇ ਕੁਝ ਸੂਕਤਾਂ ਤੋਂ ਸਾਨੂੰ ਮੌਤ ਅਤੇ ਅਗਲੇ ਜੀਵਨ ਦੀ ਵੈਦਿਕ ਮਾਨਤਾ ਦਾ ਪਤਾ ਲਗਦਾ ਹੈ । ਮ੍ਰਿਤਕ ਸਰੀਰ ਲਈ ਅਗਨੀ ਦਾਹ ਸ੍ਰੇਸ਼ਟ ਮੰਨਿਆਂ ਜਾਂਦਾ ਸੀ ਕਿਉਂਕਿ ਇਹੋ ਮ੍ਰਿਤਕ ਸਰੀਰ ਨੂੰ ਪਿਤਰ ਲੋਕ ਤੋਂ ਦੇਵ ਲੋਕ ਤੱਕ ਪਹੁੰਚਾਉਂਦਾ ਹੈ। ਰਿਗ ਵੇਦ ਅਨੁਸਾਰ ਪ੍ਰੇਤ ਲਈ ਸਵਰਗ ਤੱਕ ਜਾਣ ਦਾ ਰਸਤਾ ਬਹੁਤ ਲੰਬਾ ਹੈ। ਸਵਰਗ ਦੀ ਧਾਰਣਾ ਬੜੇ ਸੁੰਦਰ ਰੂਪ ਵਿੱਚ ਪੇਸ਼ ਕੀਤੀ ਗਈ ਹੈ? ਉਸ ਲੋਕ ਵਿੱਚ ਯਮ ਵਰੁਣ ਅਤੇ ਪਿਤਰਾਂ ਨਾਲ ਨਿਵਾਸ ਕਰਦਾ ਹੈ। ਉੱਥੇ ਦਿਨ, ਰਾਤ ਅਤੇ ਜਲ ਬਹੁਤ ਸੁੰਦਰ ਅਤੇ ਅਨੰਦ ਦੇਣ ਵਾਲੇ ਹੁੰਦੇ ਹਨ। ਇਸ ਤੋਂ ਇਲਾਵਾ ਉੱਥੇ ਮਨੁੱਖ ਨੂੰ ਤਕੜਾ ਸੁੰਦਰ ਅਤੇ ਅਰੋਗ ਸਰੀਰ ਪ੍ਰਾਪਤ ਹੋ ਜਾਂਦਾ ਹੈ।

**ਪੂਰਵਜਾਂ ਦੀ ਪੂਜਾ :** ਦੇਵਤਿਆਂ ਤੋਂ ਬਿਨਾਂ ਪੂਰਵਜਾਂ ਦੀ ਵੀ ਪੂਜਾ ਕੀਤੀ ਜਾਂਦੀ ਸੀ। ਮੁਢਲੇ ਆਰੀਆ ਮਰ ਚੁੱਕੇ ਪਿੱਤਰਾਂ ਦੇ ਨਮਿਤ ਦੇਵਤਿਆਂ ਨੂੰ ਚੜ੍ਹਾਵੇ ਚੜ੍ਹਾਉਂਦੇ ਸਨ। ਅਜਿਹਾ ਕਰਕੇ ਉਹ ਆਪਣੇ ਮਰ ਚੁੱਕੇ ਬਜ਼ੁਰਗਾਂ ਦਾ ਸਨਮਾਨ ਕਰਦੇ ਸਨ। ਅਜਿਹਾ ਕਰਨ ਦਾ ਮਨੋਰਥ ਚੰਗੀ ਸਿਹਤ, ਪੁੱਤਰ,ਧਨ ਅਤੇ ਸ਼ਕਤੀ ਪ੍ਰਾਪਤ ਕਰਨਾ ਸੀ।

**ਦੁਹਰਾਈ ਲਈ ਪ੍ਰਸ਼ਨ**

1. ਮੁੱਢਲੇ ਆਰੀਆ ਕਿਸ ਕਿਸ ਪਸ਼ੂ ਦੀ ਬਲੀ ਦਿੰਦੇ ਸਨ ?
2. ਪਸ਼ੂਆਂ ਦੀ ਬਲੀ ਕਿਸ ਉਦੇਸ਼ ਦੀ ਪੂਰਤੀ ਲਈ ਦਿੱਤੀ ਜਾਂਦੀ ਸੀ।
3. ਕਿਹੜੇ ਵੇਦ ਤੋਂ ਸਾਨੂੰ ਮੌਤ ਅਤੇ ਅਗਲੇ ਜੀਵਨ ਦੀ ਮਾਨਤਾ ਬਾਰੇ ਪਤਾ ਲਗਦਾ ਹੈ ?
4. ਮ੍ਰਿਤਕ ਸਰੀਰ ਲਈ ਕੀ ਸ੍ਰੇਸ਼ਠ ਮੰਨਿਆ ਜਾਂਦਾ ਸੀ?
5. ਸਵਰਗ ਲੋਕ ਵਿੱਚ ਯਮ ਕਿਸ ਨਾਲ ਨਿਵਾਸ ਕਰਦਾ ਹੈ ?
6. ਮੁਢਲੇ ਆਰੀਆਂ ਦੀ ਮਾਨਤਾ ਅਨੁਸਾਰ ਸਵਰਗ ਜਾਣ ਉੱਤੇ ਮਨੁੱਖ ਨੂੰ ਕੀ ਮਿਲਦਾ ਹੈ ?

## ਵੈਦਿਕ ਦੇਵਤੇ

ਮੁਢਲੇ ਆਰੀਆਂ ਦੇ ਦੇਵਤਿਆਂ ਬਾਰੇ ਇਹ ਗੱਲ ਵਰਨਣ ਯੋਗ ਹੈ ਕਿ ਯੂਨਾਨੀ ਦੇਵਤਿਆਂ ਵਾਂਗ ਉਹਨਾਂ ਦਾ ਉੱਚਤਾ ਸੰਬੰਧੀ ਕੋਈ ਕੰਮ ਨਹੀਂ ਸੀ। ਭਾਵ ਹਰ ਦੇਵਤੇ ਦੀ ਇੱਕ ਅਜਿਹੀ ਪਦਵੀ ਨਿਸ਼ਚਿਤ ਨਹੀਂ ਸੀ ਜੋ ਦੂਸਰੇ ਦੇਵਤਿਆਂ ਦੇ ਮੁਕਾਬਲੇ ਵਿੱਚ ਉੱਚੀ ਜਾਂ ਨੀਵੀਂ ਹੋਵੇ। ਉਹ ਲੋਕ ਹਰ ਦੇਵਤੇ ਨੂੰ ਵਾਰੀ ਵਾਰੀ ਸਭ ਤੋਂ ਉੱਚਾ ਸਮਝਦੇ ਸਨ।



Downloaded from https:// www.studiestoday.com

Downloaded from https:// www.studiestoday.com

ਇਸ ਅਦਭੁਤ ਸਥਿਤੀ ਨੂੰ ਮੈਕਸ ਮੂਲਰ ਨੇ 'ਏਕ ਈਸ਼ਵਰ ਵਾਦ' ਆਖਿਆ ਹੈ। ਜਿਵੇਂ ਕਿ ਪਿੱਛੇ ਵੀ ਆਖਿਆ ਗਿਆ ਹੈ ਕਿ ਰਿਗਵੇਦ ਵਿੱਚ 33 ਦੇਵਤਿਆਂ ਦਾ ਵਰਨਣ ਮਿਲਦਾ ਹੈ। ਇੱਥੇ ਅਸੀਂ ਕੁਝ ਪ੍ਰਮੁੱਖ ਦੇਵਤਿਆਂ ਬਾਰੇ ਸੰਖੇਪ ਜਾਣਕਾਰੀ ਦੇ ਰਹੇ ਹਾਂ :-

**ਅਗਨੀ ਦੇਵਤਾ :** ਅਗਨੀ ਦੇਵਤਾ ਨੂੰ ਵੈਦਿਕ ਦੇਵਤਿਆਂ ਵਿੱਚੋਂ ਸਭ ਤੋਂ ਅੱਗੇ ਗਿਣਿਆ ਗਿਆ ਹੈ। ਜਿਵੇਂ ਕਿ ਸਾਧਾਰਣ ਰੂਪ ਵਿੱਚ ਸਮਝਿਆ ਜਾਂਦਾ ਹੈ, ਉਹ ਅੱਗ ਦਾ ਦੇਵਤਾ ਨਹੀਂ ਹੈ, ਸਗੋਂ ਉਹ ਖੁਦ ਅੱਗ ਦਾ ਕੰਮ ਕਰਦਾ ਹੈ। ਉਸ ਨੂੰ ਪਰੋਹਿਤ ( ਪ੍ਰਮੁੱਖ ਦੇਵਤਾ) ਵੀ ਆਖਿਆ ਗਿਆ ਹੈ। ਰਿਗਵੇਦ ਵਿੱਚ ਉਸ ਦੀ ਉਸਤਤੀ ਵਿੱਚ ਲਗਭਗ 200 ਸੂਕਤ ਹਨ। ਇਸ ਦੇਵਤਾ ਦੀਆਂ ਸੱਤ ਜੀਭਾਂ ਅਤੇ 1000 ਅੱਖਾਂ ਸਮਝੀਆਂ ਜਾਂਦੀਆ ਹਨ। ਅਗਨੀ ਦੇਵਤਾ ਦੀ ਮਨ-ਭਾਉਂਦੀ ਖੁਰਾਕ ਬਾਲਣ ਜਾਂ ਘਿਓ ਅਤੇ ਲੱਕੜ ਹੈ। ਮੁਢਲੇ ਆਰੀਆਂ ਦੇ ਸਮੇਂ ਲੋਕ ਅਗਨੀ ਨੂੰ ਭੇਟ ਚੜ੍ਹਾ ਕੇ ਉਸ ਦੀ ਉਸਤਤ ਕਰਕੇ ਪੁੱਤਰ, ਪਸ਼ੂ ਅਤੇ ਅਵਿਨਾਸ਼ਤਾ ਤੱਕ ਮੰਗਦੇ ਸਨ। ਰਿਗਵੇਦ ਅਗਨੀ ਦਾ ਜੀਵਾਂ ਨਾਲ ਪਿਤਾ ਦਾ ਸੰਬੰਧ ਸਥਾਪਿਤ ਕਰਦਾ ਹੈ। ਉਹ ਉਤਪਤੀ ਸਮੇਂ ਇੱਕ ਵੱਛੜਾ ਲਗਦੀ ਹੈ ਅਤੇ ਪ੍ਰਜੱਲਤ ਹੋਣ ਸਮੇਂ ਦੇਵਤਿਆਂ ਨੂੰ ਲਿਆਉਣ ਵਾਲਾ 'ਘੋੜਾ' ਲਗਦੀ ਹੈ।

**ਵਰੁਣ :** ਭਾਵੇਂ ਰਿਗ ਵੇਦ ਵਿੱਚ ਵਰੁਣ ਸੰਬੰਧੀ ਇੱਕ ਦਰਜਨ ਤੋਂ ਵੱਧ ਸੂਕਤ ਨਹੀਂ ਹਨ, ਫੇਰ ਵੀ ਵਰੁਣ ਆਰੀਆ ਦਾ ਇੱਕ ਮਹਾਨ ਦੇਵਤਾ ਹੈ। ਉਹ ਇੱਕ ਪ੍ਰਕਾਰ ਨਾਲ ਕੁਦਰਤ ਦੇ ਨੇਮਾਂ ਦਾ ਦੇਵਤਾ ਹੈ। ਉਹ ਹਰ ਸਥਾਨ ਉੱਤੇ ਨਿਵਾਸ ਕਰਦਾ ਹੈ ਅਤੇ ਧਰਤੀ ਤੇ ਅਕਾਸ਼ ਉਸ ਨੇ ਹੀ ਸਥਾਪਿਤ ਕੀਤੇ ਹਨ। ਵਰੁਣ ਨੇ ਅਕਾਸ਼ ਵਿੱਚ ਸੂਰਜ ਨੂੰ ਚਮਕਾਇਆ ਹੈ ਅਤੇ ਉਸ ਦੇ ਹੁਕਮ ਅਨੁਸਾਰ ਚੰਨ ਚਮਕਦਾ ਹੈ ਤੇ ਤਾਰੇ ਬਕਾਇਦਾ ਤੌਰ ਉੱਤੇ ਹਰਕਤ ਕਰਦੇ ਹਨ। ਝੱਖੜ ਅਤੇ ਹਵਾ ਉਸ ਦੇ ਸਵਾਸ ਹਨ। ਉਸ ਦਾ ਸੋਨੇ ਦਾ ਭਵਨ ਬਹੁਤ ਸੁੰਦਰ ਹੈ ਜਿਸ ਦੇ ਇੱਕ ਹਜ਼ਾਰ ਥਮਲੇ ਹਨ ਅਤੇ ਹਜ਼ਾਰਾਂ ਦਰਵਾਜੇ ਹਨ। ਉਸੇ ਭਵਨ ਵਿੱਚ ਬੈਠ ਕੇ ਉਹ ਵਰਤਮਾਨ, ਅਤੀਤ ਅਤੇ ਭਵਿੱਖ ਦੇ ਸਾਰੇ ਕੰਮਾਂ ਨੂੰ ਵੇਖਦਾ ਹੈ। ਵਰੁਣ ਦੇ ਨੇਮ ਹਮੇਸ਼ਾ ਹੀ ਨਿਸ਼ਚਿਤ ਅਤੇ ਪੱਕੇ ਹਨ। ਇਸੇ ਲਈ ਉਸ ਵਾਸਤੇ ਪਿੱਤਰ ਵਰਤ ਸ਼ਬਦ ਦੀ ਵਰਤੋਂ ਹੁੰਦੀ ਹੈ। ਖੁਦ ਦੇਵਤਾ ਲੋਕ ਵੀ ਉਸ ਦੇ ਵਰਤ ਦਾ ਪਾਲਣ ਕਰਦੇ ਹਨ। ਇਸ ਸੰਸਾਰ ਦੇ ਨੈਤਿਕ ਪ੍ਰਧਾਨ ਦੇ ਰੂਪ ਵਿੱਚ ਵਰੁਣ ਤੋਂ ਵਧ ਕੇ ਕੋਈ ਦੇਵਤਾ ਨਹੀਂ ਮੰਨਿਆ ਗਿਆ ਹੈ। ਪਾਪ ਕਰਨ ਅਤੇ ਉਸ ਦੇ ਵਰਤਾਂ ਨੂੰ ਭੰਗ ਕਰਨ ਨਾਲ ਉਸ ਨੂੰ ਕ੍ਰੋਧ ਆਉਂਦਾ ਹੈ ਅਤੇ ਉਹ ਪਾਪੀਆਂ ਨੂੰ ਸਜ਼ਾ ਦਿੰਦਾ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਵੈਦਿਕ ਦੇਵਤਿਆਂ ਵਿੱਚ ਕਿਹੜੇ ਦੇਵਤੇ ਨੂੰ ਸਭ ਤੋਂ ਅੱਗੇ ਗਿਣਿਆ ਗਿਆ ਹੈ ?
2. ਅਗਨੀ ਦੇਵਤਾ ਦੀ ਸਰੀਰਕ ਬਣਤਰ ਕਿਹੋ ਜਿਹੀ ਹੈ ?
3. ਰਿਗਵੇਦ, ਅਗਨੀ ਦਾ ਜੀਵਾਂ ਨਾਲ ਕਿਸ ਰਿਸ਼ਤੇ ਦਾ ਸਬੰਧ ਸਥਾਪਿਤ ਕਰਦਾ ਹੈ।
4. 'ਵਰੁਣ' ਬਾਰੇ ਰਿਗ ਵੇਦ ਵਿੱਚ ਲਗਭਗ ਕਿੰਨੇ ਕੁ ਸੂਕਤ ਮਿਲਦੇ ਹਨ ?
5. ਵਰੁਣ ਇੱਕ ਪ੍ਰਕਾਰ ਨਾਲ ਕਿਸ ਚੀਜ਼ ਦੇ ਨੇਮਾਂ ਦਾ ਦੇਵਤਾ ਹੈ ।
6. ਵਰੁਣ ਨੇ ਅਕਾਸ਼ ਵਿੱਚ ਕਿਸ ਕਿਸ ਨੂੰ ਚਮਕਾਇਆ ਹੈ?

**ਇੰਦਰ :** ਇੰਦਰ, ਮੁਢਲੇ ਆਰੀਆਂ ਦੇ ਪਹਿਲੇ ਚਾਰ-ਪੰਜ ਦੇਵਤਿਆਂ ਵਿੱਚੋਂ ਇੱਕ ਹੈ। ਰਿਗ ਵੇਦ ਵਿੱਚ ਲਗਭਗ 250 ਭਜਨ ਉਸ ਦੀ ਉਸਤਤ ਵਿੱਚ ਅੰਕਿਤ ਹਨ। ਵਿਦਵਾਨਾਂ ਅਨੁਸਾਰ ਉਹ ਵੈਦਿਕ ਆਰੀਆ ਦਾ ਜਾਤੀ ਦੇਵਤਾ ਹੈ, ਜਿਸ ਨੂੰ ਹਮਲਾਵਰ ਪਸ਼ੂਆਂ ਤੋਂ ਆਰੀਆਂ ਦੀ ਰੱਖਿਆ ਕਰਨ ਦੀ ਪ੍ਰਾਰਥਨਾ ਕੀਤੀ ਗਈ ਹੈ। ਜਿੰਨੇ ਤਾਕਤ ਵਾਲੇ ਕੰਮ ਹਨ ਉਹਨਾਂ ਦਾ ਸੰਪਾਦਨ ਕਰਨਾ ਇੰਦਰ ਦਾ ਹੀ ਕੰਮ ਹੈ। ਜਿੱਥੇ ਵਰੁਣ ਮਨੁੱਖਾਂ ਨੂੰ ਵਿਵੇਕ ਨਾਲ ਪਾਲਦਾ ਹੈ ਉੱਥੇ ਇੰਦਰ ਦੁਸ਼ਮਣਾਂ ਨੂੰ ਉਸ ਪ੍ਰਕਾਰ ਮਾਰਦਾ ਹੈ ਕਿ ਉਹ ਮੁੜ ਉੱਠ ਨਾ ਸਕਣ। ਉਹ ਕਈ ਸ਼ਕਲਾਂ ਧਾਰਣ ਕਰ ਸਕਦਾ ਹੈ ਅਤੇ ਸੋਮ ਰਸ ਪੀਂਦਾ ਹੈ। ਉਸ ਦੀ ਪਤਨੀ ਇੰਦ੍ਰਾਣੀ ਹੈ। ਸਾਰੇ ਦੇਵਤੇ ਇੰਦਰ ਦੀ ਸ਼ਕਤੀ ਦਾ ਲੋਹਾ ਮੰਨਦੇ ਹਨ।

**ਸੂਰਜ :** ਸੂਰਜ ਦੇਵਤੇ ਨੂੰ ਵੀ ਮੁਢਲੇ ਆਰੀਆਂ ਦੇ ਮੁੱਖ ਦੇਵਤਿਆਂ ਵਿੱਚ ਗਿਣਿਆ ਜਾਂਦਾ ਹੈ। ਉਹ ਵਿਸ਼ਵ ਵਿੱਚ ਹਨੇਰੇ ਨੂੰ ਦੂਰ ਕਰਦਾ ਹੈ। ਉਸ ਨੂੰ ਮਨੁੱਖਾਂ ਦੇ ਕਰਮਾਂ ਦਾ ਪ੍ਰੇਰਕ ਦੇਵ ਆਖਿਆ ਗਿਆ ਹੈ। ਉਸ ਦੇ ਰੱਥ ਨੂੰ ਸੱਤ ਘੋੜੇ ਖਿਚਦੇ



Downloaded from https:// www.studiestoday.com

Downloaded from https:// www.studiestoday.com

ਹਨ ਜੋ ਉਸ ਦੇ ਤੇਜ ਪ੍ਰਤਾਪ ਦੇ ਸੂਚਕ ਹਨ। ਬਹੁਤ ਸਾਰੇ ਮੰਤਰਾਂ ਵਿੱਚ ਸੂਰਜ ਨੂੰ ਉੱਡਣ ਵਾਲੇ ਪੰਛੀ ਦੇ ਰੂਪ ਵਿੱਚ ਕਿਧਰੇ ਲਾਲ ਰੰਗ ਦੇ ਪੰਛੀ ਦੇ ਰੂਪ ਵਿੱਚ ਅਤੇ ਕਦੇ ਉੱਡਣ ਵਾਲੀ ਚੀਲ੍ਹ ਦੇ ਰੂਪ ਵਿੱਚ ਮੰਨਿਆ ਗਿਆ ਹੈ। ਉਹ ਬਿਮਾਰੀ ਅਤੇ ਦੁੱਖ ਪਹੁੰਚਾਉਣ ਵਾਲੇ ਸੁਪਨਿਆਂ ਨੂੰ ਦੂਰ ਭਜਾ ਦਿੰਦਾ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਰਿਗ ਵੇਦ ਵਿੱਚ ਲਗਭਗ ਕਿੰਨੇ ਭਜਨ ਇੰਦਰ ਦੀ ਪ੍ਰਸੰਸਾ ਵਿੱਚ ਮਿਲਦੇ ਹਨ ?
2. ਇੰਦਰ ਵੈਦਿਕ ਆਰੀਆਂ ਦਾ ਕਿਸ ਚੀਜ਼ ਦਾ ਦੇਵਤਾ ਹੈ?
3. ਇੰਦਰ ਦੀ ਪਤਨੀ ਦਾ ਕੀ ਨਾਂ ਹੈ ?
4. ਇੰਦਰ ਦੇਵਤਾ ਕੀ ਪੀਂਦਾ ਹੈ ?
5. ਸੂਰਜ ਨੂੰ ਕਿਹੜੇ ਕਿਹੜੇ ਪੰਛੀ ਨਾਲ਼ ਉਪਮਾ ਦਿੱਤੀ ਗਈ ਹੈ ?

**ਵਿਸ਼ਨੂੰ :** ਰਿਗਵੇਦ ਵਿੱਚ ਵਿਸ਼ਨੂੰ ਦੀ ਉਸਤਤ ਵਿੱਚ ਪੰਜ ਭਜਨ ਮਿਲਦੇ ਹਨ। ਇਸ ਗ੍ਰੰਥ ਅਨੁਸਾਰ ਉਹ ਇਤਨਾ ਮਹਾਨ ਹੈ ਕਿ ਆਪਣੀਆਂ ਤਿੰਨ ਪੁਲਾਂਘਾਂ ਨਾਲ ਸਾਰੀ ਧਰਤੀ ਉੱਤੋਂ ਦੀ ਲੰਘ ਸਕਦਾ ਹੈ। ਅਸਲ ਵਿੱਚ ਇਹ ਤਿੰਨ ਪੁਲਾਂਘਾਂ ਸੂਰਜ ਦੇ ਚੜ੍ਹਨ, ਸਿੱਖਰ ਤੇ ਪੁੱਜਣ ਅਤੇ ਡੁੱਬਣ ਵੱਲ ਸੰਕੇਤ ਕਰਦੀਆਂ ਹਨ। ਵੇਦਾਂ ਵਿੱਚ ਵਿਸ਼ਨੂੰ ਦੇ ਸੂਰਜ ਅਤੇ ਇੰਦਰ ਨਾਲ਼ ਬਹੁਤ ਨੇੜੇ ਦੇ ਸੰਬੰਧਾਂ ਦਾ ਜ਼ਿਕਰ ਹੈ ਉਹ ਮਿਲ ਕੇ ਅਗਨੀ, ਤਾਪ ਅਤੇ ਊਸ਼ਾ ਪੈਦਾ ਕਰਦੇ ਹਨ। ਉਹ ਇਕੱਠੇ ਹੀ ਗੈਰ-ਆਰੀਆ ਉੱਤੇ ਜਿੱਤ ਪ੍ਰਾਪਤ ਕਰਦੇ ਹਨ। ਵਿਸ਼ਨੂੰ ਦੇਵਤਾ ਅਕਾਸ਼, ਧਰਤੀ ਅਤੇ ਸਾਰੇ ਜੀਵਾਂ ਨੂੰ ਸਹਾਰਾ ਦਿੰਦਾ ਹੈ।

**ਰੁਦ੍ਰ :** ਰੁਦ੍ਰ ਮੁਢਲੇ ਆਰੀਆਂ ਦਾ ਇੱਕ ਹੋਰ ਦੇਵਤਾ ਹੈ, ਜਿਸ ਦੀ ਰਿਗ ਵੇਦ ਦੇ ਤਿੰਨ ਭਜਨਾਂ ਵਿੱਚ ਉਸਤਤ ਕੀਤੀ ਗਈ ਹੈ। ਉਸ ਦੀਆਂ ਕਈ ਸ਼ਕਲਾਂ ਦੱਸੀਆਂ ਗਈਆਂ ਹਨ। ਉਸ ਦਾ ਢਿੱਡ ਕਾਲਾ ਅਤੇ ਉਸ ਦੀ ਪਿੱਠ ਦਾ ਰੰਗ ਲਾਲ ਹੈ। ਉਹ ਪਹਾੜਾਂ ਵਿੱਚ ਰਹਿੰਦਾ ਹੈ ਅਤੇ ਖੱਲ ਪਹਿਨਦਾ ਹੈ। ਵੇਦਾਂ ਅਨੁਸਾਰ ਰੁਦ੍ਰ ਪ੍ਰਚੰਡ ਅਤੇ ਵਿਨਾਸ਼ਕਾਰੀ ਹੈ। ਲੋਕ ਉਸ ਤੋਂ ਡਰਦੇ ਹਨ ਅਤੇ ਇਸੇ ਲਈ ਉਸ ਨੂੰ ਰਾਜੀ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਉਸ ਦੀ ਯਾਚਨਾ ਸੌਖਿਆਂ ਹੀ ਕੀਤੀ ਜਾ ਸਕਦੀ ਹੈ। ਉਹ ਕਲਿਆਣ ਸਰੂਪ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਰਿਗ ਵੇਦ ਵਿੱਚ ਵਿਸ਼ਨੂੰ ਦੀ ਉਸਤਤ ਵਿੱਚ ਕਿੰਨੇ ਭਜਨ ਮਿਲਦੇ ਹਨ ?
2. ਵਿਸ਼ਨੂੰ ਦੇ ਕਿਹੜੇ ਦੇਵਤੇ ਨਾਲ ਨੇੜੇ ਦੇ ਸੰਬੰਧਾਂ ਦਾ ਜ਼ਿਕਰ ਹੈ?
3. ਰੁਦਰ ਦੀ ਸਰੀਰਕ ਬਣਤਰ ਕਿਹੋ ਜਿਹੀ ਹੈ ?
4. ਲੋਕ ਰੁਦਰ ਨੂੰ ਰਾਜ਼ੀ ਰੱਖਣ ਦੀ ਕੋਸ਼ਿਸ਼ ਕਿਉਂ ਕਰਦੇ ਹਨ ?

**ਊਸ਼ਾ :** ਊਸ਼ਾ ਨੂੰ ਪ੍ਰਭਾਤ ਦੀ ਦੇਵੀ ਵੀ ਆਖਿਆ ਜਾਂਦਾ ਹੈ। ਊਸ਼ਾ ਦੇਵੀ ਦੇ ਸੂਕਤਾਂ ਵਿੱਚ ਵੈਦਿਕ ਰਿਸ਼ੀਆਂ ਦੀ ਪ੍ਰਤਿਭਾ ਆਪਣੀ ਸਿਖਰ ਉੱਤੇ ਪੁੱਜੀ ਵਿਖਾਈ ਦਿੰਦੀ ਹੈ। ਉਹ ਨਰਤਕੀ ਵਾਂਗ ਚਮਕਦੇ ਵਸਤਰਾਂ ਨਾਲ ਸਜੀ ਹੋਈ ਹੈ। ਜਦੋਂ ਉਹ ਪੂਰਬੀ ਦਿਸ਼ਾ ਦੇ ਉੱਤੇ ਉਦੇ ਹੁੰਦੀ ਹੈ ਤਦ ਉਹ ਰਾਤ ਦੇ ਹਨੇਰੇ ਨਾਲ ਸੀਤੇ ਕੱਪੜਿਆਂ ਨੂੰ ਦੂਰ ਸੁੱਟ ਦਿੰਦੀ ਹੈ। ਊਸ਼ਾ ਦਾ ਸੂਰਜ ਨਾਲ਼ ਡੂੰਘਾ ਸੰਬੰਧ ਹੈ। ਇਹ ਸੰਬੰਧ ਪਤੀ-ਪਤਨੀ ਵਾਲਾ ਵੀ ਹੈ। ਸੂਰਜ ਤੋਂ ਪਹਿਲਾਂ ਉਤਪੰਨ ਹੋਣ ਕਾਰਣ ਕਿਧਰੇ ਕਿਧਰੇ ਵੇਦਾਂ ਵਿੱਚ ਊਸ਼ਾ ਨੂੰ ਸੂਰਜ ਦੀ ਮਾਤਾ ਵੀ ਆਖਿਆ ਗਿਆ ਹੈ। ਉਹ ਦਾਨਸ਼ੀਲ, ਵਿਸ਼ਵਧਾਰਾ, ਕੀਮਤੀ ਗਿਆਨ ਦੀ ਮਾਲਕ ਹੈ, ਧਨ ਯੁਕਤ ਆਦਿ ਵਿਸ਼ੇਸ਼ਣਾ ਦੀ ਮਾਲਕ ਹੈ।

**ਵਿਸ਼ੂ ਕਰਮਨ :** ਵਿਸ਼ੂ ਮੁਢਲੇ ਆਰੀਆਂ ਦਾ ਇੱਕ ਹੋਰ ਦੇਵਤਾ ਹੈ ਜਿਸ ਵਿੱਚ ਉਹਨਾਂ ਦਾ ਵਿਸ਼ਵਾਸ ਸੀ। ਰਿਗ ਵੇਦ ਦੇ ਦਸਵੇਂ ਮੰਡਲ ਵਿੱਚ ਉਸ ਬਾਰੇ ਵਰਣਨ ਮਿਲਦਾ ਹੈ। ਉਹ ਸਾਡਾ ਪਿਤਾ, ਪੁਜਾਰੀ, ਸਿਆਣਾ ਅਤੇ ਵਧੀਆ ਭਾਸ਼ਣ ਦਾ ਸੁਆਮੀ (ਵਾਚਸਪਤੀ) ਹੈ। ਉਹ ਸਥਾਪਨਾ ਕਰਨ ਵਾਲੇ ਦੇ ਨਾਲ ਨਾਲ ਖਤਮ ਕਰਨ ਵਾਲ਼ਾ ਵੀ ਹੈ।



Downloaded from https:// www.studiestoday.com

Downloaded from https:// www.studiestoday.com

**ਸੋਮ :** ਸੋਮ ਮੁਢਲੇ ਆਰੀਆਂ ਦਾ ਇੱਕ ਹੋਰ ਮਹੱਤਵਪੂਰਨ ਦੇਵਤਾ ਹੈ। ਰਿਗ ਵੇਦ ਦੇ ਲਗਭਗ 120 ਸੂਕਤਾਂ ਵਿੱਚ ਉਸ ਦੀ ਉਸਤਤੀ ਕੀਤੀ ਮਿਲਦੀ ਹੈ। ਉਸ ਦੀ ਮਾਨਵ ਆਕ੍ਰਿਤੀ ਦੇ ਚਿੰਨ੍ਹ ਵਰੁਣ ਅਤੇ ਇੰਦਰ ਦੇ ਮੁਕਾਬਲੇ ਵਿੱਚ ਘੱਟ ਵਿਕਸਿਤ ਹਨ। ਸੋਮ ਰਸ ਦਾ ਸੰਬੰਧ ਇਸ ਦੇਵਤੇ ਨਾਲ ਜਾ ਜੁੜਦਾ ਹੈ। ਇਸ ਰਸ ਨੂੰ ਪੀ ਕੇ ਦੇਵਤੇ ਅਮਰ ਹੋ ਜਾਂਦੇ ਹਨ। ਰਿਗਵੇਦ ਵਿੱਚ ਸੋਮ ਰਸ ਦੀ ਸਮਾਨਤਾ ਚੰਦਨ ਨਾਲ਼ ਕੀਤੀ ਗਈ ਹੈ।

**ਬ੍ਰਹਿਸਪਤੀ :** ਰਿਗ ਵੇਦ ਵਿੱਚ ਇਸ ਦੇਵਤੇ ਦਾ ਵਰਣਨ 11 ਸੂਕਤਾਂ ਵਿੱਚ ਸੁਤੰਤਰ ਰੂਪ ਵਿੱਚ ਹੋਇਆ ਅਤੇ ਦੋ ਹੋਰ ਸੂਕਤਾਂ ਵਿੱਚ ਇੰਦਰ ਨਾਲ਼ ਸੰਜੁਗਤ ਰੂਪ ਵਿੱਚ ਹੋਇਆ ਹੈ। ਵੇਦਾਂ ਵਿੱਚ ਇਸ ਦੇ ਸਰੀਰਕ ਚਿਨ੍ਹਾਂ ਦੀ ਵਿਸਤ੍ਰਿਤ ਜਾਣਕਾਰੀ ਨਹੀਂ ਮਿਲਦੀ । ਫੇਰ ਵੀ ਪਤਾ ਲਗਦਾ ਹੈ ਕਿ ਇਸ ਦੇ ਤਿੱਖੇ ਸਿੰਗ ਅਤੇ ਕਾਲੀ ਪਿੱਠ ਹੈ। ਉਸ ਦੇ ਹੱਥ ਵਿੱਚ ਧਨੁੱਖ ਬਾਣ ਅਤੇ ਸੁਨਿਹਰਾ ਕੁਹਾੜਾ ਹੈ। ਉਸ ਦੇ ਰਥ ਨੂੰ ਲਾਲ ਰੰਗ ਦੇ ਘੋੜੇ ਖਿੱਚਦੇ ਹਨ। ਉਹ ਦੈਂਤਾਂ ਦਾ ਨਾਸ਼ ਕਰਦਾ ਹੈ। ਉਹ ਇੰਦਰ ਵਰਗਾ ਦਾਨਸ਼ੀਲ ਅਤੇ ਸ਼ਕਤੀ ਸ਼ਾਲੀ ਹੈ। ਉਹ ਅਪਣੇ ਉਪਾਸ਼ਕਾਂ ਨੂੰ ਲੰਬੀ ਉਮਰ ਪ੍ਰਦਾਨ ਕਰਦਾ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਊਸ਼ਾ ਕਿਸ ਚੀਜ਼ ਦੀ ਦੇਵੀ ਹੈ।
2. ਊਸ਼ਾ ਦਾ ਸੂਰਜ ਨਾਲ਼ ਕੀ ਸੰਬੰਧ ਹੈ ?
3. ਰਿਗ ਵੇਦ ਦੇ ਕਿਹੜੇ ਮੰਡਲ ਵਿੱਚ ਵਿਸ਼ੂ ਕਰਮਨ ਬਾਰੇ ਵਰਣਨ ਮਿਲਦਾ ਹੈ ?
4. ਸੋਮ ਦੀ ਉਸਤਤੀ ਰਿਗ ਵੇਦ ਦੇ ਲਗਭਗ ਕਿੰਨੇ ਕੁ ਸੂਕਤਾਂ ਵਿੱਚ ਕੀਤੀ ਗਈ ਹੈ?
5. ਬ੍ਰਹਿਸਪਤੀ ਦਾ ਵਰਣਨ ਹੋਰ ਕਿਹੜੇ ਦੇਵਤੇ ਨਾਲ਼ ਕੀਤਾ ਮਿਲਦਾ ਹੈ ?
6. ਵੇਦਾਂ ਵਿੱਚ ਬ੍ਰਹਿਸਪਤੀ ਦੀ ਸਰੀਰਕ ਬਣਤਰ ਬਾਰੇ ਕੀ ਪਤਾ ਲਗਦਾ ਹੈ ?
7. ਬ੍ਰਹਿਸਪਤੀ ਦੇ ਰੱਥ ਨੂੰ ਕੌਣ ਖਿੱਚਦਾ ਹੈ?

**ਸੰਖੇਪ ਉੱਤਰਾਂ ਵਾਲੇ ਪ੍ਰਸ਼ਨ :**

1. ਵੱਖ ਵੱਖ ਵਿਦਵਾਨਾਂ ਅਨੁਸਾਰ ਰਿਗਵੇਦ ਰਚਨਾ ਦਾ ਸਮਾਂ ਕੀ ਹੈ?
2. ਮੁੱਢਲੇ ਆਰੀਆਂ ਕੁਦਰਤ ਦੀ ਪੂਜਾ ਕਰਦੇ ਹਨ। ਵਿਚਾਰ ਕਰੋ।
3. ਸਿੱਧ ਕਰੋ ਕਿ ਮੁੱਢਲੇ ਆਰੀਆਂ ਬਹੁ ਦੇਵ-ਵਾਦੀ ਸਨ।
4. ਸਿੱਧ ਕਰੋ ਕਿ ਮੁੱਢਲੇ ਆਰੀਆਂ ਦੇ ਸਮੇਂ ਮੂਰਤੀ ਪੂਜਾ ਦੀ ਅਣਹੋਂਦ ਸੀ।
5. 'ਅਗਨੀ' ਦੇਵਤਾ ਬਾਰੇ ਤੁਸੀਂ ਕੀ ਜਾਣਦੇ ਹੋ।
6. 'ਇੰਦਰ' ਦੇਵਤਾ ਤੇ ਨੋਟ ਲਿਖੋ।
7. ਊਸ਼ਾ ਨੂੰ ਕਿਸ ਚੀਜ਼ ਦੀ ਦੇਵੀ ਮੰਨਿਆ ਗਿਆ ਹੈ। ਇਸ ਦੇਵੀ ਬਾਰੇ ਜਾਣਕਾਰੀ ਦਿਓ।
8. 'ਰੁਦ੍ਰ' ਵਿੱਚ ਮੁੱਢਲੇ ਆਰੀਆ ਦੇ ਵਿਸ਼ਵਾਸ਼ ਬਾਰੇ ਸੰਖੇਪ ਚਰਚਾ ਕਰੋ।
9. ਮੁੱਢਲੇ ਆਰੀਆਂ ਲੋਕਾਂ ਦੇ ਸਪਤ ਰਿਸ਼ੀਆਂ ਵਿੱਚ ਵਿਸ਼ਵਾਸ਼ ਬਾਰੇ ਤੁਸੀਂ ਕੀ ਜਾਣਦੇ ਹੋ?
10. ਮੁੱਢਲੇ ਆਰੀਆਂ ਲੋਕਾਂ ਦੇ ਦੇਵਤੇ ਬ੍ਰਹਿਸਪਤੀ ਬਾਰੇ ਜਾਣਕਾਰੀ ਦਿਓ।

**ਨਿਬੰਧਾਤਮਕ ਉੱਤਰਾਂ ਵਾਲੇ ਪ੍ਰਸ਼ਨ**

1. ਮੁੱਢਲੇ ਆਰੀਆਂ ਦੇ ਧਾਰਮਿਕ ਵਿਸ਼ਵਾਸ਼ਾਂ ਸੰਬੰਧੀ ਚਰਚਾ ਕਰੋ।
2. ਮੁੱਢਲੇ ਆਰੀਆਂ ਲੋਕਾਂ ਦੇ ਦੇਵੀ ਦੇਵਤਿਆਂ ਬਾਰੇ ਤੁਸੀਂ ਕੀ ਜਾਣਦੇ ਹੋ?
3. ਰਿਗ ਵੈਦਿਕ ਕਾਲ ਦੇ 'ਯੱਗ' 'ਬਲੀ' ਅਤੇ 'ਸਵਰਗ ਦੀ ਕਲਪਨਾ' ਸੰਬੰਧੀ ਚਰਚਾ ਕਰੋ।



Downloaded from https:// www.studiestoday.com

Downloaded from https:// www.studiestoday.com

## ਪਾਠ-3
# ਮਹਾਤਮਾ ਬੁੱਧ ਦਾ ਜੀਵਨ

ਸੰਸਾਰਕ ਧਰਮਾਂ ਦੀ ਲੜੀ ਵਿੱਚ ਬੁੱਧ ਧਰਮ ਦਾ ਆਪਣਾ ਵਿਲੱਖਣ ਸਥਾਨ ਹੈ। ਇਹ ਧਰਮ ਹਿੰਦੁਸਤਾਨ ਦੀ ਧਰਤੀ ਤੇ ਪੈਦਾ ਹੋਇਆ। ਇਸ ਧਰਮ ਦੇ ਬਾਨੀ ਮਹਾਤਮਾ ਬੁੱਧ ਸਨ। ਮੰਨਿਆ ਜਾਂਦਾ ਹੈ ਕਿ ਬੁੱਧ ਧਰਮ ਵੈਦਿਕ ਧਰਮ ਦੇ ਸਖਤ ਕਰਮ ਕਾਂਡੀ ਪ੍ਰਬੰਧ ਦੇ ਵਿਰੁੱਧ ਪੈਦਾ ਹੋਇਆ। ਸ਼ੁਰੂ ਵਿੱਚ ਵੈਦਿਕ ਧਰਮ ਬਹੁਤ ਸਰਲ ਸੀ,ਪਰ ਹੌਲੀ ਹੌਲੀ ਪੁਜਾਰੀ ਸ਼੍ਰੇਣੀ ਦਾ ਹਿਤ ਪ੍ਰਧਾਨ ਹੋ ਗਿਆ। ਸਿੱਟੇ ਵਜੋਂ ਛੇਵੀਂ ਸਦੀ ਈਸਾ ਪੂਰਵ ਤੱਕ ਇਹ ਧਰਮ ਗੁੰਝਲਦਾਰ ਬਣ ਗਿਆ। ਇਸ ਨੂੰ ਗੂੜ੍ਹ ਸ਼ਾਸਤਰੀ ਵਿਚਾਰ ਅਤੇ ਉਹਨਾਂ ਦੇ ਵਿਚਾਰਾਂ ਉੱਪਰ ਉਸਾਰੀਆਂ ਮਨਘੜਤ ਸੰਸਥਾਵਾਂ ਨੇ ਮਨੁੱਖ ਨੂੰ ਆਪਣੀ ਹੋਂਦ ਦਾ ਅਹਿਸਾਸ ਹੀ ਖਤਮ ਕਰਾ ਦਿੱਤਾ। ਕਠਿਨ ਜਾਤੀ ਪ੍ਰਬੰਧ, ਬ੍ਰਾਹਮਣਾਂ ਦੇ ਨੈਤਿਕ ਪਤਨ ਅਤੇ ਮਹਿੰਗੀ ਯੱਗ ਪ੍ਰੰਪਰਾ ਨੇ ਲੋਕਾਂ ਦਾ ਖੂਨ ਚੂਸ ਲਿਆ ਸੀ। ਅਜਿਹੇ ਸਮੇਂ ਵਿੱਚ ਹੀ ਕਪਿਲ ਵਸਤੂ ਵਿੱਚ ਸੂਰਜ ਵੰਸੀ ਖੱਤਰੀ ਰਾਜੇ ਸ਼ੁਧੋਦਨ ਦੇ ਘਰ ਇੱਕ 'ਮਹਾਂ ਨੂਰ' ਪੈਦਾ ਹੋਇਆ। ਇਸ ਨੂਰ ਨਾਲ ਜਿੱਥੇ ਹਿੰਦੁਸਤਾਨ ਦੀ ਧਰਤੀ ਪੂਰਨ ਤੌਰ ਤੇ ਰੁਸ਼ਨਾ ਗਈ ਉੱਥੇ ਕਰਮ ਕਾਂਡੀ ਪ੍ਰਬੰਧ ਤੋਂ ਆਮ ਲੋਕਾਂ ਦੀ ਬੰਦ ਖਲਾਸੀ ਦਾ ਰਸਤਾ ਵੀ ਖੁੱਲ੍ਹਿਆ।

**ਬਚਪਨ :** ਮਹਾਤਮਾ ਬੁੱਧ ਦਾ ਬਚਪਨ ਦਾ ਨਾਂ ਸਿਧਾਰਥ ਸੀ ਅਤੇ ਇਹਨਾਂ ਦੀ ਮਾਤਾ ਮਹਾਂ ਮਾਇਆ ਦਾ ਸਬੰਧ ਨੇਪਾਲ ਦੀ ਤਲਹੱਟੀ ਤੇ ਸਥਿਤ ਗਣਰਾਜ ਅੰਜਨ ਨਾਲ ਸੀ। ਮਹਾਂ ਮਾਇਆ ਦਾ ਵਿਆਹ ਰਾਜੇ ਸ਼ੁਧੋਦਨ ਨਾਲ ਹੋਇਆ। ਕਪਿਲ ਵਸਤੂ ਪੂਰਨ ਨਿਰਭਰ ਗਣਰਾਜ ਸੀ ਅਤੇ ਇਸ ਦੀ ਖੁਸ਼ਹਾਲੀ ਦੇ ਚਰਚੇ ਪੂਰੇ ਹਿੰਦੁਸਤਾਨ ਵਿੱਚ ਹਨ। ਵਿਆਹ ਤੋਂ ਉਪਰੰਤ ਉਹ ਖੁਸ਼ੀ ਖੁਸ਼ੀ ਨਾਲ ਜਿੰਦਗੀ ਬਤੀਤ ਕਰ ਰਹੇ ਸਨ ਕਿ ਮਹਾਰਾਣੀ ਦੇ ਗਰਭਵਤੀ ਹੋਣ ਦਾ ਸ਼ੁਭ ਸਮਾਚਾਰ ਪ੍ਰਾਪਤ ਹੋਇਆ। ਮਹਾਰਾਣੀ ਦੀ ਦੇਖ ਭਾਲ ਵਿੱਚ ਵਾਧਾ ਕਰ ਦਿੱਤਾ ਗਿਆ ਅਤੇ ਮੁੱਖ ਪ੍ਰੋਹਿਤ ਬੁਲਾ ਕੇ ਧਾਰਮਿਕ ਸੰਸਕਾਰ ਕੀਤੇ ਗਏ। ਇਸ ਸਮੇਂ ਇੱਕ ਰਮਤੇ ਜੋਗੀ ਨੇ ਐਲਾਨ ਕੀਤਾ ਕਿ ਮਹਾਰਾਣੀ ਦੇ ਪੇਟ ਵਿੱਚ ਅਗੰਮੀ ਰੂਹ ਪਲ ਰਹੀ ਹੈ। ਜੇਕਰ ਇਹ ਸ਼ਹਿਨਸ਼ਾਹੀ ਰੂਪ ਧਾਰਨ ਕਰ ਗਈ ਤਾਂ ਮਨੁੱਖਤਾ ਦੇ ਭਲੇ ਦਾ ਰਾਜ ਸਥਾਪਤ ਹੋਵੇਗਾ, ਪਰ ਜੇਕਰ ਉਸ ਨੇ ਦਰਵੇਸ਼ੀ ਦਾ ਰੂਪ ਧਾਰ ਲਿਆ ਤਾਂ ਕਾਇਨਾਤ ਦਾ ਹਰ ਕਿਣਕਾ ਉਸ ਦੇ ਅਗੰਮੀ ਆਵੇਸ਼ ਨਾਲ ਇੱਕ ਸੁਰਤਾ ਪ੍ਰਾਪਤ ਕਰ ਲਵੇਗਾ।

ਬੱਚੇ ਦੇ ਜਨਮ ਦਾ ਸਮਾਂ ਨਜਦੀਕ ਆ ਗਿਆ ਤਾਂ ਪਰੰਪਰਾ ਅਨੁਸਾਰ ਮਹਾਰਾਣੀ ਦੇ ਆਪਣੇ ਪੇਕੇ ਘਰ ਜਾਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਬੜੀ ਧੂਮ ਧਾਮ ਨਾਲ ਹਜ਼ਾਰਾਂ ਲੋਕਾਂ ਨੇ ਸ਼ੁੱਭ ਸ਼ਗਨਾਂ ਨਾਲ ਮਹਾਰਾਣੀ ਨੂੰ 'ਅੰਜਨ ਦੇ ਗਣਰਾਜ' ਲਈ ਵਿਦਾ ਕੀਤਾ। ਰਸਤੇ ਵਿੱਚ ਲੁੰਬਨੀ ਦੇ ਖੂਬਸੂਰਤ ਜੰਗਲ ਵਿੱਚ ਪਹਿਲੇ ਪੜਾਅ ਦੇ ਦਰਮਿਆਨ ਰਾਜ ਕੁਮਾਰ ਸਿਧਾਰਥ ਦਾ ਜਨਮ ਹੋਇਆ। ਇਸ ਸ਼ੁੱਭ ਸੂਚਨਾ ਨਾਲ ਅੰਜਨ ਤੇ ਕਪਿਲਵਸਤੂ ਦਾ ਰਾਜ ਖੁਸ਼ੀ ਵਿੱਚ ਝੂਮ ਪਿਆ। ਪਰ ਇਹ ਖੁਸ਼ੀਆਂ ਥੋੜ੍ਹੇ ਚਿਰ ਹੀ ਰਹੀਆਂ, ਕਿਉਂਕਿ ਰਾਜ ਕੁਮਾਰ ਨੂੰ ਜਨਮ ਦੇਣ ਉਪਰੰਤ ਮਹਾਰਾਣੀ ਮਹਾਂ ਮਾਇਆ ਇਸ ਦੁਨੀਆਂ ਤੋਂ ਕੂਚ ਕਰ ਗਈ। ਉਦਾਸੀ ਦੇ ਆਲਮ ਵਿੱਚ ਰਾਜ ਕੁਮਾਰ ਸਿਧਾਰਥ ਨੂੰ ਕਪਿਲ ਵਸਤੂ ਲਿਆਂਦਾ ਗਿਆ। ਅੰਜਨ ਗਣਰਾਜ ਦੇ ਮੁਖੀ ਨੇ ਆਪਣੀ ਛੋਟੀ ਭੈਣ ਪਰਜਾਮੀ ਨੂੰ ਰਾਜੇ ਸ਼ੁਧੋਦਨ ਨਾਲ ਵਿਆਹ ਦੇ ਬੰਧਨ ਵਿੱਚ ਬੰਨ ਦਿੱਤਾ ਤਾਂ ਕਿ ਰਾਜ ਕੁਮਾਰ ਦਾ ਪਾਲਣ ਪੋਸ਼ਣ ਠੀਕ ਢੰਗ ਨਾਲ ਹੋ ਸਕੇ।

ਰਾਜੇ ਸ਼ੁਧੋਦਨ ਲਈ ਰਮਤੇ ਜੋਗੀ ਦੀ ਬਾਣੀ ਚਿੰਤਾ ਦਾ ਕਾਰਣ ਬਣੀ ਹੋਈ ਸੀ ਜਿਸ ਕਰਕੇ ਉਹਨਾਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਰਾਜ ਕੁਮਾਰ ਦੀ ਦੇਖ ਭਾਲ ਦਾ ਕੰਮ ਆਪਣੇ ਵਫ਼ਾਦਾਰਾਂ ਨੂੰ ਸੌਂਪ ਦਿੱਤਾ। ਹਰ ਤਰ੍ਹਾਂ ਦੇ ਮਨੋਰੰਜਨ ਦੇ ਪ੍ਰਬੰਧ ਕੀਤੇ ਗਏ ਤਾਂ ਕਿ ਰਾਜ ਕੁਮਾਰ ਹਮੇਸ਼ਾ ਖੁਸ਼ੀਆਂ ਦੇ ਆਲਮ ਵਿੱਚ ਟਹਿਲਦਾ ਰਹੇ ਕਿਉਂਕਿ ਮਹਾਰਾਜ ਸ਼ੁਧੋਦਨ ਦੀ ਇੱਛਾ ਸੀ ਉਸ ਦਾ ਪੁੱਤਰ ਵੱਡਾ ਹੋਕੇ ਉਸ ਦੇ ਰਾਜ ਕਾਜ ਦੀ ਜ਼ਿੰਮੇਵਾਰੀ ਨੂੰ ਸੰਭਾਲੇ। ਹਰ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਦੇ ਬਾਵਜੂਦ ਵੀ ਬਾਲ ਸਿਧਾਰਥ ਦੇ ਚਿਹਰੇ ਦੀ ਗੰਭੀਰਤਾ ਉਸ ਦੇ ਕਿਸੇ ਮਹਾਂ ਮਨੁੱਖ ਹੋਣ ਵੱਲ ਬਾਰ ਬਾਰ ਇਸ਼ਾਰਾ ਕਰਦੀ ਸੀ। ਇਕਾਂਤ ਵਿੱਚ ਬੈਠਣਾ, ਖਲਾਅ ਵਿੱਚ ਝਾਕਣਾ ਅਤੇ ਨਾਚ ਰੰਗ ਤੋਂ ਬੇਰੁਖੀ ਕਿਸੇ ਨਵੀਂ ਹੋਣੀ ਦੇ ਸੂਚਕ ਸਨ।

ਇੱਕ ਦਿਨ ਰਾਜਕੁਮਾਰ ਸਿਧਾਰਥ ਆਪਣੇ ਚਾਚੇ ਦੇ ਪੁੱਤਰ ਦੇਵਦੱਤ ਨਾਲ ਸ਼ਾਹੀ ਬਾਗ ਵਿੱਚ ਟਹਿਲ ਰਹੇ ਸਨ। ਦੇਵਦੱਤ ਨੇ ਅਸਮਾਨ ਵੱਲ ਵੇਖਿਆ ਤਾਂ ਉਸਦੀ ਨਜ਼ਰ ਬਾਗ ਵੱਲ ਉੱਡੇ ਆ ਰਹੇ ਹੰਸਾਂ ਦੇ ਜੋੜੇ ਤੇ ਪਈ। ਰਾਜਕੁਮਾਰ



Downloaded from https:// www.studiestoday.com

Downloaded from https:// www.studiestoday.com

ਦੇਵਦੱਤ ਨੇ ਤੁਰੰਤ ਤੀਰ ਨਾਲ ਇੱਕ ਹੰਸ ਨੂੰ ਫੁੰਡ ਦਿੱਤਾ, ਜ਼ਖਮੀ ਹੰਸ ਬਾਗ ਵਿੱਚ ਆਣ ਡਿੱਗਾ। ਉਸ ਦੀਆਂ ਕੂਕਾਂ ਨੇ ਰਾਜ ਕੁਮਾਰ ਸਿਧਾਰਥ ਅੰਦਰ ਕੰਬਣੀ ਛੇੜ ਦਿੱਤੀ। ਰਾਜਕੁਮਾਰ ਸਿਧਾਰਥ ਨੇ ਭੱਜਕੇ ਹੰਸ ਨੂੰ ਚੁੱਕਿਆ ਅਤੇ ਤੀਰ ਉਸਦੇ ਸਰੀਰ ਵਿੱਚੋਂ ਕੱਢਿਆ। ਦੇਵਦੱਤ ਨੇ ਸਿਧਾਰਥ ਨਾਲ ਝਗੜਾ ਸ਼ੁਰੂ ਕਰ ਦਿੱਤਾ ਕਿ ਹੰਸ ਤੇ ਮੇਰਾ ਅਧਿਕਾਰ ਹੈ, ਮੈਂ ਇਸ ਨੂੰ ਤੀਰ ਨਾਲ ਫੁੰਡਿਆ ਹੈ। ਸਿਧਾਰਥ ਕਹਿਣ ਲੱਗਾ ਕਿ ਹੰਸ ਮੇਰਾ ਹੈ, ਮੈਂ ਇਹ ਤੈਨੂੰ ਨਹੀਂ ਦੇਵਾਂਗਾ। ਆਖਿਰ ਗੱਲ ਮਹਾਰਾਜ ਸ਼ੁਧੋਦਨ ਪਾਸ ਪਹੁੰਚ ਗਈ। ਮਹਾਰਾਜ ਨੇ ਕਿਹਾ ਕਿ ਜਦੋਂ ਹੰਸ ਨੂੰ ਦੇਵਦੱਤ ਨੇ ਤੀਰ ਨਾਲ ਸੁੱਟਿਆ ਹੈ ਤਾਂ ਹੰਸ ਤੇ ਅਧਿਕਾਰ ਦੇਵਦੱਤ ਦਾ ਹੀ ਹੋਣਾ ਚਾਹੀਦਾ ਹੈ। ਸਿਧਾਰਥ ਨੇ ਕਿਹਾ ਕਿ ਜੀਵ ਤੇ ਹੱਕ ਮਾਰਨ ਵਾਲੇ ਦਾ ਨਹੀਂ, ਸਗੋਂ ਬਚਾਉਣ ਵਾਲੇ ਦਾ ਹੁੰਦਾ ਹੈ। ਦੇਵਦੱਤ ਨੇ ਤਾਂ ਇਸ ਨੂੰ ਮਾਰ ਹੀ ਸੁੱਟਿਆ ਸੀ, ਪਰ ਮੇਰੇ ਇਲਾਜ ਨਾਲ ਇਹ ਠੀਕ ਹੋਇਆ ਹੈ ਇਸ ਲਈ ਇਸ ਤੇ ਅਧਿਕਾਰ ਮੇਰਾ ਹੈ। ਮਹਾਰਾਜ ਸਿਧਾਰਥ ਤੇ ਤਰਕ ਤੋਂ ਬਹੁਤ ਪ੍ਰਭਾਵਤ ਹੋਇਆ ਅਤੇ ਹੰਸ ਦੀ ਜ਼ਿੰਮੇਵਾਰੀ ਰਾਜਕੁਮਾਰ ਸਿਧਾਰਥ ਨੂੰ ਸੌਂਪ ਦਿੱਤੀ ਗਈ। ਸਿਧਾਰਥ ਨੇ ਪੂਰੀ ਤਨਦੇਹੀ ਨਾਲ ਹੰਸ ਦੀ ਸੇਵਾ ਕੀਤੀ। ਜ਼ਖ਼ਮ ਤੇ ਮਲਮਪੱਟੀ ਕਰਦਾ ਰਿਹਾ ਅਤੇ ਠੀਕ ਹੋਣ ਤੇ ਉਸਨੂੰ ਅਕਾਸ਼ ਵਿੱਚ ਉਡਾ ਦਿੱਤਾ। ਰਾਜੇ ਨੂੰ ਉਸ ਦੇ ਜੋਤਸ਼ੀ ਨੇ ਕਿਹਾ ਕਿ ਅਗਾਂਹ ਤੋਂ ਧਿਆਨ ਰੱਖਿਆ ਜਾਵੇ ਕਿ ਕੋਈ ਵੀ ਅਜਿਹੀ ਘਟਨਾ ਬਾਲਕ ਸਾਹਮਣੇ ਨਾ ਵਾਪਰੇ ਜਿਸ ਨਾਲ ਇਸਦਾ ਜਜ਼ਬਾਤੀ ਮਨ ਬੇਕਾਬੂ ਹੋ ਜਾਵੇ ਅਤੇ ਰਾਜਕੁਮਾਰ ਦੁਨੀਆਂ ਤੋਂ ਉਪਰਾਮ ਹੋ ਕੇ ਸੰਸਾਰ ਤਿਆਗ ਦੇ ਰਾਹ ਪੈ ਜਾਵੇ। ਮਹਾਰਾਜ ਸ਼ੁਧੋਦਨ ਬੇਚੈਨ ਹੋ ਗਿਆ ਅਤੇ ਉਸਨੇ ਅੰਗ ਰੱਖਿਅਕਾਂ ਨੂੰ ਹਦਾਇਤ ਕੀਤੀ ਕਿ ਰਾਜਕੁਮਾਰ ਕਦੇ ਵੀ ਅਜਿਹੀ ਚੀਜ਼ ਨਾ ਵੇਖੇ ਜਿਹੜੀ ਇਸ ਦੇ ਮਨ ਤੇ ਬੁਰਾ ਅਸਰ ਪਾਵੇ। ਇੱਥੋਂ ਤੱਕ ਕਿ ਮੁਰਝਾਏ ਫੁੱਲ ਅਤੇ ਪੱਤੇ ਵੀ ਰਾਜਕੁਮਾਰ ਦੇ ਉੱਠਣ ਤੋਂ ਪਹਿਲਾ ਸਾਫ਼ ਕਰ ਦਿੱਤੇ ਜਾਂਦੇ ।

ਆਪਣੇ ਰਾਜ ਦਰਬਾਰੀਆਂ ਨਾਲ ਲੰਮੀ ਸੋਚ ਵਿਚਾਰ ਉਪਰੰਤ ਰਾਜਾ ਸ਼ੁਧੋਦਨ ਨੇ ਇਹ ਵਿਚਾਰ ਬਣਾਇਆ ਕਿ ਰਾਜ ਕੁਮਾਰ ਸਿਧਾਰਥ ਦੀ ਗੰਭੀਰਤਾ ਦਾ ਇਲਾਜ ਸ਼ਾਇਦ ਉਸ ਦਾ ਵਿਆਹ ਹੋ ਸਕੇ। ਇਸ ਲਈ ਬਹੁਤ ਛੇਤੀ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਅਤੇ 16 ਸਾਲ ਦੀ ਉਮਰ ਵਿੱਚ ਬਾਲਕ ਸਿਧਾਰਥ ਨੂੰ ਬਹੁਤ ਹੀ ਖੂਬਸੂਰਤ ਰਾਜ ਕੁਮਾਰੀ ਯਸ਼ੋਧਰਾ ਨਾਲ਼ ਵਿਆਹ ਦੇ ਬੰਧਨ ਵਿੱਚ ਬੰਨ੍ਹ ਦਿੱਤਾ ਗਿਆ । ਵਿਆਹ ਵੀ ਹੋ ਗਿਆ ਅਤੇ ਵਿਆਹ ਉਪਰੰਤ ਪੁੱਤਰ ਵੀ ਪੈਦਾ ਹੋ ਗਿਆ, ਪਰ ਰਾਜ ਕੁਮਾਰ ਸਿਧਾਰਥ ਦੇ ਅੰਦਰ ਦੀ ਤਲਖੀ ਦਿਨ ਬਦਿਨ ਵਧ ਰਹੀ ਸੀ। ਚਿਹਰੇ ਦੀ ਗੰਭੀਰਤਾ ਹੋਰ ਡੂੰਘੀ ਹੋ ਰਹੀ ਸੀ। ਲਗਦਾ ਇੰਝ ਸੀ ਕਿ ਜਿਵੇਂ ਰਾਜ ਕੁਮਾਰ ਰਾਜ-ਪਾਟ ਦੀ ਦੁਨੀਆਂ ਵਿੱਚ ਰਹਿੰਦੇ ਹੋਏ ਵੀ ਇਸ ਤੋਂ ਮੀਲਾਂ ਦੂਰ ਸਨ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਮਹਾਤਮਾ ਬੁੱਧ ਦਾ ਜਨਮ ਸਮੇਂ ਕੀ ਨਾਮ ਰੱਖਿਆ ਗਿਆ?
2. ਜੋਤਸ਼ੀ ਨੇ ਮਹਾਤਮਾ ਬੁੱਧ ਬਾਰੇ ਕੀ ਭਵਿੱਖ ਬਾਣੀ ਕੀਤੀ ?
3. ਮਹਾਤਮਾ ਬੁੱਧ ਦਾ ਆਪਣੇ ਚਚੇਰੇ ਭਰਾ ਦੇਵ ਦੱਤ ਨਾਲ਼ ਕਿਸ ਗੱਲੋਂ ਝਗੜਾ ਹੋਇਆ?
4. ਯਸ਼ੋਧਰਾ ਨਾਲ ਸਿਧਾਰਥ ਦਾ ਵਿਆਹ ਜਦੋਂ ਹੋਇਆ ਉਸ ਸਮੇਂ ਸਿਧਾਰਥ ਦੀ ਉਮਰ ਕਿੰਨੀ ਸੀ ?

**ਤਿਆਗ :** ਰਾਜ ਕੁਮਾਰ ਦੀ ਬੇਚੈਨੀ ਉਸ ਨੂੰ ਜਨ ਸਧਾਰਣ ਵੱਲ ਖਿੱਚ ਕੇ ਲੈ ਗਈ। ਉਹ ਆਪਣੇ ਰਥਵਾਨ ਨਾਲ਼ ਘੁੰਮਣ ਫਿਰਨ ਲਈ ਨਿਕਲ ਤੁਰੇ। ਰੱਥ ਵਿੱਚ ਘੁੰਮਦੇ ਹੋਏ ਉਹਨਾਂ ਨੇ ਇੱਕ ਨਵੀਂ ਦੁਨੀਆਂ ਦੇ ਦਰਸ਼ਨ ਕੀਤੇ। ਜਿਸ ਬਾਰੇ ਕਦੇ ਸੁਪਨੇ ਵਿੱਚ ਵੀ ਸੋਚਿਆ ਨਹੀਂ ਸੀ। ਘਰ ਵਾਪਸ ਆ ਕੇ ਉਹ ਹੋਰ ਬੇਚੈਨ ਹੋ ਗਏ। ਹੁਣ ਬਾਹਰ ਘੁੰਮਣਾ ਅਤੇ ਸ਼ਾਮ ਨੂੰ ਘਰ ਆਉਣਾ ਉਹਨਾਂ ਦੀ ਨਿਤ- ਕ੍ਰਿਆ ਹੋ ਗਈ ਸੀ। ਇਹਨਾਂ ਯਾਤਰਾਵਾਂ ਦੇ ਦਰਮਿਆਨ ਉਹਨਾਂ ਨੇ ਪਹਿਲੀ ਵਾਰ ਇੱਕ ਬੁੱਢੇ ਨੂੰ, ਦੂਜੀ ਵਾਰ ਰੋਗੀ ਨੂੰ ਅਤੇ ਤੀਜੀ ਵਾਰ ਮ੍ਰਿਤਕ ਸਰੀਰ ਨੂੰ ਵੇਖਿਆ। ਇਹਨਾਂ ਤਿੰਨਾਂ ਬਾਰੇ ਆਪਣੇ ਰਥਵਾਨ ਨਾਲ਼ ਗੱਲ ਕੀਤੀ ਅਤੇ ਉਪਰੰਤ ਨਤੀਜਾ ਕੱਢਿਆ ਕਿ ਇਹ ਸੰਸਾਰ ਨਿਰਾਰਥਕ ਹੈ। ਉਹ ਅਜੇ ਇਹਨਾਂ ਸੋਚਾਂ ਵਿੱਚ ਹੀ ਮਸਤ ਸਨ ਕਿ ਇੱਕ ਸਾਧ ਦੇ ਦਰਸ਼ਨ ਕੀਤੇ ਜੋ ਆਪਣੇ ਆਲ਼ੇ ਦੁਆਲ਼ੇ ਤੋਂ ਬੇਖ਼ਬਰ ਆਪਣੀ ਮਸਤੀ ਵਾਲੀ ਚਾਲ ਵਿੱਚ ਜਾ ਰਿਹਾ ਹੈ। ਰਾਜ ਕੁਮਾਰ ਸਿਧਾਰਥ ਦੇ ਮਨ ਵਿੱਚ ਇਹ ਵਿਚਾਰ ਪੈਦਾ ਹੋ ਗਿਆ ਕਿ ਅਸਲ ਜ਼ਿੰਦਗੀ ਤੇ ਇਹ ਹੈ। ਸਾਧੂ ਪੁਰਖ ਦਾ ਜੀਵਨ ਉਸ ਲਈ ਆਦਰਸ਼ ਬਣ ਗਿਆ ਹੈ ਅਤੇ ਉਸ ਨੇ ਦੁਨੀਆਂ ਤਿਆਗ ਕੇ ਸਾਧੂ ਬਣ ਜਾਣ ਦਾ ਮਨ



Downloaded from https:// www.studiestoday.com

Downloaded from https:// www.studiestoday.com

ਬਣਾ ਲਿਆ। ਅਖੀਰ ਇੱਕ ਹਨੇਰੀ ਰਾਤ ਨੂੰ ਉਹ ਆਪਣੀ ਪਤਨੀ ਅਤੇ ਬੱਚੇ ਵੱਲ ਭਰਵੀਂ ਨਿਗਾਹ ਸੁੱਟ ਕੇ ਰਥਵਾਨ ਨੂੰ ਨਾਲ ਲੈ ਆਪਣੇ ਰਾਜ ਦੀ ਸੀਮਾਂ ਤੇ ਪਹੁੰਚ ਗਏ। ਰਥਵਾਨ ਨੂੰ ਵਾਪਸ ਭੇਜਕੇ ਸੁਨੇਹਾ ਦਿੱਤਾ ਕਿ ਮੇਰੇ ਪਿੱਛੇ ਨਹੀਂ ਆਉਣਾ ਮੈਂ ਜ਼ਿੰਦਗੀ ਦੇ ਸੱਚ ਦੀ ਭਾਲ ਵਿੱਚ ਇਸ ਦੁਨੀਆਂ ਤੋਂ ਕਿਨਾਰਾ ਕਰ ਰਿਹਾ ਹਾਂ। ਸੱਚ ਮਿਲ ਗਿਆ ਤਾਂ ਵਾਪਸੀ ਸੰਭਵ ਹੋ ਸਕਦੀ ਹੈ ਨਹੀਂ ਤੇ ਸ਼ਾਇਦ ਕਦੇ ਵੀ ਘਰ ਵਾਪਸ ਨਾ ਆਵਾਂ। ਪਿਤਾ ਜੀ ਨੂੰ ਦੱਸ ਦੇਣਾ ਕਿ ਮੈਂ ਠੀਕ ਠਾਕ ਹਾਂ, ਪਰ ਬਨਵਾਸ ਧਾਰਨ ਕਰ ਲਿਆ ਹੈ। ਇਸ ਘਟਨਾ ਨੂੰ ਬੁੱਧ ਧਰਮ ਵਿੱਚ 'ਮਹਾਨ ਤਿਆਗ' ਕਿਹਾ ਜਾਂਦਾ ਹੈ।

ਰਾਜ ਕੁਮਾਰ ਨੇ ਜੰਗਲਾਂ ਦਾ ਰਸਤਾ ਧਾਰਨ ਕੀਤਾ ਅਤੇ ਮਹਿਲਾਂ ਦੇ ਨਰਮ ਗਦੇਲਿਆਂ ਤੇ ਸੌਣ ਵਾਲਾ ਰਾਜਕੁਮਾਰ ਹੁਣ ਦਰਖਤਾਂ ਹੇਠ ਸੌਂਦਾ ਅਤੇ ਫਲ ਤੋੜਕੇ ਖਾ ਲੈਂਦਾ। ਤੁਰਦਾ ਤੁਰਦਾ ਉਹ ਮਗਧ ਦੇਸ਼ ਵੱਲ ਨਿਕਲ ਗਿਆ। ਮਗਧ ਦੇਸ਼ ਉੱਪਰ ਉਸ ਵੇਲੇ ਬਿੰਬਸਾਰ ਦਾ ਰਾਜ ਸੀ। ਇੰਨੇ ਖੂਬਸੂਰਤ ਨੌਜਵਾਨ ਨੂੰ ਮੰਗਤਾ ਬਣਿਆ ਦੇਖ ਕੇ ਲੋਕਾਂ ਦੀਆਂ ਭੀੜਾਂ ਇੱਕਠੀਆਂ ਹੋ ਗਈਆਂ। ਰਾਜੇ ਦੇ ਗੁਪਤਚਰਾਂ ਨੇ ਸੂਚਨਾ ਰਾਜ ਦਰਬਾਰ ਵਿੱਚ ਪਹੁੰਚਾ ਦਿੱਤੀ। ਰਾਜਾ ਖੁਦ ਚੱਲਕੇ ਉਸ ਨੌਜੁਆਨ ਰਮਤੇ ਜੋਗੀ ਨੂੰ ਵੇਖਣ ਆਇਆ। ਰਾਜੇ ਨੇ ਕਿਹਾ ਕਿ ਤੁਹਾਡੇ ਖੂਬਸੂਰਤ ਹੱਥ ਤਾਂ ਵੱਡੀ ਹਕੂਮਤ ਦੀ ਵਾਂਗ ਡੋਰ ਸੰਭਾਲਣ ਲਈ ਬਣੇ ਹਨ, ਭਿਖਾਰੀਆਂ ਵਾਲਾ ਕਰਮੰਡਲ ਤੁਹਾਡੇ ਹੱਥਾਂ ਦੀ ਸ਼ੋਭਾ ਨਹੀਂ ਬਣ ਸਕਦਾ। ਸਿਧਾਰਥ ਨੇ ਅੱਗੋਂ ਕਿਹਾ, "ਸਲਤਨਤ ਨਾਲੋਂ ਨਿਰਮਲਤਾ ਤੇ ਪਵਿੱਤਰਤਾ ਵੱਡੀਆਂ ਸ਼ਕਤੀਆਂ ਹਨ। ਕਿਰਪਾ ਕਰਕੇ ਮੇਰੇ ਤੇ ਤਰਸ ਨਾ ਖਾਉ, ਮੇਰੀ ਪ੍ਰਾਰਥਨਾ ਹੈ, ਤਰਸ ਉਹਨਾਂ ਤੇ ਖਾਓ ਜੋ ਬੇਵੱਸ ਹਨ, ਨਿਤਾਣੇ ਤੇ ਕਮਜ਼ੋਰ ਹਨ, ਜਿੰਨ੍ਹਾਂ ਨੂੰ ਜ਼ਿੰਦਗੀ ਨੇ ਲਤਾੜਕੇ ਰੱਖ ਦਿੱਤਾ ਹੈ। ਬਾਦਸ਼ਾਹ ਨੇ ਜੋਗੀ ਦੇ ਤਰਕ ਨੂੰ ਨਮੋ ਕੀਤਾ ਅਤੇ ਕਿਹਾ ਕਿ ਮੇਰੀ ਅਰਦਾਸ ਹੈ ਕਿ ਜਿਸ ਚੀਜ਼ ਦੀ ਤਲਾਸ਼ ਵਿੱਚ ਤੁਸੀਂ ਨਿਕਲੇ ਹੋ ਉਹ ਤੁਹਾਨੂੰ ਪ੍ਰਾਪਤ ਹੋਵੇ। ਮੇਰੀ ਬੇਨਤੀ ਹੈ ਕਿ ਜਦੋਂ ਉਹ ਤੁਹਾਨੂੰ ਹਾਸਲ ਹੋ ਜਾਵੇ ਤਾਂ ਮੈਨੂੰ ਆਪਣਾ ਪਹਿਲਾ ਚੇਲਾ ਬਨਾਉਣਾ।

ਗਿਆਨ ਦੀ ਪ੍ਰਾਪਤੀ ਲਈ ਸਿਧਾਰਥ ਜੰਗਲ ਜੰਗਲ ਭਟਕਦਾ ਰਿਹਾ ਅਤੇ ਉਸਨੂੰ ਪਤਾ ਲੱਗਾ ਕਿ ਇੱਕ ਸਾਧੂ ਹੈ ਜਿਸਨੇ ਸੱਚ ਨੂੰ ਜਾਣ ਲਇਆ ਹੈ। ਰਾਜ ਕੁਮਾਰ ਉਸ ਸਾਧੂ ਦੇ ਆਸ਼ਰਮ ਵਿੱਚ ਪੁੱਜ ਗਿਆ ਅਤੇ ਉਸ ਨੂੰ ਗੁਰੂ ਧਾਰਨ ਕਰਦਿਆਂ ਉਸ ਦੀ ਹਰ ਪਰਖ ਵਿੱਚੋਂ ਖਰਾ ਉੱਤਰਿਆ। ਸਾਧੂ ਬਹੁਤ ਪ੍ਰਸੰਨ ਹੋਇਆ ਅਤੇ ਉਸਨੇ ਸਿਧਾਰਥ ਨੂੰ ਸੁੰਨ ਅਵਸਥਾ ਪ੍ਰਾਪਤ ਕਰਨ ਲਈ ਖਾਸ ਵਿਧੀ ਸਿਖਾਈ। ਪਰ ਸਿਧਾਰਥ ਨੇ ਮਹਿਸੂਸ ਕੀਤਾ ਕਿ ਇਹ ਰਸਤਾ ਨਾ ਤੇ ਗਿਆਨ ਦੀ ਚਰਮ ਸੀਮਾਂ ਤੱਕ ਲੈ ਕੇ ਜਾਂਦਾ ਹੈ ਅਤੇ ਨਾ ਹੀ ਨਿਰਵਾਣ ਦਾ ਰਸਤਾ ਖੋਲ੍ਹਦਾ ਹੈ। ਇਸ ਲਈ ਉਸਨੇ ਇਹ ਥਾਂ ਛੱਡ ਦਿੱਤੀ ਤੇ ਅੱਗੇ ਚੱਲ ਪਿਆ। ਰਸਤੇ ਵਿੱਚ ਉਸਨੂੰ ਉਦਰਕ ਰਾਮਪਤਰ ਨਾਮ ਦੇ ਸਾਧੂ ਦੀ ਦੱਸ ਪਈ। ਉਸਨੇ ਉਸਦੀ ਸ਼ਰਨ ਲੈਣ ਦਾ ਮਨ ਬਣਾਇਆ। ਸਾਧੂ ਨੇ 'ਨਾ ਸੰਕਲਪ ਤੇ ਨਾ ਨਿਰਸੰਕਲਪ' ਦੀ ਅਵਸਥਾ ਪ੍ਰਾਪਤ ਕਰਨ ਦੀ ਸਿੱਖਿਆ ਦਿੱਤੀ। ਪਰ ਸਿਧਾਰਥ ਦੀ ਸੰਤੁਸ਼ਟੀ ਨਾ ਹੋਈ। ਉਸ ਅੰਦਰ ਗਿਆਨ ਪ੍ਰਾਪਤੀ ਦੀ ਇੱਛਾ ਹੋਰ ਤੇਜ਼ ਹੋ ਗਈ ਅਤੇ ਉਸ ਨੇ ਇਸ ਸਾਧੂ ਦਾ ਵੀ ਤਿਆਗ ਕਰ ਦਿੱਤਾ।

**ਨਿਰਵਾਣ ਪ੍ਰਾਪਤੀ :** ਹੁਣ ਰਾਜ ਕੁਮਾਰ ਸਿਧਾਰਥ ਗਯਾ ਦੇ ਨਜ਼ਦੀਕ ਉਰੇਵੇਲਾ ਨਾਂ ਦੇ ਅਸਥਾਨ ਤੇ ਪਹੁੰਚ ਗਿਆ ਅਤੇ ਸਵਾਸ ਚੜ੍ਹਾਉਣ ਵਰਤ ਰੱਖਣ ਅਤੇ ਹਠਯੋਗ ਰਾਹੀਂ ਗਿਆਨ ਪ੍ਰਾਪਤ ਕਰਨ ਦਾ ਯਤਨ ਕੀਤਾ। ਲਗਭਗ ਛੇ ਸਾਲ ਉਸਨੇ ਹਰ ਤਰ੍ਹਾਂ ਦੀ ਯਾਤਨਾ ਆਪਣੇ ਸਰੀਰ ਨੂੰ ਦਿੱਤੀ। ਘੋਰ ਤਪੱਸਿਆ ਕਰਦਾ ਉਹ ਕਈ ਵਾਰ ਬੇਹੋਸ਼ ਵੀ ਹੋ ਜਾਂਦਾ, ਪਰ ਉਸਨੇ ਅਨੁਭਵ ਕੀਤਾ ਕਿ ਉਸਨੂੰ ਕੁਝ ਵੀ ਪ੍ਰਾਪਤ ਨਹੀਂ ਹੋਇਆ, ਜਿਸ ਦੀ ਭਾਲ ਵਿੱਚ ਉਹ ਫਿਰ ਰਿਹਾ ਸੀ। ਉਸਨੇ ਇਸ ਰਸਤੇ ਦੀ ਨਿਰਾਰਥਕਤਾ ਨੂੰ ਸਮਝਕੇ, ਇਸਨੂੰ ਵੀ ਤਿਆਗ ਦਿੱਤਾ ਅਤੇ ਖਾਣਾ ਪੀਣਾ ਸ਼ੁਰੂ ਕਰ ਦਿੱਤਾ। ਉਸ ਦੇ ਸਾਥੀਆਂ ਨੇ ਸਮਝਿਆ ਕਿ ਸਿਧਾਰਥ ਨੇ ਹਾਰ ਮੰਨ ਲਈ ਹੈ ਅਤੇ ਭ੍ਰਿਸ਼ਟ ਰਸਤਾ ਧਾਰਨ ਕਰ ਲਿਆ ਹੈ। ਉਹਨਾਂ ਨੇ ਸਿਧਾਰਥ ਦਾ ਸਾਥ ਛੱਡ ਦਿੱਤਾ। ਪਰ ਸਿਧਾਰਥ ਆਪਣੀ ਧੁਨ ਵਿੱਚ ਮਸਤ ਸੀ। ਉਸਨੇ ਹਿੰਮਤ ਨਾ ਛੱਡੀ। ਇੱਕ ਦਿਨ ਉਹ ਦਰਖਤ ਹੇਠਾਂ ਧਿਆਨ ਵਿੱਚ ਮਗਨ ਸੀ ਕਿ ਉਸਦੇ ਕੰਨਾਂ ਵਿੱਚ ਮਧੁਰ ਅਵਾਜ਼ਾਂ ਪਈਆਂ:

"ਆਪਣੀ ਸਿਤਾਰ ਦੀਆਂ ਤਾਰਾਂ ਨੂੰ ਇੰਨੀਆਂ ਢਿੱਲੀਆਂ
ਨਾ ਛੱਡ ਕਿ ਸੰਗੀਤ ਪੈਦਾ ਨਾ ਹੋ ਸਕੇ।
ਆਪਣੀ ਸਿਤਾਰ ਦੀਆਂ ਤਾਰਾਂ ਨੂੰ ਇੰਨੀਆਂ ਨਾ ਕਸ
ਕਿ ਇਹ ਟੁੱਟ ਜਾਣ।"

ਸਿਧਾਰਥ ਨੂੰ ਸਮਝ ਆ ਗਈ ਕਿ ਇਹ ਹੀ ਜ਼ਿੰਦਗੀ ਦਾ ਅਸਲੀ ਰਸਤਾ ਜਾਂ ਰਹੱਸ ਹੈ। ਨਾ ਐਸ਼-ਇਸ਼ਰਤ ਵਿੱਚ



Downloaded from https:// www.studiestoday.com

Downloaded from https:// www.studiestoday.com

ਖਚਿਤ ਹੋਣ ਨਾਲ ਸਚਾਈ ਪ੍ਰਾਪਤ ਹੋ ਸਕਦੀ ਹੈ ਅਤੇ ਨਾ ਹੀ ਕਠੋਰ ਤਪੱਸਿਆ ਦੇ ਮਾਰਗ ਧਾਰਣ ਕਰਕੇ ਅਤੇ ਵਰਤ ਰੱਖਕੇ। ਉਸਨੇ ਹੁਣ ਵਿਚਕਾਰਲੇ ਰਸਤੇ ਦੀ ਚੋਣ ਕੀਤੀ ਜਿਸ ਵਿੱਚ ਨਾ ਐਸ਼ ਇਸ਼ਰਤ ਸੀ ਅਤੇ ਨਾ ਹੀ ਭੁੱਖੇ ਮਰਨ ਦਾ ਸੰਕਲਪ ਸੀ।

ਰਹਿਮਤ ਦਾ ਮੀਂਹ ਬਰਸਿਆ ਅਤੇ ਉਸੇ ਬੋਹੜ ਦੇ ਰੁੱਖ ਹੇਠ ਨਿਰੰਜਨਾ ਨਦੀ ਦੇ ਐਨ ਕੰਢੇ ਉੱਤੇ ਵੈਸਾਖ ਦੀ ਪੂਰਨਿਮਾ ਨੂੰ ਸਤਿ ਦੀ ਪ੍ਰਾਪਤੀ ਹੋਈ। ਉਸ ਅਵੇਸ਼ੀ ਗਿਆਨ ਨਾਲ ਸਿਧਾਰਥ ਦਾ ਤਨ ਮਨ ਪ੍ਰਫੁਲਤ ਹੋ ਗਿਆ ਅਤੇ ਗਿਆਨ ਪ੍ਰਾਪਤੀ ਉਪਰੰਤ ਮਹਾਤਮਾ ਬੁੱਧ ਜਾਂ ਤਥਾਗਤ ਕਿਹਾ ਜਾਣ ਲਗਾ। (ਤਥਾਗਤ ਭਾਵ ਸੱਚ ਦਾ ਰਾਹੀ) ਵਿਦਵਾਨਾਂ ਅਨੁਸਾਰ ਉਸ ਦਿਨ ਗੌਤਮ ਇੱਕ ਇੱਕ ਕਰ ਕੇ ਗਿਆਨ ਦੀਆਂ ਮੰਜ਼ਲਾਂ ਚੜ੍ਹਦਾ ਗਿਆ। ਸੰਪੂਰਨਤਾ ਦੀ ਇਸ ਅਵਸਥਾ ਵਿੱਚ ਹੀ ਬੋਧੀਸੱਤ੍ਵ ਨੇ ਉਹ ਚਾਰ ਸਚਾਈਆਂ ਦੇਖੀਆਂ ਜਿੰਨ੍ਹਾ ਨੇ ਉਸ ਅੰਦਰ ਜਾਗ੍ਰਤੀ ਅਤੇ ਗਿਆਨ ਪੈਦਾ ਕੀਤਾ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਹੁਣ ਉਹ ਬੁੱਧ ਬਣ ਗਿਆ ਅਤੇ ਸਾਰੀਆਂ ਚੀਜ਼ਾਂ ਦਾ ਗਿਆਤਾ ਹੋ ਗਿਆ। ਬੁੱਧ ਉਹ ਅਵਸਥਾ ਸੀ ਜਿਹੜੀ ਗਿਆਨ ਦੀ ਚਰਮ ਸੀਮਾਂ ਸੀ ਅਤੇ ਇਹ ਸੋਝੀ ਸਹਿਜ ਗਿਆਨ ਦੁਆਰਾ ਪ੍ਰਾਪਤ ਹੋਈ। ਇਸ ਅਵਸਥਾ ਤੱਕ ਪਹੁੰਚਦਿਆਂ ਬੁੱਧ ਜ਼ਿੰਦਗੀ ਦੇ 35 ਸਾਲ ਬਿਤਾ ਚੁੱਕਾ ਸੀ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਸਿਧਾਰਥ ਨੇ ਘਰ ਕਿਉਂ ਤਿਆਗ ਦਿੱਤਾ?
2. ਨਿਰਵਾਣ ਸਮੇਂ ਮਗਧ ਦੇਸ਼ ਦੇ ਕਿਸ ਰਾਜੇ ਨਾਲ ਸਿਧਾਰਥ ਦਾ ਮਿਲਾਪ ਹੋਇਆ?
3. ਸੁੰਨ ਅਵਸਥਾ ਦੀ ਪ੍ਰਾਪਤੀ ਲਈ ਸਿਧਾਰਥ ਨੇ ਕਿਸ ਸਾਧਨਾ ਨੂੰ ਅਪਣਾਇਆ?
4. ਸਿਧਾਰਥ ਨੂੰ ਕਿਸ ਥਾਂ ਤੇ ਆਵਾਜ਼ ਸੁਣਾਈ ਦਿੱਤੀ ?
5. ਬੁੱਧ ਨੇ ਨਿਰਵਾਣ ਸਮੇਂ ਕਿਹੜੀਆਂ ਆਵਾਜ਼ਾਂ ਸੁਣੀਆਂ?
6. ਸਿਧਾਰਥ ਨੂੰ ਗਿਆਨ ਪ੍ਰਾਪਤੀ ਉਪਰੰਤ ਕੀ ਕਿਹਾ ਜਾਣ ਲੱਗਾ?

**ਸਮਰਾਟ ਬਿੰਬਸਾਰ ਦਾ ਆਉਣਾ**

ਬੁੱਧ ਦੇ ਗਿਆਨ ਦੀ ਪ੍ਰਾਪਤੀ ਦੀ ਖਬਰ ਜੰਗਲ ਦੀ ਅੱਗ ਵਾਂਗ ਸਾਰੀ ਦੁਨੀਆਂ ਵਿੱਚ ਫੈਲ ਗਈ। ਸਮਰਾਟ ਬਿੰਬਸਾਰ ਆਪਣੀ ਸਾਰੀ ਪਰਜਾ ਸਮੇਤ ਬੁੱਧ ਧਰਮ ਦਾ ਅਨੁਆਈ ਹੋ ਗਿਆ। ਨੰਗੇ ਪੈਰ ਚੱਲ ਕੇ ਗੌਤਮ ਬੁੱਧ ਕੋਲ਼ ਪਹੁੰਚਿਆ ਅਤੇ ਉਸ ਨੂੰ ਪੂਰੀ ਸ਼ਾਨੋ ਸ਼ੌਕਤ ਨਾਲ ਆਪਣੇ ਮਹੱਲ ਵਿੱਚ ਲੈ ਕੇ ਆਇਆ। ਉਸਨੇ ਆਪਣਾ ਖੂਬਸੂਰਤ ਆਨੰਦ ਬਾਗ ਬੋਧੀ ਸੰਘ ਨੂੰ ਅਰਪਤ ਕਰ ਦਿੱਤਾ। ਉਸ ਬਾਗ ਵਿੱਚ ਵੱਡੇ ਹਾਲ ਕਮਰੇ, ਪੂਜਾ ਕਮਰੇ ਅਤੇ ਭਿਕਸ਼ੂਆਂ ਦੇ ਰਹਿਣ ਲਈ ਛੋਟੇ ਡੇਰੇ ਬਣਵਾ ਦਿੱਤੇ ਗਏ। ਬੁੱਧ ਮੱਤ ਦਾ ਭਾਰਤ ਵਿਚ ਇਹ ਸਭ ਤੋਂ ਪਹਿਲਾ ਵਿਹਾਰ ਸੀ। ਜਦੋਂ ਕਪਲ ਵਸਤੂ ਵਿੱਚ ਇਹ ਖਬਰ ਫੈਲੀ ਤਾਂ ਰਾਜੇ ਨੇ ਆਪਣੇ ਦੂਤ ਭੇਜੇ ਜੋ ਬੁੱਧ ਨੂੰ ਦੇਖਦੇ ਹੀ ਉਸ ਦੇ ਅਨੁਯਾਈ ਹੋ ਗਏ ਅਤੇ ਬਾਕੀ ਸਾਰਾ ਕੁੱਝ ਭੁੱਲ ਗਏ। ਫਿਰ ਰਾਜੇ ਨੇ ਆਪਣੇ ਮੰਤਰੀਆਂ ਨੂੰ ਭੇਜਿਆ ਇਹ ਵੀ ਸਾਰੇ ਉਸ ਦੇ ਅਨੁਯਾਈ ਬਣ ਗਏ। ਉਪਰੰਤ ਰਾਜੇ ਸ਼ੁਧੋਦਨ ਨੇ ਆਪਣੇ ਨਿਜੀ ਦੋਸਤ ਉਦਾਯਿਣ ਨੂੰ ਭੇਜਿਆ, ਜਿਸ ਨੇ ਰਾਜੇ ਦਾ ਸੁਨੇਹਾ ਬੁੱਧ ਤੱਕ ਪਹੁੰਚਾ ਦਿੱਤਾ। ਬੁੱਧ ਨੇ ਇਸ ਸੱਦੇ ਨੂੰ ਪ੍ਰਵਾਨ ਕੀਤਾ ਅਤੇ ਆਪਣੇ ਘਰ ਵੱਲ ਭਿਖਸ਼ੂਆਂ ਸਮੇਤ ਚਾਲੇ ਪਾ ਦਿੱਤੇ। ਬੁੱਧ ਦੇ ਕਪਿਲ ਵਸਤੂ ਪਹੁੰਚਦੇ ਹੀ ਲੋਕ ਆਪਣੇ ਰਾਜੇ ਸਮੇਤ ਬੁੱਧ ਧਰਮ ਦੇ ਅਨੁਆਈ ਬਣ ਗਏ। ਉਹਨਾਂ ਨੇ ਰੱਥਾਂ ਘੋੜਿਆਂ ਹਾਥੀਆਂ ਨਾਲ ਇੱਕ ਭਾਰੀ ਜਲੂਸ ਕੱਢਿਆ। ਮਹਾਰਾਜ ਨੇ ਸਿਧਾਰਥ ਗੌਤਮ ਦਾ ਬਚਪਨ ਵਾਲਾ ਬਗੀਚਾ ਬੋਧੀ ਸੰਘ ਨੂੰ ਦਾਨ ਵਿੱਚ ਦੇ ਦਿੱਤਾ। ਇਸ ਤਰ੍ਹਾਂ ਕਪਲ ਵਸਤੂ ਵਿੱਚ ਬੋਧੀ ਮੱਠ ਸਥਾਪਤ ਹੋ ਗਿਆ।

ਥੋੜ੍ਹੇ ਹੀ ਸਮੇਂ ਵਿੱਚ ਬੁੱਧ ਧਰਮ ਦੇ ਪੈਰੋਕਾਰਾਂ ਦੀ ਗਿਣਤੀ ਵਧਣ ਲੱਗੀ ਅਤੇ ਵੇਖਦੇ ਵੇਖਦੇ ਸਮੁੱਚੇ ਹਿੰਦੋਸਤਾਨ ਦੇ ਅਣਗਿਣਤ ਲੋਕ ਬੁੱਧ ਧਰਮ ਦੇ ਅਨੁਯਾਈ ਹੋ ਗਏ। ਬੋਧੀ ਸੰਘ ਵਿੱਚ ਭਿਕਸ਼ੂ ਅਤੇ ਭਿਕਸ਼ਣੀ ਹੀ ਨਹੀਂ ਸਨ, ਸਗੋਂ ਰਾਜੇ ਤੇ ਰਾਣੀਆਂ, ਰਈਸ, ਰਾਜ ਮੰਤਰੀ, ਵਪਾਰੀ, ਬ੍ਰਾਹਮਣ, ਕਸ਼ਤ੍ਰੀ, ਵੈਸ਼, ਅਤੇ ਸ਼ੂਦਰ ਸਾਰੇ ਸ਼ਾਮਲ ਸਨ। ਮਹਾਤਮਾ ਬੁੱਧ



Downloaded from https:// www.studiestoday.com

Downloaded from https:// www.studiestoday.com

ਆਪਣੀ ਸਿੱਖਿਆ ਦੇ ਪ੍ਰਚਾਰ ਲਈ ਥਾਂ ਥਾਂ ਘੁੰਮਦਾ ਰਿਹਾ। ਉਸ ਨੇ ਹਿੰਦੋਸਤਾਨ ਦੇ ਪ੍ਰਾਣੀਆਂ ਨੂੰ ਬ੍ਰਹਮਣੀ ਕਰਮ ਕਾਂਡ ਵਿੱਚੋਂ ਬਾਹਰ ਕੱਢਿਆ ਅਤੇ ਲੋਕਾਂ ਦੇ ਜੀਵਨ ਨੂੰ ਬਦਲ ਕੇ ਰੱਖ ਦਿੱਤਾ । ਉਹ ਲੋਕਾਂ ਦੀ ਭਾਸ਼ਾ ਵਿੱਚ ਗਿਆਨ ਦੀਆਂ ਗੱਲਾਂ ਕਰਦਾ। ਵਿਦਵਾਨ ਲੋਕ ਅਤੇ ਸਾਧਾਰਨ ਵਰਗ ਉਸ ਤੋਂ ਇੱਕੋ ਜਿਹਾ ਪ੍ਰਭਾਵਤ ਹੁੰਦਾ। ਲਗਭਗ 45 ਸਾਲ ਉਹ ਅਹਿੰਸਾ, ਤਿਆਗ, ਭਗਤੀ ਅਨੰਦ ਅਤੇ ਸ਼ਾਂਤੀ ਦਾ ਪ੍ਰਚਾਰ ਕਰਦਾ ਹੋਇਆ ਅੱਸੀ ਸਾਲ ਦੀ ਉਮਰ ਵਿੱਚ ਕੁਸ਼ੀਕਾਰਾ ਦੇ ਸਥਾਨ ਤੇ ਇਸ ਦੁਨੀਆਂ ਤੋਂ ਕੂਚ ਕਰ ਗਿਆ। ਬੁੱਧ ਧਰਮ ਵਿੱਚ ਇਸ ਘਟਨਾ ਨੂੰ ਮਹਾਂ ਨਿਰਵਾਣ ਦਾ ਨਾਮ ਦਿੱਤਾ ਗਿਆ।

### ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

(1) ਮਹਾਤਮਾ ਬੁੱਧ ਦੇ ਸਾਥੀ ਉਸ ਨੂੰ ਨਿਰਵਾਨ ਸਮੇਂ ਕਿਉਂ ਛੱਡ ਗਏ ?

(2) ਕਿਹੜਾ ਸਮਰਾਟ ਆਪਣੀ ਪਰਜਾ ਸਮੇਤ ਬੁੱਧ ਧਰਮ ਦਾ ਅਨੁਯਾਈ ਹੋ ਗਿਆ?

(3) ਮਹਾਤਮਾ ਬੁੱਧ ਨੇ ਆਪਣਾ ਪਹਿਲਾ ਉਪਦੇਸ਼ ਕਦੋਂ ਅਤੇ ਕਿੱਥੇ ਦਿੱਤਾ ?

(4) ਦੇਹਾਂਤ ਸਮੇਂ ਬੁੱਧ ਦੀ ਉਮਰ ਕਿੰਨੀ ਸੀ?

(5) ਬੁੱਧ ਦੇ ਦੇਹਾਂਤ ਨੂੰ ਬੁੱਧ ਧਰਮ ਵਿੱਚ ਕੀ ਨਾਂ ਦਿੱਤਾ ਗਿਆ?

### ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਮਹਾਤਮਾ ਬੁੱਧ ਦੇ ਮਾਤਾ ਪਿਤਾ ਅਤੇ ਬਚਪਨ ਬਾਰੇ ਵਿਚਾਰ ਕਰੋ।
2. ਰਾਜ ਕੁਮਾਰ 'ਸਿਥਾਰਥ' ਦੇ ਪਿਤਾ ਉਸਦੇ ਬਚਪਨ ਸਮੇਂ ਚਿੰਤਤ ਕਿਉਂ ਸਨ?
3. ਕਿਹੜੀ ਘਟਨਾ ਤੋਂ ਪਤਾ ਲਗਦਾ ਹੈ ਕਿ ਰਾਜਕੁਮਾਰ ਸਿਧਾਰਥ ਬਚਪਨ ਤੋਂ ਹੀ ਬਹੁਤ ਸੰਵੇਦਨਸ਼ੀਲ ਸੀ? ਸੰਖੇਪ ਵਿੱਚ ਉੱਤਰ ਦਿਓ।
4. ਚੜ੍ਹਦੀ ਜਵਾਨੀ ਸਮੇਂ ਸਿਧਾਰਥ ਦੀ ਗੰਭੀਰਤਾ ਵੇਖ ਕੇ, ਉਸਦੇ ਪਿਤਾ ਜੀ ਨੇ ਕੀ ਹੱਲ ਲੱਭਿਆ?
5. 'ਸਿਧਾਰਥ'-ਦੇ ਗ੍ਰਹਿ ਤਿਆਗ ਬਾਰੇ ਤੁਸੀਂ ਕੀ ਜਾਣਦੇ ਹੋ?
6. ਸਿਧਾਰਥ ਇਕ ਸਾਧਾਰਣ ਵਿਅਕਤੀ ਤੋਂ ਬੁੱਧ ਕਿਵੇਂ ਬਣਿਆ?
7. ਮਹਾਤਮਾ ਬੁੱਧ ਨੂੰ ਨਿਰਵਾਣ ਦੀ ਪ੍ਰਾਪਤੀ ਕਿਵੇਂ ਹੋਈ?
8. ਬੁੱਧ ਨੇ ਆਪਣਾ ਪਹਿਲਾ ਉਪਦੇਸ਼ ਕਿੱਥੇ ਤੇ ਕਿਸਨੂੰ ਦਿੱਤਾ।
9. ਮਹਾਤਮਾ ਬੁੱਧ ਦੇ ਪ੍ਰਮੁੱਖ ਉਪਦੇਸ਼ ਕੀ ਸਨ?
10. ਸਮਰਾਟ ਬਿੰਬਸਾਰ ਨੇ ਮਹਾਤਮਾ ਬੁੱਧ ਪ੍ਰਤਿ ਸ਼ਰਧਾ ਕਿਵੇਂ ਪ੍ਰਗਟਾਈ?

### ਨਿਬੰਧਾਤਮਕ ਉੱਤਰਾਂ ਵਾਲੇ ਪ੍ਰਸ਼ਨ

1. ਮਹਾਤਮਾ ਬੁੱਧ ਨੇ ਘਰ ਕਿਉਂ ਤਿਆਗਿਆ ਅਤੇ ਇਸ ਸਮੇਂ ਉਹ ਕਿੱਥੇ ਕਿੱਥੇ ਗਏ?
2. ਮਹਾਤਮਾ ਬੁੱਧ ਦੇ ਜੀਵਨ ਬਾਰੇ ਜਾਣਕਾਰੀ ਦਿਓ।
3. ਸਿਥਾਰਥ ਤੋਂ ਬੁੱਧ ਬਣਨ ਦੀ ਯਾਤਰਾ ਬਾਰੇ ਤੁਸੀਂ ਕੀ ਜਾਣਦੇ ਹੋ?
4. ਨਿਰਵਾਣ ਪ੍ਰਾਪਤੀ ਸਮੇਂ ਅਤੇ ਇਸਦੇ ਪਿੱਛੋਂ ਦੇ ਮਹਾਤਮਾ ਬੁੱਧ ਦੇ ਜੀਵਨ ਤੇ ਪ੍ਰਕਾਸ਼ ਪਾਓ।



Downloaded from https:// www.studiestoday.com

Downloaded from https:// www.studiestoday.com

## ਪਾਠ-4

# ਬੁੱਧ ਧਰਮ ਦਾ ਵਿਕਾਸ

## (ਮਹਾਤਮਾ ਬੁੱਧ ਤੋਂ ਪਿੱਛੋਂ ਸਮਰਾਟ ਅਸ਼ੋਕ ਤੱਕ)

**ਪਿਛੋਕੜ :** ਕਪਿਲ ਵਸਤੂ ਦੇ ਰਾਜ ਕੁਮਾਰ ਸਿਧਾਰਥ (ਗੌਤਮ ਬੁੱਧ), ਆਪਣੇ ਜੀਵਨ ਵਿੱਚ ਅਨੁਭਵ ਕੀਤੇ ਦੁੱਖਾਂ ਦੇ ਚਾਰ ਦ੍ਰਿਸ਼ਾਂ ਨੂੰ ਵੇਖਣ ਪਿੱਛੋਂ ਇੱਕ ਦਿਨ ਚੁੱਪ-ਚਾਪ ਘਰ-ਬਾਰ ਤਿਆਗ ਕੇ ਸੱਚੇ ਗਿਆਨ ਦੀ ਭਾਲ ਵਿੱਚ ਜੰਗਲਾਂ ਨੂੰ ਰਵਾਨਾ ਹੋ ਗਏ। ਸੱਤ ਸਾਲ ਦੀ ਕਠੋਰ ਤਪੱਸਿਆ ਪਿੱਛੋਂ ਉਹਨਾਂ ਨੂੰ ਗਯਾ ਵਿੱਚ ਇੱਕ ਦਰਖਤ ਹੇਠ ਪੂਰਨ ਗਿਆਨ ਦੀ ਪ੍ਰਾਪਤੀ ਹੋਈ। ਇਸ ਸੱਚੇ ਅਤੇ ਪੂਰਨ ਗਿਆਨ ਦੇ ਆਧਾਰ ਤੇ ਹੀ ਗੌਤਮ ਬੁੱਧ (ਮਹਾਤਮਾ ਬੁੱਧ) ਨੇ 6ਵੀਂ ਸਦੀ ਈ: ਪੂ: ਵਿੱਚ ਬੁੱਧ ਧਰਮ ਦੀ ਨੀਂਹ ਰੱਖੀ। ਉਹਨਾਂ ਨੇ ਬੁੱਧ ਧਰਮ ਦਾ ਆਧਾਰ ਬਿੰਦੂ 'ਬੁੱਧ-ਧਰਮ-ਸੰਘ' ਨੂੰ ਮਿਥਿਆ। 'ਬੁੱਧ' ਗਿਆਨ ਹੈ ਅਤੇ ਇਸ ਗਿਆਨ ਨੂੰ ਪ੍ਰਗਟ ਕਰਨ ਵਾਲਾ ਮਹਾਤਮਾ ਹੈ। ਇਸ ਗਿਆਨ ਦੀ ਪਰਮ ਸ਼ਕਤੀ ਧਰਮ ਹੈ ਅਤੇ ਇਹ ਧਰਮ ਨਿਰਵਾਣ ਦਾ ਮਾਰਗ ਹੈ। ਸੰਘ ਤੋਂ ਭਾਵ ਸਾਥ ਜਾਂ ਸੰਗਤ ਹੈ, ਜਿਸ ਵਿੱਚ ਸ਼ਾਮਲ ਹੋ ਕੇ ਜਨ-ਸਾਧਾਰਨ ਮਨੁੱਖ ਪਰਮ ਗਿਆਨ ਦਾ ਬੋਧੀਸਤਵ ਹਾਸਲ ਕਰਦਾ ਹੈ। ਮਹਾਤਮਾ ਬੁੱਧ ਨੇ ਬੁੱਧ ਧਰਮ ਵਿੱਚ ਦਾਖਲ ਹੋਣ ਵਾਲੇ ਹਰ ਸ਼ਰਧਾਲੂ ਲਈ ਇਹ ਪ੍ਰਣ ਕਰਨ ਦਾ ਸੰਦੇਸ਼ ਦਿੱਤਾ ਸੀ-

" ਬੁੱਧਮ ਸ਼ਰਣਮ ਗੱਛਾਮਿ ।<br>
ਧਰਮ ਸ਼ਰਣਮ ਗੱਛਾਮਿ ।<br>
ਸੰਘਮ ਸ਼ਰਣਮ ਗੱਛਾਮਿ ।"

(ਭਾਵ ਮੈਂ ਬੁੱਧ ਦੀ ਸ਼ਰਣ ਵਿੱਚ ਆਇਆ ਹਾਂ, ਮੈਂ ਧਰਮ ਦੀ ਸ਼ਰਣ ਵਿੱਚ ਆਇਆ ਹਾਂ, ਮੈਂ ਸੰਘ ਦੀ ਸ਼ਰਣ ਵਿੱਚ ਆਇਆ ਹਾਂ।)

ਮਹਾਤਮਾ ਬੁੱਧ ਨੇ ਬੁੱਧ ਧਰਮ ਦੇ ਪ੍ਰਚਾਰ ਅਤੇ ਪਾਸਾਰ ਲਈ ਲਗਪਗ 45 ਸਾਲ ਦੂਰ-ਦੁਰਾਡੇ ਥਾਂ ਥਾਂ ਤੇ ਘੁੰਮ ਕੇ ਆਪਣੇ ਸੱਚੇ ਗਿਆਨ ਦਾ ਉਪਦੇਸ਼ ਦਿੱਤਾ। ਇਸ ਪ੍ਰਚਾਰ ਸਮੇਂ ਵਿੱਚ ਹੀ ਉਹਨਾਂ ਨੇ ਬੁੱਧ ਧਰਮ ਅਤੇ ਸੰਘ ਦੇ ਨਿਯਮ ਆਪਣੇ ਪੈਰੋਕਾਰਾਂ ਨੂੰ ਦ੍ਰਿੜ ਕਰਵਾਏ। ਆਪਣੇ ਜੀਵਨ ਕਾਲ ਵਿੱਚ ਹੀ ਉਹਨਾਂ ਨੇ ਸੰਘ ਦੇ ਸੰਗਠਨ, ਕਾਰਜ ਪ੍ਰਣਾਲੀ ਅਤੇ ਇਸ ਵਿੱਚ ਪ੍ਰਵੇਸ਼ ਹੋਣ ਦੇ ਨਿਯਮ ਵੀ ਨਿਰਧਾਰਤ ਕੀਤੇ। 80 ਵਰ੍ਹੇ ਦੀ ਉਮਰ ਵਿਚ, 487 ਈ: ਪੂ: ਨੂੰ ਆਪ ਦਾ ਦੇਹਾਂਤ ਹੋਇਆ। ਇਸ ਘਟਨਾ ਨੂੰ ਬੁੱਧ ਧਰਮ ਵਿੱਚ ਮਹਾਂ ਪਰਿਨਿਰਵਾਣ ਕਿਹਾ ਜਾਂਦਾ ਹੈ।

ਮਹਾਤਮਾ ਬੁੱਧ ਦੇ ਜੀਵਨ ਕਾਲ ਵਿੱਚ ਹੀ ਬੁੱਧ ਧਰਮ ਸੰਘ ਦੇ ਰੂਪ ਵਿੱਚ ਇੱਕ ਜ਼ਬਰਦਸਤ ਅਨੁਸ਼ਾਸ਼ਨ ਵਾਲਾ ਸਮਾਜ ਬਣ ਚੁੱਕਾ ਸੀ।

ਮਹਾਤਮਾ ਬੁੱਧ ਦੇ ਮਹਾਂ ਪਰਿਨਿਰਵਾਣ (ਦੇਹਾਂਤ) ਤੋਂ ਪਿੱਛੋਂ ਬੁੱਧ ਧਰਮ ਦਾ ਵਿਕਾਸ ਬੋਧੀ ਸੰਘਾਂ ਦੀਆਂ ਸਭਾਵਾਂ, ਬੋਧੀ ਸੰਪਰਦਾਵਾਂ ਅਤੇ ਬੋਧੀ ਸਾਹਿਤ ਦੇ ਆਧਾਰ ਉੱਪਰ ਹੋਇਆ। ਉਸ ਸਮੇਂ ਦੇ ਸ਼ਾਸਕ ਵਰਗ ਦੀ ਇਸ ਧਰਮ ਨੂੰ ਸਰਪ੍ਰਸਤੀ ਪ੍ਰਾਪਤ ਸੀ। ਸਮਰਾਟ ਅਸ਼ੋਕ ਇਸ ਧਰਮ ਦਾ ਸਭ ਤੋਂ ਵੱਡਾ ਸ਼ਰਧਾਵਾਨ ਰਾਜਾ ਸੀ। ਬੁੱਧ ਧਰਮ ਦਾ ਖੇਤਰੀ ਵਿਸਥਾਰ ਇਸੇ ਸਮੇਂ (ਮਹਾਤਮਾਂ ਬੁੱਧ ਤੋਂ ਪਿੱਛੋਂ ਸਮਰਾਟ ਅਸ਼ੋਕ ਤੱਕ) ਵਿੱਚ ਹੀ ਹੋਇਆ ਹੈ।

**(ੳ) ਬੋਧੀ ਸਭਾਵਾਂ ਅਧੀਨ ਬੁੱਧ ਧਰਮ ਦਾ ਵਿਕਾਸ (Development of Buddhism under Great Councils) :** ਬੋਧੀ ਗ੍ਰੰਥਾਂ ਵਿੱਚ ਇਸ ਗੱਲ ਦਾ ਜ਼ਿਕਰ ਆਉਂਦਾ ਹੈ ਕਿ ਮਹਾਤਮਾ ਬੁੱਧ ਨੇ ਸਾਰਨਾਥ ਦੇ ਸਥਾਨ ਤੇ ਆਪਣੇ ਪਹਿਲੇ ਪੰਜ ਚੇਲਿਆਂ ਨੂੰ ਚਾਰ ਜੀਵਨ ਸੱਚ, ਅਸ਼ਟਾਂਗ ਮਾਰਗ ਅਤੇ ਨਿਰਵਾਣ ਦਾ ਉਪਦੇਸ਼ ਦੇ ਕੇ ਬੋਧੀ ਸੰਘ ਦੀ ਸਥਾਪਨਾ ਕੀਤੀ। ਇਹਨਾਂ ਚੇਲਿਆਂ ਵਿੱਚੋਂ ਅਨੰਦ ਨੂੰ ਆਪਣੇ ਪਾਸ ਰੱਖਕੇ ਬਾਕੀ ਚਾਰੇ ਚੇਲਿਆਂ ਨੂੰ ਚਾਰ ਦਿਸ਼ਾਵਾਂ ਵੱਲ ਇਸ ਮੱਤ ਦਾ ਪ੍ਰਚਾਰ ਕਰਨ ਲਈ ਤੋਰ ਦਿੱਤਾ ਸੀ। ਉਹਨਾਂ ਨੂੰ ਇਹ ਹਦਾਇਤ ਵੀ ਕੀਤੀ ਗਈ ਸੀ ਕਿ ਕੇਵਲ ਰਾਤ ਪੈਣ ਤੇ ਹੀ ਵਿਸ਼ਰਾਮ ਕਰਨਾ ਹੈ। ਰਾਤ ਪਿੰਡ ਦੇ ਬਾਹਰ ਕਿਸੇ ਰੁੱਖ ਹੇਠ ਬਿਤਾਉਣੀ ਹੈ। ਇੱਕ ਪਿੰਡ ਵਿੱਚ ਇੱਕ ਦਿਨ ਤੋਂ ਵੱਧ



Downloaded from https:// www.studiestoday.com

Downloaded from https:// www.studiestoday.com

ਨਹੀਂ ਅਟਕਣਾ ਅਤੇ ਇੱਕ ਰੁੱਖ ਹੇਠ ਇੱਕ ਰਾਤ ਤੋਂ ਵਧੇਰੇ ਵਿਸ਼ਰਾਮ ਨਹੀਂ ਕਰਨਾ। ਚੁਮਾਸੇ ਦੇ ਦਿਨਾਂ ਵਿੱਚ ਭ੍ਰਮਣ ਨਹੀਂ ਕਰਨਾ ਸਗੋਂ ਜੰਗਲ ਵਿੱਚ ਸੁਰੱਖਿਅਤ ਥਾਂ ਤੇ ਆਸ਼ਰਮ ਬਣਾ ਕੇ ਆਵਾਸ ਕਰਨਾ ਹੈ। ਇਸ ਆਵਾਸ ਦੌਰਾਨ ਆਰਾਮ ਕਰਨਾ ਹੈ, ਬੰਦਗੀ ਕਰਨੀ ਹੈ, ਵਿਦਵਾਨ ਬਜ਼ੁਰਗਾਂ ਪਾਸੋਂ ਗਿਆਨ ਹਾਸਲ ਕਰਨਾ ਅਤੇ ਆਪਣੇ ਸ਼ੰਕੇ ਨਵਿਰਤ ਕਰਨੇ ਹਨ। ਬੋਧੀ ਸਭਾਵਾਂ ਦੀ ਭੂਮਿਕਾ ਇਹਨਾਂ ਆਵਾਸ ਦੇ ਦਿਨਾਂ ਤੋਂ ਹੀ ਬੱਝਦੀ ਹੈ।

ਇਹ ਵੀ ਮੰਨਿਆ ਜਾਂਦਾ ਹੈ ਕਿ ਬੋਧੀ ਸਭਾਵਾਂ ਮਹਾਤਮਾ ਬੁੱਧ ਦੇ ਜੀਵਨ ਕਾਲ ਵਿੱਚ ਹੀ ਆਰੰਭ ਹੋ ਗਈਆਂ ਸਨ। ਇਸ ਦਾ ਇੱਕ ਪ੍ਰਮਾਣ ਇਹ ਹੈ ਕਿ ਰਾਜੇ ਬਿੰਬੀਸਾਰ ਦੇ ਪੁੱਤਰ ਅਜਾਤ ਸ਼ਤਰੂ ਨੇ ਵੈਭਾਰ ਦੀ ਪਹਾੜੀ ਦੀ ਇੱਕ ਗੁਫਾ ਵਿੱਚ ਇੱਕ ਸਭਾ ਭਵਨ ਬਣਾ ਕੇ ਦਿੱਤਾ ਸੀ। ਬਿੰਬੀਸਾਰ ਮਹਾਤਮਾ ਬੁੱਧ ਦੇ ਪਹਿਲੇ ਅਨੁਯਾਈਆਂ ਵਿੱਚੋਂ ਸੀ ਤੇ ਅਜਾਤ ਸ਼ਤਰੂ ਦੀ ਮਹਾਤਮਾ ਬੁੱਧ ਨਾਲ ਹੋਈ ਮੁਲਾਕਾਤ ਦੇ ਵੇਰਵੇ ਵੀ ਤਰਹੁਤ ਦੇ ਇਕ ਲੇਖ ਦੂਜੀ ਸਦੀ ਈ: ਪੂ: ਤੋਂ ਮਿਲਦੇ ਹਨ।

ਮਹਾਤਮਾ ਬੁੱਧ ਦੇ ਸਮੇਂ ਜਦੋਂ ਸੰਘ ਵਿੱਚ ਕੋਈ ਮਸਲਾ ਉਠਦਾ ਜਾਂ ਜਨ ਸਾਧਾਰਣ ਨੂੰ ਕੋਈ ਸ਼ੰਕਾ ਹੁੰਦਾ ਤਾਂ ਬੁੱਧ ਪਾਸੋਂ ਇਸਦੀ ਨਵਿਰਤੀ ਕਰਵਾਈ ਜਾਂਦੀ ਸੀ। ਇਸੇ ਅਨੁਸ਼ਾਸਨ ਨੂੰ ਕਾਇਮ ਰੱਖਣ ਲਈ ਮਹਾਤਮਾਂ ਬੁੱਧ ਦੇ ਸਮੇਂ ਅਤੇ ਇਸ ਤੋਂ ਪਿੱਛੋਂ ਵੀ ਸੰਘ ਦੀ ਮਹਾਂ ਸਭਾ (ਕੌਂਸਲ) ਬੁਲਾਈ ਜਾਂਦੀ ਸੀ। ਜਦੋ ਤੱਕ ਬੁੱਧ ਦੇ ਸਮਕਾਲੀ ਜਿਉਂਦੇ ਰਹੇ ਉਹ ਸਮੱਸਿਆਵਾਂ ਦਾ ਹੱਲ ਇਹ ਕਹਿ ਕੇ ਕਰਦੇ ਹੁੰਦੇ ਸਨ- "ਇਸ ਮਸਲੇ ਬਾਰੇ ਤਥਾਗਤ ਨੇ ਇਉਂ ਕਿਹਾ ਸੀ ਕਿ....।" ਪਰ ਬਾਅਦ ਵਿੱਚ ਤਥਾਗਤ ਦੇ ਕਥਨਾਂ ਦੀ ਭਰੋਸੇ ਯੋਗਤਾ ਉੱਤੇ ਯਕੀਨ ਕਰਨਾ ਮੁਸ਼ਕਲ ਹੋ ਗਿਆ ਤਾਂ ਇਸ ਦੀ ਥਾਂ ਬੋਧੀ ਗ੍ਰੰਥਾਂ ਨੇ ਲੈ ਲਈ। ਬਹੁਤ ਹੀ ਸੰਜੀਦਾ ਮਸਲਿਆਂ ਉੱਪਰ ਮਹਾਤਮਾਂ ਬੁੱਧ ਤੋਂ ਪਿੱਛੋਂ ਬੋਧੀ ਮਹਾਂ ਸਭਾ ਬੁਲਵਾਈਆਂ ਜਾਣ ਲੱਗੀਆਂ। ਸਮਰਾਟ ਅਸ਼ੋਕ ਤੱਕ ਪ੍ਰਮੁੱਖ ਰੂਪ ਵਿੱਚ ਤਿੰਨ ਮਹਾਂ ਸਭਾ ਇਕੱਤਰ ਹੋਈਆਂ ਸਨ ਜਿਨ੍ਹਾਂ ਦਾ ਉਲੇਖ ਅੱਗੇ ਕੀਤਾ ਜਾ ਰਿਹਾ ਹੈ-

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਮਹਾਤਮਾ ਬੁੱਧ ਨੇ ਬੁੱਧ ਧਰਮ ਵਿੱਚ ਦਾਖਲ ਹੋਣ ਵਾਲੇ ਲਈ ਕਿਹੜਾ ਪ੍ਰਣ ਕਰਨ ਦਾ ਸੰਦੇਸ਼ ਦਿੱਤਾ?
2. ਮਹਾਤਮਾ ਬੁੱਧ ਦੀ ਮਹਾਂ ਪਰਿਨਿਰਵਾਣ ਸਮੇਂ ਕਿੰਨੀ ਉਮਰ ਸੀ ?
3. ਮਹਾਂ ਪਰਿਨਿਰਵਾਣ ਪਿੱਛੋਂ ਬੁੱਧ ਧਰਮ ਦਾ ਵਿਕਾਸ ਕਿਸ ਕਿਸ ਤੇ ਨਿਰਭਰ ਹੋਇਆ?

**ਪਹਿਲੀ ਮਹਾਂ ਸਭਾ 544 ਈ: ਪੂ:**

ਮਹਾਤਮਾ ਬੁੱਧ ਦੇ ਪਰਿਨਿਰਵਾਣ ਤੋਂ 6 ਮਹੀਨੇ ਪਿੱਛੋਂ 544 ਈ: ਪੂ: ਵਿੱਚ ਪਟਨਾ ਤੋਂ ਚਾਲੀ ਮੀਲ ਦੱਖਣ-ਪੂਰਬ ਦੇ ਪਰਬਤ ਉੱਤੇ ਸਪਤਪਰਣੀ ਗੁਫਾ ਵਿੱਚ ਮਗਧ ਦੇ ਰਾਜਾ ਅਜਾਤ ਸ਼ੱਤਰੂ ਦੇ ਸਮੇਂ ਪਹਿਲੀ ਮਹਾਂ ਸਭਾ ਦਾ ਅਯੋਜਨ ਹੋਇਆ। ਇਸ ਵਿੱਚ 500 ਬੋਧ ਅਰਹਤਾਂ ਨੇ ਹਿੱਸਾ ਲਿਆ। ਇਹ ਸਭਾ ਮਹਾਤਮਾ ਬੁੱਧ ਦੇ ਪ੍ਰਮਾਣਿਕ ਉਪਦੇਸ਼ਾਂ ਨੂੰ ਇਕੱਠਾ ਕਰਨ ਦੇ ਉਦੇਸ਼ ਨਾਲ ਕੀਤੀ ਗਈ ਸੀ। ਮਹਾਤਮਾਂ ਬੁੱਧ ਨੇ ਆਪਣਾ ਕੋਈ ਉੱਤਰਾਧਿਕਾਰੀ ਨਿਯੁਕਤ ਨਹੀਂ ਕੀਤਾ ਸੀ। ਉਹਨਾਂ ਨੇ ਕਿਹਾ ਸੀ ਕਿ ਉਹਨਾਂ ਦੇ ਮਗਰੋਂ ਉਹਨਾਂ ਦੀਆਂ ਦੱਸੀਆਂ ਸਿੱਖਿਆਵਾਂ ਹੀ ਬੋਧੀ ਅਨੁਯਾਈਆਂ ਦਾ ਮਾਰਗ ਦਰਸ਼ਨ ਕਰਨਗੀਆਂ। ਉਹਨਾਂ ਦੇ ਦੇਹਾਂਤ ਪਿੱਛੋਂ ਉਹਨਾਂ ਦੀਆਂ ਸਿੱਖਿਆਵਾਂ ਸੰਬੰਧੀ ਬੋਧੀ ਭਿਖਸ਼ੂਆਂ ਵਿਚ ਕੁਝ ਮਤਭੇਦ ਪੈਦਾ ਹੋ ਗਏ। ਇਹਨਾਂ ਮਤਭੇਦਾਂ ਨੂੰ ਦੂਰ ਕਰਨ ਲਈ ਇਸ ਮਹਾਂਸਭਾ ਦਾ ਅਯੋਜਨ ਹੋਇਆ ਸੀ। ਇਸ ਸਭਾ ਦੀ ਪ੍ਰਧਾਨਗੀ ਮਹਾਕਾਸ਼ਯਪ ਨੇ ਕੀਤੀ ਸੀ। ਇਸ ਮਹਾਂ-ਸਭਾ ਵਿੱਚ ਆਨੰਦ ਤੇ ਉਪਾਲੀ ਜੋ ਕਾਫੀ ਸਮੇਂ ਤੱਕ ਮਹਾਤਮਾਂ ਬੁੱਧ ਦੀ ਸੇਵਾ ਵਿੱਚ ਰਹੇ ਸਨ, ਦੇ ਸਹਿਯੋਗ ਨਾਲ ਬੋਧੀ ਗ੍ਰੰਥਾਂ ਦੀ ਤਿਆਰੀ ਕੀਤੀ ਗਈ। ਕੁਝ ਵਿਦਵਾਨਾਂ ਦਾ ਕਹਿਣਾ ਹੈ ਕਿ ਇਸ ਸਭਾ ਵਿੱਚ ਉਪਾਲੀ ਨੇ ਵਿਨਯ ਦੇ ਨਿਯਮਾਂ (ਵਿਨਯਪਿਟਕ) ਨੂੰ ਸੁਣਾਇਆ ਅਤੇ ਆਨੰਦ ਨੇ ਧਰਮ ਦੇ ਉਪਦੇਸ਼ਾਂ (ਸੁੱਤਪਿਟਕਾ) ਨੂੰ ਸੁਣਾਇਆ। ਕੁਝ ਦਾ ਕਹਿਣਾ ਹੈ ਕਿ ਭਿਖਸ਼ੂਆਂ ਵੱਲੋਂ ਇਹਨਾਂ ਦੋਹਾਂ ਧਰਮ ਗ੍ਰੰਥਾਂ ਵਿੱਚ ਬਿਆਨ ਮਹਾਤਮਾ ਬੁੱਧ ਦੇ ਪ੍ਰਵਚਨਾਂ ਨੂੰ ਸੁਣਾਇਆ ਗਿਆ। ਆਨੰਦ ਤੇ ਉਪਾਲੀ ਇਹਨਾਂ ਵਿੱਚੋਂ ਜੋ ਪ੍ਰਵਾਨਤ ਸਨ ਉਹਨਾਂ ਦੀ ਪਛਾਣ ਕਰਕੇ ਇਕੱਤਰ ਕਰਦੇ ਗਏ ਸਨ। ਕੁਝ ਵੀ ਹੋਵੇ ਇਸ ਸਭਾ ਵਿੱਚ ਇਕੱਤਰ ਹੋਏ 500 ਅਰਹਤਾਂ (ਭਿਖਸ਼ੂਆਂ) ਦੀ ਸੰਮਤੀ ਨਾਲ ਇਹਨਾਂ ਦੇ ਸੰਗ੍ਰਿਹਾਂ ਨੂੰ ਪ੍ਰਮਾਣਿਕ ਬੁੱਧ-ਵਚਨ ਮੰਨਿਆ ਗਿਆ। ਇਸ ਤਰ੍ਹਾਂ ਇਸ ਮਹਾਂ ਸਭਾ ਵਿੱਚ ਬੁੱਧ ਧਰਮ ਦੇ ਸਾਹਿਤ ਦੇ ਦੋ ਗ੍ਰੰਥ 'ਵਿਨਯਪਿਟਕ' ਅਤੇ 'ਸੁੱਤਪਿਟਕ' ਹੀ ਸੰਕਲਿਤ ਅਤੇ ਸੰਪਾਦਿਤ ਕੀਤੇ ਗਏ ਸਨ।



Downloaded from https:// www.studiestoday.com

Downloaded from https:// www.studiestoday.com

ਇਸ ਮਹਾਂ ਸਭਾ ਵਿੱਚ ਆਨੰਦ ਉੱਪਰ ਲਗਾਏ ਗਏ ਦੋਸ਼ਾਂ ਦੀ ਵੀ ਜਾਂਚ ਕੀਤੀ ਗਈ ਅਤੇ ਉਸ ਨੂੰ ਨਿਰਦੋਸ਼ ਠਹਿਰਾਇਆ ਗਿਆ। ਮਹਾਤਮਾ ਬੁੱਧ ਦੇ ਰਥਵਾਨ ਚੰਨੇ ਨੂੰ ਉਸ ਦੇ ਮਾੜੇ ਵਿਹਾਰ ਕਾਰਨ ਦੰਡਿਤ ਕੀਤਾ ਗਿਆ। ਬੁੱਧ ਦੇ ਸਮੇਂ, ਸੰਘ ਦੀ ਸਭਾ ਵਿੱਚ ਸਾਰੇ ਭਿਖਸ਼ੂ ਸ਼ਾਮਲ ਹੁੰਦੇ ਸਨ, ਪਰੰਤੂ ਇਹ ਪਹਿਲੀ ਮਹਾਂ ਸਭਾ ਸੀ, ਜਿਸ ਵਿੱਚ ਸਿਰਫ ਕੁਝ ਥੇਰੀਆਂ ਜਿਨ੍ਹਾਂ ਨੂੰ ਅਰਹਤ ਕਿਹਾ ਜਾਂਦਾ ਸੀ ਨੇ ਭਾਗ ਲਿਆ ਸੀ। ਇਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਬੁੱਧ ਤੋਂ ਪਿੱਛੋਂ ਅਰਹਤ ਵਧੇਰੇ ਸ਼ਕਤੀਸ਼ਾਲੀ ਹੋ ਗਏ ਸਨ ਅਤੇ ਦੂਜੇ ਭਿਖਸ਼ੂਆਂ ਦੇ ਹੱਕ ਘਟ ਗਏ ਸਨ। ਇਸ ਨਾਲ ਸੰਘ ਵਿੱਚ ਫੁੱਟ ਪੈਦਾ ਹੋਣ ਦੇ ਕਾਰਨ ਵੀ ਬਣ ਗਏ ਜਿਸ ਫੁੱਟ ਨੂੰ ਮਹਾਤਮਾ ਬੁੱਧ ਪੰਜ ਬੱਜਰ ਪਾਪਾਂ ਵਿੱਚੋਂ ਇੱਕ ਦਸਦੇ ਸਨ।

ਇਸ ਮਹਾਂ ਸਭਾ ਦੇ ਅਯੋਜਨ ਉੱਤੇ ਜੋ ਖਰਚ ਆਇਆ ਸੀ, ਉਹ ਸਾਰਾ ਮਗਧ ਦੇਸ਼ ਦੇ ਰਾਜਾ ਅਜਾਤ ਸ਼ਤਰੂ ਨੇ ਦਿੱਤਾ ਸੀ। ਇਵੇਂ ਬੁੱਧ ਬਾਣੀ ਦੀ ਪ੍ਰਮਾਣਿਕਤਾ ਲਈ ਇਸ ਸਭਾ ਦਾ ਬਹੁਤ ਮਹੱਤਵ ਸੀ। ਇਸ ਦੇ ਨਾਲ ਹੀ ਥੇਰੀ ਭਿਖਸ਼ੂਆਂ ਨੂੰ ਦੋਸ਼ ਮੁਕਤ ਕਰਨ ਅਤੇ ਦੋਸ਼ੀ ਰੂਪ ਵਿੱਚ ਦੰਡਿਤ ਕਰਨ ਦੀ ਪਰੰਪਰਾ ਵੀ ਚਾਲੂ ਹੋ ਗਈ।

**ਦੂਜੀ ਮਹਾਂ ਸਭਾ 334 ਈ: ਪੂ:**

ਮਹਾਤਮਾ ਬੁੱਧ ਦੇ ਮਹਾਂ ਪਰਿਨਿਰਵਾਣ ਤੋਂ ਸੌ (100) ਸਾਲ ਪਿੱਛੋਂ (ਪਾਲੀ ਪਰੰਪਰਾ ਵਿੱਚ) ਅਤੇ ਤਿੱਬਤੀ ਪਰੰਪਰਾ ਅਨੁਸਾਰ ਇੱਕ ਸੌ ਦਸ (110) ਸਾਲ ਪਿੱਛੋਂ 434 ਈ: ਪੂ: ਵਿੱਚ ਬੁੱਧ ਧਰਮ ਦੀ ਦੂਜੀ ਮਹਾਂ ਸਭਾ ਹੋਈ। ਇਹ ਸਭਾ ਵੈਸ਼ਾਲੀ ਨਗਰ ( ਅਧੁਨਿਕ ਬਸਾਢ ਪਿੰਡ, ਜ਼ਿਲ੍ਹਾ ਮੁਜੱਫਰ ਨਗਰ (ਬਿਹਾਰ) ਵਿੱਚ ਮਗਧ ਦੇ ਰਾਜੇ ਕਾਲਾਸ਼ੋਕ ਦੇ ਸਮੇਂ ਹੋਈ ਸੀ। ਇਸ ਸਭਾ ਵਿੱਚ 700 ਭਿਖਸ਼ੂ ਸ਼ਾਮਿਲ ਹੋਏ। ਇਸ ਸਭਾ ਦੀ ਪ੍ਰਧਾਨਗੀ ਸਾਬਾਕਾਮੀ ਨੇ ਕੀਤੀ ਸੀ। ਇਸ ਸਭਾ ਦੇ ਆਯੋਜਿਤ ਕਰਨ ਦਾ ਮੁੱਖ ਉਦੇਸ਼ ਥੇਰੀ ਭਿਖਸ਼ੂਆਂ ਵਿਚਕਾਰ ਸੰਘ ਦੇ ਨਿਯਮਾਂ ਸੰਬੰਧੀ ਪੈਦਾ ਹੋਏ ਮਤਭੇਦ ਦੂਰ ਕਰਨਾ ਸੀ। ਅਸਲ ਵਿੱਚ ਭਿਖਸ਼ੂ ਪੂਰਬੀ ਅਤੇ ਪੱਛਮੀ ਦੋ ਵਰਗਾਂ ਵਿੱਚ ਵੰਡੇ ਗਏ ਸਨ। ਪੂਰਬੀ ਵਰਗ ਵਿੱਚ ਵੈਸ਼ਾਲੀ ਅਤੇ ਮਗਧ ਦੇ ਭਿਖਸ਼ੂ ਸਨ ਅਤੇ ਪੱਛਮੀ ਵਰਗ ਵਿੱਚ ਕੋਸਾਂਬੀ ਅਤੇ ਆਵੰਤੀ ਦੇ ਭਿਖਸ਼ੂ ਸਨ। ਇਹਨਾਂ ਦੋਹਾਂ ਵਿਚਕਾਰ ਮਤਭੇਦਾਂ ਲਈ ਪੂਰਬ ਵਰਗ ਦੇ ਭਿਖਸ਼ੂਆਂ ਦੁਆਰਾ ਅਪਣਾਏ ਗਏ ਨਿਯਮ ਜ਼ੁੰਮੇਵਾਰ ਸਨ।

ਇਸ ਮਹਾਂਸਭਾ ਨਾਲ ਦੋ ਵਿਰੋਧੀ ਸੰਪਰਦਾਇ ਥੇਰਵਾਦ (ਸਥਵਿਰਵਾਦ) ਅਤੇ ਮਹਾਂਸਾਂਘਿਕ ਆਪਸ ਵਿਚ ਵਿਰੋਧੀ ਰੂਪ ਵਿੱਚ ਉੱਠ ਪਏ। ਥੇਰਵਾਦ ਦੇ ਬੁੱਧ ਪਾਲੀ ਸਹਿਤ ਦੇ ਗ੍ਰੰਥ ਵਿਨਯਪਿਟਕ-ਚੁੱਲਵੱਗ, ਸਮੰਤਪਾਸਾਦਿਕਾ, ਦੀਪਵੰਸ਼, ਮਹਾਂਵੰਸ਼, ਆਦਿ ਦੇ ਅਨੁਸਾਰ ਇਸ ਮਹਾਂ ਸਭਾ (ਸੰਗਤੀ) ਦੇ ਸੱਦੇ ਦਾ ਕਾਰਣ ਵੈਸ਼ਾਲੀ ਦੇ ਭਿਖਸ਼ੂਆਂ ਦੁਆਰਾ ਵਰਤੀ ਜਾਣ ਵਾਲੀ 10 ਅਵੈਧਾਨਿਕ ਗੱਲਾਂ ਤੇ ਵਿਚਾਰ ਕਰਨਾ ਸੀ। ਇਹ ਦਸ ਗੱਲਾਂ ਹੇਠ ਲਿਖੀਆਂ ਹਨ -

(1) ਵੈਸ਼ਾਲੀ ਦੇ ਭਿਖਸ਼ੂਆਂ ਦਾ ਸਿੰਗਾਂ (horn) ਦੇ ਭਾਂਡੇ ਵਿੱਚ ਲੂਣ ਇਕੱਠਾ ਕਰਨਾ।

(2) ਦੁਪਹਿਰ ਮਗਰੋਂ ਖਾਣਾ ਖਾਣਾ।

(3) ਇੱਕੋ ਦਿਨ ਵਿੱਚ ਦੋ ਵਾਰੀ ਦੋ ਵੱਖ ਵੱਖ ਪਿੰਡਾਂ ਵਿੱਚ ਜਾਕੇ ਖਾਣਾ ਖਾਣਾ।

(4) ਇੱਕ ਵਿਹਾਰ ਦੀ ਸੀਮਾਂ ਵਿੱਚ ਅੱਡ ਅੱਡ ਵਰਤ ਰੱਖਣਾ।

(5) ਪ੍ਰਚਲਿਤ ਰਿਵਾਜ ਦਾ ਪ੍ਰਮਾਣ ਦੇਣਾ।

(6) ਭੋਜਨ ਪਿੱਛੋਂ ਲੱਸੀ ਪੀਣਾ।

(7) ਤਾੜੀ ਪੀਣਾ।

(8) ਸੋਨਾ ਚਾਂਦੀ ਰੁਪਈਆ ਪੈਸਾ ਇਕੱਠਾ ਕਰਨਾ ਜਾਂ ਗ੍ਰਹਿਣ ਕਰਨਾ।

(9) ਆਸਣ ਦੀ ਵਰਤੋਂ ਕਰਨਾ।

(10) ਸਭਾ ਦੇ ਮੈਂਬਰਾਂ ਦਾ ਵੱਖਰੇ ਵੱਖਰੇ ਮੱਠਾਂ ਦਾ ਪ੍ਰਬੰਧ ਕਰਨਾ।

ਵੈਸ਼ਾਲੀ ਦੇ ਕੁਝ ਬਜ਼ੁਰਗ ਭਿਖਸ਼ੂਆਂ (ਅਰਹਤਾਂ) ਨੇ ਉਪਰੋਕਤ ਦਸ ਗੱਲਾਂ ਨੂੰ ਅਨੈਤਿਕ (Immoral) ਅਤੇ ਅਵੈਧਾਨਿਕ ਕਰਾਰ ਦਿੱਤਾ ਅਤੇ ਸੰਘ ਨੇ ਇਹਨਾਂ ਬੇਨੇਮੀਆਂ ਦਾ ਵਿਰੋਧ ਕੀਤਾ। ਇਸ ਤੋਂ ਪਿੱਛੋਂ ਯਸ ਕੋਸ਼ਾਮਬੀ (ਅਲਾਹਬਾਦ ਜ਼ਿਲ੍ਹਾ), ਅਵੰਤੀ (ਗੁਆਲੀਅਰ), ਅਹੋਗੰਗਾ (ਪੱਛਮੀ ਯੂ. ਪੀ. ਵਿੱਚ ਗੰਗਾ ਤੱਟ ਦੇ ਇੱਕ ਸਥਾਨ ਦੇ ਕੰਢੇ) ਦੇ ਸਾਰੇ ਭਿਖਸ਼ੂਆਂ ਨੂੰ ਵੈਸ਼ਾਲੀ ਦੀ ਮਹਾਂਸਭਾ ਲਈ ਸੱਦਾ-ਪੱਤਰ ਭੇਜਿਆ ਗਿਆ। ਵੈਸ਼ਾਲੀ ਵਿੱਚ ਜਦ ਸਭਾ ਦਾ ਸਮੇਲਨ ਹੋਇਆ ਤਾਂ ਇਸ ਉਪਰੋਕਤ ਮਸਲੇ ਦੇ ਹੱਲ ਲਈ ਇੱਕ ਕਮੇਟੀ ਬਣਾਈ ਗਈ, ਜਿਸ ਵਿੱਚ ਕੁੱਲ 8 ਮੈਂਬਰ ਸਨ, ਚਾਰ ਪੂਰਬੀ ਅਤੇ ਚਾਰ ਪੱਛਮੀ ਭਾਰਤ ਦੇ ਸਨ। ਅਰਹਤ ਸਰਵਕਾਮੀ ਇਸ ਕਮੇਟੀ ਦੇ ਪ੍ਰਧਾਨ ਅਤੇ ਭਿਖਸ਼ੂ ਅਜਿੱਤ ਇਸਦੇ



Downloaded from https:// www.studiestoday.com

Downloaded from https:// www.studiestoday.com

ਪ੍ਰਬੰਧਕ ਸਨ। ਇਸ ਕਮੇਟੀ ਨੇ ਵੈਸ਼ਾਲੀ ਦੇ ਭਿਖਸ਼ੂਆਂ ਦੇ ਦਸ ਪ੍ਰਕਾਰ ਦੇ ਉਪਰੋਕਤ ਆਚਰਣਾਂ ਨੂੰ ਗ਼ੈਰ ਕਾਨੂੰਨੀ ਕਰਾਰ ਦਿੱਤਾ। ਵੈਸ਼ਾਲੀ ਦੇ ਭਿਖਸ਼ੂਆਂ ਨੇ ਇਸ ਫੈਸਲੇ ਨੂੰ ਸਵੀਕਾਰ ਨਾ ਕੀਤਾ ਅਤੇ ਆਪਣੀ ਇੱਕ ਵੱਖਰੀ ਵਿਸ਼ਾਲ ਸਭਾ ਬੁਲਾਈ ਜਿਸ ਵਿੱਚ ਭਿਖਸ਼ੂ ਅਤੇ ਉਪਾਸ਼ਕ ਦੋਵੇਂ ਸ਼ਾਮਿਲ ਹੋਏ। ਪਾਲੀ ਗ੍ਰੰਥ ਦੀਪਵੰਸ ਅਨੁਸਾਰ ਇਸ ਵਿੱਚ 10000 ਮੈਂਬਰਾਂ ਨੇ ਭਾਗ ਲਿਆ। ਇਸ ਸਭਾ ਵਿੱਚ 700 ਭਿਖਸ਼ੂਆਂ ਨੇ ਪਿਟਕਾਂ, ਨਿਕਾਯਾਂ, ਅੰਗਾਂ ਅਤੇ ਧਰਮ ਗ੍ਰੰਥਾਂ ਨੂੰ ਵੱਖ ਵੱਖ ਗ੍ਰੰਥਾਂ ਵਿੱਚ ਨਵੇਂ ਰੂਪ ਵਿਚ ਸੰਪਾਦਿਤ ਕੀਤਾ। ਇਵੇਂ ਇਸ ਮਹਾਂਸਭਾ ਵਿੱਚ ਬੋਧੀ ਭਿਖਸ਼ੂ ਤੇ ਅਰਹਤ ਦੋ ਸ਼ਾਖਾਂ ਵਿੱਚ ਵੰਡੇ ਗਏ।

**ਤੀਜੀ ਮਹਾਂ ਸਭਾ 250 ਈ: ਪੂ:**

ਦੂਜੀ ਮਹਾਂ ਸਭਾ ਤੋਂ ਪਿੱਛੋਂ ਬੁੱਧ ਧਰਮ ਪਹਿਲਾਂ ਦੋ ਸ਼ਖਾਵਾਂ ਵਿੱਚ ਤੇ ਫਿਰ 18 ਉਪ-ਸਾਖਾਵਾਂ ਵਿੱਚ ਵੰਡਿਆ ਗਿਆ ਸੀ। ਇਹਨਾਂ ਵਿੱਚ ਆਪਸੀ ਮਤਭੇਦ ਵੱਧਦੇ ਗਏ। ਇਸ ਨਾਲ ਬੁੱਧ ਧਰਮ ਦੀ ਪ੍ਰਗਤੀ ਰੁਕ ਗਈ। ਬੁੱਧ ਧਰਮ ਵਿੱਚ ਆਈਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਇਸ ਦੀ ਪ੍ਰਗਤੀ ਨੂੰ ਅੱਗੇ ਵਧਾਉਣ ਦੇ ਉਦੇਸ਼ ਨਾਲ ਮਹਾਰਾਜਾ ਅਸ਼ੋਕ ਨੇ ਆਪਣੀ ਰਾਜਧਾਨੀ ਪਾਟਲੀਪੁੱਤਰ (ਅਜੋਕਾ ਪਟਨਾ ਸਾਹਿਬ) ਵਿੱਚ 250 ਈ: ਪੂ: ਵਿੱਚ ਤੀਜੀ ਮਹਾਂ ਸਭਾ ਆਯੋਜਿਤ ਕੀਤੀ। ਇਸ ਵਿਚ ਲਗਭਗ ਇੱਕ ਹਜ਼ਾਰ ਬੋਧੀ ਭਿਖਸ਼ੂ ਸਾਮਿਲ ਹੋਏ। ਇਸ ਦੀ ਪ੍ਰਧਾਨਗੀ ਮੋਗਲਿਪੁੱਤ ਤਿੱਸ ਨੇ ਕੀਤੀ। ਇਹ ਸਭਾ 9 ਮਹੀਨੇ ਚਲਦੀ ਰਹੀ। ਇਸ ਸਭਾ ਨੇ ਬੁੱਧ ਧਰਮ ਵਿੱਚ ਆਈਆਂ ਕੁਰੀਤੀਆਂ ਦਾ ਅੰਤ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ। ਇਸ ਸਭਾ ਨੇ ਬਹੁਤ ਸਾਰੀਆਂ ਛੋਟੀਆਂ ਸ਼ਾਖਾਵਾਂ ਨੂੰ ਖ਼ਤਮ ਕਰ ਦਿੱਤਾ। ਥੇਰਵਾਦੀ ਸਿਧਾਂਤਾਂ ਨੂੰ ਨਾ ਮੰਨਣ ਵਾਲੇ ਭਿਖਸ਼ੂਆਂ ਨੂੰ ਸਭਾ ਵਿੱਚੋਂ ਬਾਹਰ ਕੱਢ ਦਿੱਤਾ।

ਵਿਦਵਾਨਾਂ ਅਨੁਸਾਰ ਇਸ ਮਹਾਂ ਸਭਾ ਵਿੱਚ ਬੋਧ ਸੰਘ ਵਿੱਚ ਸੁਧਾਰ ਕੀਤਾ ਗਿਆ। ਅਸ਼ੋਕ ਦੇ ਸ਼ਿਲਾਲੇਖਾਂ ਵਿੱਚੋਂ ਇਸ ਗੱਲ ਦੇ ਪ੍ਰਮਾਣ ਮਿਲਦੇ ਹਨ ਕਿ ਸਮਰਾਟ ਅਸ਼ੋਕ ਨੇ ਫੁੱਟ ਪਾਉਣ ਵਾਲਿਆਂ ਨੂੰ ਸਜ਼ਾ ਵੀ ਦਿੱਤੀ ਸੀ। ਵਿਰੋਧੀ ਖਿਆਲਾਂ ਵਾਲੇ ਸੱਠ ਹਜ਼ਾਰ (60,000) ਭਿਖਸ਼ੂਆਂ ਨੂੰ ਸੰਘ ਵਿਚੋਂ ਕੱਢ ਦਿੱਤਾ ਗਿਆ। ਇਸ ਸਭਾ ਵਿੱਚ ਤਿੱਸ ਨੇ ਪਾਲੀ ਭਾਸ਼ਾ ਵਿੱਚ 'ਕਥਾਵਤਥੁ' ਨਾਂ ਦਾ ਗ੍ਰੰਥ ਲਿਖਿਆ। ਇਸ ਗ੍ਰੰਥ ਵਿੱਚ ਥੇਰਵਾਦੀ ਵਿਚਾਰਧਾਰਾ ਦਾ ਸਮਰਥਨ ਹੋਇਆ ਹੈ। ਇਸ ਗ੍ਰੰਥ ਵਿੱਚ 253 ਮੱਤਾਂ ਦਾ ਜ਼ਿਕਰ ਹੈ। ਇਹ ਗ੍ਰੰਥ 'ਅਭਿਧੰਮ ਪਿਟਕ' ਵਿੱਚ ਸ਼ਾਮਲ ਹੈ। ਇਸ ਸਭਾ ਵਿੱਚ ਸਭ ਤੋਂ ਮਹੱਤਵ ਪੂਰਨ ਕਾਰਜ ਇਹ ਹੋਇਆ ਕਿ ਵਿਦੇਸ਼ਾਂ ਵਿੱਚ ਵੀ ਬੋਧੀ ਪ੍ਰਚਾਰਕ ਭੇਜੇ ਗਏ। ਇਸ ਸਾਰੀ ਮਹਾਂਸਭਾ ਦਾ ਖਰਚਾ ਤੇ ਪ੍ਰਬੰਧ ਬੁੱਧ ਧਰਮ ਦੇ ਸ਼ਰਧਾਵਾਨ ਹਿਤਚਿੰਤਕ ਸਮਰਾਟ ਅਸ਼ੋਕ ਨੇ ਕੀਤਾ।

**ਚੌਥੀ ਮਹਾਂ ਸਭਾ** :- ਸਮਰਾਟ ਅਸ਼ੋਕ ਭਾਂਵੇਂ ਬੁੱਧ ਧਰਮ ਦੀਆਂ ਵੱਖ ਵੱਖ ਸ਼ਾਖਾਵਾਂ ਦਾ ਅੰਤ ਕਰਨ ਵਿੱਚ ਸਫਲ ਹੋ ਗਏ ਸਨ, ਪਰ ਸਮਾਂ ਪਾ ਕੇ ਇਹ ਸ਼ਾਖਾਵਾਂ ਮੁੜ ਸੁਰਜੀਤ ਹੋ ਗਈਆਂ। ਭਿਖਸ਼ੂਆਂ ਦੇ ਮਤਭੇਦ ਵੀ ਵਧ ਗਏ। ਅਸ਼ੋਕ ਤੋਂ ਪਿੱਛੋਂ ਸਮਰਾਟ ਕਨਿਸ਼ਕ ਨੇ ਪਹਿਲੀ ਸਦੀ ਈ: ਵਿੱਚ ਕਸ਼ਮੀਰ ਵਿੱਚ ਚੌਥੀ ਮਹਾਂਸਭਾ ਆਯੋਜਿਤ ਕਰਵਾਈ। ਇਸ ਸਭਾ ਦਾ ਉਦੇਸ਼ ਬੋਧੀ ਭਿਖਸ਼ੂਆਂ ਵਿੱਚ ਆਏ ਮਤਭੇਦਾਂ ਨੂੰ ਦੂਰ ਕਰਨਾ ਸੀ। ਇਸ ਵਿੱਚ 600 ਭਿਖਸ਼ੂ ਸ਼ਾਮਿਲ ਹੋਏ ਤੇ ਸਭਾ ਦੀ ਪ੍ਰਧਾਨਗੀ ਵਸੁਮਿੱਤਰ ਨੇ ਕੀਤੀ। ਇਸ ਸਭਾ ਦੇ ਯਤਨਾਂ ਸਦਕਾ ਬੋਧੀ ਭਿਖਸ਼ੂਆਂ ਦੇ ਮਤਭੇਦ ਖਤਮ ਹੋਏ।

ਇਵੇਂ ਅਸੀਂ ਵੇਖਦੇ ਹਾਂ ਕਿ ਹਰ ਧਰਮ ਦੀ ਵਿਚਾਰਧਾਰਾ ਵਿੱਚ ਸਮਾਂ ਪੈਣ ਨਾਲ ਕੁਰੀਤੀਆਂ ਅਤੇ ਮਤਭੇਦ ਉੱਭਰ ਆਉਂਦੇ ਹਨ। ਅਸਲ ਵਿੱਚ ਧਰਮ ਦੇ ਸੰਸਥਾਪਤ ਪਰਿਪੂਰਨ ਮਹਾਂ ਪੁਰਸ਼ ਹੁੰਦੇ ਹਨ, ਪਰ ਉਹਨਾਂ ਦੇ ਪੈਰੋਕਾਰ ਇਸ ਕਦਰ ਪਰਿਪੂਰਨ ਨਹੀਂ ਹੁੰਦੇ ਇਸੇ ਕਰਕੇ ਉਹਨਾਂ ਦੇ ਨਿੱਜੀ ਵਿਕਾਰ ਜਾਂ ਕਮਜ਼ੋਰੀਆਂ ਕਈ ਤਰ੍ਹਾਂ ਦੇ ਮੱਤਭੇਦ ਖੜ੍ਹੇ ਕਰ ਦਿੰਦੀਆਂ ਹਨ। ਇਹੀ ਹਾਲ ਮਹਾਤਮਾ ਬੁੱਧ ਤੋਂ ਪਿੱਛੋਂ ਬੁੱਧ ਧਰਮ ਦਾ ਹੋਇਆ। ਪਰ ਬੁੱਧ ਤੋਂ ਪਿੱਛੋਂ ਆਯੋਜਿਤ ਮਹਾਂਸਭਾਵਾਂ ਵਿੱਚ ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਦਾ ਪੁਨਰ ਮੁਲਾਂਕਣ ਹੋਇਆ ਜਿਸ ਨਾਲ ਬੁੱਧ ਧਰਮ ਵਿੱਚ ਪੈਦਾ ਹੋਏ ਮਤਭੇਦ ਸਮੇਂ ਸਮੇਂ ਦੂਰ ਹੁੰਦੇ ਗਏ ਅਤੇ ਇਸ ਵਿੱਚ ਆਈ ਖੜੋਤ ਖਤਮ ਹੋ ਕੇ ਵਗਦੇ ਜਲ ਵਾਂਗ ਨਿਰਮਲ ਹੋਈ। ਇਸ ਨਾਲ ਬੁੱਧ ਧਰਮ ਦੇ ਪਾਸਾਰ ਵਿੱਚ ਤੇਜੀ ਆਈ। ਇਵੇਂ ਇਹਨਾਂ ਸਭਾਵਾਂ ਦੀ ਬੁੱਧ ਧਰਮ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

ਪ੍ਰਸ਼ਨ :-

(1) ਬੁੱਧ ਧਰਮ ਦੀ ਪਹਿਲੀ ਮਹਾਂ ਸਭਾ ਵਿੱਚ ਕਿਹੜੇ ਗ੍ਰੰਥ ਹੋਂਦ ਵਿੱਚ ਆਏ ?
(2) ਬੁੱਧ ਧਰਮ ਦੀ ਦੂਜੀ ਮਹਾਂ ਸਭਾ ਕਿਉਂ ਤੇ ਕਿੱਥੇ ਬੁਲਵਾਈ ਗਈ ?
(3) ਤੀਜੀ ਮਹਾਂ ਸਭਾ ਕਿੰਨਾ ਸਮਾਂ ਚੱਲੀ ?
(4) ਬੁੱਧ ਧਰਮ ਦੀ ਚੌਥੀ ਸਭਾ ਦੀ ਪ੍ਰਧਾਨਗੀ ਕਿਸਨੇ ਕੀਤੀ ?
(5) ਬੁੱਧ ਧਰਮ ਦੀਆਂ ਮਹਾਂ ਸਭਾਵਾਂ ਕਿੱਥੇ ਕਿੱਥੇ ਹੋਈਆਂ ?



Downloaded from https:// www.studiestoday.com

Downloaded from https:// www.studiestoday.com

**(ਅ) ਬੋਧੀ ਸੰਪਰਦਾਵਾਂ (Buddhist Sects ) :** ਮਹਾਂ ਪਰਿਨਿਰਵਾਣ ਪਿੱਛੋਂ ਬੁੱਧ ਧਰਮ ਦੀ ਦੂਜੀ ਮਹਾਂ ਸਭਾ ਜੋ 100 ਸਾਲ ਬਾਅਦ ਹੋਈ ਸੀ ਵਿੱਚ ਬੁੱਧ ਧਰਮ ਦੋ ਸ਼ਾਖਾਵਾਂ ਵਿੱਚ ਵੰਡਿਆ ਗਿਆ। ਇਕ ਦਾ ਨਾਮ ਸਥਵਿਰਵਾਦੀ ਜਾਂ ਥੇਰਵਾਦੀ ਸੀ ਜੋ ਬੁੱਧ ਦੀਆਂ ਸਿੱਖਿਆਂ ਦੇ ਕੱਟੜਵਾਦੀ ਮੁਦਈ ਸਨ ਅਤੇ ਇਹ ਅਰਹਤਾਂ ਦੇ ਦੱਸੇ ਮਾਰਗ-ਦਰਸ਼ਨ ਤੇ ਚੱਲਣ ਵਾਲੇ ਸਨ। ਇਹਨਾਂ ਨੂੰ ਵਿਦਵਾਨ ਲੋਕ ਰੂੜੀਵਾਦੀ ਵੀ ਕਹਿੰਦੇ ਹਨ ਕਿਉਂਕਿ ਇਹ ਬੁੱਧ ਧਰਮ ਦੀਆਂ ਪਰੰਪਰਾਵਾਂ ਦੇ ਅਨੁਸਾਰੀ ਸਨ। ਦੂਜੀ ਸ਼ਾਖ ਮਹਾਂ ਸਾਂਘਿਕ ਦੀ ਸੀ ਜੋ ਸੁਧਾਰਵਾਦੀ ਪ੍ਰਗਤੀਵਾਦੀ ਜਾਂ ਆਮ ਲੋਕਾਂ ਦੇ ਵਧੇਰੇ ਨੇੜੇ ਸੀ। ਇਹ ਬਦਲਦੇ ਹਾਲਾਤਾਂ ਮੁਤਾਬਿਕ ਆਪਣੇ ਆਪ ਨੂੰ ਢਾਲ ਕੇ ਚੱਲਣ ਦੇ ਹੱਕ ਵਿਚ ਸਨ।

ਸਮਰਾਟ ਅਸ਼ੋਕ ਦੇ ਸਮੇਂ ਪਹਿਲੀ ਸ਼ਾਖਾ ਥੇਰਵਾਦ ਤੋਂ ਹੀਨਯਾਨ ਸੰਪਰਦਾ ਹੋਂਦ ਵਿੱਚ ਆਈ ਅਤੇ ਮਹਾਂਸਾਂਘਿਕ ਤੋਂ ਮਹਾਂਯਾਨ ਸੰਪਰਦਾ ਦੀ ਉਤਪਤੀ ਹੋਈ। ਇਹ ਵੀ ਕਿਹਾ ਜਾਂਦਾ ਹੈ ਕਿ ਮਹਾਂਯਾਨ ਬੁੱਧ ਧਰਮ ਦੇ ਸੰਪ੍ਰਦਾਇਕ ਰੂਪ ਵਿੱਚ ਵਿਕਸਤ ਹੋਣ ਤੋਂ ਪਹਿਲਾਂ ਹੀਨਯਾਨ ਦੀਆਂ ਅਨੇਕਾਂ ਸੰਪ੍ਰਦਾਵਾਂ ਪ੍ਰਚਲਿਤ ਸਨ। ਤੀਜੀ ਮਹਾਂ ਸਭਾ (250 ਈ: ਪੂ:) ਦੇ ਸਮੇਂ ਤੱਕ ਹੀਨਯਾਨ ਅਤੇ ਮਹਾਯਾਨ ਸੰਪਰਦਾਵਾਂ ਤੋਂ 15 ਉਪ-ਸੰਪਰਦਾਵਾਂ ਦਾ ਜਨਮ ਹੋ ਚੁੱਕਾ ਸੀ।

**ਹੀਨਯਾਨ ਤੇ ਮਹਾਂਯਾਨ ਸੰਪਰਦਾਵਾਂ ਵਿਚਲੇ ਅੰਤਰ:** ਇਸ ਤੋਂ ਪਹਿਲਾਂ ਕਿ ਹੀਨਯਾਨ ਅਤੇ ਮਹਾਂਯਾਨ ਦੋਵਾਂ ਸੰਪਰਦਾਵਾਂ ਦੇ ਆਪਸੀ ਅੰਤਰ ਬਾਰੇ ਜਾਣਕਾਰੀ ਪ੍ਰਾਪਤ ਕਰੀਏ ਸਾਨੂੰ ਇਹਨਾਂ ਦੋਹਾਂ ਸੰਪਰਦਾਵਾਂ ਨੂੰ ਪਰਿਭਾਸ਼ਤ ਕਰ ਲੈਣਾ ਜ਼ਰੂਰੀ ਹੈ।

**ਹੀਨਯਾਨ:** ਹੀਨ ਦਾ ਅਰਥ ਹੈ ਛੋਟਾ ਅਤੇ ਯਾਨ ਦਾ ਅਰਥ ਹੈ ਬੇੜਾ। ਭਾਵ ਛੋਟਾ ਬੇੜਾ। ਹੀਨਯਾਨ ਬੁੱਧ ਧਰਮ ਦਾ ਉਹ ਫਿਰਕਾ ਹੈ ਜੋ ਬੁੱਧ ਦੇ ਮੂਲ ਉਪਦੇਸ਼ਾਂ ਨੂੰ ਅਪਣਾ ਕੇ ਇਸ ਸੀਮਤ ਘੇਰੇ ਵਿੱਚ ਰਿਹਾ। ਇਸਨੂੰ ਬੁੱਧ ਧਰਮ ਦਾ ਪੁਰਾਤਨ ਰੂਪ ਵੀ ਕਿਹਾ ਜਾਂਦਾ ਹੈ। ਅਤੇ ਇਹ ਮਹਾਤਮਾਂ ਬੁੱਧ ਦੇ ਉਪਦੇਸ਼ਾਂ ਉੱਪਰ ਅਧਾਰਤ ਹੈ ਇਸ ਦੇ ਗ੍ਰੰਥ ਵੀ ਬੁੱਧ ਦੀ ਮੂਲ ਭਾਸ਼ਾ ਪਾਲੀ ਵਿੱਚ ਹਨ ਇਹ ਪ੍ਰਾਚੀਨ ਬੁੱਧ ਦਰਸ਼ਨ ਤੇ ਪਰੰਪਰਾ ਨਾਲ ਕੇਂਦਰਿਤ ਹੈ। ਇਸੇ ਕਰਕੇ ਵਿਦਵਾਨ ਇਸਨੂੰ ਮੌਲਿਕ ਅਤੇ ਪੁਰਾਤਨ ਬੁੱਧ ਧਰਮ ਕਹਿੰਦੇ ਹਨ। ਇਹ ਲੋਕ ਲੰਕਾ, ਸਿਆਮ ਤੇ ਬਰਮਾ ਆਦਿ ਦੇਸ਼ਾਂ ਵਿੱਚ ਵਧੇਰੇ ਰਹੇ ਹਨ। ਇਸ ਸੰਪਰਦਾਇ ਦੇ ਪ੍ਰਮੁੱਖ ਸਿਧਾਂਤ ਇਸ ਪ੍ਰਕਾਰ ਹਨ:-

(1) ਸਾਰਾ ਸੰਸਾਰ ਅਤੇ ਸੰਸਾਰ ਦੀਆਂ ਸਾਰੀਆਂ ਵਸਤਾਂ ਨਾਸ਼ਮਾਨ ਹਨ। ਆਤਮਾ ਦੀ ਵੀ ਕੋਈ ਸੱਤਾ ਨਹੀਂ ਹੈ।

(2) ਪਰਮਾਤਮਾ ਦੀ ਕੋਈ ਹੋਂਦ ਨਹੀਂ ਹੈ। ਹਰੇਕ ਵਿਅਕਤੀ ਆਪਣੇ ਕਰਮ ਅਨੁਸਾਰ ਸਰੀਰ-ਮਨ ਤੇ ਸਥਾਨ ਨੂੰ ਅਪਨਾਉਂਦਾ ਹੈ।

(3) ਬੁੱਧ, ਧਰਮ ਅਤੇ ਸੰਘ ਦੀ ਪਾਲਣਾ ਹੀ ਮਾਨਵ ਦਾ ਉੱਤਮ ਕਾਰਜ ਹੈ।

(4) ਜੀਵਨ ਦਾ ਉੱਚਤਮ ਮਨੋਰਥ ਨਿਰਵਾਣ ਦੀ ਪ੍ਰਾਪਤੀ ਹੈ।

(5) ਚਾਰ ਜੀਵਨ ਸਚਾਈਆਂ ਹੀ ਅੰਤਮ ਸੱਚ ਹੈ। ਇਹ ਚਾਰ ਅਮਰ ਸੱਚ ਹਨ :

  (ੳ) ਸੰਸਾਰ ਵਿੱਚ ਦੁੱਖ ਹੈ।

  (ਅ) ਦੁੱਖ ਦਾ ਕਾਰਨ ਹੈ।

  (ੲ) ਦੁੱਖ ਦੂਰ ਹੋ ਸਕਦਾ ਹੈ ਜੇ ਤ੍ਰਿਸ਼ਨਾ ਦਾ ਤਿਆਗ ਹੋਵੇ।

  (ਸ) ਨਿਰਵਾਣ ਦੀ ਪ੍ਰਾਪਤੀ ਲਈ ਮਾਰਗ ਮੌਜੂਦ ਹੈ।

(6) ਨਿੱਜੀ ਨਿਰਵਾਣ ਦੀ ਹੀ ਚਿੰਤਾ ਕਰਨੀ ਚਾਹੀਦੀ ਹੈ।

(7) ਜੀਵਨ ਦਾ ਵਿਸ਼ੁਧ ਮਾਰਗ ਤਿਆਗ ਹੈ।

(8) ਬੁੱਧ ਕੋਈ ਆਮ ਵਿਅਕਤੀ ਨਹੀਂ ਸਗੋਂ ਮਹਾਤਮਾ ਤੇ ਗਿਆਨ ਦਾ ਸੋਮਾ ਸੀ।

ਇਹ ਉਪਰੋਕਤ ਸਿਧਾਂਤ ਏਨੇ ਆਦਰਸ਼ਕ ਸਨ ਕਿ ਇਹਨਾਂ ਦੀ ਪਾਲਣਾ ਕਠਿਨ ਸੀ। ਇਹਨਾਂ ਉੱਪਰ ਚੱਲਣ ਵਾਲੇ ਸਾਧਾਰਨ ਮਨੁੱਖ ਨਹੀਂ ਸਨ ਸਗੋਂ ਥੋੜ੍ਹੇ ਮਨੁੱਖ ਹੀ ਸਨ। ਇਹ ਹੀ ਹੀਨਯਾਨ ਛੋਟਾ ਪੰਥ ਜਾਂ ਛੋਟਾ ਵਾਹਨ ਸੀ। ਇਹ ਫਿਰਕਾ ਸੰਕੀਰਣ ਸੀ।

ਮਹਾਂਯਾਨ : ਹੀਨਯਾਨ ਧਰਮ ਦੀ ਸੰਕੀਰਣਤਾ ਅਤੇ ਅਣਿਵਹਾਰਕਰਤਾ ਵਿਚ ਹੀ ਮਹਾਂਯਾਨ ਦੇ ਬੀਜ ਲੁੱਕੇ ਹੋਏ ਹਨ। ਹੀਨਯਾਨ ਇੱਕ ਅਨੀਸ਼ਵਰਵਾਦੀ ਧਰਮ ਸੀ, ਇਸੇ ਕਰਕੇ ਇਹ ਆਮ ਲੋਕਾਂ ਦਾ ਧਰਮ ਨਹੀਂ ਸੀ। ਸੰਨਿਆਸ ਅਤੇ ਆਤਮ



Downloaded from https:// www.studiestoday.com

Downloaded from https:// www.studiestoday.com

ਨਿਰਭਰਤਾ ਦੇ ਆਦਰਸ਼ਾਂ ਦੀ ਪਾਲਣਾ ਇਸ ਦਾ ਮੂਲ ਮੰਤਰ ਸੀ ਜਿਸ ਨੂੰ ਹਰ ਕੋਈ ਅਪਨਾ ਨਹੀਂ ਸਕਦਾ ਸੀ। ਜਿਉਂ ਜਿਉਂ ਬੁੱਧ ਧਰਮ ਦਾ ਵਿਕਾਸ ਹੋਇਆ ਤਿਉਂ ਤਿਉਂ ਬੁੱਧ ਧਰਮ ਦੇ ਪੈਰੋਕਾਰਾਂ ਨੇ ਹੀਨਯਾਨ ਦੇ ਆਦਰਸ਼ਾਂ ਨੂੰ ਇਸ ਦੇ ਪਾਸਾਰ ਤੇ ਪ੍ਰਗਤੀ ਵਿੱਚ ਰੋਕ ਸਮਝਿਆ। ਇਸ ਸਥਿਤੀ ਦੇ ਉਲਟ ਹੀ ਕੁਝ ਪੈਰੋਕਾਰਾਂ ਨੇ ਇੱਕ ਅਜਿਹੇ ਫਿਰਕੇ ਨੂੰ ਜਨਮ ਦਿੱਤਾ ਜੋ ਆਮ ਲੋਕਾਂ ਦੀ ਮਾਨਸਿਕਤਾ ਅਤੇ ਹਿਰਦੇ ਨੂੰ ਸੰਤੁਸ਼ਟ ਕਰ ਸਕੇ। ਇਸ ਫਿਰਕੇ ਦੇ ਨਾਮ 'ਮਹਾਂਯਾਨ' ਦਾ ਅਰਥ ਹੈ ਵੱਡਾ ਬੇੜਾ ਜਾਂ ਸਾਫ ਮਾਰਗ। ਇਸੇ ਫਿਰਕੇ ਨੂੰ ਬਾਅਦ ਵਿੱਚ ਸਹਿਜਯਾਨ (Easy Path) ਵੀ ਕਿਹਾ ਗਿਆ। ਇਸ ਦੇ ਸਿਧਾਂਤਾਂ ਅਤੇ ਆਦਰਸ਼ਾਂ ਵਿੱਚ ਲਚਕ ਸੀ। ਇਹ ਸੰਪਰਦਾ ਵਧੇਰੇ ਕਰਕੇ ਕੋਰੀਆ, ਜਪਾਨ, ਚੀਨ ਆਦਿ ਦੇਸ਼ਾਂ ਵਿੱਚ ਪ੍ਰਚੱਲਿਤ ਹੋਈ। ਇਸ ਦੇ ਪ੍ਰਮੁੱਖ ਸਿਧਾਂਤ ਇਸ ਪ੍ਰਕਾਰ ਹਨ-

(1) ਬੋਧੀ ਸਤਵ ਦਾ ਗਿਆਨ ਪ੍ਰਾਪਤ ਕਰਨ ਦੀ ਇੱਛਾ ਪੈਦਾ ਕਰਨਾ।

(2) ਸੰਸਾਰ ਦੇ ਚਿੱਕੜ ਵਿੱਚ ਰਹਿ ਕੇ ਵੀ ਕੰਵਲ ਫੁੱਲ ਵਾਂਗ ਸਾਫ ਤੇ ਪਵਿੱਤਰ ਰਿਹਾ ਜਾਵੇ।

(3) ਨਿਰਵਾਣ ਜੀਵਨ ਦਾ ਉੱਚਤਮ ਉਦੇਸ਼ ਹੈ।

(4) ਬੁੱਧ ਈਸ਼ਵਰ ਦਾ ਦੂਜਾ ਰੂਪ ਸੀ।

(5) ਅਵਤਾਰਵਾਦ ਵਿੱਚ ਵਿਸ਼ਵਾਸ

(6) ਆਤਮਾ ਦੀ ਹੋਂਦ ਤੇ ਵਿਸ਼ਵਾਸ

(7) ਤਿਆਗ ਦੀ ਲੋੜ ਨਹੀਂ ਇੱਛਾਵਾਂ ਸੀਮਤ ਕਰਨ ਦੀ ਲੋੜ ਹੈ।

ਅਸੰਗ ਨੇ ਮਹਾਯਾਨਾਵਿਧਰਮ ਸੰਮਤੀ ਸੂਤਰ ਵਿੱਚ ਮਹਾਂਯਾਨ ਦੀਆਂ ਹੇਠ ਲਿਖੀਆਂ 7 ਮੌਲਿਕ ਵਿਸ਼ੇਸ਼ਤਾਈਆਂ ਬਿਆਨ ਕੀਤੀਆਂ ਹਨ-

(1) ਮਹਾਯਾਨ ਵਿਸਤ੍ਰਿਤ ਹੈ।

(2) ਇਹ ਸਾਰੇ ਜੀਵਾਂ ਪ੍ਰਤੀ ਸਾਧਾਰਣ ਪ੍ਰੇਮ ਨੂੰ ਪ੍ਰਗਟ ਕਰਦਾ ਹੈ।

(3) ਵਿਸ਼ੇ (Object) ਅਤੇ ਵਿਸ਼ਯੀ (Subject) ਦੇ ਪਰਮ ਤੱਤ ਦਾ ਨਿਖੇਧ ਕਰਕੇ ਅਤੇ ਚੈਤੰਨਯ ਨੂੰ ਇੱਕੋ-ਇੱਕ ਸੱਤਾ ਮੰਨ ਕੇ ਮਹਾਂਯਾਨ ਨੇ ਬੌਧਿਕਤਾ ਦਾ ਸਬੂਤ ਦਿੱਤਾ ਹੈ।

(4) ਇਸ ਦਾ ਆਦਰਸ਼ ਬੋਧੀਸਤਵ ਨੂੰ ਪ੍ਰਾਪਤ ਕਰਨਾ ਹੈ। ਬੋਧੀ ਸਤਵ ਵਿੱਚ ਸੰਸਾਰ ਦੇ ਸਾਰੇ ਜੀਵਾਂ ਦੀ ਮੁਕਤੀ ਲਈ ਕਰਮ ਕਰਨ ਦੀ ਅਨੋਖੀ ਸ਼ਕਤੀ ਹੈ।

(5) ਬੁੱਧ ਦਾ ਗਿਆਨ ਸਾਰੇ ਮਨੁੱਖਾਂ ਲਈ ਸੀ।

(6) ਅੰਤਿਮ ਉਦੇਸ਼ ਬੁੱਧਤਵ ਦੀ ਪ੍ਰਾਪਤੀ ਹੈ।

(7) ਬੁੱਧ ਸੰਸਾਰ ਦੇ ਸਾਰੇ ਲੋਕਾਂ ਦੀਆਂ ਅਧਿਆਤਮਿਕ ਲੋੜਾਂ ਪੂਰੀਆਂ ਕਰਦਾ ਹੈ।

ਹੀਨਯਾਨ ਤੇ ਮਹਾਂਯਾਨ ਦਾ ਅੰਤਰ :

(1) ਦੋਵਾਂ ਵਿੱਚ ਮਹਾਤਮਾ ਬੁੱਧ ਸੰਬੰਧੀ ਅੰਤਰ ਸੀ। ਮਹਾਯਾਨ ਵਾਲੇ ਮਹਾਤਮਾ ਬੁੱਧ ਨੂੰ ਦੇਵਤਾ ਸਮਝਦੇ ਸਨ, ਜਦ ਕਿ ਹੀਨਯਾਨ ਵਾਲੇ ਇੱਕ ਪਵਿੱਤਰ ਆਤਮਾ ਮੰਨਦੇ ਸਨ।

(2) ਮਹਾਂਯਾਨ ਵਾਲੇ ਬੁੱਧ ਨੂੰ ਦੇਵਤਾ ਸਮਝ ਕੇ ਉਸ ਦੀ ਮੂਰਤੀ ਪੂਜਾ ਦੇ ਵਿਸ਼ਵਾਸੀ ਸਨ ਅਤੇ ਹੀਨਯਾਨ ਮੂਰਤੀ ਪੂਜਾ ਦੇ ਵਿਰੋਧੀ ਸਨ।

(3) ਮਹਾਂਯਾਨੀ ਬੋਧੀ ਸਤਵਾਂ ਵਿੱਚ ਵਿਸ਼ਵਾਸ ਰਖਦੇ ਸਨ। ਬੋਧੀਸਤਵ ਦੇ ਧਾਰਨੀ ਉਹ ਆਦਰਯੋਗ ਬੋਧੀ ਸਨ ਜਿਨ੍ਹਾਂ ਅੰਦਰ ਆਤਮ-ਤਿਆਗ ਤਾਂ ਸੀ ਪਰ ਨਿਰਵਾਣ ਦੀ ਪ੍ਰਾਪਤੀ ਨਹੀਂ ਕਰ ਪਾਏ ਸਨ। ਹੀਨਯਾਨ ਬੋਧੀਸਤਵ ਦੀ ਬਜਾਏ ਨਿਰਵਾਣ ਵਿੱਚ ਵਿਸ਼ਵਾਸ ਰਖਦੇ ਸਨ।

(4) ਹੀਨਯਾਨੀਆਂ ਦਾ ਪ੍ਰਚਾਰ ਪਾਲੀ ਭਾਸ਼ਾ ਸੀ ਜਦ ਕਿ ਮਹਾਯਾਨੀਆਂ ਦੀ ਭਾਸ਼ਾ ਸੰਸਕ੍ਰਿਤ ਸੀ।

(5) ਹੀਨਯਾਨ ਦਾ ਪਰਮ ਉਦੇਸ਼ ਨਿਰਵਾਣ ਦੀ ਪ੍ਰਾਪਤੀ ਸੀ, ਜਦ ਕਿ ਮਹਾਂਯਾਨੀਆਂ ਦਾ ਸੁੱਖਾਂ ਦੀ ਪ੍ਰਾਪਤੀ ਸੀ।



Downloaded from https:// www.studiestoday.com

Downloaded from https:// www.studiestoday.com

(6) ਮਹਾਂਯਾਨੀ ਪਾਠ-ਪੂਜਾ ਨੂੰ ਧਰਮ ਦਾ ਜ਼ਰੂਰੀ ਅੰਗ ਮੰਨਦੇ ਸਨ ਜਦ ਕਿ ਹੀਨਯਾਨੀ ਇਸ ਦੀ ਬਜਾਏ ਅਸ਼ਟ ਮਾਰਗ ਨੂੰ ਅਸਲੀ ਰੂਪ ਵਿੱਚ ਧਾਰਨ ਕਰਨ ਨੂੰ ਹੀ ਧਰਮ ਮੰਨਦੇ ਸਨ।

(7) ਮਹਾਂਯਾਨ ਵਿੱਚ ਸ਼ਰਧਾ ਵਧੇਰੇ ਸੀ, ਪਰ ਹੀਨਯਾਂਨ ਵਾਲੇ ਕਿਸੇ ਵਿਚਾਰ ਵਿੱਚ ਸ਼ਰਧਾ ਰੱਖਣ ਦੀ ਬਜਾਏ ਤੱਰਕ ਤੇ ਵਧੇਰੇ ਜ਼ੋਰ ਦਿੰਦੇ ਸਨ।

(8) ਮਹਾਂਯਾਨੀ ਆਪਣੇ ਆਪ ਨੂੰ ਬਦਲਦੇ ਹਾਲਾਤਾਂ ਅਨੁਸਾਰ ਢਾਲਦੇ ਰਹੇ ਜਦਕਿ ਹੀਨਯਾਨੀ ਕੱਟੜਵਾਦੀ ਰੁਖ ਅਖਤਿਆਰ ਕਰਦੇ ਹਨ।

ਇਵੇਂ ਵੇਖਿਆ ਜਾਵੇ ਤਾਂ ਬੁੱਧ ਧਰਮ ਵਿਵਹਾਰਕ ਰੂਪ ਵਿੱਚ ਦੋ ਪਰਤਾਂ ਰਾਹੀਂ ਫੈਲਿਆ। ਇੱਕ ਆਮ ਲੋਕਾਂ ਵਿੱਚ ਦੂਜਾ ਭਿਖਸ਼ੂਆਂ ਦੇ ਕਠੋਰ ਜੀਵਨ ਦੇ ਰੂਪ ਵਿੱਚ। ਇੱਕ ਆਪਣੇ ਆਪ ਨੂੰ ਬੁੱਧ ਕੇਂਦਰਿਤ ਕਰਦੇ ਰਹੇ ਅਤੇ ਲੋਕਾਂ ਨੂੰ ਬੁੱਧ ਬਣਾਉਂਦੇ ਰਹੇ । ਦੂਜੇ ਬੁੱਧ ਨੂੰ ਅਤੇ ਲੋਕਾਂ ਨਾਲ ਜੋੜ ਕੇ ਸਿਧਾਂਤਾਂ ਦਾ ਸਿਧਾਂਤੀਕਰਣ ਦੀ ਬਜਾਏ ਲੋਕੀ- ਕਰਣ ਕਰਦੇ ਰਹੇ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

(1) ਹੀਨਯਾਨ ਤੇ ਮਹਾਂਯਾਨ ਦਾ ਕੋਈ ਇਕ ਮੂਲ ਅੰਤਰ ਦੱਸੋ?

(2) ਅਸੰਗ ਨੇ ਕਿਹੜੇ ਗ੍ਰੰਥ ਵਿੱਚ ਮਹਾਯਾਨ ਦੀਆਂ ਵਿਸ਼ੇਸ਼ਤਾਵਾਂ ਲਿਖੀਆਂ ਹਨ?

(3) ਹੀਨਯਾਨ ਦੀ ਕੋਈ ਇੱਕ ਵਿਸ਼ੇਸ਼ਤਾ ਲਿਖੋ।

(4) ਮਹਾਂਯਾਨੀ ਕਿਸ ਚੀਜ਼ ਨੂੰ ਧਾਰਨ ਤੇ ਜ਼ੋਰ ਦਿੰਦੇ ਹਨ?

**ਬੁੱਧ ਧਰਮ ਦੇ ਵਿਕਾਸ ਵਿੱਚ ਸ਼ਾਸਕ ਵਰਗ ਦਾ ਯੋਗਦਾਨ :**

ਬੁੱਧ ਧਰਮ ਦੇ ਵਿਕਾਸ ਵਿੱਚ ਸ਼ਾਸ਼ਕ ਵਰਗ ਅਤੇ ਰਾਜੇ ਮਹਾਰਾਜਿਆਂ ਦੇ ਯੋਗਦਾਨ ਦੀ ਵਿਸ਼ੇਸ਼ ਭੂਮਿਕਾ ਹੈ। ਅਸਲ ਵਿੱਚ ਤਾਂ ਗੌਤਮ ਬੁੱਧ ਖੁਦ ਰਾਜ-ਕੁਮਾਰ ਸੀ ਅਤੇ ਉਸ ਦਾ ਪਿਤਾ ਸੁਧੋਧਨ ਕਪਿਲਵਸਤੂ ਦਾ ਰਾਜਾ ਸੀ। ਪਰ ਨਿਰਵਾਣ ਦੀ ਪ੍ਰਾਪਤੀ ਲਈ ਉਸਨੇ ਆਪਣੀ ਸ਼ਾਹੀ ਹੋਂਦ ਖਤਮ ਕਰਕੇ ਕਠੋਰ ਤੱਪ ਕੀਤਾ ਅਤੇ ਗਿਆਨ ਪ੍ਰਾਪਤੀ ਪਿੱਛੋਂ ਵੀ ਰਾਜ ਸੱਤਾ ਨੂੰ ਪ੍ਰਵਾਨ ਨਾ ਕੀਤਾ। 45 ਸਾਲ ਦੇ ਬੋਧੀ ਜੀਵਨ ਵਿੱਚ ਭਾਵੇਂ ਉਸਨੇ ਪਦਾਰਥ ਜੀਵਨ ਤੋਂ ਆਪਣੇ ਆਪ ਨੂੰ ਇੱਕ ਵਿੱਥ ਤੇ ਰੱਖਿਆ ਪਰ ਉਸਦੇ ਪ੍ਰਾਪਤ ਕੀਤੇ ਗਿਆਨ ਕਰਕੇ ਹਕੂਮਤਾਂ ਉਸਨੂੰ ਸੀਸ ਨਿਵਾਉਂਦੀਆਂ ਰਹੀਆਂ। ਉਸ ਤੋਂ ਪਿੱਛੋਂ ਵੀ ਉਸਦੇ ਧਰਮ ਪ੍ਰਤੀ ਜਿੱਥੇ ਵੇਲੇ ਦੇ ਸਮਰਾਟਾਂ ਦੀ ਆਸਥਾ ਸੀ ਉੱਥੇ ਇਸ ਧਰਮ ਨੂੰ ਫੈਲਾਉਣ ਵਿੱਚ ਆਪਣੀਆਂ ਸੇਵਾਵਾਂ ਪੇਸ਼ ਕਰਨਾ ਤਾਂ ਉਹ ਪਵਿੱਤਰ ਕਾਰਜ ਸਮਝਦੇ ਸਨ।

ਮਹਾਤਮਾਂ ਬੁੱਧ ਨੇ ਜਦੋਂ ਅਪਣੇ ਧਰਮ ਦਾ ਪ੍ਰਚਾਰ ਆਰੰਭ ਕੀਤਾ ਰਾਜਾ ਬਿੰਬੀਸਾਰ ਉਸਦਾ ਚੇਲਾ ਬਣਿਆ ਸੀ। ਇਸ ਤੋਂ ਪਿੱਛੋਂ ਹੀ ਬੁੱਧ ਦੇ ਪਿਤਾ ਰਾਜਾ ਸੁਧੋਧਨ ਨੂੰ ਜਦ ਪਤਾ ਲੱਗਾ ਤਾਂ ਉਹ ਵੀ ਗੌਤਮ ਬੁੱਧ ਪ੍ਰਤੀ ਆਪਣੀਆਂ ਸਾਰੀਆਂ ਸੇਵਾਵਾਂ ਪੇਸ਼ ਕਰ ਦਿੰਦਾ ਹੈ। ਭਾਵੇਂ ਬੁੱਧ ਨੇ ਆਪਣੇ ਪਿਤਾ ਪਾਸੋਂ ਕੁਝ ਵੀ ਪ੍ਰਾਪਤ ਨਹੀਂ ਕੀਤਾ ਪਰ ਪਿਤਾ ਦਾ ਹਿੱਤ ਆਪਣੇ ਪੁੱਤਰ ਦੇ ਧਰਮ ਪ੍ਰਤੀ ਰਿਹਾ ਅਤੇ ਇਸ ਦੇ ਫੈਲਾਉਣ ਲਈ ਉਸਨੇ ਹਰ ਸੰਭਵ ਮਦਦ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਕੀਤੀ।

ਬਿੰਬੀਸਾਰ ਦਾ ਪੁੱਤਰ ਅਜਾਤ ਸ਼ਤਰੂ ਮਹਾਤਮਾ ਬੁੱਧ ਦਾ ਬਹੁਤ ਵੱਡਾ ਉਪਾਸਕ ਸੀ। ਜਿਸ ਵੇਲੇ ਉਹਨਾਂ ਦਾ ਦੇਹਾਂਤ (ਮਹਾਂਪਰਿਨਿਰਵਾਣ) ਹੋਇਆ ਤਾਂ ਉਹ ਪਾਵਾਂ ਤੋਂ ਕੁਸ਼ੀਨਗਰ ਚਲੇ ਗਏ ਸਨ। ਦੇਹਾਂਤ ਸਮੇਂ ਜਿੱਥੇ ਕੁਸ਼ੀਨਗਰ ਦਾ ਰਾਜਾ ਮੱਲਸ ਫੁੱਲਾਂ ਦੇ ਹਾਰ ਲੈਕੇ ਸ਼ਰਧਾਂਜਲੀ ਭੇਟ ਕਰਨ ਆਇਆ ਸੀ ਉੱਥੇ ਉਹਨਾਂ ਦੇ ਅੰਤਮ ਸੰਸਕਾਰ ਵਿੱਚ ਅਜਾਤ ਸ਼ੱਤਰੂ, ਵੈਸ਼ਾਲੀ ਗਣਤੰਤਰ ਦੇ ਛੇ ਰਾਜੇ, ਕਪਲਵਸਤੂ ਦੇ ਸ਼ਾਕਯ, ਪਾਵਾ ਦਾ ਰਾਜਾ, ਪਿਪਲੀਵਣ ਦਾ ਰਾਜਾ ਮੋਰਯਾ ਸਭ ਆਏ ਸਨ। ਇਸ ਤੋਂ ਪਤਾ ਲਗਦਾ ਹੈ ਕਿ ਇਹ ਸਾਰੇ ਬੁੱਧ ਧਰਮ ਦੇ ਅਨੁਯਾਈ ਸਨ। ਇਹ ਰਾਜੇ ਅਤੇ ਇਹਨਾਂ ਦੇ ਉਤਰਾਧਿਕਾਰੀ ਸਾਰੇ ਹੀ ਬੁੱਧ ਧਰਮ ਦੇ ਪਾਸਾਰ ਤੇ ਵਿਕਾਸ ਵਿੱਚ ਆਪਣੇ ਆਪਣੇ ਸਮੇਂ ਯੋਗਦਾਨ ਪਾਉਂਦੇ ਰਹੇ ਹਨ।

ਮਹਾਤਮਾ ਬੁੱਧ ਦੇ ਫੁੱਲ ਚੁਗਣ ਵੇਲੇ ਉਪਾਲੀ ਨੇ ਜੋ ਸ਼ਰਧਾਂਜਲੀ ਭੇਟ ਕੀਤੀ ਉਸ ਵਿੱਚ ਵੀ ਰਾਜਿਆਂ ਦਾ ਜ਼ਿਕਰ ਹੈ-"ਹੇ ਭਿਖਸ਼ੂਓ, ਸ਼ਰੱਮਣੋ, ਸਾਧੂਓ ਅਤੇ ਗ੍ਰਹਿ ਸਾਥੀਓ, ਸਾਡਾ ਪਿਆਰਾ ਸਾਡੇ ਤੋਂ ਵਿਛੜਿਆਂ ਨਹੀਂ ਹੈ ਲੱਖਾਂ



Downloaded from https:// www.studiestoday.com

Downloaded from https:// www.studiestoday.com

ਅੱਖਾਂ ਵਾਲੇ ਉਸ ਨੂੰ ਜ਼ਰੂਰ ਦੇਖ ਲੈਣਗੇ। ਬਹੁਤ ਸਾਰੇ ਰਾਜੇ ਮਹਾਰਾਜੇ ਆਏ ਹਨ, ਜੋ ਅਸਥੀਆਂ ਲੈਣ ਲਈ ਪ੍ਰਾਰਥਨਾ ਕਰ ਰਹੇ ਹਨ। ਉਹ ਕਹਿ ਰਹੇ ਹਨ ਰਾਜਧਾਨੀਆਂ ਵਿੱਚ ਅਸਥੀਆਂ ਦਾ ਸਨਮਾਨ ਕਰ ਕੇ ਉਹ ਬੋਧੀ ਸਤੂਪ, ਮੱਠ ਉਸਾਰਨਗੇ। ਅਸੀਂ ਉਹਨਾਂ ਨੂੰ ਅਸਥੀਆਂ ਜ਼ਰੂਰ ਦੇਵਾਂਗੇ।"

ਬੁੱਧ ਧਰਮ ਨੂੰ ਸਭ ਤੋਂ ਪਹਿਲਾਂ ਸੁਰੱਖਿਆ ਪ੍ਰਦਾਨ ਕਰਨ ਵਾਲਾ ਮਹਾਰਾਜਾ ਅਜਾਤ ਸ਼ਤਰੂ ਸੀ। ਉਸ ਨੇ ਜਿੱਥੇ ਆਪਣੀ ਰਾਜਧਾਨੀ ਵਿੱਚ ਬੁੱਧ ਦਾ ਸਤੂਪ ਬਣਵਾਇਆ ਸੀ, ਉੱਥੇ ਵੈਭਾਰ ਦੀ ਪਹਾੜੀ ਗੁਫਾ ਉਪਰ ਇੱਕ ਸਭਾ ਭਵਨ ਵੀ ਬਣਵਾ ਦਿੱਤਾ ਸੀ। ਮਹਾਤਮਾ ਬੁੱਧ ਦੇ ਪੈਰੋਕਾਰਾਂ ਦੀ ਪਹਿਲੀ ਮਹਾਂ ਸਭਾ ਇਸ ਭਵਨ ਵਿੱਚ ਹੀ ਹੋਈ ਸੀ। ਇਸ ਪਹਿਲੀ ਮਹਾਂ ਸਭਾ ਦਾ ਸਾਰਾ ਖਰਚਾ ਵੀ ਅਜਾਤ ਸ਼ਤਰੂ ਨੇ ਹੀ ਕੀਤਾ ਸੀ।

ਬੁੱਧ ਧਰਮ ਦੀ ਦੂਜੀ ਮਹਾਂਸਭਾ ਵਿੱਚ ਮਗਧ ਦੇ ਰਾਜਾ ਕਾਲਾਸੋਕ ਨੇ ਅਹਿਮ ਭੂਮਿਕਾ ਨਿਭਾਈ ਸੀ। ਉਸ ਨੇ ਸਾਰੇ ਪ੍ਰਬੰਧ ਕੀਤੇ ਸਨ।

ਸਮਰਾਟ ਅਸ਼ੋਕ ਬੁੱਧ ਧਰਮ ਦਾ ਸਭ ਤੋਂ ਵੱਡਾ ਪੈਰੋਕਾਰ ਸੀ। ਉਸ ਨੇ ਨਾ ਕੇਵਲ ਬੁੱਧ ਮੱਤ ਗ੍ਰਹਿਣ ਹੀ ਕੀਤਾ ਸਗੋਂ ਉਸ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਨੇਕਾਂ ਕੰਮ ਵੀ ਕੀਤੇ। ਉਸ ਦੇ ਯਤਨਾਂ ਸਦਕਾ ਜਿੱਥੇ ਤੀਜੀ ਮਹਾਂਸਭਾ ਦੌਰਾਨ ਬੋਧੀ ਭਿਖਸ਼ੂਆਂ ਵਿੱਚ ਪੈਦਾ ਹੋਏ ਟਕਰਾ ਖਤਮ ਹੋਏ ਉੱਥੇ ਬੁੱਧ ਧਰਮ ਨੂੰ ਭਾਰਤ ਤੋਂ ਬਾਹਰ ਵਿਦੇਸ਼ਾਂ ਵਿੱਚ ਪ੍ਰਚਾਰਨ ਲਈ ਉਸ ਨੇ ਯਤਨ ਕੀਤੇ ਤੇ ਬੋਧੀ ਭਿਖਸ਼ੂਆਂ ਨੂੰ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕੀਤੀ।

ਸ਼ਮਰਾਟ ਅਸ਼ੋਕ ਨੇ ਸਭ ਤੋਂ ਪਹਿਲਾਂ ਉਹਨਾਂ ਸਥਾਨਾਂ ਦੀ ਯਾਤਰਾ ਕੀਤੀ, ਜਿੱਥੇ ਜਿੱਥੇ ਮਹਾਤਮਾ ਬੁੱਧ ਗਏ ਸਨ। ਫਿਰ ਇਹਨਾਂ ਸਥਾਨਾਂ ਉੱਪਰ ਬੁੱਧ ਵਿਹਾਰ, ਮੱਠ ਆਦਿ ਸਥਾਪਤ ਕੀਤੇ ਤਾਂ ਕਿ ਲੋਕ ਬੁੱਧ ਨੂੰ ਯਾਦ ਰਖਦੇ ਰਹਿਣ। ਗਯਾ, ਲੁੰਬਿਨੀਵਣ, ਕਪਿਲਵਸਤੂ, ਕਾਸ਼ੀਨਗਰ ਆਦਿ ਥਾਂਵਾਂ ਉੱਪਰ ਯਾਦਗਾਰਾਂ ਕਾਇਮ ਕੀਤੀਆਂ।

ਅਸ਼ੋਕ ਦੀ ਬੁੱਧ ਧਰਮ ਦੇ ਵਿਕਾਸ ਵਿੱਚ ਸਭ ਤੋਂ ਵੱਡੀ ਦੇਣ ਇਹ ਸੀ ਕਿ ਉਸ ਨੇ ਬੁੱਧ ਧਰਮ ਨੂੰ ਰਾਜ ਧਰਮ ਵਜੋਂ ਪ੍ਰਵਾਨ ਕਰ ਲਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਰਾਜ ਦੀ ਬਹੁ ਗਿਣਤੀ ਪਰਜਾ ਬੁੱਧ ਧਰਮ ਦੀ ਅਨੁਯਾਈ ਬਣ ਗਈ।

ਸਮਰਾਟ ਅਸ਼ੋਕ ਨੇ ਬੋਧੀ ਭਿਖਸ਼ੂਆਂ ਦੇ ਰਹਿਣ ਲਈ ਸੰਘਾਂ ਅਤੇ ਵਿਹਾਰਾਂ ਦੀ ਸਥਾਪਨਾ ਕੀਤੀ। ਕਹਿੰਦੇ ਹਨ ਉਸ ਨੇ 84000 ਵਿਹਾਰ ਬਣਵਾਏ ਸਨ। ਬੁੱਧ ਧਰਮ ਦੇ ਪ੍ਰਚਾਰ ਲਈ ਉਸ ਨੇ ਮਹਾਂ ਪਾਤਰ ਨਿਯੁਕਤ ਕੀਤੇ ਉਸ ਨੇ ਬੁੱਧ ਧਰਮ ਦੇ ਪ੍ਰਚਾਰ ਲਈ ਕੁਝ ਪ੍ਰਸ਼ਾਸਕੀ ਕਦਮ ਵੀ ਚੁੱਕੇ। ਅਹਿੰਸਾ ਦੇ ਨਾਮ ਦੀ ਪਾਲਣਾ ਹਿੱਤ ਸਭ ਤਰ੍ਹਾਂ ਦੀ ਬਲੀ ਦੀ ਮਨਾਹੀ ਕਰ ਦਿੱਤੀ ਗਈ। ਜੰਗਲੀ ਜੀਵਾਂ ਨੂੰ ਬਚਾਉਣ, ਮੱਛੀਆਂ ਫੜਨ ਅਤੇ ਸ਼ਾਹੀ ਰਸੋਈਆਂ ਵਿੱਚ ਮਾਸ ਦੇ ਆਹਾਰ ਦੀ ਮਨਾਹੀ ਕਰ ਦਿੱਤੀ ਗਈ। ਪਸ਼ੂਆਂ ਦੀ ਲੜਾਈ ਕਰਵਾਉਣਾ ਆਦਿ ਬੰਦ ਕਰ ਦਿੱਤਾ। ਸਾਲ ਵਿੱਚ 56 ਦਿਨ ਪਸ਼ੂਆਂ ਦੀ ਹੱਤਿਆਂ ਵੀ ਨਹੀਂ ਕੀਤੀ ਜਾ ਸਕਦੀ ਸੀ।

ਆਪਣੇ ਸਾਰੇ ਹੀ ਰਾਜ ਵਿੱਚ ਅਸ਼ੋਕ ਨੇ ਬੁੱਧ ਧਰਮ ਦੇ ਪ੍ਰਚਾਰ ਹਿੱਤ ਸ਼ਿਲਾਲੇਖ ਸਥਾਪਤ ਕੀਤੇ। ਇਹ ਸ਼ਿਲਾਲੇਖ ਰਾਜ ਮਾਰਗਾਂ ਅਤੇ ਖਾਸ ਥਾਂਵਾਂ ਤੇ ਲਗਵਾਏ ਗਏ ਜਿੱਥੋਂ ਆਉਣ ਜਾਣ ਵਾਲੇ ਲੋਕ ਇਹਨਾਂ ਨੂੰ ਪੜ੍ਹ ਸਕਣ। ਬੁੱਧ ਧਰਮ ਨਾਲ ਸੰਬੰਧਿਤ ਗ੍ਰੰਥ ਲਿਖਵਾਏ ਗਏ। ਤੀਜੀ ਮਹਾਂ ਸਭਾ ਵੇਲੇ ਤਿੱਸ ਪਾਸੋਂ ਕਥਾਵਥੂ ਨਾਮੀ ਗ੍ਰੰਥ ਲਿਖਵਾਇਆ ਗਿਆ। ਤੀਜੀ ਮਹਾਂ ਸਭਾ ਵਿੱਚ ਪ੍ਰਵਾਨ ਹੋਏ ਫੈਸਲਿਆਂ ਨੂੰ ਆਪਣੇ ਰਾਜ ਵਿੱਚ ਪੂਰੀ ਤਰ੍ਹਾਂ ਲਾਗੂ ਕੀਤਾ। 9 ਮਹੀਨੇ ਚੱਲੀ ਇਸ ਸਭਾ ਦਾ ਸਾਰਾ ਖਰਚਾ ਆਪਣੇ ਜ਼ੁੰਮੇ ਲਿਆ। ਬੁੱਧ ਧਰਮ ਦੇ ਪ੍ਰਚਾਰ ਲਈ ਆਪਣੇ ਪੁੱਤਰ ਮਹੇਂਦ੍ਰ ਅਤੇ ਪੁੱਤਰੀ ਸੰਘ ਮਿੱਤਰਾ ਨੂੰ ਲੰਕਾ ਭੇਜਿਆ। ਕੁਝ ਬੋਧੀ ਭਿਖਸ਼ੂ ਤੇ ਵਿਦਵਾਨ ਚੀਨ, ਮਕਦੂਨੀਆਂ ਅਤੇ ਹੋਰ ਦੇਸ਼ਾਂ ਵਿੱਚ ਪ੍ਰਚਾਰ ਲਈ ਭੇਜੇ ਗਏ। ਅਸ਼ੋਕ ਦੇ ਬੁੱਧ ਧਰਮ ਦੇ ਪ੍ਰਤੀ ਮਹਾਨ ਸੇਵਾਵਾਂ ਨੂੰ ਮੁੱਖ ਰਖਦੇ ਹੋਏ ਹੀ ਡਾ. ਡੀ. ਸੀ. ਸਰਕਾਰ ਕਹਿੰਦੇ ਹਨ- 'ਅਸ਼ੋਕ ਬੁੱਧ ਧਰਮ ਦਾ ਸਰਪ੍ਰਸਤ ਸੀ ਅਤੇ ਉਹ ਇਸ ਧਰਮ ਨੂੰ ਜਿਹੜਾ ਕਿ ਪੂਰਬੀ ਭਾਰਤ ਦਾ ਇੱਕ ਸਥਾਨਕ ਧਰਮ ਸੀ, ਸੰਸਾਰ ਦੇ ਸਭ ਤੋਂ ਪ੍ਰਸਿੱਧ ਧਰਮਾਂ ਵਿੱਚੋਂ ਇੱਕ ਬਣਾਉਣ ਲਈ ਜ਼ਿੰਮੇਵਾਰ ਸੀ।"

ਇਵੇਂ ਅਸੀਂ ਵੇਖਦੇ ਹਾਂ ਕਿ ਮਹਾਤਮਾ ਬੁੱਧ ਤੋਂ ਪਿੱਛੋਂ ਬੁੱਧ ਧਰਮ ਦੇ ਵਿਕਾਸ ਵਿੱਚ ਸ਼ਾਸਕ ਵਰਗ ਦਾ ਵਿਸ਼ੇਸ਼ ਯੋਗਦਾਨ ਸੀ। ਸਮਰਾਟ ਅਜਾਤਸ਼ਤਰੂ, ਸਮਰਾਟ ਕਾਲਾਸ਼ੋਕ, ਸਮਰਾਟ ਅਸ਼ੋਕ ਆਦਿ ਦੀ ਇਸ ਵਿੱਚ ਅਹਿਮ ਭੂਮਿਕਾ ਸੀ। ਇਹਨਾਂ ਸ਼ਾਸਕਾਂ ਦਾ ਸਮਾਂ ਬੁੱਧ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਸੁਨਿਹਰੀ ਕਾਲ ਮੰਨਿਆ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ :**

(1) ਬੁੱਧ ਧਰਮ ਦੇ ਵਿਕਾਸ ਵਿੱਚ ਕਿਹੜੇ ਰਾਜੇ ਮਹਾਰਾਜਿਆਂ ਦਾ ਯੋਗਦਾਨ ਹੈ ?

(2) ਸਮਰਾਟ ਅਸ਼ੋਕ ਨੇ ਕਿੰਨੇ ਵਿਹਾਰ ਬਣਵਾਏ?

(3) ਬੁੱਧ ਧਰਮ ਦਾ ਸਰਪ੍ਰਸਤ ਕਿਸ ਨੂੰ ਆਖਿਆ ਗਿਆ ਹੈ।

## ਦੁਹਰਾਈ ਲਈ

## ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਮਹਾਤਮਾ ਬੁੱਧ ਦੇ ਸਮੇਂ 'ਸੰਘ' ਦੀ ਕੀ ਮਹੱਤਤਾ ਸੀ।
2. ਮਹਾਤਮਾ ਬੁੱਧ ਨੇ ਆਪਣੇ ਬਾਰੇ ਚੇਲਿਆਂ ਨੂੰ ਕੀ ਸਿੱਖਿਆ ਦਿੱਤੀ।
3. ਬੁੱਧ ਧਰਮ ਦੀ ਪਹਿਲੀ ਬੋਧੀ ਮਹਾ ਸਭਾ ਬਾਰੇ ਸੰਖੇਪ ਜਾਣਕਾਰੀ ਦਿਓ।
4. ਦੂਜੀ ਮਹਾਂ ਸਭਾ ਵਿੱਚ ਬੁੱਧ ਧਰਮ ਵਿੱਚ ਕਿਹੜੇ ਕਿਹੜੇ ਵਖਰੇਵੇਂ ਪੈਦਾ ਹੋਏ।
5. ਦੂਜੀ ਮਹਾਂ ਸਭਾ ਵਿੱਚ ਕਿਹੜੀਆਂ ਮੁੱਖ ਅਨੁਸ਼ਾਸਨਿਕ ਗੱਲਾਂ ਉਪਰ ਚਰਚਾ ਹੋਈ।
6. ਤੀਜੀ ਮਹਾਂ ਸਭਾ ਵਿੱਚ ਸਾਮਰਾਟ ਅਸ਼ੋਕ ਦੀ ਕੀ ਭੂਮਿਕਾ ਸੀ?
7. ਬੁੱਧ ਧਰਮ ਦੇ ਵਿਕਾਸ ਵਿੱਚ ਮਹਾਤਮਾ ਬੁੱਧ ਦੇ ਪਿਤਾ ਦੀ ਕੀ ਭੂਮਿਕਾ ਰਹੀ।
8. ਬੁੱਧ ਧਰਮ ਦੇ ਵਿਕਾਸ ਵਿੱਚ ਕਿਹੜੇ ਕਿਹੜੇ ਸਾਸ਼ਕਾਂ ਨੇ ਯੋਗਦਾਨ ਪਾਇਆ ਹੈ।
9. ਬੁੱਧ ਧਰਮ ਦੀ ਤੀਜੀ ਮਹਾਂ ਸਭਾ ਤੇ ਨੋਟ ਲਿਖੋ।
10. ਮਹਾਯਾਨ ਦੇ ਮੁੱਖ ਸਿਧਾਂਤ ਕੀ ਸਨ?
11. ਅਸੰਗ ਨੇ ਮਹਾਯਾਨਾਭਿਧਰਮ ਸੰਮਤੀ ਸੂਤਰ ਵਿੱਚ ਮਹਾਯਾਨ ਦੀਆਂ ਕਿਹੜੀਆਂ ਮੌਲਿਕ ਵਿਸ਼ੇਸ਼ਤਾਵਾਂ ਬਿਆਨ ਕੀਤੀਆਂ ਹਨ?
12. ਹੀਨਯਾਨ ਅਤੇ ਮਹਾਯਾਨ ਵਿੱਚ ਮੁੱਖ ਅੰਤਰ ਦੱਸੋ।

## ਨਿਬੰਧਾਤਮਕ ਉੱਤਰਾਂ ਵਾਲੇ ਪ੍ਰਸ਼ਨ

1. ਬੁੱਧ ਧਰਮ ਦੀਆਂ ਸੰਪਰਦਾਵਾਂ ਨੂੰ ਬਿਆਨ ਕਰਦੇ ਹੋਏ, ਇਸ ਦੇ ਹੀਨਯਾਨ ਅਤੇ ਮਹਾਯਾਨ ਫਿਰਕਿਆਂ ਬਾਰੇ ਵਿਸਥਾਰ ਨਾਲ ਬਿਆਨ ਕਰੋ।
2. ਮਹਾਤਮਾ ਬੁੱਧ ਤੋਂ ਪਿੱਛੋਂ, ਸਮਰਾਟ ਅਸ਼ੋਕ ਤੱਕ ਦੇ ਬੁੱਧ ਧਰਮ ਦੇ ਵਿਕਾਸ ਬਾਰੇ ਚਰਚਾ ਕਰੋ।
3. ਸਮਰਾਟ ਅਸ਼ੋਕ ਨੇ ਬੁੱਧ ਧਰਮ ਦੇ ਵਿਕਾਸ ਵਿੱਚ ਕੀ ਯੋਗਦਾਨ ਪਾਇਆ ਹੈ? ਵਿਚਾਰ ਕਰੋ।



Downloaded from https:// www.studiestoday.com

Downloaded from https:// www.studiestoday.com

## ਪਾਠ-5

## ਸਿੱਖ ਧਰਮ ਦਾ ਜਨਮ ਤੇ ਵਿਕਾਸ

### ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅਰਜਨ ਦੇਵ ਜੀ ਤੱਕ

**ਪਿਛੋਕੜ** - ਪੰਜਾਬ ਵਿੱਚ ਭਗਤੀ ਲਹਿਰ ਨੂੰ ਪੱਕੇ ਪੈਰਾਂ ਤੇ ਕਰਨ ਦਾ ਸਿਹਰਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਿਰ ਹੈ। ਜਿਨ੍ਹਾਂ ਨੇ ਭਗਤੀ ਲਹਿਰ ਦੇ ਵਿਚਾਰਾਂ ਵਿੱਚ ਸੁਧਾਰ ਵਾਧੇ-ਘਾਟੇ ਜਾਂ ਨਵੇਂ ਵਿਚਾਰ ਸ਼ਾਮਿਲ ਕਰ ਕੇ ਇੱਕ ਨਵੇਂ ਧਰਮ, ਸਿੱਖ ਧਰਮ ਦੀ ਸਥਾਪਨਾ ਕੀਤੀ, ਜੋ ਇੱਕ ਵਿਲੱਖਣ ਤੇ ਲੋਕ ਪੱਖੀ ਅਗਾਂਹ ਵਧੂ ਧਰਮ ਹੈ। ਇਹ ਧਰਮ ਨਾ ਹੀ ਨਿਰੋਲ ਭਗਤੀ ਮੱਤ ਉੱਤੇ ਅਧਾਰਿਤ ਹੈ, ਨਾ ਹੀ ਕਿਸੇ ਹੋਰ ਧਰਮ ਦਾ ਬਦਲਿਆ ਰੂਪ ਹੈ, ਸਗੋਂ ਇਹ ਆਪਣੇ ਆਪ ਵਿੱਚ ਇੱਕ ਮੌਲਿਕ ਧਰਮ ਹੈ। ਇਹ ਗੱਲ ਵੀ ਠੀਕ ਹੈ ਕਿ ਸਿੱਖ ਧਰਮ ਦੀਆਂ ਕਈ ਗੱਲਾਂ ਦੂਜੇ ਧਰਮਾਂ ਨਾਲ ਮਿਲਦੀਆਂ-ਜੁਲਦੀਆਂ ਹਨ। ਸਿੱਖ ਧਰਮ ਦੇ ਬਾਨੀ ਸ਼੍ਰੀ ਗੁਰੂ ਨਾਨਕ ਦੇਵ ਜੀ ਸਨ।

**ਜਨਮ ਤੇ ਬਚਪਨ:** (1469-1539) ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਰਾਏਭੋਇ ਦੀ ਤਲਵੰਡੀ ਜ਼ਿਲ੍ਹਾ ਸ਼ੇਖੂਪੁਰਾ ਵਿਖੇ ਕੱਤਕ ਦੀ ਪੂਰਨਮਾਸ਼ੀ ਸੰਨ 1469 ਈਸਵੀ ਨੂੰ ਹੋਇਆ। ਰਾਏਭੋਇ ਦੀ ਤਲਵੰਡੀ ਦਾ ਨਾਂ ਹੁਣ ਨਨਕਾਣਾ ਸਾਹਿਬ ਵਜੋਂ ਪ੍ਰਸਿੱਧ ਹੈ ਅਤੇ ਇਹ ਸਥਾਨ ਹੁਣ ਪਾਕਿਸਤਾਨ ਵਿੱਚ ਹੈ। ਆਪ ਜੀ ਦੇ ਪਿਤਾ ਜੀ ਦਾ ਨਾਂ ਮਹਿਤਾ ਕਾਲੂ ਜੀ ਸੀ ਅਤੇ ਮਾਤਾ ਜੀ ਦਾ ਨਾਂ ਮਾਤਾ ਤ੍ਰਿਪਤਾ ਸੀ। ਆਪ ਦੇ ਪਿਤਾ ਜੀ ਰਾਇ ਬੁਲਾਰ ਦੇ ਪਟਵਾਰੀ ਸਨ।

**ਵਿੱਦਿਆ:** ਆਪ ਦੇ ਬਚਪਨ ਵਿੱਚ ਪੰਡਿਤ ਹਰਿਦਿਆਲ ਨੇ ਆਪ ਜੀ ਦੀ ਜਨਮ-ਪੱਤਰੀ ਬਣਾਈ ਅਤੇ ਉੱਜਲ ਭਵਿੱਖ ਸਬੰਧੀ ਮਾਪਿਆਂ ਨੂੰ ਦੱਸਿਆ। ਆਪ ਬਚਪਨ ਤੋਂ ਹੀ ਗੰਭੀਰ ਰਹਿੰਦੇ ਸਨ। ਆਪ ਨੂੰ ਬਚਪਨ ਵਿੱਚ ਪਾਂਧੇ ਅਤੇ ਮੌਲਵੀ ਕੋਲ ਪੜ੍ਹਨ ਲਈ ਭੇਜਿਆ, ਕਿਉਂਕਿ ਉਹਨਾਂ ਦਿਨਾਂ ਵਿੱਚ ਫ਼ਾਰਸੀ-ਅਰਬੀ ਦੀ ਪੜ੍ਹਾਈ ਨੌਕਰੀ ਆਦਿ ਲਈ ਲਾਜ਼ਮੀ ਸੀ। ਆਪ ਨੇ ਇਹ ਸਾਰਾ ਗਿਆਨ ਛੇਤੀ ਹੀ ਹਾਸਿਲ ਕਰ ਲਿਆ, ਜੋ ਆਪ ਦੀ ਤੀਖਣ ਬੁੱਧੀ ਅਤੇ ਉੱਚੀ ਪ੍ਰਤਿਭਾ ਦਾ ਪ੍ਰਗਟਾ ਸੀ।

**ਜਨੇਊ ਵਾਲੀ ਘਟਨਾ:** ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਬਚਪਨ ਵਿੱਚ ਨੌ ਸਾਲ ਦੀ ਉਮਰੇ ਜਨੇਊ ਪਹਿਨਣ ਦੀ ਰਸਮ ਪੰਡਿਤ ਹਰਿਦਿਆਲ ਕਰਨਾ ਚਾਹੁੰਦੇ ਸਨ, ਪਰ ਆਪ ਨੇ 'ਕੁੱਲ ਮਰਿਆਦਾ ਦੇ ਕੇਵਲ ਰਿਵਾਜ ਰਹਿ ਗਏ', ਇਸ ਸੰਸਕਾਰ ਨੂੰ ਤਿਆਗਣ ਲਈ ਆਖਿਆ। ਉਹਨਾਂ ਨੇ ਦਇਆ ਦੀ ਕਪਾਹ, ਸੰਤੋਖ ਦਾ ਸੂਤ, ਜਤ ਦੀ ਗੰਢੀ ਤੇ ਸਤਿ ਦੇ ਵੱਟ ਵਾਲਾ ਅਸਲੀ ਜਨੇਊ ਪਾਉਣ ਲਈ ਆਖਿਆ, ਜੋ ਦਰਗਾਹ ਤੱਕ ਨਾਲ ਨਿਭਦਾ ਹੈ। ਆਪ ਦੀ ਬਚਪਨ ਵਿੱਚ ਕੀਤੀ ਬਗ਼ਾਵਤ ਆਪ ਦੇ ਭਵਿੱਖ ਦੇ ਇਨਕਲਾਬੀ ਵਿਚਾਰਾਂ ਦਾ ਪ੍ਰਤੀਕ ਸੀ।

**ਬਚਪਨ ਤੋਂ ਭਗਤੀ ਵਿੱਚ ਲੀਨ:** ਬਚਪਨ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਨਿਆਵੀ ਧੰਦਿਆ, ਕਾਰ-ਵਿਹਾਰ ਆਦਿ ਤੋਂ ਉਦਾਸੀਨ ਰਹਿੰਦੇ ਸਨ। ਆਪ ਦੇ ਪਿਤਾ ਜੀ ਨੇ ਆਪ ਨੂੰ ਵੱਖ-ਵੱਖ ਕਿੱਤੇ ਚੁਣ ਕੇ ਦੇਣ ਦਾ ਯਤਨ ਕੀਤਾ ਜਿਵੇਂ ਮੱਝਾਂ ਚੁਰਾਉਣੀਆਂ, ਖੇਤੀ ਦਾ ਕੰਮ ਕਰਨਾ, ਦੁਕਾਨ ਖੋਲ੍ਹ ਕੇ ਦਿੱਤੀ, ਪਰ ਪਿਤਾ ਜੀ ਦੇ ਸਾਰੇ ਯਤਨ ਬੇਅਰਥ ਹੀ ਗਏ, ਕਿਉਂਕਿ ਸਤਿਗੁਰੂ ਧਿਆਨ ਮਗਨ ਰਹਿੰਦੇ ਸਨ ਤੇ ਸਭ ਕੁੱਝ ਲੋੜਵੰਦਾਂ ਜਾਂ ਗਰੀਬਾਂ ਨੂੰ ਵੰਡ ਦਿੰਦੇ ਸਨ। ਆਪ ਦੇ ਪਿਤਾ ਜੀ ਆਪ ਵੱਲੋਂ ਨਿਰਾਸ਼ ਸਨ, ਪਰ ਉਹਨਾਂ ਨੂੰ ਪਤਾ ਨਹੀਂ ਸੀ ਕਿ ਉਹਨਾਂ ਦਾ ਪੁੱਤਰ ਕਿਸੇ ਮਹਾਨ ਰੱਬੀ ਕਾਰਜ ਲਈ ਦੁਨੀਆ ਵਿੱਚ ਆਇਆ ਹੈ। ਉਸ ਨੇ ਜਗਤ ਕਲਿਆਣ ਹਿੱਤ ਪ੍ਰਚਾਰ ਕਰਨਾ ਹੈ।

**ਨੌਕਰੀ ਲਈ ਪੇਸ਼ਕਸ਼:** ਆਪ ਦੇ ਭੈਣ ਦੇ ਪਤੀ ਭਾਈ ਜੈਰਾਮ ਨੇ ਆਪ ਨੂੰ ਸੁਲਤਾਨਪੁਰ ਲੋਧੀ ਵਿਖੇ ਦੌਲਤ ਖ਼ਾਨ ਲੋਧੀ ਪਾਸ ਮੋਦੀ ਦੀ ਨੌਕਰੀ ਲਈ ਪੇਸ਼ ਕੀਤੀ, ਜੋ ਇਹਨਾਂ ਦੇ ਵਿਹਾਰਕ ਗਿਆਨ ਤੋਂ ਪ੍ਰਸੰਨ ਹੋ ਗਿਆ ਤੇ ਨੌਕਰੀ ਤੇ ਲਗਾ ਦਿੱਤਾ। ਆਪ ਨੇ ਪੂਰੀ ਕੁਸ਼ਲਤਾ ਨਾਲ ਮੋਦੀਖਾਨੇ ਦਾ ਕਾਰਜ ਸੰਭਾਲਿਆ।

Downloaded from https:// www.studiestoday.com

Downloaded from https:// www.studiestoday.com

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਗੁਰੂ ਨਾਨਕ ਦੇਵ ਜੀ ਦੇ ਮਾਤਾ ਦਾ ਕੀ ਨਾਮ ਸੀ?
2. ਮਹਿਤਾ ਕਾਲੂ ਜੀ ਕੀ ਕਿੱਤਾ ਕਰਦੇ ਸਨ?
3. ਗੁਰੂ ਨਾਨਕ ਦੇਵ ਜੀ ਨੂੰ ਨੌਕਰੀ ਲਈ ਕਿਸ ਕੋਲ ਭੇਜਿਆ ਗਿਆ?
4. ਗੁਰੂ ਜੀ ਨੇ ਬਚਪਨ ਵਿੱਚ ਕੀ ਕੀ ਦੇ ਕੰਮ ਕੀਤੇ ?

**ਵਿਆਹ ਅਤੇ ਸੰਤਾਨ:** ਆਪਦੇ ਪਿਤਾ ਨੇ ਇਹ ਸੋਚਿਆ ਕਿ ਗੁਰੂ ਨਾਨਕ ਦਾ ਵਿਆਹ ਕਰ ਦਿੱਤਾ ਜਾਵੇ ਤਾਂ ਇਸ ਦਾ ਮਨ ਦੁਨਿਆਵੀ ਕਾਰਜਾਂ ਵਿੱਚ ਲੱਗੇਗਾ ਅਤੇ ਇਹ ਆਪਣੇ ਬਾਲ ਪਰਿਵਾਰ ਵਿੱਚ ਗ੍ਰਸਤ ਹੋ ਕੇ ਦੁਨਿਆਵੀ ਧੰਦਿਆਂ ਨੂੰ ਸਫ਼ਲਤਾ ਨਾਲ ਚਲਾਉਣ ਵਿੱਚ ਮਜਬੂਰ ਹੋ ਜਾਏਗਾ। ਸੋ ਉਹਨਾਂ ਨੇ ਗੁਰੂ ਜੀ ਦਾ ਵਿਆਹ 14 ਵਰ੍ਹਿਆਂ ਦੀ ਉਮਰ ਵਿੱਚ ਬਟਾਲਾ ਨਿਵਾਸੀ ਮੂਲ ਚੰਦ ਦੀ ਬੇਟੀ ਸੁਲੱਖਣੀ ਨਾਲ ਕਰ ਦਿੱਤਾ ਆਪ ਦੇ ਘਰ ਦੋ ਪੁੱਤਰ ਪੈਦਾ ਹੋਏ। ਵੱਡੇ ਬਾਬਾ ਸ੍ਰੀ ਚੰਦ ਅਤੇ ਛੋਟੇ ਬਾਬਾ ਲਖਮੀ ਚੰਦ। ਗੁਰੂ ਜੀ ਨੂੰ ਵਿਆਹੁਤਾ ਜੀਵਨ ਦੀਆਂ ਜ਼ਿੰਮੇਵਾਰੀਆਂ ਅਤੇ ਬਾਲਾਂ ਦਾ ਮੋਹ ਵੀ ਆਪਣੇ ਰਸਤੇ ਤੋਂ ਹਟਾ ਨਾ ਸਕਿਆ। ਉਹ ਨਾਮ-ਸਿਮਰਨ ਵਿੱਚ ਲੀਨ ਰਹਿੰਦੇ। ਸਾਧ ਸੰਤਾਂ ਦੀ ਸੰਗਤ ਵਿੱਚ ਨਾਮ ਬਾਣੀ ਬਾਰੇ, ਪ੍ਰਭੂ ਬਾਰੇ, ਜੀਵਨ ਦੇ ਮਨੋਰਥ ਬਾਰੇ ਵਿਚਾਰਾਂ ਕਰਦੇ।

**ਵੇਈਂ ਪ੍ਰਵੇਸ਼ :** ਆਪ ਵੇਈਂ ਨਦੀ ਤੇ ਇਸ਼ਨਾਨ ਕਰਨ ਜਾਂਦੇ ਸਨ। ਇੱਕ ਦਿਨ ਇਸ਼ਨਾਨ ਕਰਨ ਗਏ ਵਾਪਸ ਨਾ ਆਏ। ਰੌਲਾ ਪੈ ਗਿਆ ਕਿ ਆਪ ਡੁੱਬ ਗਏ ਹਨ, ਪਰ ਪੁਰਾਤਨ ਸਿੱਖ ਸਾਹਿਤ ਵਿੱਚ ਇਹ ਲਿਖਿਆ ਹੈ ਕਿ ਆਪ ਅਕਾਲ ਪੁਰਖ ਦੀ ਦਰਗਾਹ ਸੱਚ ਖੰਡ ਵਿੱਚ ਚਲੇ ਗਏ ਤੇ ਪ੍ਰਤੱਖ ਦਰਸ਼ਨ ਕਰਕੇ ਸੱਚੇ ਧਰਮ ਦੇ ਪ੍ਰਚਾਰ ਲਈ ਮੁੜ ਤੀਸਰੇ ਦਿਨ ਪ੍ਰਗਟ ਹੋਏ। ਆਪ ਨੇ ਆ ਕੇ ਪਹਿਲਾ ਵਾਕ ਉਚਾਰਣ ਕੀਤਾ-ਨਾ ਕੋ ਹਿੰਦੂ ਨਾ ਮੁਸਲਮਾਨ-ਦੋਵੇਂ ਹੀ ਆਪਣੇ ਧਰਮ ਦੀ ਅਸਲੀਅਤ ਭੁੱਲ ਚੁੱਕੇ ਹਨ ਤੇ ਹੁਣ ਕੇਵਲ ਰਸਮਾਂ ਰਿਵਾਜਾਂ, ਵਿਖਾਵੇ ਤੇ ਪਾਖੰਡ ਨੂੰ ਹੀ ਧਰਮ ਮੰਨੀ ਬੈਠੇ ਹਨ। ਆਪ ਨੇ ਸੱਚੇ ਧਰਮ ਦੀ ਸੋਝੀ ਕਰਵਾਉਣ ਅਤੇ ਕੇਵਲ ਇੱਕ ਪਾਰਬ੍ਰਹਮ ਦੀ ਪੂਜਾ ਕਰਨ ਦੇ ਵਿਚਾਰ ਦੇ ਪ੍ਰਚਾਰ ਲਈ ਦੂਰ-ਦੁਰਾਡੇ ਯਾਤਰਾ ਕਰਕੇ ਆਪਣੇ ਵਿਚਾਰ ਪ੍ਰਗਟ ਕੀਤੇ। ਧਾਰਮਿਕ ਵਿਦਵਾਨਾਂ, ਸਾਧ ਸੰਤਾਂ, ਅਚਾਰੀਆਂ ਆਦਿ ਨਾਲ ਵਿਚਾਰ-ਵਟਾਂਦਰਾ ਕਰ ਕੇ ਆਪਣਾ ਪੱਖ ਪੇਸ਼ ਕੀਤਾ।

**ਉਦਾਸੀਆਂ :** ਆਪ ਦੀਆਂ ਪ੍ਰਚਾਰ ਹਿਤ ਕੀਤੀਆਂ ਇਹਨਾਂ ਯਾਤਰਾਵਾਂ ਨੂੰ ਉਦਾਸੀਆਂ ਆਖਿਆ ਜਾਂਦਾ ਹੈ।

**ਪਹਿਲੀ ਉਦਾਸੀ:** ਪਹਿਲੀ ਉਦਾਸੀ ਵੇਲੇ ਆਪ ਸਯੱਦਪੁਰ, ਤੁਲੰਬਾ, ਕੁਰੂਕਸ਼ੇਤਰ, ਪਾਣੀਪਤ, ਦਿੱਲੀ, ਹਰਿਦੁਆਰ, ਗੋਰਖ ਮਤਾ (ਨਾਨਕ ਮਤਾ) ਬਨਾਰਸ, ਗਯਾ, ਕਾਮਰੂਪ ਆਦਿ ਤੋਂ ਹੁੰਦਿਆਂ ਸਿਲਹਟ, ਢਾਕਾ, ਜਗਨਨਾਥ ਪੁਰੀ, ਪੁਰੀ ਕਟਕ, ਗਣਤੂਰ, ਕਾਂਚੀਪੁਰਮ, ਤ੍ਰਿਚਨਾਪਲੀ ਆਦਿ ਸਥਾਨਾਂ ਤੇ ਗਏ। ਇੱਥੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ ਉਪਰੰਤ ਆਪ ਲੰਕਾ ਗਏ ਜਿੱਥੇ ਸ਼ਿਵਨਾਭ ਰਾਜੇ ਨੂੰ ਮਿਲੇ। ਇੱਥੇ ਗੁਰਮਤਿ ਦਾ ਪ੍ਰਚਾਰ ਕਰ ਕੇ ਆਪ ਵਾਪਸ ਰਾਮੇਸ਼ਵਰਮ, ਨੀਲਗਿਰੀ, ਮਥਰਾ, ਸਿਰਸਾ ਤੇ ਪਾਕਪਟਨ ਵੱਲ ਹੁੰਦੇ ਹੋਏ ਵਾਪਸ ਸੁਲਤਾਨਪੁਰ ਲੋਧੀ ਪੁੱਜੇ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

(1) ਗੁਰੂ ਨਾਨਕ ਦੇਵ ਜੀ ਦਾ ਵਿਆਹ ਕਿਸ ਨਾਲ ਹੋਇਆ ?

(2) ਗੁਰੂ ਜੀ ਦੇ ਸਹੁਰੇ ਦਾ ਕੀ ਨਾਂ ਸੀ ?

(3) ਗੁਰੂ ਜੀ ਦੇ ਵੱਡੇ ਪੁੱਤਰ ਦਾ ਕੀ ਨਾਂ ਸੀ?

(4) ਗੁਰੂ ਜੀ ਦੇ ਛੋਟੇ ਪੁੱਤਰ ਦਾ ਕੀ ਨਾਂ ਸੀ ?

(5) ਗੁਰੂ ਜੀ ਨੇ ਵੇਈਂ 'ਚੋਂ ਨਿਕਲ ਕੇ ਕੀ ਆਖਿਆ ?

(6) ਪਹਿਲੀ ਉਦਾਸੀ ਨਾਲ ਸੰਬੰਧਿਤ ਚਾਰ ਥਾਵਾਂ ਦੱਸੋ।

**ਦੂਜੀ ਉਦਾਸੀ :** ਸਤਿਗੁਰੂ ਨੇ ਲਗਭਗ 1506 ਈ. ਵਿੱਚ ਦੂਜੀ ਉਦਾਸੀ ਆਰੰਭ ਕੀਤੀ ਅਤੇ ਮੁਕਾਮ ਬੁੱਢਣਸ਼ਾਹ (ਕੀਰਤਪੁਰ ਸਾਹਿਬ) ਮੰਡੀ ਰਵਾਲਸਰ, ਜਵਾਲਾ ਮੁੱਖੀ, ਕਾਂਗੜਾ, ਬੈਜਨਾਥ, ਤਿੱਬਤ, ਕੈਲਾਸ਼ ਪਰਬਤ ਕਸ਼ਮੀਰ, ਹਸਨ



Downloaded from https:// www.studiestoday.com

Downloaded from https:// www.studiestoday.com

ਅਬਦਾਲ, ਬਾਲਗੁਦਾਈ, ਸਿਆਲਕੋਟ ਆਦਿ ਇਲਾਕਿਆ ਵਿੱਚ ਭ੍ਰਮਣ ਕਰਦਿਆਂ ਆਪਣੇ ਵਿਚਾਰਾਂ ਦਾ ਪ੍ਰਚਾਰ ਕੀਤਾ। ਆਪ ਨੇ ਲੋਕਾਂ ਨਾਲ ਮੇਲ-ਮਿਲਾਪ ਕਰਕੇ ਉਹਨਾਂ ਨੂੰ ਅਸਲੀ ਧਰਮ ਦੀ ਸੋਝੀ ਕਰਵਾਈ।

**ਤੀਜੀ ਉਦਾਸੀ** : ਲਗਭਗ 1518 ਈ. ਤੀਜੀ ਉਦਾਸੀ ਵਿੱਚ ਅਰੰਭ ਕਰਕੇ ਆਪ ਮੁਲਤਾਨ, ਉੱਚ, ਮੱਕਾ ਮਦੀਨਾ, ਬਗਦਾਦ ਕੰਧਾਰ ਕਾਬਲ, ਜਲਾਲਾਬਾਦ, ਸਯਦਪੁਰ ਗਏ।

**ਚੌਥੀ ਉਦਾਸੀ:** ਇਸ ਉਦਾਸੀ ਵਿੱਚ ਆਪ ਨੇ ਜੇਰੂਸਲਾਮ, ਦਮਿਸ਼ਕ, ਐਲੇਪੋ ਆਦਿ ਸਥਾਨਾਂ ਤੇ ਜਾ ਕੇ ਆਪਣੇ ਵਿਚਾਰ ਪੀਰਾਂ ਫਕੀਰਾਂ ਨਾਲ ਸਾਂਝੇ ਕੀਤੇ ਅਤੇ ਵਾਪਸ ਆ ਗਏ। ਫਿਰ ਆਪ ਨੇ ਪੰਜਾਬ ਵਿੱਚ ਪ੍ਰਚਾਰ ਫੇਰੀ ਲਗਾਈ ਅਤੇ ਦੀਪਾਲਪੁਰ, ਸੁਲਤਾਨਪੁਰ, ਕੇਰੋਵਾਲ, ਜਲਾਲਾਬਾਦ ਆਦਿ ਸਥਾਨਾਂ ਤੇ ਗਏ। ਆਪ ਸੈਦਪੁਰ ਵਿੱਚ ਹੀ ਸਨ ਜਦੋਂ ਬਾਬਰ ਨੇ ਆਮ ਜਨਤਾ ਦਾ ਕਤਲੇਆਮ ਕੀਤਾ। ਆਪ ਨੇ ਇਸ ਬਾਰੇ "ਬਾਬਰ ਬਾਣੀ" ਵਿੱਚ ਵਿਸਥਾਰ ਨਾਲ ਜ਼ਿਕਰ ਕੀਤਾ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

(1) ਗੁਰੂ ਨਾਨਕ ਦੇਵ ਜੀ ਨੇ ਦੂਜੀ ਉਦਾਸੀ ਕਦੋਂ ਕੀਤੀ ?

(2) ਦੂਜੀ ਉਦਾਸੀ ਸਮੇਂ ਗੁਰੂ ਜੀ ਜਿਨ੍ਹਾਂ ਸਥਾਨਾਂ ਤੇ ਗਏ ਕਿਸੇ ਦੋ ਦੇ ਨਾਂ ਦੱਸੋ ।

(3) ਗੁਰੂ ਜੀ ਨੇ ਤੀਜੀ ਉਦਾਸੀ ਕਦੋ ਆਰੰਭ ਕੀਤੀ ?

(4) ਗੁਰੂ ਜੀ ਕਿਹੜੀ ਉਦਾਸੀ ਦੌਰਾਨ ਜਲਾਲਾਬਾਦ ਗਏ?

(5) ਗੁਰੂ ਨਾਨਕ ਦੇਵ ਜੀ ਜੇਰੋਸਲਮ ਕਿਹੜੀ ਉਦਾਸੀ ਦੌਰਾਨ ਗਏ ?

(6) ਬਾਬਰ ਦੇ ਹਮਲੇ ਦੇ ਅੱਤਿਆਚਾਰਾ ਬਾਰੇ ਗੁਰੂ ਜੀ ਨੇ ਕਿਹੜੀ ਬਾਣੀ ਵਿੱਚ ਜ਼ਿਕਰ ਕੀਤਾ ਹੈ?

**ਜੋਤੀ ਜੋਤ ਸਮਾਉਣਾ** : ਆਖਰੀ ਵਰ੍ਹਿਆਂ ਵਿੱਚ ਆਪ ਨੇ ਮੁੜ ਗ੍ਰਹਿਸਤੀ ਬਣ ਕੇ ਕਰਤਾਰਪੁਰ ਨਗਰ ਵਸਾਇਆ ਜਿਥੇ ਹੱਥੀਂ ਕਿਰਤ ਕਰਕੇ ਸਿੱਖਾਂ ਨੂੰ ਸੁੱਧ ਕਮਾਈ ਕਰਨ ਦੀ ਪ੍ਰੇਰਨਾ ਦਿੱਤੀ। ਇੱਥੇ ਹੀ ਭਾਈ ਲਹਿਣਾ ਜੀ ਨਾਲ ਆਪ ਦਾ ਮਿਲਾਪ ਹੋਇਆ ਜਿਨ੍ਹਾਂ ਨੂੰ ਆਪ ਨੇ ਆਪਣਾ ਉਤਰਾਧਿਕਾਰੀ ਨਿਯਤ ਕੀਤਾ। ਇੱਥੇ ਆਪ ਨੇ 22 ਸਤੰਬਰ 1539 ਈ: ਨੂੰ ਸਰੀਰ ਤਿਆਗਿਆ।

**ਉਪਦੇਸ਼** :- ਗੁਰੂ ਨਾਨਕ ਸਾਹਿਬ ਦੇ ਉਪਦੇਸ਼ਾਂ ਦਾ ਸਾਰ ਇਸ ਪ੍ਰਕਾਰ ਹੈ :

**ਇੱਕ ਅਕਾਲ ਪੁਰਖ** : ਪਰਮਾਤਮਾ ਇੱਕ ਹੈ। ਉਹ ਆਦਿ ਜੁਗਾਦਿ ਵਿੱਚ ਸਤਿ ਸੀ ਅਤੇ ਭਵਿੱਖ ਵਿੱਚ ਵੀ ਸਤਿ ਰਹੇ ਗਾ। ਉਹ ਅਰੂਪ ਹੈ। ਉਹ ਸਰੀਰਾਂ ਦੀ ਕੈਦ ਤੋਂ ਮੁਕਤ ਹੈ ਉਸ ਨੂੰ ਇਨਸਾਨੀ ਅੱਖ ਵੇਖ ਨਹੀਂ ਸਕਦੀ। ਉਸ ਨੂੰ ਤਾਂ ਦਿੱਬ ਦ੍ਰਿਸ਼ਟੀ ਨਾਲ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਪਰਮਾਤਮਾ ਸਰਵ-ਵਿਆਪੀ ਸਰਵ-ਸ਼ਕਤੀਮਾਨ, ਸਦੀਵੀ ਤੇ ਨਾਸ਼ ਰਹਿਤ ਹੈ ਉਹ ਸਿਰਜਣਹਾਰ ਹੈ। ਉਹ ਸ੍ਰਿਸ਼ਟੀ ਦਾ ਕਰਤਾ ਅਤੇ ਘਟ ਘਟ ਵਿੱਚ ਵਿਆਪਕ ਹੈ। ਉਹ ਸ੍ਰਿਸ਼ਟੀ ਨੂੰ ਸਾਜ ਕੇ ਇਸ ਵਿੱਚ ਸਮਾਇਆ ਹੋਇਆ ਹੈ। ਦੁਨੀਆਂ ਦਾ ਹਰ ਕਰਮ ਉਸ ਦੇ ਭਾਣੇ ਵਿੱਚ ਹੈ।

**ਹਉਮੈ ਦਾ ਤਿਆਗ** : ਉਸ ਦੀ ਪ੍ਰਾਪਤੀ ਦੇ ਸਾਧਨਾਂ ਵਿੱਚ ਸਭ ਤੋਂ ਪਹਿਲਾ ਸਾਧਨ ਹਉਮੈ ਦਾ ਤਿਆਗ ਕਰਕੇ ਪ੍ਰਮਾਤਮਾ ਦਾ ਨਾਮ ਜੱਪਣਾ ਹੈ। ਇਸ ਲਈ ਨਾ ਜੰਗਲਾਂ ਵਿੱਚ ਜਾਣ ਦੀ ਲੋੜ ਹੈ ਨਾ ਗ੍ਰਿਹਸਤ ਦੇ ਤਿਆਗ ਦੀ। ਘਰ ਵਿੱਚ ਰਹਿੰਦਿਆਂ ਗੁਰੂ ਦੁਆਰਾ ਦੱਸੇ ਸਾਧਨਾਂ ਨੂੰ ਅਪਨਾ ਕੇ ਹੱਸਦਿਆਂ, ਖੇਡਦਿਆਂ, ਖਾਂਦਿਆਂ, ਪੀਂਦਿਆਂ, ਪਹਿਨਦਿਆਂ, ਪਚਰਦਿਆਂ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ।

**ਵਿਸ਼ੇ ਵਿਕਾਰਾਂ ਦਾ ਤਿਆਗ:** ਦੁਨਿਆਵੀ ਮੋਹ ਮਾਇਆ, ਵਿਸ਼ੇ-ਵਿਕਾਰ, ਨਿੰਦਾ ਚੁਗਲੀ ਆਦਿ ਬੁਰਾਈਆਂ ਦਾ ਤਿਆਗ ਕਰਨਾ ਲਾਜ਼ਮੀ ਹੈ। ਪ੍ਰਭੂ ਦੀ ਹਜ਼ੂਰੀ ਮਹਿਸੂਸ ਕਰਦਿਆਂ ਸ਼ੁੱਭ ਕਾਰਜ ਕਰਨੇ ਚਾਹੀਦੇ ਹਨ।

**ਸਾਂਝੀਵਾਲਤਾ** : ਗੁਰੂ ਨਾਨਕ ਸਾਹਿਬ ਸਮੁੱਚੇ ਵਿਸ਼ਵ ਨੂੰ ਇੱਕ ਅਕਾਲ ਪੁਰਖ ਦੀ ਔਲਾਦ ਮੰਨਦੇ ਹਨ ਜਿਸ ਅਨੁਸਾਰ ਸਾਰੇ ਜੀਵ ਸੰਬੰਧੀ ਹਨ। ਸਭ ਨਾਲ ਪਿਆਰ ਕਰਨਾ ਹੀ ਸੱਚੀ-ਸਾਧਨਾ ਹੈ। ਛੂਤ-ਛਾਤ, ਨਫ਼ਰਤ ਆਦਿ ਕੁਕਰਮ ਮੰਨੇ ਗਏ ਹਨ।

**ਸੁਨਿਹਰੀ ਸਿਧਾਂਤ** : ਸਤਿਗੁਰੂ ਨੇ ਸਿੱਖਾਂ ਨੂੰ ਗ੍ਰਿਹਸਥ-ਧਰਮ ਵਿੱਚ ਰਹਿ ਕੇ ਆਪਣੇ ਸਮਾਜਕ, ਰਾਜਨੀਤਕ ਤੇ ਆਰਥਕ



Downloaded from https:// www.studiestoday.com

Downloaded from https:// www.studiestoday.com

ਖੇਤਰ ਵਿੱਚ ਯੋਗਦਾਨ ਪਾਉਣ ਲਈ ਆਖਿਆ ਹੈ। ਆਪ ਨੇ ਇਹ ਆਖ ਕੇ ਕਿ ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਇਸ ਪ੍ਰਕਾਰ ਕੁੱਜੇ ਵਿੱਚ ਸਮੁੰਦਰ ਬੰਦ ਕਰ ਦਿੱਤਾ। ਇਹ ਸੁਨਿਹਰੀ ਅਸੂਲ ਹੈ। ਇਸ ਨਾਲ ਵਿਅਕਤੀ ਦਾ ਆਤਮਕ, ਸਮਾਜਕ ਤੇ ਆਰਥਕ ਪੱਖ ਬਲਵਾਨ ਹੁੰਦਾ ਹੈ।

**ਜਾਤ-ਪਾਤ ਦਾ ਖੰਡਨ :** ਆਪ ਨੇ ਜਾਤ-ਪਾਤ ਪ੍ਰਥਾ ਦਾ ਖੰਡਨ ਕੀਤਾ ਤੇ ਇਹ ਮਹਿਸੂਸ ਕੀਤਾ ਕਿ ਇਸ ਵੰਡ ਕਾਰਨ ਹੀ ਸਾਰੇ ਪਾਸੇ ਨਾ ਬਰਾਬਰੀ ਹੈ। ਆਪ ਨੇ ਸਭ ਵਿੱਚ ਪ੍ਰਭੂ ਦੀ ਜੋਤ ਵੇਖੀ ਅਤੇ ਸਭ ਨੂੰ ਇਹ ਉਪਦੇਸ਼ ਦਿੱਤਾ ਕਿ ਮਨੁੱਖ ਨੂੰ ਬਿਨਾਂ ਕਿਸੇ ਜਾਤ ਪਾਤ ਦੇ ਵਿਤਕਰੇ ਦੇ ਪਿਆਰ ਕਰੋ। ਉਸ ਨਾਲ ਹਮਦਰਦੀ ਕਰੋ। ਉਸ ਦੀ ਲੋੜ ਮੁਤਾਬਿਕ ਮਦਦ ਕਰੋ। ਇਸ ਨਾਲ ਜਿੱਥੇ ਪ੍ਰਭੂ ਪ੍ਰਸੰਨ ਹੁੰਦਾ ਹੈ, ਉੱਥੇ ਸਿੱਖ ਦੀ ਆਤਮਕ ਉੱਨਤੀ ਵੀ ਹੁੰਦੀ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

(1) ਗੁਰੂ ਜੀ ਨੇ ਅਕਾਲ ਪੁਰਖ ਬਾਰੇ ਜਿਹੜਾ ਸੰਕਲਪ ਪੇਸ਼ ਕੀਤਾ ਹੈ ਉਸ ਨੂੰ ਇੱਕ ਵਾਕ ਵਿੱਚ ਲਿਖੋ?
(2) ਗੁਰੂ ਜੀ ਅਨੁਸਾਰ ਪ੍ਰਭੂ ਪ੍ਰਾਪਤੀ ਲਈ ਸਭ ਤੋਂ ਪਹਿਲਾਂ ਸਾਧਨ ਕੀ ਹੈ?
(3) ਪ੍ਰਭੂ ਪ੍ਰਾਪਤੀ ਲਈ ਗੁਰੂ ਜੀ ਨੇ ਕਿਸ ਚੀਜ਼ ਦੇ ਤਿਆਗ 'ਤੇ ਜ਼ੋਰ ਦਿੱਤਾ?
(4) ਪੰਜ ਵਿਸ਼ੇ ਵਿਕਾਰ ਕਿਹੜੇ-ਕਿਹੜੇ ਹਨ ?
(5) ਸਾਂਝੀਵਾਲਤਾ ਦੀ ਸਥਾਪਨਾ ਲਈ ਗੁਰੂ ਜੀ ਨੇ ਕੀ ਆਖਿਆ ?
(6) ਗੁਰੂ ਨਾਨਕ ਦੇਵ ਜੀ ਨੇ ਕਿਹੜਾ ਸੁਨਹਿਰੀ ਸਿਧਾਂਤ ਦਿੱਤਾ।
(7) ਗੁਰੂ ਜੀ ਨੇ ਜਾਤ-ਪਾਤ ਦਾ ਖੰਡਨ ਕਿਵੇਂ ਕੀਤਾ ?

**ਇਸਤਰੀ ਦੀ ਵਡਿਆਈ :** ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਸਾਧੂ ਸੰਤ ਇਸਤਰੀ ਨਿੰਦਾ ਬਹੁਤ ਕਰਦੇ ਸਨ ਤੇ ਇਸ ਨੂੰ ਧਰਮ ਖਾਣ ਵਾਲੀ ਡੈਣ, ਮਨੁੱਖ ਦੀ ਪ੍ਰਗਤੀ ਵਿਚ ਰੋੜਾ, ਬਾਘਣ ਆਦਿ ਆਖਦੇ ਸਨ ਪਰ ਗੁਰੂ ਨਾਨਕ ਸਾਹਿਬ ਨੇ, "ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ" ਆਖ ਕੇ ਇਸਤਰੀ ਜਾਤੀ ਦੇ ਹੱਕ ਵਿੱਚ ਆਵਾਜ਼ ਉਠਾਈ। ਇਸਤਰੀ ਨੂੰ ਪੁਰਸ਼ ਦੇ ਬਰਾਬਰ ਦੇ ਅਧਿਕਾਰਾਂ ਦੀ ਵਕਾਲਤ ਕੀਤੀ ਜਿਸ ਕਾਰਨ ਇਸ ਦੇ ਸਮਾਜਕ ਰੁਤਬੇ ਵਿੱਚ ਕਾਫੀ ਪਰਿਵਰਤਨ ਆਇਆ।

**ਗਲਤ ਰੀਤੀ ਰਿਵਾਜਾਂ ਦਾ ਖੰਡਨ :** ਸਤਿਗੁਰੂ ਨੇ ਭਾਰਤੀ ਸਮਾਜ ਵਿੱਚ ਪ੍ਰਚਲਿਤ ਥੋਥੀਆਂ ਰੀਤਾਂ - ਰਿਵਾਜ਼ਾਂ ਦਾ ਖੰਡਨ ਕੀਤਾ ਕਿਉਂਕਿ ਉਹ ਆਪਣਾ ਅਸਲੀ ਮੰਤਵ ਗੁਆ ਚੁੱਕੀਆਂ ਸਨ। ਤੀਰਥ ਯਾਤਰਾ, ਮੂਰਤੀ ਪੂਜਾ, ਮੜ੍ਹੀ-ਮਸਾਣਾਂ ਦੀ ਪੂਜਾ, ਆਦਿ ਨੂੰ ਲੋਕ ਪ੍ਰਭੂ ਪ੍ਰਾਪਤੀ ਦਾ ਸਾਧਨ ਮੰਨਦੇ ਸਨ ਪਰ ਸਤਿਗੁਰੂ ਨੇ ਇਹਨਾਂ ਕਰਮਾ ਨੂੰ ਫੋਕਟ ਕਰਮ ਆਖਿਆ ਅਤੇ ਇਹਨਾਂ ਵਹਿਮਾਂ ਭਰਮਾਂ ਵਿੱਚੋਂ ਨਿਕਲ ਕੇ ਕੇਵਲ ਇੱਕ ਪ੍ਰਭੂ ਦਾ ਨਾਮ ਜਪਣ ਤੇ ਸ਼ੁੱਭ ਅਮਲ ਕਰਨ ਲਈ ਉਪਦੇਸ਼ ਦਿੱਤਾ।

**ਸੰਗਤ :** ਸੰਗਤ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਦਾ ਇੱਕ ਨਿੱਗਰ ਸਿਧਾਂਤ ਸੀ, ਜਿਸ ਅਨੁਸਾਰ ਸ਼ੁੱਭ ਵਿਚਾਰਾਂ ਵਾਲੇ ਸਿੱਖ /ਉਪਾਸ਼ਕ ਇੱਕਤਰ ਹੋ ਕੇ ਨਾਮ - ਬਾਣੀ ਅਤੇ ਪ੍ਰਭੂ ਉਸਤਤ ਨਾਲ ਜੁੜਦੇ ਸਨ। ਆਪ ਨੇ ਸੰਗਤ ਵਿੱਚ ਪ੍ਰਭੂ ਤੇ ਗੁਰੂ ਦੀ ਆਤਮਕ ਹੋਂਦ ਨੂੰ ਮੰਨਿਆ। ਇਉਂ ਇਕੱਤਰ ਹੋਣ ਨਾਲ ਜਿੱਥੇ ਆਤਮਕ ਪ੍ਰਗਤੀ ਹੁੰਦੀ ਸੀ ਉੱਥੇ ਸਮਾਜਕ ਪੱਖੋਂ ਵੀ ਇਹ ਮੇਲ-ਮਿਲਾਪ ਲਾਭਕਾਰੀ ਸੀ। ਆਪਣਾ ਭਾਈਚਾਰਾ, ਬਰਾਬਰੀ ਤੇ ਪਿਆਰ-ਪ੍ਰੇਮ ਬਣਿਆ ਰਹਿੰਦਾ ਸੀ। ਸੰਗਤ ਵਿੱਚ ਕੋਈ ਵੀ ਆ ਸਕਦਾ ਸੀ ਤੇ ਸਾਧਨਾ ਕਰ ਸਕਦਾ ਸੀ। ਸਿੱਖਾਂ ਵਿੱਚ ਸਾਧ ਸੰਗਤ ਨੂੰ ਬਹੁਤ ਹੀ ਅਹਿਮ ਤੇ ਉਚੇਰਾ ਮੰਨਿਆ ਜਾਂਦਾ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

(1) ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਕਿਹੜੀ ਸਤਰ ਰਾਹੀਂ ਇਸਤਰੀ ਦੀ ਵਡਿਆਈ ਕੀਤੀ ਹੈ ?
(2) ਗੁਰੂ ਜੀ ਨੇ ਕਿਹੜੇ ਸਮਾਜਕ ਰੀਤੀ ਰਿਵਾਜ਼ਾਂ ਦਾ ਖੰਡਨ ਕੀਤਾ, ਉਹਨਾਂ 'ਚੋਂ ਕੋਈ ਦੋ ਦੱਸੋ ।
(3) ਗੁਰੂ ਜੀ ਨੇ ਕੀ ਆਖ ਕੇ ਇਸਤਰੀ ਦੀ ਵਡਿਆਈ ਕੀਤੀ ਹੈ?
(4) ਮਿਲ ਬੈਠਣ ਲਈ ਗੁਰੂ ਜੀ ਨੇ ਕਿਸ ਸੰਸਥਾ ਦੀ ਸਥਾਪਨਾ ਕੀਤੀ।



Downloaded from https:// www.studiestoday.com

Downloaded from https:// www.studiestoday.com

**ਸ਼ਖਸੀਅਤ** : ਗੁਰੂ ਨਾਨਕ ਸਾਹਿਬ ਕੇਵਲ ਅਧਿਆਤਮਕ ਆਗੂ ਹੀ ਨਹੀਂ ਸਨ, ਸਗੋਂ ਆਪ ਨੇ ਸਮਾਜਕ ਤੇ ਰਾਜਨੀਤਕ ਹਾਲਤਾਂ ਬਾਰੇ ਵੀ ਆਪਣੇ ਵਿਚਾਰ ਪ੍ਰਸਤੁਤ ਕੀਤੇ। ਉਸ ਸਮੇਂ ਦੇਸ਼ ਦੀ ਰਾਜਨੀਤਕ ਹਾਲਤ ਬੜੀ ਨਿਰਾਦਰ ਵਾਲੀ ਸੀ। ਰਾਜੇ ਸ਼ੇਰ ਤੇ ਉਹਨਾਂ ਦੇ ਕਰਿੰਦੇ ਕੁੱਤਿਆਂ ਵਾਂਗ ਜਨਤਾ ਨੂੰ ਤੰਗ ਕਰਦੇ ਸਨ। ਰਾਜੇ ਕਸਾਈ ਸਨ ਤੇ ਧਰਮ ਦਾ ਨਾਂ ਨਿਸ਼ਾਨ ਨਹੀਂ ਸੀ ਰਹਿ ਗਿਆ ਲੋਕਾਂ ਉੱਪਰ ਜ਼ੁਲਮ ਹੋ ਰਿਹਾ ਸੀ। ਬਾਬਰ ਦੇ ਜ਼ੁਲਮ ਬਾਰੇ ਆਪ ਨੇ ਵਿਸਤਾਰ ਸਹਿਤ ਲਿਖਿਆ ਹੈ, ਜਿਸ ਨੇ ਬੇਅੰਤ ਨਿਰਦੋਸ਼ਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਲੋਕਾਂ ਦਾ ਧਨ-ਮਾਲ-ਜੋਬਨ ਸਭ ਲੁੱਟ ਲਿਆ। ਗੁਰੂ ਸਾਹਿਬ ਅਜਿਹੇ ਰਾਜ ਦੇ ਪੱਖ ਵਿੱਚ ਸਨ ਜਿੱਥੇ ਰਾਜਾ ਧਰਮੀ ਹੋਵੇ ਤੇ ਲੋਕਾਂ ਨੂੰ ਹਰ ਪੱਖੋਂ ਸੁਖੀ ਰੱਖਣ ਲਈ ਤਤਪਰ ਰਹੇ। ਆਪ ਲੋਕਤੰਤਰ ਦੇ ਹਾਮੀ ਸਨ।

**ਲੋਕਾਈ ਦੇ ਰਹਿਨੁਮਾ** : ਗੁਰੂ ਨਾਨਕ ਸਾਹਿਬ ਦੀ ਜੀਵਨ-ਗਾਥਾ ਪੜ੍ਹ ਕੇ ਉਹਨਾਂ ਦੀ ਸ਼ਖਸੀਅਤ ਵਿੱਚ ਇਹ ਗੁਣ ਦ੍ਰਿਸ਼ਟੀਗੋਚਰ ਹੁੰਦੇ ਹਨ: ਉਹ ਸੱਚੇ ਸਤਿਗੁਰੂ ਸਨ, ਜਿਨ੍ਹਾਂ ਨੇ ਭੁੱਲੀ ਭਟਕੀ ਲੁਕਾਈ ਦੀ ਰਹਿਨੁਮਾਈ ਕਰ ਕੇ ਉਸ ਨੂੰ ਸਿੱਧੇ ਰਾਹ ਪਾਇਆ। ਉਹ ਆਮ ਜਨਤਾ ਦੇ ਗੁਰੂ ਸਨ ਤੇ ਉਹਨਾਂ ਦੇ ਵਿਚਾਰ ਸਭ ਲਈ ਸਾਂਝੇ ਹਨ।

**ਗ੍ਰਿਹਸਥੀ ਹੁੰਦਿਆਂ ਯੋਗੀ** : ਉਹ ਗ੍ਰਿਹਸਥੀ ਹੁੰਦਿਆਂ ਯੋਗੀ ਸਨ ਜਿਨ੍ਹਾਂ ਨੇ ਸੰਸਾਰੀ ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਇਆਂ ਘਰ ਵਿੱਚ ਯੋਗ ਕਮਾਇਆ। ਵੈਰਾਗੀ ਤਿਆਗੀ ਬਣ ਕੇ ਨਹੀਂ, ਸਗੋਂ ਪੂਰਨ ਗ੍ਰਿਹਸਥੀ ਰਹਿੰਦਿਆਂ ਜਗਤ ਵਿੱਚ ਸੱਚ ਸੁੱਚ ਦਾ ਪ੍ਰਚਾਰ ਕੀਤਾ। ਉਹਨਾਂ ਨੇ ਸੰਸਾਰੀ ਕਾਰ ਵਿਹਾਰ ਕਰਦਿਆਂ, ਪਰਿਵਾਰ ਵਿੱਚ ਰਹਿੰਦਿਆਂ ਪੂਰਨ ਯੋਗੀ ਵਾਂਗ ਉਦਾਸੀਨਤਾ ਧਾਰਨ ਕਰ ਕੇ ਰੱਖੀ।

**ਸੱਚੇ ਇਨਕਲਾਬੀ** : ਗੁਰੂ ਨਾਨਕ ਦੇਵ ਇੱਕ ਸੱਚੇ ਇਨਕਲਾਬੀ ਸਨ । ਉਹਨਾਂ ਨੇ ਸਮਾਜ ਵਿੱਚ ਪ੍ਰਚਲਿਤ ਫੋਕੀਆਂ ਰੀਤਾਂ ਤੇ ਰਸਮ-ਰਿਵਾਜ਼ਾਂ ਨੂੰ ਨਕਾਰ ਕੇ ਸੱਚੇ ਮਾਰਗ ਤੇ ਚੱਲਣ ਦਾ ਉਪਦੇਸ਼ ਦਿਤਾ। ਉਹਨਾਂ ਨੇ ਪੁਰਾਣੇ ਬੋਦੇ ਸਮਾਜ ਦੀ ਨਿਖੇਧੀ ਕਰਕੇ ਨਵੇਂ ਸ਼ਕਤੀਸ਼ਾਲੀ ਸਮਾਜ ਦੇ ਨਿਰਮਾਣ ਦਾ ਰਾਹ ਦਰਸਾਇਆ ।

**ਕਈ ਭਾਸ਼ਾਵਾਂ ਤੋਂ ਜਾਣੂ** : ਗੁਰੂ ਨਾਨਕ ਦੇਵ ਕਈ ਭਾਸ਼ਾਵਾਂ ਦੇ ਜਾਣੂ ਸਨ। ਉਹਨਾਂ ਨੂੰ ਭਾਰਤ ਦੀਆਂ ਬਹੁਤ ਸਾਰੀਆਂ ਬੋਲੀਆਂ ਆਉਂਦੀਆਂ ਸਨ, ਕਿਉਂਕਿ ਆਪ ਨੇ ਬਹੁਤ ਸਾਰੇ ਇਲਾਕਿਆਂ ਵਿੱਚ ਆਪਣੇ ਵਿਚਾਰਾਂ ਦਾ ਪ੍ਰਚਾਰ ਕੀਤਾ। ਉਹਨਾਂ ਦੀ ਬਾਣੀ ਪੰਜਾਬੀ, ਹਿੰਦੀ, ਸੰਸਕ੍ਰਿਤ, ਫਾਰਸੀ ਆਦਿ ਭਾਸ਼ਾਵਾਂ ਵਿੱਚ ਰਚੀ ਹੋਈ ਹੈ।

**ਦੇਸ਼ ਭਗਤ** : ਗੁਰੂ ਨਾਨਕ ਦੇਸ਼ ਭਗਤ ਵੀ ਸਨ ਜਿਨ੍ਹਾਂ ਨੇ ਜਨਤਾ ਨੂੰ ਆਪਣੇ ਧਰਮ, ਸਭਿਆਚਾਰ, ਭਾਸ਼ਾ ਤੇ ਜੀਵਨ-ਸ਼ੈਲੀ ਨੂੰ ਪਿਆਰ ਕਰਨ ਲਈ ਆਖਿਆ। ਆਪ ਨੇ ਜਦੋਂ ਬਾਬਰ ਦਾ ਜ਼ੁਲਮ ਵੇਖਿਆ ਤਾਂ ਕੁਰਲਾ ਉੱਠੇ ਕਿ 'ਹੇ ਪਾਰਬ੍ਰਹਮ',ਇਹ ਕੈਸਾ ਜ਼ੁਲਮੀ ਵਰਤਾਰਾ ਹੈ? ਆਪ ਬਦੇਸ਼ੀ ਰਾਜਿਆਂ ਤੋਂ ਨਜਾਤ ਪਾਉਣ ਦੇ ਹੱਕ ਵਿੱਚ ਸਨ। ਉਹਨਾਂ ਨੇ ਲੋਕਾਂ ਅੰਦਰ ਰਾਜਨੀਤਕ ਜਾਗ੍ਰਿਤੀ ਪੈਦਾ ਕੀਤੀ ।

**ਇੱਕ ਮਹਾਨ ਯਾਤਰੀ** : ਗੁਰੂ ਨਾਨਕ ਮਹਾਨ ਯਾਤਰੀ ਸਨ ਜਿਨ੍ਹਾਂ ਨੇ ਲਗਭਗ ਵੀਹ ਵਰ੍ਹੇ ਦੇਸ਼-ਪਰਦੇਸ ਵਿੱਚ ਭ੍ਰਮਣ ਕਰਦਿਆਂ ਆਪਣੇ ਵਿਚਾਰਾਂ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਆਪ ਹਿੰਦੁਸਤਾਨ ਦੇ ਬਹੁਤ ਸਾਰੇ ਇਲਾਕਿਆਂ ਦੇ ਨਾਲ-ਨਾਲ ਅਰਬ, ਮੱਧ ਏਸ਼ੀਆਈ ਮੁਲਕਾਂ ਵਿੱਚ ਵੀ ਗਏ। ਉਸ ਸਮੇਂ ਦੇ ਅਣਸੁਖਾਵੇਂ ਹਾਲਾਤ ਵਿੱਚ ਵੀ ਆਪ ਨੇ ਨਿੱਡਰ ਹੋ ਕੇ ਖੂਬ ਯਾਤਰਾ ਕੀਤੀ।

**ਮਹਾਨ ਬਾਣੀ ਕਾਰ** : ਆਪ ਮਹਾਨ ਬਾਣੀਕਾਰ ਅਤੇ ਕੀਰਤਨੀਏ ਸਨ। ਆਪ ਦੀ ਬਾਣੀ ਅਤਿ ਉੱਤਮ ਸਾਹਿਤਕ ਗੁਣਾਂ ਦੀ ਧਾਰਨੀ ਹੈ ਤੇ ਵਿਚਾਰ ਪੱਖੋਂ ਵੀ ਮਹਾਨ ਹੈ। ਆਪ ਨੇ ਪਦਿਆਂ ਅਸਟਪਦੀਆਂ, ਛਤਾਂ ਤੋਂ ਇਲਾਵਾ ਜਪੁ, ਪਟੀ, ਓਅੰਕਾਰ, ਸਿਧ ਗੋਸਟ, ਬਾਰਾਂਮਾਹ ਅਤੇ ਰਾਗ ਮਾਝ, ਆਸਾ ਤੇ ਮਲ੍ਹਾਰ ਵਿੱਚ ਤਿੰਨ ਵਾਰਾਂ ਦੀ ਰਚਨਾ ਕੀਤੀ। ਆਪ ਵੱਲੋਂ ਰਚੀਆਂ ਬਾਣੀਆਂ ਵਿੱਚੋਂ ਜਪੁ ਅਤੇ ਆਸਾ ਦੀ ਵਾਰ ਸਭ ਤੋਂ ਪ੍ਰਸਿੱਧ ਹਨ। ਆਪ ਕਈ ਰਾਗਾਂ ਦੇ ਮਾਹਿਰ ਸਨ। ਆਪ ਨੇ ਪ੍ਰਭੂ ਉਸਤਤ ਕਰਦਿਆਂ ਕਲਾਸੀਕਲ ਰਾਗਾਂ ਦੀ ਵਰਤੋਂ ਕਰ ਕੇ ਪ੍ਰਭੂ ਨੂੰ ਰਿਝਾਉਣ ਦਾ ਯਤਨ ਕੀਤਾ।

**ਨਿਰਭੈ ਸ਼ਖਸੀਅਤ ਦੇ ਮਾਲਕ** : ਗੁਰੂ ਨਾਨਕ ਦੇਵ ਜੀ ਨਿਰਭੈ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਨੇ ਧਾਰਮਕ, ਸਮਾਜਕ ਤੇ ਰਾਜਨੀਤਕ ਆਗੂਆਂ ਨੂੰ ਖਰੀਆਂ-ਖਰੀਆਂ ਸੁਣਾਈਆਂ ਅਤੇ ਨਿੱਡਰ ਲਹਿਜੇ ਵਿੱਚ ਉਸਾਰੂ ਆਲੋਚਨਾ ਕੀਤੀ।

ਆਪ ਜੀ ਦੀ ਵਡਿਆਈ ਇਸ ਵਿੱਚ ਵੀ ਹੈ ਕਿ ਸਾਰੇ ਭਾਰਤ ਵਾਸੀ ਕੀ ਹਿੰਦੂ ਕੀ ਮੁਸਲਮਾਨ ਆਪ ਨੂੰ ਆਪਣਾ ਗੁਰੂ ਮੰਨਦੇ ਸਨ। ਗੁਰੂ ਨਾਨਕ ਮੱਧਕਾਲ ਵਿੱਚ ਭਾਰਤੀਆਂ ਦੇ ਮਸੀਹਾ ਬਣ ਕੇ ਇਸ ਜਗਤ ਵਿੱਚ ਆਏ ਸਨ।



Downloaded from https:// www.studiestoday.com

Downloaded from https:// www.studiestoday.com

# ਗੁਰੂ ਅੰਗਦ ਦੇਵ ਜੀ (1504-1552 ਈ:)

**ਜਨਮ ਅਤੇ ਮੁਢਲਾ ਜੀਵਨ** - ਆਪ ਦਾ ਜਨਮ 31 ਮਾਰਚ, 1504 ਨੂੰ ਮੱਤੇ ਕੀ ਸਰਾਏ, ਜ਼ਿਲ੍ਹਾ ਮੁਕਤਸਰ ਵਿਖੇ ਭਾਈ ਫੇਰੂਮਲ ਤੇ ਦਇਆ ਕੌਰ ਦੇ ਗ੍ਰਹਿ ਵਿਖੇ ਹੋਇਆ। ਆਪ ਦਾ ਪਹਿਲਾ ਨਾਂ ਲਹਿਣਾਂ ਸੀ। ਆਪਦੇ ਪਿਤਾ ਦੁਕਾਨਦਾਰ ਸਨ, ਜੋ ਚੰਗੇਰੇ ਰੋਜ਼ਗਾਰ ਲਈ ਪਹਿਲਾਂ ਪਰਿਵਾਰ ਸਮੇਤ ਹਰੀਕੇ ਤੇ ਫਿਰ ਖਡੂਰ ਸਾਹਿਬ ਆ ਗਏ। ਲਹਿਣਾ ਜੀ ਦਾ ਬਚਪਨ ਖਡੂਰ ਸਾਹਿਬ ਵਿਖੇ ਗੁਜਰਿਆ।

**ਵਿਆਹ ਅਤੇ ਸੰਤਾਨ** : ਇੱਥੇ ਰਹਿੰਦਿਆਂ 15 ਸਾਲਾਂ ਦੀ ਉਮਰ ਵਿੱਚ ਉਹਨਾਂ ਦਾ ਵਿਆਹ ਬੀਬੀ ਖੀਵੀ ਨਾਲ ਹੋ ਗਿਆ। ਜੋ ਦੇਵੀ ਚੰਦ ਜੀ ਦੀ ਪੁੱਤਰੀ ਸੀ। ਆਪ ਦੇ ਗ੍ਰਹਿ ਵਿਖੇ ਦੋ ਪੁੱਤਰ-ਭਾਈ ਦਾਤੂ ਤੇ ਭਾਈ ਦਾਸੂ-ਅਤੇ ਦੋ ਧੀਆਂ-ਬੀਬੀ ਅਮਰੋ ਤੇ ਬੀਬੀ ਅਨੋਖੀ - ਨੇ ਜਨਮ ਲਿਆ। ਆਪ ਬਚਪਨ ਤੋਂ ਧਾਰਮਿਕ ਬਿਰਤੀ ਵਾਲੇ ਖੁਸ਼ ਸੁਭਾ ਦੇ ਸਨ। ਇਹ ਪਰਿਵਾਰ ਸਹਿਤ ਦੁਰਗਾ ਦੀ ਉਪਾਸਨਾ ਕਰਦੇ ਸਨ ਅਤੇ ਹਰ ਸਾਲ ਜਵਾਲਾਮੁੱਖੀ ਤੀਰਥ ਦੀ ਯਾਤਰਾ ਕਰਨ ਸੰਗ ਨਾਲ ਜਾਇਆ ਕਰਦੇ ਸਨ।

**ਗੁਰੂ ਨਾਨਕ ਦੇਵ ਜੀ ਨਾਲ਼ ਮਿਲਾਪ** : ਇੱਕ ਦਿਨ ਅਮ੍ਰਿਤ ਵੇਲੇ ਉਹਨਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਸਰਵਣ ਕੀਤੀ ਤਾਂ ਆਪ ਦਾ ਹਿਰਦਾ ਸ਼ਾਂਤ ਹੋ ਗਿਆ। ਆਪ ਨੇ ਇਸ ਮਧੁਰ ਬਾਣੀਕਾਰ ਦੇ ਦਰਸ਼ਨ ਕਰਨ ਦਾ ਫੈਸਲਾ ਕਰ ਲਿਆ। ਅਗਲੇ ਸਾਲ ਜਦੋਂ ਆਪ ਸੰਗ ਨਾਲ ਜਵਾਲਾਮੁੱਖੀ ਦੀ ਯਾਤਰਾ ਤੇ ਗਏ ਤਾਂ ਰਾਹ ਵਿੱਚ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਲਈ ਰੁਕੇ ਉਹ ਸਤਿਗੁਰੂ ਦੇ ਬਚਨ ਬਿਲਾਸ, ਵਿਅਕਤਿਤਵ ਤੇ ਅਮਲੀ ਜੀਵਨ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਬਸ ਸਦਾ ਲਈ ਉਹਨਾਂ ਦੇ ਬਣ ਗਏ।

**ਗੁਰਗੱਦੀ** : ਗੁਰੂ ਨਾਨਕ ਸਾਹਿਬ ਨੇ 1539 ਈ: ਵਿੱਚ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣਾ ਉਤਰਾਧਿਕਾਰੀ ਨਿਯਤ ਕਰਨ ਦਾ ਫ਼ੈਸਲਾ ਕੀਤਾ। ਆਪ ਨੇ ਪੁੱਤਰਾਂ ਦੀ ਪ੍ਰੀਖਿਆ ਲਈ ਪਰ ਉਹ ਪੂਰੇ ਨਾ ਉਤਰੇ। ਸਿੱਖਾਂ ਵਿੱਚੋਂ ਵੀ ਕੋਈ ਉਹਨਾਂ ਦੀ ਕਸਵੱਟੀ ਤੇ ਪੂਰਾ ਨਾ ਉਤਰਿਆ ਸਿਵਾਏ ਗੁਰੂ ਅੰਗਦ ਦੇਵ ਜੀ ਦੇ ਜਿਨ੍ਹਾਂ ਨੇ ਤਨ ਮਨ ਧਨ ਸਭ ਸਤਿਗੁਰੂ ਨੂੰ ਅਰਪਿਤ ਕਰ ਦਿੱਤਾ ਸੀ। ਆਪ ਵਿੱਚ ਅੰਤਾਂ ਦੀ ਸੇਵਾ ਭਾਵਨਾ ਨਿਮਰਤਾ, ਪਿਆਰ ਤੇ ਸਤਿਕਾਰ ਦੇਖਕੇ ਸਤਿਗੁਰੂ ਨੇ ਸਾਰੀ ਸੰਗਤ ਨੂੰ ਬੁਲਾ ਕੇ ਉਹਨਾਂ ਦੀ ਹਾਜ਼ਰੀ ਵਿੱਚ ਗੁਰੂ ਗੱਦੀ ਸੌਂਪਣ ਦਾ ਐਲਾਨ ਕੀਤਾ। ਮਿਤੀ 14 ਜੂਨ ਸੰਨ 1539 ਨੂੰ ਪੰਜ ਪੈਸੇ ਤੇ ਨਾਰੀਅਲ ਆਪ ਦੇ ਚਰਨਾਂ ਵਿੱਚ ਰੱਖ ਕੇ ਮੱਥਾ ਟੇਕ ਦਿੱਤਾ। ਆਪਣੇ ਅੰਗ ਲਗਾ ਕੇ ਲਹਿਣਾ ਤੋਂ ਗੁਰੂ ਅੰਗਦ ਬਣਾ ਕੇ ਸੰਗਤ ਉਹਨਾਂ ਦੇ ਲੜ ਲਗਾ ਦਿੱਤੀ। ਗੁਰੂ ਅੰਗਦ ਦੇਵ ਜੀ ਨੇ ਸਭ ਸਿੱਖਾਂ ਸੇਵਕਾਂ ਦੀ ਅਧਿਆਤਮਕ ਅਤੇ ਸਮਾਜਕ ਖੇਤਰ ਵਿੱਚ ਅਗਵਾਈ ਕੀਤੀ ਤੇ ਉਹਨਾਂ ਨੂੰ ਪਰਮ ਪੁਰਖ ਦੇ ਚਰਨਾਂ ਨਾਲ ਜੋੜਿਆ। ਡਾ. ਬੈਨਰਜੀ ਅਨੁਸਾਰ ਭਾਈ ਲਹਿਣਾ ਨੂੰ ਗੁਰੂ ਜੀ ਦੁਆਰਾ ਆਪਣਾ ਉਤਰਅਧਿਕਾਰੀ ਨਿਯੁਕਤ ਕਰਨਾ ਸਿੱਖ ਇਤਿਹਾਸ ਦੀ ਇੱਕ ਮਹੱਤਵਪੂਰਨ ਘਟਨਾ ਹੈ।

**ਹਮਾਂਯੂ ਨਾਲ ਮੁਲਾਕਾਤ**: ਸਿੱਖ ਇਤਿਹਾਸ ਅਨੁਸਾਰ ਹਮਾਂਯੂ ਸ਼ੇਰਸ਼ਾਹ ਸੂਰੀ ਪਾਸੋਂ ਹਾਰ ਖਾ ਕੇ ਭੱਜਿਆ ਤਾਂ ਗੁਰੂ ਅੰਗਦ ਦੇਵ ਦੇ ਪਾਸ ਖਡੂਰ ਸਾਹਿਬ ਵਿਖੇ ਪਹੁੰਚਾ। ਉਹ ਆਪਣੀ ਜਿੱਤ ਖਾਤਰ ਸਤਿਗੁਰੂ ਤੋਂ ਅਸ਼ੀਰਵਾਦ ਲੈਣਾ ਚਾਹੁੰਦਾ ਸੀ। ਉਸ ਸਮੇਂ ਸਤਿਗੁਰੂ ਅੰਤਰ ਧਿਆਨ ਹੋਏ ਬੈਠੇ ਸਨ ਜਿਸ ਕਾਰਨ ਉਹਨਾਂ ਨੇ ਹਮਾਂਯੂ ਵੱਲ ਤਵੱਜੋ ਨਾ ਦਿੱਤੀ। ਇਸ ਤੇ ਉਹ ਗੁੱਸੇ ਵਿਚ ਆ ਗਿਆ। ਤਲਵਾਰ ਮਿਆਨ ਵਿੱਚੋਂ ਕੱਢ ਕੇ ਗੁਰੂ ਸਾਹਿਬ ਤੇ ਹਮਲਾ ਕਰਨ ਲੱਗਾ। ਆਪ ਦੀ ਇਸ ਸਮੇਂ ਅੱਖ ਖੁੱਲ੍ਹ ਗਈ ਤਾਂ ਆਪ ਨੇ ਆਖਿਆ ਬਾਦਸ਼ਾਹ ਤੇਰੀ ਤਲਵਾਰ ਸਾਧ ਸੰਤ ਤੇ ਨਹੀਂ ਚੱਲਣੀ ਚਾਹੀਦੀ ਸੀ। ਉਦੋਂ ਇਹ ਤਲਵਾਰ ਕਿੱਥੇ ਸੀ ਜਦੋਂ ਸ਼ੇਰ ਸ਼ਾਹ ਸੂਰੀ ਨਾਲ ਤੇਰਾ ਟਕਰਾ ਹੋਇਆ ਸੀ। ਹਮਾਂਯੂ ਬਹੁਤ ਸ਼ਰਮ ਸਾਰ ਹੋਇਆ ਤੇ ਮੁਆਫ਼ੀ ਮੰਗੀ। ਆਸ਼ੀਰਵਾਦ ਮੰਗਣ ਤੇ ਸਾਹਿਬ ਨੇ ਆਖਿਆ ਕੁਝ ਸਮਾ ਕਸ਼ਟ ਕੱਟਣ ਮਗਰੋਂ ਤੈਨੂੰ ਰਾਜ ਭਾਗ ਮਿਲੇਗਾ।

**ਜੋਤੀਜੋਤ ਸਮਾਉਣਾ**: ਗੁਰੂ ਅੰਗਦ ਦੇਵ ਜੀ ਨੇ ਜਦੋਂ ਆਪਣਾ ਅੰਤਿਮ ਸਮਾਂ ਨੇੜੇ ਆਉਂਦਾ ਮਹਿਸੂਸ ਕੀਤਾ ਤਾਂ ਉਹਨਾਂ ਨੇ ਗੁਰਿਆਈ ਯੋਗ ਪਾਤਰ ਨੂੰ ਦੇਣ ਦਾ ਫੈਸਲਾ ਕਰ ਲਿਆ। ਉਹਨਾਂ ਸਤਿਗੁਰੂ ਨਾਨਕ ਦੇਵ ਵਾਂਗ ਆਪਣੇ ਦੋਵਾਂ ਪੁੱਤਰਾਂ ਦੀ ਬਜਾਏ, ਪਰਖੇ ਹੋਏ ਸ਼ਰਧਾਲੂ ਸੇਵਕ ਗੁਰੂ ਅਮਰ ਦਾਸ ਜੀ ਨੂੰ ਗੁਰੂ ਗੱਦੀ ਬਖ਼ਸ਼ ਦਿੱਤੀ ਅਤੇ ਨਾਲ ਹੀ ਗੋਇੰਦਵਾਲ ਨੂੰ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਬਨਾਉਣ ਲਈ ਆਖਿਆ। ਗੁਰੂ ਅੰਗਦ ਦੇਵ ਜੀ 29 ਮਾਰਚ 1552 ਈ. ਨੂੰ ਜੋਤੀ ਜੋਤਿ ਸਮਾ ਗਏ।



Downloaded from https:// www.studiestoday.com

Downloaded from https:// www.studiestoday.com

### ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

1. ਗੁਰੂ ਅੰਗਦ ਦੇਵ ਜੀ ਦਾ ਜਨਮ ਕਿੱਥੇ ਹੋਇਆ ?
2. ਉਹਨਾਂ ਦੇ ਪਿਤਾ ਜੀ ਕੀ ਕੰਮ ਕਰਦੇ ਸਨ?
3. ਗੁਰੂ ਅੰਗਦ ਦੇਵ ਜੀ ਦੇ ਪਿਤਾ ਜੀ ਚੰਗੇ ਰੁਜ਼ਗਾਰ ਲਈ ਕਿੱਥੇ ਆ ਗਏ?
4. ਲਹਿਣਾ ਜੀ ਦਾ ਬਚਪਨ ਕਿਸ ਸਥਾਨ ਵਿਖੇ ਗੁਜ਼ਰਿਆ।
5. ਗੁਰੂ ਅੰਗਦ ਦੇਵ ਜੀ ਦੇ ਪੁੱਤਰਾਂ ਦੇ ਨਾਂ ਦੱਸੋ?
6. ਇੱਕ ਦਿਨ ਭਾਈ ਲਹਿਣਾ ਜੀ ਨੇ ਅੰਮ੍ਰਿਤ ਵੇਲੇ ਕਿਸ ਦੀ ਬਾਣੀ ਸਰਵਣ ਕੀਤੀ?
7. ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ( ਗੁਰੂ ਅੰਗਦ ਦੇਵ ਜੀ) ਨੂੰ ਗੁਰਗੱਦੀ ਸੌਂਪਣ ਲੱਗਿਆਂ ਕੀ ਰਸਮ ਅਦਾ ਕੀਤੀ ਸੀ?
8. ਹਮਾਂਯੂ ਕਿਸ ਕੋਲੋਂ ਹਾਰ ਖਾ ਕੇ ਦੌੜਿਆ ?
9. ਤਲਵਾਰ ਕੱਢਣ ਉੱਤੇ ਗੁਰੂ ਅੰਗਦ ਦੇਵ ਜੀ ਨੇ ਹਮਾਯੂੰ ਨੂੰ ਕੀ ਕਿਹਾ?
10. ਗੁਰੂ ਅੰਗਦ ਦੇਵ ਜੀ ਕਦੋਂ ਜੋਤੀ ਜੋਤ ਸਮਾ ਗਏ?

### ਸਿੱਖ ਮਤ ਦੇ ਵਿਕਾਸ ਵਿਚ ਯੋਗਦਾਨ

ਗੁਰੂ ਅੰਗਦ ਦੇਵ ਜੀ ਨੇ 1539 ਤੋਂ 1552 ਈ: ਤੱਕ ਗੁਰਿਆਈ ਦਾ ਕਾਰਜ ਭਾਰ ਸੰਭਾਲਿਆ। ਆਪ ਨੇ ਸਿੱਖ ਮਤ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਆਪ ਦੇ ਅਹਿਮ ਕਾਰਜ ਨਿਮਨ ਅਨੁਸਾਰ ਹਨ:-

1. **ਗੁਰਮੁਖੀ ਲਿਪੀ ਦਾ ਪ੍ਰਚਾਰ ਤੇ ਸੁਧਾਰ :** ਸਤਿਗੁਰੂ ਨੇ ਗੁਰਮੁਖੀ ਲਿਪੀ ਦਾ ਪ੍ਰਚਾਰ ਸਿੱਖਾਂ ਵਿੱਚ ਕਰਕੇ ਇਸ ਨੂੰ ਇੱਕ ਸਮਰਥ ਲਿਪੀ ਵਜੋਂ ਪ੍ਰਸਤੁਤ ਕੀਤਾ। ਇਸ ਵਿੱਚ ਲੋੜੀਂਦੇ ਸੁਧਾਰ ਕੀਤੇ। ਗੁਰਮੁਖੀ ਲਿਪੀ ਦਾ ਸਿੱਖ ਧਰਮ ਦੇ ਵਿਕਾਸ ਵਿੱਚ ਮਹੱਤਵਪੂਰਨ ਸਥਾਨ ਹੈ, ਕਿਉਂਕਿ ਬਾਅਦ ਵਿੱਚ ਸਾਰੇ ਗੁਰੂ ਸਾਹਿਬਾਨ ਨੇ ਉਸ ਲਿਪੀ ਵਿੱਚ ਬਾਣੀ ਦੀ ਰਚਨਾ ਕੀਤੀ ਤੇ ਸਿੱਖਾਂ ਸੇਵਕਾਂ ਨੇ ਇਸ ਲਿਪੀ ਵਿੱਚ ਗੁਟਕੇ ਅਤੇ ਪੋਥੀਆਂ ਤਿਆਰ ਕਰ ਕੇ ਬਾਣੀ ਦਾ ਪ੍ਰਚਾਰ ਕਰਨ ਲਈ ਸ਼ਲਾਘਾਯੋਗ ਉੱਦਮ ਕੀਤਾ। ਇਸ ਨਾਲ ਬਾਣੀ ਦਾ ਸ਼ੁੱਧ ਸਰੂਪ ਨਿਸਚਿਤ ਹੋ ਗਿਆ। ਬਾਣੀ ਲੋਕ ਭਾਸ਼ਾ ਤੇ ਗੁਰਬਾਣੀ ਲਿਪੀ ਵਿੱਚ ਹੋਣ ਕਾਰਨ ਲੋਕ ਮਾਨਸ ਵਿੱਚ ਸਹਿਜ ਸੁਭਾ ਘਰ ਕਰ ਗਈ। ਇਹ ਵੀ ਆਖਿਆ ਜਾਂਦਾ ਹੈ ਕਿ ਗੁਰੂ ਅੰਗਦ ਦੇਵ ਨੇ ਇੱਕ ਬਾਲਬੋਧ (ਕਾਇਦਾ) ਗੁਰਮੁਖੀ ਲਿਪੀ ਵਿੱਚ ਤਿਆਰ ਕੀਤਾ ਜਿਸ ਦਾ ਸਿੱਖਾਂ ਨੂੰ ਬਹੁਤ ਲਾਭ ਹੋਇਆ। ਸਿੱਖਾਂ ਵਿੱਚ ਵਿੱਦਿਆ ਦਾ ਪ੍ਰਚਾਰ ਹੋਇਆ ਅਤੇ ਲੋਕਾਂ ਵਿੱਚ ਗੁਰਮੁਖੀ ਦੁਆਰਾ ਪੰਜਾਬੀ ਭਾਸ਼ਾ ਹਰਮਨ ਪਿਆਰੀ ਹੋ ਗਈ।

**ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਸੰਭਾਲ :** ਜਦੋਂ ਗੁਰੂ ਨਾਨਕ ਸਾਹਿਬ ਨੇ ਗੁਰਿਆਈ ਗੁਰੂ ਅੰਗਦ ਦੇਵ ਨੂੰ ਸੌਂਪੀ ਤਾਂ ਨਾਲ ਹੀ ਆਪਣੀ ਬਾਣੀ ਦੀ ਪੋਥੀ ਵੀ ਸੌਂਪ ਦਿੱਤੀ। ਜੋ ਬਾਣੀ ਜਾਂ ਗੁਰੂ ਨਾਨਕ ਸਾਹਿਬ ਦੇ ਸ਼ਬਦ ਦੂਰ ਦੁਰਾਡੇ ਦੇ ਸਿੱਖਾਂ ਪਾਸ ਸੰਭਾਲੇ ਹੋਏ ਸਨ, ਉਹਨਾਂ ਦਾ ਸੰਕਲਨ ਵੀ ਗੁਰੂ ਅੰਗਦਦੇਵ ਜੀ ਨੇ ਕੀਤਾ। ਉਹ ਸਾਰੇ ਸ਼ਬਦ ਗੁਰੂ ਨਾਨਕ ਦੁਆਰਾ ਸੌਂਪੀ ਬਾਣੀ ਦੀ ਪੋਥੀ ਵਿੱਚ ਸ਼ਾਮਿਲ ਕਰ ਲਏ ਗਏ ਅਤੇ ਬਾਣੀ ਦੀਆਂ ਨਕਲਾਂ ਤਿਆਰ ਕਰਵਾਉਣ ਦਾ ਸੁਚੱਜਾ ਯਤਨ ਕੀਤਾ।

**ਗੁਰੂ ਨਾਨਕ ਸਾਹਿਬ ਜੀ ਦੀ ਜੀਵਨ ਗਾਥਾ :** ਕੁਝ ਵਿਦਵਾਨਾਂ ਅਨੁਸਾਰ ਆਪ ਨੇ ਭਾਈ ਬਾਲਾ ਨੂੰ ਗੁਰੂ ਨਾਨਕ ਸਾਹਿਬ ਦੀ ਜੀਵਨ-ਗਾਥਾ ਸੁਨਾਉਣ ਲਈ ਆਖਿਆ। ਉਹਨਾਂ ਨੇ ਸੁਣਾਈ ਤਾਂ ਆਪਨੇ ਲਿਖਵਾ ਲਈ। ਇਉਂ ਆਪਨੇ ਗੁਰੂ ਨਾਨਕ ਸਾਹਿਬ ਦੇ ਜੀਵਨ ਸੰਬੰਧੀ ਪ੍ਰਚਲਿਤ ਸਾਖੀਆਂ ਦਾ ਸੰਗ੍ਰਹਿ ਤਿਆਰ ਕਰਨ ਵਿੱਚ ਪਹਿਲ ਕੀਤੀ।

**ਲੰਗਰ ਪ੍ਰਥਾ :** ਲੰਗਰ ਦੀ ਪ੍ਰਥਾ ਭਾਵੇਂ ਗੁਰੂ ਨਾਨਕ ਸਾਹਿਬ ਨੇ ਆਰੰਭ ਕਰ ਦਿੱਤੀ ਸੀ, ਪਰ ਇਸ ਨੂੰ ਪੱਕੇ ਪੈਰਾਂ ਤੇ ਕਰਨ ਦੇ ਯਤਨ ਗੁਰੂ ਅੰਗਦ ਦੇਵ ਜੀ ਨੇ ਕੀਤੇ। ਇਸ ਦਾ ਵਿਸਤਾਰ ਕਰਨ ਲਈ ਇਹ ਕਾਰਜ ਆਪਣੀ ਪਤਨੀ ਮਾਤਾ ਖੀਵੀ ਜੀ ਨੂੰ ਸੌਂਪਿਆ ਜਿਨ੍ਹਾਂ ਨੇ ਪੂਰੀ ਸ਼ਰਧਾ ਨਾਲ ਇਸ ਕਾਰਜ ਨੂੰ ਕੀਤਾ। ਅਮੀਰ-ਗਰੀਬ, ਨੀਵੇਂ ਉੱਚੇ ਸਭ ਇੱਕ ਪੰਗਤੀ ਵਿੱਚ ਬੈਠ ਕੇ ਲੰਗਰ ਛਕਦੇ ਸਨ।



Downloaded from https:// www.studiestoday.com

Downloaded from https:// www.studiestoday.com

**ਉਚ ਨੀਚ ਨੂੰ ਦੂਰ ਕਰਨ :** ਲੰਗਰ ਦੀ ਪ੍ਰਥਾ ਦੀ ਮਹਾਨਤਾ ਇਸ ਪੱਖੋਂ ਵੀ ਹੈ ਕਿ ਇਸ ਨਾਲ ਉਚ ਨੀਚ ਦਾ ਫਰਕ ਖ਼ਤਮ ਹੋਇਆ ਰਾਜਾ ਪਰਜਾ ਸਭ ਇੱਕ ਸਮਾਨ ਪੰਗਤ ਵਿੱਚ ਬੈਠ ਕੇ ਲੰਗਰ ਛਕਦੇ ਸਨ। ਲੋਕਾਂ ਵਿੱਚ ਧਾਰਮਕ ਏਕਤਾ ਅਤੇ ਸਮਾਜਕ ਬਰਾਬਰੀ ਦੀ ਭਾਵਨਾ ਦ੍ਰਿੜ੍ਹ ਹੋਣ ਲੱਗੀ ਸੀ। ਸਿੱਖਾਂ ਦੇ ਦਾਨ ਦੀ ਯੋਗ ਵਰਤੋਂ ਹੁੰਦੀ ਸੀ। ਇਸ ਲੰਗਰ ਸੰਸਥਾ ਨੇ ਸਿੱਖੀ ਦੇ ਵਾਧੇ ਲਈ ਵੀ ਯੋਗਦਾਨ ਪਾਇਆ ਹੈ।

**ਅਰੋਗਤਾ ਉੱਤੇ ਜ਼ੋਰ :** ਗੁਰੂ ਸਾਹਿਬ ਦਾ ਵਿਚਾਰ ਸੀ ਕਿ ਅਰੋਗ ਤੇ ਬਲਵਾਨ ਸਰੀਰ ਹੀ ਰੂਹਾਨੀ ਮੰਡਲਾਂ ਵਿੱਚ ਪ੍ਰਗਤੀ ਕਰ ਸਕਦਾ ਹੈ। ਅਰੋਗ ਤੇ ਰਿਸ਼ਟ ਪੁਸ਼ਟ ਸਰੀਰ ਵਿੱਚ ਹੀ ਬਲਵਾਨ ਆਤਮਾ ਦਾ ਵਾਸਾ ਸੰਭਵ ਹੈ। ਆਪ ਨੇ ਖਡੂਰ ਸਾਹਿਬ ਵਿਖੇ ਇੱਕ ਅਖਾੜਾ ਬਣਵਾਇਆ ਜਿੱਥੇ ਸਿੱਖ ਸਰੀਰਕ ਕਸਰਤਾਂ ਕਰਿਆ ਕਰਦੇ ਸਨ।

**ਸੰਗਤ :** ਗੁਰੂ ਨਾਨਕ ਸਾਹਿਬ ਦੁਆਰਾ ਸਥਾਪਿਤ ਸੰਗਤ – ਸੰਸਥਾ ਨੂੰ ਗੁਰੂ ਅੰਗਦ ਦੇਵ ਨੇ ਹੋਰ ਬਲਵਾਨ ਤੇ ਲਾਭਕਾਰੀ ਬਨਾਉਣ ਲਈ ਯਤਨ ਕੀਤੇ। ਸਵੇਰੇ ਸ਼ਾਮ ਸਿੱਖ ਗੁਰੂ ਦੀ ਹਜ਼ੂਰੀ ਵਿੱਚ ਜੁੜਦੇ ਅਤੇ ਜਿੱਥੇ ਉਹ ਕਥਾ ਕੀਰਤਨ ਦਾ ਆਨੰਦ ਮਾਣਦੇ ਤੇ ਸਮਾਜਕ ਸਮਸਿਆਵਾਂ ਬਾਰੇ ਵਿਚਾਰ ਵਟਾਂਦਰੇ ਕਰ ਕੇ ਉਹਨਾਂ ਦਾ ਹੱਲ ਲਭਦੇ ਸਨ। ਇਉਂ ਆਪ ਨੇ ਸੰਗਤ ਦੀ ਸੰਸਥਾ ਨੂੰ ਸਿੱਖ ਧਰਮ ਦਾ ਇੱਕ ਸਥਾਈ ਅੰਗ ਬਣਾਉਣ ਲਈ ਅਹਿਮ ਰੋਲ ਅਦਾ ਕੀਤਾ।

**ਗੋਇੰਦਵਾਲ ਵਸਾਉਣ ਦੀ ਪ੍ਰੇਰਨਾ ਦੇਣਾ :** ਗੁਰੂ ਅੰਗਦ ਦੇਵ ਜੀ ਨੂੰ, ਇੱਕ ਸਿੱਖ ਨੇ ਬੇਨਤੀ ਕੀਤੀ ਕਿ ਖਡੂਰ ਸਾਹਿਬ ਦੇ ਨਿਕਟ ਜ਼ਮੀਨ ਇੱਕ ਨਗਰ ਵਸਾਇਆ ਜਾਵੇ ਇਹ ਜ਼ਮੀਨ ਮੈਂ ਦਿਆਂਗਾ। ਆਪ ਨੇ ਉਸ ਦੀ ਬੇਨਤੀ ਮੰਨ ਲਈ ਅਤੇ ਆਪਣੇ ਸਿਦਕੀ ਸਿੱਖ (ਗੁਰੂ) ਅਮਰਦਾਸ ਜੀ ਨੂੰ ਇੱਕ ਨਵਾਂ ਨਗਰ ਸਥਾਪਤ ਕਰਨ ਲਈ ਭੇਜਿਆ। ਇਉਂ ਗੋਇੰਦਵਾਲ ਨਗਰ ਵਸਾਇਆ ਗਿਆ। ਮਗਰੋਂ ਗੁਰੂ ਅਮਰਦਾਸ ਜੀ ਨੇ ਆਪਣੇ ਗੁਰਿਆਈ ਕਾਲ ਵਿੱਚ ਇੱਥੇ ਇੱਕ ਬਾਉਲੀ ਦਾ ਨਿਰਮਾਣ ਕਰਵਾਇਆ ਤੇ ਇਹ ਨਗਰ ਸਿੱਖਾਂ ਦਾ ਪਵਿੱਤਰ ਤੀਰਥ ਬਣ ਗਿਆ।

**ਬਾਣੀ ਦੀ ਰਚਨਾ :** ਗੁਰੂ ਅੰਗਦ ਦੇਵ ਜੀ ਨੇ ਆਪ ਵੀ ਬਾਣੀ ਦੀ ਰਚਨਾ ਕੀਤੀ। ਆਪ ਦੇ 62 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਅੰਕਿਤ ਮਿਲਦੇ ਹਨ।

ਇਉਂ ਗੁਰੂ ਅੰਗਦ ਦੇਵ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਕਈ ਅਹਿਮ ਕਾਰਜ ਕੀਤੇ । ਇਸ ਦੇ ਫ਼ਲ ਸਰੂਪ ਸਿੱਖ ਇੱਕ ਵੱਖਰੀ ਪਛਾਣ ਕਾਇਮ ਕਰਨ ਵਿੱਚ ਅੱਗੇ ਵਧੇ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

(1) ਗੁਰੂ ਅੰਗਦ ਦੇਵ ਜੀ ਨੇ ਕਿਹੜੀ ਲਿਪੀ ਦਾ ਪ੍ਰਚਾਰ ਕੀਤਾ?
(2) ਗੁਰੂ ਅੰਗਦ ਦੇਵ ਜੀ ਨੇ ਕਿਸ ਦੀ ਬਾਣੀ ਦੀ ਸੰਭਾਲ ਕੀਤੀ ?
(3) ਗੁਰੂ ਅੰਗਦ ਦੇਵ ਜੀ ਨੇ ਲੰਗਰ ਦੀ ਸੰਸਥਾ ਦੇ ਵਿਸਥਾਰ ਦਾ ਕੰਮ ਕਿਸਨੂੰ ਸੌਂਪਿਆ ?
(4) ਉਸ ਸਮੇਂ ਸਮਾਜ ਵਿਚਲੀ ਉਚ ਨੀਚ ਦੀ ਸਮਾਪਤੀ ਲਈ ਕਿਹੜੀ ਸੰਸਥਾ ਨੇ ਯੋਗਦਾਨ ਪਾਇਆ ?
(5) ਗੁਰੂ ਅੰਗਦ ਦੇਵ ਜੀ ਨੇ ਅਰੋਗਤਾ ਉੱਪਰ ਕਿਵੇਂ ਜ਼ੋਰ ਦਿੱਤਾ ?
(6) ਸੰਗਤ ਵਿੱਚ ਕਥਾ ਕੀਰਤਨ ਦੇ ਨਾਲ ਨਾਲ ਹੋਰ ਕਿਸ ਬਾਰੇ ਵਿਚਾਰ ਵਟਾਂਦਰਾ ਹੁੰਦਾ ਸੀ?
(7) ਗੁਰੂ ਅੰਗਦ ਦੇਵ ਜੀ ਨੇ, ਗੁਰੂ ਅਮਰਦਾਸ ਜੀ ਨੂੰ ਕਿਹੜਾ ਨਗਰ ਵਸਾਉਣ ਲਈ ਪ੍ਰੇਰਿਆ ?
(8) ਗੁਰੂ ਅੰਗਦ ਦੇਵ ਜੀ ਦੀ ਕਿਹੜੀ ਰਚਨਾ ਗੁਰੂ ਗ੍ਰੰਥ ਸਾਹਿਬ ਵਿੱਚ ਮਿਲਦੀ ਹੈ ?

## ਗੁਰੂ ਅਮਰਦਾਸ ( 1479–1574)

**ਜਨਮ ਅਤੇ ਬਚਪਨ :** ਗੁਰੂ ਅਮਰਦਾਸ ਦਾ ਜਨਮ 5 ਮਈ 1479 ਈ. ਨੂੰ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਮ ਤੇਜ ਭਾਨ ਭੱਲਾ ਸੀ ਜੋ ਦੁਕਾਨਦਾਰੀ ਕਰਦੇ ਸਨ। ਆਪ ਬਚਪਨ ਵਿੱਚ ਹੀ ਕਾਰੋਬਾਰ ਵਿੱਚ ਪਿਤਾ ਦਾ ਹੱਥ ਵਟਾਉਣ ਲਗੇ। ਆਪ ਕਾਫੀ ਸਾਰਾ ਸੌਦਾ ਪੱਤਾ ਘੋੜੀ ਉਪਰ ਲੱਦ ਕੇ ਪਿੰਡ-ਪਿੰਡ ਜਾ ਕੇ ਵੇਚਿਆ ਕਰਦੇ ਸਨ।

**ਵਿਆਹ ਅਤੇ ਸੰਤਾਨ :** ਆਪ ਦਾ ਵਿਆਹ ਲਗਭਗ 24 ਵਰ੍ਹਿਆਂ ਦੀ ਉਮਰ ਵਿੱਚ ਮਨਸਾ ਦੇਵੀ ਪੁੱਤਰੀ ਭਾਈ



Downloaded from https:// www.studiestoday.com

Downloaded from https:// www.studiestoday.com

ਦੇਵੀ ਚੰਦ ਨਾਲ ਹੋਇਆ। ਆਪ ਦੇ ਘਰ ਦੋ ਬੇਟੇ ਮੋਹਨ ਤੇ ਮੋਹਰੀ-ਦੋ ਬੇਟੀਆਂ ਦਾਨੀ ਅਤੇ ਭਾਨੀ ਹੋਈਆਂ। ਆਪ ਵੈਸ਼ਨਵਮਤ ਦੇ ਪੈਰੋਕਾਰ ਸਨ ਪਰ ਸੱਚੇ ਗੁਰੂ ਦੀ ਤਲਾਸ਼ ਵਿਚ ਸਨ।

**ਸੱਚੇ ਗੁਰੂ ਦੀ ਤਲਾਸ਼ :** ਇੱਕ ਵਾਰ ਆਪ ਤੀਰਥ ਯਾਤਰਾ ਕਰ ਰਹੇ ਸਨ ਤਾਂ ਕਿਸੇ ਪੰਡਤ ਨੇ ਆਪ ਪਾਸੋਂ ਆਪਣੇ ਗੁਰੂ ਬਾਰੇ ਪੁੱਛਿਆ ਤਾਂ ਆਪ ਨੇ ਆਖਿਆ ਅਜੇ ਮੇਰਾ ਕੋਈ ਗੁਰੂ ਨਹੀਂ। ਉਸ ਪੰਡਿਤ ਨੇ ਹਕਾਰਤ ਨਾਲ ਦੇਖਦਿਆਂ ਆਖਿਆ ਆਪ ਨਿਗੁਰੇ ਹੋ। ਆਪ ਇਹ ਸੁਣ ਕੇ ਹੋਰ ਅਸ਼ਾਂਤ ਹੋ ਗਏ। ਇੱਕ ਦਿਨ ਆਪ ਨੇ ਗੁਰੂ ਅੰਗਦ ਦੇਵ ਜੀ ਦੀ ਬੇਟੀ ਬੀਬੀ ਅਮਰੋ ਪਾਸੋਂ ਗੁਰੂ ਨਾਨਕ ਸਾਹਿਬ ਦੀ ਬਾਣੀ ਸੁਣੀ ਆਪ ਦਾ ਹਿਰਦਾ ਅਨੰਦ ਭਰਪੂਰ ਹੋ ਗਿਆ। ਆਪ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਲਈ ਖਡੂਰ ਸਾਹਿਬ ਨੂੰ ਚਲ ਪਏ। ਉਹਨਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਗੁਰੂ ਧਾਰਨ ਕਰ ਲਿਆ। ਫਿਰ ਪੂਰਨ ਸ਼ਰਧਾ ਨਾਲ ਗੁਰ ਸੇਵਾ ਤੇ ਨਾਮ-ਸਿਮਰਨ ਵਿੱਚ ਲੱਗ ਗਏ। ਆਪ ਨੇ ਉਹਨਾਂ ਦੀ ਰਹਿਨੁਮਾਈ ਵਿੱਚ ਇੰਨੀ ਸੇਵਾ ਕੀਤੀ ਕਿ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ 1552 ਵਿੱਚ ਗੁਰਿਆਈ ਇਹਨਾਂ ਨੂੰ ਦੇ ਦਿੱਤੀ।

**ਵਿਰੋਧ :** ਜਦੋਂ ਗੁਰੂ ਅਮਰਦਾਸ ਜੀ ਗੋਇੰਦਵਾਲ ਵਿਖੇ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਸਭ ਤੋਂ ਪਹਿਲਾਂ ਇਹਨਾਂ ਦਾ ਵਿਰੋਧ ਗੁਰੂ ਅੰਗਦ ਦੇਵ ਜੀ ਦੇ ਪੁੱਤਰਾਂ ਨੇ ਕੀਤਾ ਸੀ। ਦਾਸੂ ਨੇ ਆਪਣੇ ਆਪ ਨੂੰ ਗੁਰੂ ਐਲਾਨਿਆ ਤੇ ਅਸਲੀ ਗੁਰੂ ਹੋਣ ਦਾ ਪ੍ਰਚਾਰ ਕਰਵਾਇਆ। ਉਸ ਨੇ ਗੁਰੂ ਵਿਰੁਧ ਪ੍ਰਚਾਰ ਹੀ ਨਹੀਂ ਕੀਤਾ ਸਗੋਂ ਉਹਨਾਂ ਦੇ ਲੱਤ ਵੀ ਮਾਰੀ ਪਰ ਸਤਿਗੁਰੂ ਨੇ ਸਹਿਣਸ਼ੀਲਤਾ ਦਾ ਪੱਲਾ ਨਾ ਛੱਡਿਆ ਤੇ ਨਾ ਹੀ ਕੋਈ ਵਿਰੋਧ ਕੀਤਾ। ਨਿਮਰਤਾ ਵਿਚ ਰਹੇ।

**ਉਦਾਸੀਆਂ ਨੂੰ ਪ੍ਰਤਿ ਉੱਤਰ ਦੇਣਾ :** ਬਾਬਾ ਸ੍ਰੀ ਚੰਦ ਜੀ ਨੂੰ ਆਪ ਦੇ ਗੁਰੂ ਬਣਨ ਦਾ ਕਾਰਜ ਪਸੰਦ ਨਾ ਆਇਆ ਜਿਸ ਕਾਰਨ ਉਹਨਾਂ ਨੇ ਵੀ ਆਪ ਦਾ ਵਿਰੋਧ ਕੀਤਾ। ਉਹਨਾਂ ਨੇ ਗੁਰੂ ਅੰਗਦ ਦੇ ਪਰਲੋਕ ਸਿਧਾਰਨ ਮਗਰੋਂ ਆਪਣੇ ਆਪ ਨੂੰ ਗੁਰੂ ਨਾਨਕ ਦੀ ਗੱਦੀ ਦਾ ਵਾਰਿਸ ਐਲਾਨਿਆ ਸੀ। ਉਸ ਦੇ ਬਹੁਤ ਸਾਰੇ ਚੇਲੇ ਤੇ ਪੈਰੋਕਾਰ ਸਨ ਜੋ ਆਪਣੇ ਆਪ ਨੂੰ ਉਦਾਸੀ ਅਖਵਾਉਂਦੇ ਸਨ। ਗੁਰੂ ਅਮਰਦਾਸ ਨੇ, ਉਦਾਸੀ ਸਿਧਾਂਤਾਂ ਦਾ ਵਿਰੋਧ ਕੀਤਾ ਅਤੇ ਗੁਰੂ ਨਾਨਕ ਸਿਧਾਂਤਾਂ ਦਾ ਪ੍ਰਚਾਰ ਕੀਤਾ। ਇਸ ਦੇ ਫਲਸਰੂਪ ਲੋਕਾਂ ਨੇ ਗੁਰੂ ਅਮਰਦਾਸ ਜੀ ਨੂੰ ਅਸਲੀ ਗੁਰੂ ਮੰਨ ਲਿਆ।

**ਬਾਉਲੀ ਦਾ ਨਿਰਮਾਣ :** ਗੋਇੰਦਵਾਲ ਇਲਾਕੇ ਦੇ ਸਨਾਤਨੀ ਹਿੰਦੂ ਅਤੇ ਕੱਟੜ ਬ੍ਰਹਮਣ ਗੁਰੂ ਅਮਰਦਾਸ ਜੀ ਦੇ ਕ੍ਰਾਂਤੀਕਾਰੀ ਵਿਚਾਰਾਂ ਤੋਂ ਬਹੁਤ ਤੰਗ ਸਨ, ਜਿਸ ਕਾਰਨ ਉਹਨਾਂ ਨੇ ਵੀ ਸਤਿਗੁਰੂ ਦਾ ਵਿਰੋਧ ਕਰਨਾ ਅਰੰਭ ਕਰ ਦਿਤਾ। ਜਦੋਂ ਸਤਿਗੁਰੂ ਨੇ ਬਾਉਲੀ ਬਨਾਉਣੀ ਚਾਹੀ ਤਾਂ ਉਹਨਾਂ ਨੇ ਇਸ ਕਾਰਜ ਦਾ ਡੱਟ ਕੇ ਵਿਰੋਧ ਕੀਤਾ। ਉਹਨਾਂ ਸਮੇਂ ਦੇ ਹਾਕਮ ਅਕਬਰ ਪਾਸ ਗੁਰੂ ਜੀ ਦੀ ਸ਼ਕਾਇਤ ਕੀਤੀ। ਪਰ ਉਸ ਨੇ ਗੁਰੂ ਜੀ ਵੱਲੋਂ ਭੇਜੇ ਸਿੱਖ ਭਾਈ ਜੇਠਾ ਤੋਂ ਸਮੱਸਿਆ ਬਾਰੇ ਜਾਣਕਾਰੀ ਪ੍ਰਾਪਤ ਕਰਨ ਉਪਰੰਤ ਗੁਰੂ ਸਾਹਿਬ ਦੇ ਪੱਖ ਵਿੱਚ ਫੈਸਲਾ ਦੇ ਦਿਤਾ। ਗੁਰੂ ਅਮਰਦਾਸ ਜੀ ਨੇ ਲੋਕਾਂ ਦੀ ਭਲਾਈ ਲਈ ਬਾਉਲੀ ਦਾ ਨਿਰਮਾਣ ਕਰਵਾਇਆ।

**ਜੋਤੀ ਜੋਤ ਸਮਾਉਣਾ :** ਇਤਿਹਾਸ ਅਨੁਸਾਰ ਪਹਿਲੀ ਸਤੰਬਰ 1574 ਨੂੰ ਗੁਰੂ ਜੀ ਜੋਤੀ ਜੋਤ ਸਮਾ ਗਏ। ਉਨ੍ਹਾਂ ਦਾ ਜੋਤੀ ਜੋਤ ਸਮਾਉਣ ਸਮੇਂ ਦਾ ਹਾਲ ਗੁਰੂ ਗ੍ਰੰਥ ਸਾਹਿਬ ਵਿੱਚ ਰਾਮਕਲੀ ਰਾਗ ਵਿੱਚ ਦਰਜ ਹੈ। ਇਹ 'ਸਦ' ਦੇ ਰੂਪ ਵਿੱਚ ਹੈ। ਜੋ ਬਾਬਾ ਸੁੰਦਰ ਜੀ ਦੀ ਰਚਨਾ ਹੈ। ਆਪ ਨੇ ਗੁਰਗੱਦੀ ਦਾ ਉਤਰ ਅਧਿਕਾਰੀ ਜੇਠਾ ਜੀ ( ਗੁਰੂ ਰਾਮਦਾਸ ਜੀ) ਨੂੰ ਚੁਣਿਆ।

**ਦੁਹਰਾਈ ਲਈ ਪ੍ਰਸ਼ਨ**

(1) ਗੁਰੂ ਅਮਰਦਾਸ ਜੀ ਦਾ ਜਨਮ ਕਿੱਥੇ ਹੋਇਆ ?
(2) ਗੁਰੂ ਅਮਰਦਾਸ ਜੀ ਦੇ ਪਿਤਾ ਦਾ ਨਾਂ ਕੀ ਸੀ ?
(3) ਤੀਜੇ ਗੁਰੂ ਜੀ ਦੇ ਦੋ ਪੁੱਤਰਾਂ ਦੇ ਕੀ ਨਾਂ ਸਨ?
(4) ਪਹਿਲਾਂ ਗੁਰੂ ਅਮਰਦਾਸ ਜੀ ਕਿਸ ਮੱਤ ਦੇ ਪੈਰੋਕਾਰ ਸਨ ?
(5) ਸੱਭ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਦਾ ਵਿਰੋਧ ਕਿਸਨੇ ਕੀਤਾ ?
(6) ਉਦਾਸੀਆਂ ਵਿੱਚੋਂ ਗੁਰੂ ਜੀ ਦਾ ਵਿਰੋਧ ਕਰਨ ਵਾਲੇ ਮੁਖੀ ਦਾ ਨਾਂ ਦੱਸੋ।
(7) ਗੋਇੰਦਵਾਲ ਦੇ ਇਲਾਕੇ ਦੇ ਸਨਾਤਨੀ ਹਿੰਦੂ ਕਿਸ ਦੇ ਕਰਾਂਤੀਕਾਰੀ ਵਿਚਾਰਾਂ ਦੇ ਵਿਰੋਧੀ ਸਨ ?
(8) ਗੁਰੂ ਅਮਰਦਾਸ ਜੀ ਕਦੋਂ ਜੋਤੀ ਜੋਤ ਸਮਾਏ ?
(9) ਗੁਰੂ ਜੀ ਦੇ ਜੋਤੀ ਜੋਤ ਸਮਾਣ ਦਾ ਹਾਲ ਕਿਸਨੇ ਰਾਮਕਲੀ ਰਾਗ ਵਿੱਚ ਲਿਖਿਆ ਹੈ ?
(10) ਗੁਰੂ ਅਮਰਦਾਸ ਜੀ ਨੇ ਕਿਸ ਨੂੰ ਗੁਰਗੱਦੀ ਦਾ ਉਤਰਾਧਿਕਾਰੀ ਚੁਣਿਆ?



Downloaded from https:// www.studiestoday.com

Downloaded from https:// www.studiestoday.com

## ਸਿੱਖ ਧਰਮ ਦੇ ਵਿਕਾਸ ਵਿਚ ਯੋਗਦਾਨ

ਗੁਰੂ ਅਮਰਦਾਸ ਜੀ ਦਾ ਗੁਰਿਆਈ ਕਾਲ 1552-1574 ਹੈ ਜਿਸ ਦਾ ਸਿਖ ਧਰਮ ਦੇ ਵਿਕਾਸ ਵਿਚ ਅਹਿਮ ਹਿੱਸਾ ਹੈ। ਲਗਭਗ 22 ਸਾਲਾਂ ਵਿੱਚ ਸਤਿਗੁਰੂ ਨੇ ਬਹੁਤ ਸਾਰੇ ਕਾਰਜ ਤੇ ਸੁਧਾਰ ਕੀਤੇ ਜਿਹਨਾਂ ਨਾਲ ਸਿੱਖ ਧਰਮ ਵਿੱਚ ਵਿਲੱਖਣਤਾ ਦੇ ਢਲਕਾਰੇ ਵੱਜਣ ਲੱਗੇ। ਇਹ ਮਹਤਵ ਇਸ ਕਰ ਕੇ ਵੀ ਹੈ ਕਿ ਸਤਿਗੁਰੂ ਗੁਰਗਦੀ ਤੇ 72 ਵਰ੍ਹਿਆਂ ਦੀ ਉਮਰ ਵਿੱਚ ਬੈਠੇ ਤੇ ਇਸ ਬਿਰਧ ਅਵਸਥਾ ਵਿੱਚ ਆਪ ਨੇ ਔਕੜਾਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਨਿਰੰਤਰ ਕਾਰਜ ਕਰਨ ਨੂੰ ਪਹਿਲ ਦਿਤੀ।

**ਬਾਉਲੀ ਦਾ ਨਿਰਮਾਣ :** ਆਪ ਨੇ ਸਭ ਤੋਂ ਪਹਿਲਾਂ ਤੇ ਅਹਿਮ ਕਾਰਜ ਗੋਇੰਦਵਾਲ ਵਿਖੇ ਜੋ ਕੀਤਾ ਉਹ ਬਾਉਲੀ ਦਾ ਨਿਰਮਾਣ ਸੀ। ਇਸ ਬਾਉਲੀ ਦੀਆਂ 84 ਪੌੜੀਆਂ ਹਨ ਜਿਹਨਾਂ ਦੀ ਤਿਆਰੀ ਲਈ ਸ਼ਰਧਾਲੂ ਸਿੱਖਾਂ ਨੇ ਬਹੁਤ ਮਿਹਨਤ ਤੇ ਲਗਨ ਨਾਲ ਕੰਮ ਕੀਤਾ। ਇਹ ਕਥਾ ਪ੍ਰਸਿੱਧ ਹੈ ਕਿ ਜਿਹੜਾ ਹਰ ਪੌੜੀ ਉਪਰ ਜਪੁਜੀ ਸਾਹਿਬ ਦਾ ਇੱਕ ਪਾਠ ਕਰਕੇ ਚੌਰਾਸੀ ਪੌੜੀਆਂ ਪਾਰ ਕਰੇਗਾ ਉਸ ਦੀ ਚੌਰਾਸੀ ਕੱਟੀ ਜਾਵੇਗੀ।

**ਸਿੱਖਾਂ ਦਾ ਨਵਾਂ ਤੀਰਥ ਸਥਾਨ :** ਬਾਉਲੀ ਦੇ ਨਿਰਮਾਣ ਨਾਲ ਸਿੱਖਾਂ ਲਈ ਇਹ ਇੱਕ ਅਹਿਮ ਤੀਰਥ ਬਣ ਗਿਆ। ਬੇਅੰਤ ਸਿੱਖ ਇਸ ਸਥਾਨ ਤੇ ਯਾਤਰਾ ਕਰਨ ਆਉਂਦੇ। ਸਿੱਖ ਇਸ ਸਮੇਂ ਹੋਰ ਤੀਰਥਾਂ ਤੇ ਯਾਤਰਾ ਕਰਨ ਦੀ ਥਾਂ ਇਸ ਨਵੇਂ ਤੀਰਥ ਤੇ ਆਉਣ ਲਗ ਪਏ। ਇੰਜ ਉਹ ਇੱਕ ਨਵੇਂ ਧਰਮ ਵਿਧੀ ਵਿਧਾਨ ਵਿੱਚ ਬੱਝਣ ਲੱਗ ਪਏ।

**ਮੰਜੀ ਪ੍ਰਥਾ ਚਾਲੂ ਕਰਨਾ :** ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਇੱਕ ਪ੍ਰਣਾਲੀ ਚਾਲੂ ਕੀਤੀ, ਜਿਸ ਨੂੰ ਮੰਜੀ ਪ੍ਰਥਾ ਆਖਿਆ ਜਾਂਦਾ ਹੈ। ਸਿੱਖਾਂ ਦੀ ਗਿਣਤੀ ਕਾਫ਼ੀ ਵਧ ਗਈ ਸੀ ਤੇ ਉਹ ਸੌਖੀ ਤਰਾਂ ਗੋਇੰਦਵਾਲ ਨਹੀਂ ਸਨ ਪਹੁੰਚ ਸਕਦੇ। ਇਸ ਲਈ ਸਤਿਗੁਰੂ ਨੇ ਆਪਣੇ ਸ਼ਰਧਾਲੂ ਤੇ ਪ੍ਰਮਾਣਿਤ ਪ੍ਰਚਾਰਕਾਂ ਦੁਆਰਾ ਸਿੱਖ ਧਰਮ ਦੇ ਉਪਦੇਸ਼ ਪਹੁੰਚਾਣ ਦਾ ਕਾਰਜ ਇਹਨਾਂ ਵਿਦਵਾਨ ਪ੍ਰਚਾਰਕਾਂ ਨੂੰ ਸੌਂਪਿਆ। ਉਹ ਪ੍ਰਚਾਰਕ ਆਮ ਕਰ ਕੇ ਆਪ ਮੰਜੀ ਉਪਰ ਬੈਠਦੇ ਸਨ ਅਤੇ ਸੰਗਤ ਹੇਠਾਂ ਬੈਠਦੀ ਸੀ। ਇਸ ਕਾਰਨ ਇਸ ਨੂੰ ਮੰਜੀ ਪ੍ਰਥਾ ਆਖਿਆ ਜਾਣ ਲੱਗਾ। ਗੁਰੂ ਅਮਰਦਾਸ ਨੇ 22 ਮੰਜੀਆਂ ਸਥਾਪਤ ਕੀਤੀਆਂ ਭਾਵ ਸਿੱਖ ਧਰਮ ਦੇ ਪ੍ਰਚਾਰ ਲਈ ਦੇਸ਼ ਨੂੰ ਬਾਈ ਭਾਗਾਂ ਵਿੱਚ ਵੰਡਿਆ ਤੇ ਉੱਥੇ ਪ੍ਰਚਾਰਕ ਭੇਜੇ। ਇਹਨਾਂ ਪ੍ਰਚਾਰਕਾਂ ਨੇ ਗੁਰਮਤਿ ਅਤੇ ਸਿੱਖ ਧਰਮ ਦਾ ਪ੍ਰਚਾਰ ਬਹੁਤ ਸ਼ਰਧਾ ਨਾਲ ਕੀਤਾ। ਇਹਨਾਂ ਨੇ ਦੂਰ-ਦੂਰ ਤੱਕ ਗੁਰ ਸੰਦੇਸ਼ ਨੂੰ ਪਹੁੰਚਾਇਆ। ਇਹਨਾਂ 22 ਮੰਜੀਦਾਰਾਂ ਦੇ ਨਾਂ ਹਨ 1. ਸਾਵਣ ਮੱਲ 2. ਸੱਚਨ ਸੱਚ 3. ਪਾਰੋ 4. ਲਾਲੂ 5. ਸਾਧਾਰਨ 6. ਖੰਨਾ ਛੌੜਾ 7. ਦੀਪਾ 8. ਮੱਲ੍ਹਸ਼ਾਹ 9. ਕਿਦਾਰਾ 10. ਮਹੇਸ਼ਾ ਧੀਰ 11. ਭੀਮਾ 12. ਮਾਣਕ ਚੰਦ 13. ਗੰਗੂ ਸ਼ਾਹ 14. ਮਾਧੋ ਮੁਰਾਰੀ 15. ਖੇੜਾ 16. ਹੰਦਾਲ 17. ਬੈਨੀ ਪੰਡਤ 18. ਫਿਰਿਆ 19. ਕਟਾਰਾ 20. ਪ੍ਰੇਮਾ 21. ਮਾਈਦਾਸ 22. ਅੱਲ੍ਹਾਯਾਰ।

**ਤਿਉਹਾਰ ਨਵੇਂ ਢੰਗ ਨਾਲ ਮਨਾਉਣ ਦੀ ਪ੍ਰੇਰਨਾ :** ਗੁਰੂ ਅਮਰਦਾਸ ਜੀ ਨੇ ਭਾਈ ਪਾਰੋ ਦੇ ਸੁਝਾ ਅਨੁਸਾਰ ਵਿਸਾਖੀ ਵਾਲੇ ਦਿਨ ਗੋਇੰਦਵਾਲ ਵਿਖੇ ਸੱਭ ਸਿੱਖ ਸੰਗਤਾਂ ਨੂੰ ਗੁਰੂ ਦਰਸ਼ਨ ਲਈ ਆਉਣ ਲਈ ਇਕ ਨਿਸਚਿਤ ਕਰ ਦਿਤਾ ਜਿਸ ਨਾਲ ਵਿਸਾਖੀ ਵਾਲੇ ਦਿਨ ਬੜਾ ਭਾਰੀ ਇਕੱਠ ਹੁੰਦਾ ਜਿਸ ਵਿੱਚ ਧਰਮ ਕਰਮ ਤੇ ਸਮਾਜਕ ਪ੍ਰਗਤੀ ਲਈ ਵਿਚਾਰਾਂ ਹੁੰਦੀਆਂ। ਜੋ ਪ੍ਰੋਗਰਾਮ ਬਣਾਏ ਜਾਂਦੇ ਸਿੱਖ ਮੰਜੀਦਾਰ ਉਹਨਾਂ ਨੂੰ ਅਮਲੀ ਰੂਪ ਦੇਣ ਲਈ ਸਾਰਾ ਸਾਲ ਸਰਗਰਮ ਰਹਿੰਦੇ। ਇਸੇ ਪ੍ਰਕਾਰ ਗੁਰੂ ਜੀ ਨੇ ਵਿਸਾਖੀ ਵਾਂਗ ਮਾਘੀ ਦੀਵਾਲੀ ਆਦਿ ਤਿਉਹਾਰ ਨਵੇਂ ਢੰਗ ਨਾਲ ਮਨਾਉਣ ਲਈ ਆਖਿਆ।

**ਬਾਣੀ ਦੀ ਸਿਰਜਣਾ :** ਆਪ ਨੇ 17 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ ਹੈ। ਆਪ ਨੇ ਪਦਿਆਂ, ਅਸਟਪਦੀਆਂ ਤੇ ਛਤਾਂ ਤੋਂ ਇਲਾਵਾ ਚਾਰ ਵਾਰਾਂ, ਪੱਟੀ, ਅਲਾਹੁਣੀਆਂ, ਅਨੰਦ ਆਦਿ ਵਿਸ਼ੇਸ਼ ਬਾਣੀਆਂ ਦੀ ਰਚਨਾ ਕੀਤੀ।

**ਹੋਰਨਾਂ ਦੀਆਂ ਬਾਣੀਆਂ ਇਕੱਠੀਆਂ ਕਰਨੀਆਂ :** ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਦੇ ਨਾਲ ਨਾਲ ਪਹਿਲੇ ਗੁਰੂ ਸਾਹਿਬਾਨ ਜੀ ਦੀ ਬਾਣੀ ਇਕੱਠੀ ਕਰਨ ਤੇ ਉਹਨਾਂ ਪੋਥੀਆਂ ਦੇ ਉਤਾਰੇ ਕਰਨ ਲਈ ਯਤਨ ਅਰੰਭ ਕੀਤੇ, ਕਿਉਂਕਿ ਗੁਰੂ ਵਿਰੋਧੀ ਲੋਕ, ਬਾਣੀ ਵਿੱਚ ਮਿਲਾਵਟ ਪਾਉਣ ਤੇ ਯਤਨ ਕਰ ਰਹੇ ਸਨ। 'ਨਾਨਕ' ਨਾਂ ਅਧੀਨ ਕਾਵ ਰਚਨਾ ਕਰ ਰਹੇ ਸਨ ਜੋ ਇੱਕ ਖਤਰਨਾਕ ਹਮਲਾ ਸੀ ਜਿਸ ਕਾਰਨ ਆਪ ਨੇ ਬਾਣੀ ਨੂੰ ਮਿਲਾਵਟ ਤੋਂ ਬਚਾਉਣ ਲਈ ਬਹੁਤ ਗੰਭੀਰ ਯਤਨ ਕੀਤੇ। ਆਪਣੇ ਪੋਤਰੇ ਬਾਬਾ ਸਹੰਸਰ ਰਾਮ ਨੂੰ ਇਹ ਬਿਖਮ ਕਾਰਜ ਸੌਂਪਿਆ ਜਿਸ ਨੇ ਬਾਣੀ ਦੇ ਸ਼ੁੱਧ ਉਤਾਰੇ ਤਿਆਰ ਕੀਤੇ ਜੋ ਗੋਇੰਦਵਾਲ ਵਾਲੀਆਂ ਪੋਥੀਆਂ ਦੇ ਨਾਂ ਨਾਲ ਸਿੱਖ ਜਗਤ ਵਿੱਚ ਪ੍ਰਸਿੱਧ ਸਨ। ਬਾਅਦ ਵਿੱਚ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਕਾਰਜ ਸਮੇਂ ਇਹਨਾਂ ਪੋਥੀਆਂ ਨੂੰ ਅਧਾਰ ਬਣਾਇਆ।



Downloaded from https:// www.studiestoday.com

Downloaded from https:// www.studiestoday.com

**ਉਦਾਸੀਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ :** ਗੁਰੂ ਅਮਰਦਾਸ ਨੇ ਸਿੱਖਾਂ ਨੂੰ ਉਦਾਸੀਆਂ ਤੋਂ ਦੂਰ ਰਖਣ ਲਈ ਕਾਫੀ ਯਤਨ ਕੀਤੇ ਕਿਉਂਕਿ ਉਦਾਸੀ ਨਵਿਰਤੀ ਮਾਰਗੀ ਸਨ ਤੇ ਸਿੱਖ ਪਰਵਿਰਤੀ ਮਾਰਗੀ । ਜੇਕਰ ਸਤਿਗੁਰੂ ਗੰਭੀਰ ਯਤਨ ਨਾ ਕਰਦੇ ਤਾਂ ਸਿੱਖਾਂ ਨੇ ਉਦਾਸੀ ਬਣ ਜਾਣਾ ਸੀ। ਆਪ ਨੇ ਗ੍ਰਿਹਸਤ ਵਿੱਚ ਉਦਾਸ ਰਹਿਣ ਦਾ ਉਪਦੇਸ਼ ਦਿਤਾ। ਇਸ ਤਰ੍ਹਾਂ ਉਦਾਸੀਆਂ ਦੇ ਸਿੱਖੀ ਵਿਰੁਧ ਕੀਤੇ ਜਾ ਰਹੇ ਪ੍ਰਚਾਰ ਨੂੰ ਠੱਲ ਪਾਈ।

**ਲੰਗਰ ਪ੍ਰਥਾ ਦਾ ਵਿਸਤਾਰ :** ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਦੁਆਰਾ ਆਰੰਭੀ ਲੰਗਰ ਪ੍ਰਥਾ ਦਾ ਵਿਸਤਾਰ ਕੀਤਾ। ਸਤਿਗੁਰੂ ਕੇਵਲ ਉਹਨਾਂ ਨੂੰ ਦਰਸ਼ਨ ਦਿੰਦੇ ਸਨ ਜੋ ਪਹਿਲਾਂ ਲੰਗਰ ਵਿੱਚ ਪ੍ਰਸ਼ਾਦਾ ਛਕਦੇ ਸਨ। ਸਭ ਧਰਮਾਂ, ਜਾਤਾਂ, ਵਰਗਾਂ ਦੇ ਲੋਕ ਇੱਕੋ ਪੰਗਤ ਵਿੱਚ ਬੈਠ ਕੇ ਇੱਕੋ ਪ੍ਰਕਾਰ ਦਾ ਭੋਜਨ ਕਰਦੇ ਸਨ ਜਿਸ ਨਾਲ ਲੋਕਾਂ ਵਿੱਚ ਏਕੇ ਦੀ ਭਾਵਨਾ ਪ੍ਰਬਲ ਹੋਈ ਹੈ।

**ਗੁਰੂ ਸਿਧਾਂਤਾਂ ਦਾ ਪ੍ਰਚਾਰ :** ਗੁਰੂ ਅਮਰਦਾਸ ਜੀ ਨੇ ਗੁਰੂ ਸਿਧਾਂਤਾਂ ਦੇ ਪ੍ਰਚਾਰ ਲਈ ਤੀਰਥ ਯਾਤਰਾ ਕੀਤੀ। ਆਪ ਪੰਜਾਬ ਤੋਂ ਚੱਲ ਕੇ ਕੁਰੂਕਸ਼ੇਤਰ ਗੰਗਾਂ ਯਮੁਨਾ ਆਦਿ ਸਥਾਨਾਂ ਤੇ ਗਏ ਅਤੇ ਜਜ਼ੀਆਂ ਬੰਦ ਕਰਵਾਇਆ ਜੋ ਹਿਦੂਆਂ ਤੇ ਤੀਰਥ ਯਾਤਰਾ ਤੇ ਜਾਣ ਦਾ ਇੱਕ ਪ੍ਰਕਾਰ ਦਾ ਟੈਕਸ ਸੀ।

**ਜਾਤਪਾਤ ਦਾ ਵਿਰੋਧ :** ਸਤਿਗੁਰੂ ਨੇ ਸਮਾਜ ਵਿੱਚ ਸੁਧਾਰ ਵੱਲ ਵਿਸ਼ੇਸ਼ ਧਿਆਨ ਦਿੰਦਿਆਂ ਲੋਕਾਂ ਨੂੰ ਆਦਰਸ਼ ਸਮਾਜ ਦੇ ਨਿਰਮਾਣ ਲਈ ਯਤਨ ਕਰਨ ਲਈ ਆਖਿਆ। ਆਪ ਨੇ ਜਾਤ ਪਾਤ ਕਾਰਨ ਲੋਕਾਂ ਵਿੱਚ ਬਣੇ ਵਰਗਾਂ ਨੂੰ ਅਣਮਨੁੱਖੀ ਕੰਡ ਕਰਾਰ ਦਿਤਾ। ਛੂਤ ਛਾਤ ਦਾ ਵਿਰੋਧ ਕਰ ਕੇ ਆਮ ਲੋਕਾਂ ਵਿਚ ਇਹ ਪ੍ਰਚਾਰ ਕੀਤਾ ਕਿ ਸਭ ਜੀ ਇਕ ਪ੍ਰਭੂ ਦੀ ਔਲਾਦ ਹਨ। ਲੰਗਰ ਵਿੱਚ ਇਕੱਠੇ ਬੈਠ ਕੇ ਪ੍ਰਸ਼ਾਦਾ ਛੱਕਣ ਦੀ ਪ੍ਰਥਾ ਇਸ ਅਣਮਨੁੱਖੀ ਕੰਡ ਨੂੰ ਖ਼ਤਮ ਕਰਨ ਦਾ ਇਕ ਅਮਲੀ ਕਾਰਜ ਸੀ। ਆਪ ਨੇ ਅੰਤਰ ਜਾਤੀ ਵਿਆਹ ਕਰਨ ਦੀ ਵੀ ਆਗਿਆ ਦਿਤੀ। ਉਹਨਾਂ ਨੇ ਆਪ ਆਪਣੀ ਪੁੱਤਰੀ ਬੀਬੀ ਭਾਨੀ ਦਾ ਵਿਆਹ ਭਾਈ ਜੇਠਾ ਜੀ ਨਾਲ ਬਿਨਾਂ ਜਾਤ ਗੋਤ ਪੁੱਛਿਆਂ ਕੀਤਾ।

**ਵਿਧਵਾ ਵਿਆਹ ਦਾ ਸਮਰਥਨ :** ਆਪ ਨੇ ਵਿਧਵਾ ਵਿਆਹ ਦੇ ਹੱਕ ਵਿੱਚ ਅਤੇ ਬਾਲ ਵਿਆਹ ਦੇ ਵਿਰੁਧ ਆਵਾਜ਼ ਉਠਾਈ। ਹਿੰਦੂ ਸਮਾਜ ਵਿੱਚ ਬੱਚਿਆਂ ਦਾ ਵਿਆਹ ਕਰ ਦਿਤਾ ਜਾਂਦਾ ਸੀ। ਜੇਕਰ ਕੋਈ ਲੜਕਾ ਮਰ ਜਾਂਦਾ ਤਾਂ ਉਸ ਦੀ ਵਿਆਹੁਤਾ ਸਾਰੀ ਉਮਰ ਰੰਡੇਪਾ ਕੱਟਦੀ ਸੀ। ਸਤਿਗੁਰੂ ਨੇ ਵਿਧਵਾ ਵਿਆਹ ਦਾ ਪ੍ਰਚਾਰ ਕੀਤਾ ਤੇ ਸਿੱਖਾਂ ਵਿੱਚ ਇਸ ਤਰ੍ਹਾਂ ਦੇ ਵਿਆਹ ਆਮ ਹੋਣ ਲੱਗ ਪਏ ।

**ਸਤੀ ਪ੍ਰਥਾ ਦਾ ਵਿਰੋਧ :** ਉਸ ਸਮੇਂ ਸਤੀ ਪ੍ਰਥਾ ਇੱਕ ਅਮਾਨਵੀ ਰਸਮ ਸੀ। ਜੇਕਰ ਕਿਸੇ ਦਾ ਪਤੀ ਮਰ ਜਾਂਦਾ ਤਾਂ ਉਸ ਵਿਚਾਰੀ ਪਤਨੀ ਨੂੰ ਵੀ ਉਸੇ ਨਾਲ ਜਿਉਂਦਿਆਂ ਜਲਾ ਦਿਤਾ ਜਾਂਦਾ । ਸਤਿਗੁਰੂ ਨੇ ਇਸ ਦਾ ਡਟ ਕੇ ਵਿਰੋਧ ਕੀਤਾ।

**ਪਰਦੇ ਦੇ ਰਿਵਾਜ ਦਾ ਵਿਰੋਧ :** ਉਸ ਸਮੇਂ ਹਿੰਦੂ ਸਮਾਜ ਵਿੱਚ ਪਰਦੇ ਦਾ ਰਿਵਾਜ ਸੀ, ਪਰ ਸਤਿਗੁਰੂ ਨੇ ਸਿੱਖ ਇਸਤਰੀਆਂ ਨੂੰ ਪਰਦਾ ਨਾ ਕਰਨ ਲਈ ਉਪਦੇਸ਼ ਕੀਤਾ ਤੇ ਇਸਤਰੀਆਂ ਨੂੰ ਸਿੱਖ ਧਰਮ ਵਿੱਚ ਦਾਖਲ ਹੋਣ ਤੇ ਗੁਰਮਤਿ ਦਾ ਪ੍ਰਚਾਰ ਕਰਨ ਦਾ ਅਧਿਕਾਰ ਵੀ ਦਿਤਾ।

**ਨਸ਼ਿਆਂ ਤੋਂ ਰੋਕਣਾ :** ਸਤਿਗੁਰੂ ਨੇ ਸਿੱਖਾਂ ਨੂੰ ਨਸ਼ਿਆਂ ਆਦਿ ਦੇ ਪ੍ਰਯੋਗ ਤੋਂ ਰੋਕਿਆ ਕਿਉਂਕਿ ਇਹ ਨਸ਼ੇ ਬਹੁਤ ਸਾਰੀਆਂ ਬੁਰਾਈਆਂ ਦਾ ਮੂਲ ਹਨ। ਨਸ਼ੇ ਕਾਰਨ ਮਨੁੱਖ ਪਾਗਲਾਂ ਵਾਂਗੂ ਮੰਦੇ ਕਰਮ ਕਰਦਾ ਰਹਿੰਦਾ ਹੈ ਸਮਾਜ ਵਿੱਚ ਅਸ਼ਾਂਤੀ ਤੇ ਘਰ ਵਿੱਚ ਗਰੀਬੀ ਆਦਿ ਦਾ ਕਾਰਨ ਬਣਦਾ ਹੈ।

**ਫਜ਼ੂਲ ਧਾਰਮਿਕ ਰਸਮਾਂ ਦੀ ਮਨਾਹੀ :** ਗੁਰੂ ਅਮਰਦਾਸ ਜੀ ਨੇ ਜਨਮ, ਵਿਆਹ, ਮੌਤ ਆਦਿ ਸਮੇਂ ਪੰਡਤਾਂ ਨੂੰ ਬੁਲਾਕੇ ਮੰਤਰ-ਜਾਪ ਕਰਵਾਉਣ, ਫਜ਼ੂਲ ਰਸਮ ਰਿਵਾਜ਼ਾਂ ਉਪਰ ਪੈਸਾ ਖਰਚਣ ਦੀ ਮਨਾਹੀ ਕਰਦਿਆਂ ਕੇਵਲ ਪ੍ਰਭੂ ਨੂੰ ਯਾਦ ਕਰਨ ਤੇ ਉਸ ਦਾ ਧੰਨਵਾਦ ਆਪ ਕਰਨ ਲਈ ਆਖਿਆ।

**ਅਕਬਰ ਦਾ ਦਰਸ਼ਨਾਂ ਲਈ ਆਉਣਾ :** ਗੁਰੂ ਅਮਰ ਦਾਸ ਜੀ ਆਪਣੇ ਜੀਵਨ ਕਾਲ ਵਿੱਚ ਇਨੇ ਪ੍ਰਸਿੱਧ ਹੋ ਗਏ ਸਨ ਕਿ ਭਾਰਤ ਦਾ ਬਾਦਸ਼ਾਹ ਅਕਬਰ ਵੀ ਉਹਨਾਂ ਦੇ ਦਰਸ਼ਨ ਕਰਨ ਲਈ ਗੋਇੰਦਵਾਲ ਆਇਆ। ਉਸ ਨੇ ਗੁਰੂ ਦੇ ਲੰਗਰ ਦੀ ਬਹੁਤ ਤਾਰੀਫ ਕੀਤੀ। ਉਹ ਸਤਿਗੁਰੂ ਨੂੰ ਜਾਗੀਰ ਦੇਣਾ ਚਾਹੁੰਦਾ ਸੀ ਪਰ ਉਹਨਾਂ ਨੇ ਇਨਕਾਰ ਕਰ ਦਿਤਾ। ਅਕਬਰ ਨੇ ਕੁਝ ਜ਼ਮੀਨ ਗੁਰੂ ਪੁੱਤਰੀ ਬੀਬੀ ਭਾਨੀ ਦੇ ਨਾਂ ਕਰ ਦਿਤੀ ਜਿਥੇ ਬਾਅਦ ਵਿੱਚ ਸ੍ਰੀ ਅੰਮ੍ਰਿਤਸਰ ਨਗਰ ਵਸਾਇਆ ਗਿਆ। ਅਕਬਰ ਦੀ ਗੋਇੰਦਵਾਲ ਫੇਰੀ ਕਾਰਨ ਜਿਥੇ ਗੁਰੂ ਵਿਰੋਧੀ ਠੰਢੇ ਹੋ ਗਏ ਉਥੇ ਹੋਰ ਬਹੁਤ ਸਾਰੇ ਲੋਕ ਗੁਰੂ ਜੀ ਦੀ ਸ਼ਰਣ ਵਿੱਚ ਆ ਗਏ।



Downloaded from https:// www.studiestoday.com

Downloaded from https:// www.studiestoday.com

### ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

1. ਗੁਰੂ ਅਮਰਦਾਸ ਜੀ ਨੇ 84 ਪਉੜੀਆਂ ਵਾਲੀ ਬਉਲੀ ਦਾ ਨਿਰਮਾਣ ਕਿੱਥੇ ਕਰਵਾਇਆ?
2. ਇਸ ਬਾਉਲੀ ਬਾਰੇ ਕੀ ਵਿਸ਼ਵਾਸ਼ ਪ੍ਰਚਲਿਤ ਹੈ?
3. ਗੁਰੂ ਜੀ ਨੇ ਕਿੰਨੀਆਂ ਮੰਜੀਆਂ ਸਥਾਪਤ ਕੀਤੀਆਂ?
4. ਕਿਸੇ ਚਾਰ ਮੰਜੀਦਾਰਾਂ ਦੇ ਨਾਂ ਲਿਖੋ?
5. ਗੁਰੂ ਜੀ ਨੇ ਕਿਹੜੇ-ਕਿਹੜੇ ਤਿਉਹਾਰ ਨਵੇਂ ਢੰਗ ਨਾਲ ਮਨਾਉਣ ਦੀ ਪ੍ਰੇਰਨਾ ਕੀਤੀ?
6. ਗੁਰੂ ਅਮਰਦਾਸ ਜੀ ਦੀ ਬਾਣੀ ਕਿੰਨੇ ਰਾਗਾਂ ਵਿੱਚ ਹੈ?
7. ਗੁਰੂ ਜੀ ਦੁਆਰਾ ਉਤਾਰੇ ਦੁਆਰਾ ਤਿਆਰ ਕੀਤੀਆ ਪੋਥੀਆਂ ਨੂੰ ਕਿਹੜੀਆਂ ਪੋਥੀਆਂ ਕਿਹਾ ਜਾਂਦਾ ਹੈ ।
8. ਉਸ ਸਮੇਂ ਤੀਰਥ ਸਥਾਨਾਂ ਉੱਤੇ ਸਰਕਾਰ ਵੱਲੋਂ ਉਗਰਾਹੇ ਜਾਣ ਵਾਲੇ ਟੈਕਸ ਨੂੰ ਕੀ ਕਹਿੰਦੇ ਹਨ ?
9. ਜਾਤ ਪਾਤ ਦਾ ਵਿਰੋਧ ਕਰਨ ਲਈ ਗੁਰੂ ਜੀ ਨੇ ਕੀ ਕੀਤਾ?
10. ਆਪ ਨੇ ਇਸਤਰੀਆਂ ਨਾਲ ਸੰਬੰਧਿਤ ਕਿਹੜੀ ਪ੍ਰਥਾ ਦਾ ਵਿਰੋਧ ਕੀਤਾ ।

## ਗੁਰੂ ਰਾਮਦਾਸ (1534-1581)

**ਜਨਮ ਅਤੇ ਬਚਪਨ :** ਗੁਰੂ ਰਾਮਦਾਸ ਦਾ ਜਨਮ 24 ਸਤੰਬਰ 1534 ਈ: ਨੂੰ ਚੂੰਨਾ ਮੰਡੀ ਲਾਹੌਰ ਵਿਖੇ ਭਾਈ ਹਰੀ ਦਾਸ ਦੇ ਘਰ ਹੋਇਆ। ਆਪ ਜੀ ਦੀ ਮਾਤਾ ਜੀ ਦਾ ਨਾਂ ਦਇਆ ਕੌਰ ਸੀ। ਆਪ ਸੋਢੀ ਕੁਲ ਦੇ ਸਨ। ਆਪ ਦਾ ਬਚਪਨ ਦਾ ਨਾਂ ਭਾਈ ਜੇਠਾ ਜੀ ਸੀ। ਬਚਪਨ ਵਿੱਚ ਹੀ ਆਪ ਜੀ ਦੇ ਮਾਤਾ ਪਿਤਾ ਚਲਾਣਾ ਕਰ ਗਏ, ਜਿਸ ਕਾਰਨ ਇਹਨਾਂ ਦਾ ਪਾਲਣ ਪੋਸ਼ਣ ਇਹਨਾਂ ਦੇ ਨਾਨੀ ਜੀ ਨੇ ਕੀਤਾ ਆਪ ਦਾ ਬਚਪਨ ਬਹੁਤ ਗਰੀਬੀ ਵਿੱਚ ਗੁਜ਼ਰਿਆ ਆਪ ਛੋਟੀ ਉਮਰੇ ਹੀ ਕੰਮਕਾਜ ਵਿੱਚ ਲੱਗ ਗਏ ਅਤੇ ਘੁੰਗਣੀਆਂ ਵੇਚ ਕੇ ਉਦਰ ਪੂਰਤੀ ਕਰਨ ਲਗੇ।

**ਗੁਰੂ ਅਮਰ ਦਾਸ ਜੀ ਤੋਂ ਪ੍ਰਭਾਵਿਤ :** ਭਾਈ ਜੇਠਾ ਜੀ ਬਚਪਨ ਤੋਂ ਧਾਰਮਿਕ ਬਿਰਤੀ ਵਾਲੇ ਸਨ। ਇੱਕ ਵਾਰ ਉਹਨਾਂ ਨੇ ਸਿੱਖਾਂ ਦਾ ਇੱਕ ਜਥਾ ਲਾਹੌਰ ਤੋਂ ਗੋਇੰਦਵਾਲ ਵੱਲ ਜਾਂਦਾ ਦੇਖਿਆ ਤਾਂ ਨਾਲ ਹੋ ਤੁਰੇ। ਗੁਰੂ ਅਮਰ ਦਾਸ ਜੀ ਦੀ ਸ਼ਖਸੀਅਤ ਤੇ ਉਪਦੇਸ਼ਾਂ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਹਨਾਂ ਦੇ ਹੀ ਹੋ ਕੇ ਰਹਿ ਗਏ। ਬਉਲੀ ਦੇ ਨਿਰਮਾਣ ਵੇਲੇ ਆਪ ਨੇ ਬਹੁਤ ਸੇਵਾ ਕੀਤੀ। ਪਰ ਆਪਣੀ ਤੇ ਆਪਣੀ ਨਾਨੀ ਦੀ ਰੋਟੀ ਘੁੰਗਣੀਆਂ ਵੇਚ ਕੇ ਹੀ ਤੋਰਦੇ ਰਹੇ।

**ਵਿਆਹ ਤੇ ਗ੍ਰਹਿਸਤੀ ਜੀਵਨ :** ਭਾਈ ਜੇਠਾ ਜੀ ਦੀ ਸ਼ਕਲ ਸੂਰਤ ਬਹੁਤ ਸੁੰਦਰ ਸੀ। ਆਪ ਸੁਭਾ ਪੱਖੋ ਨਰਮ, ਤੇ ਮਿੱਠ ਬੋਲਣੇ ਸਨ। ਸੇਵਾ ਭਾਵਨਾ ਵਾਲੇ ਨਾਮ ਅਭਿਆਸੀ ਸਨ ਜਿਸ ਕਾਰਨ ਗੁਰੂ ਅਮਰ ਦਾਸ ਜੀ ਨੇ ਆਪਣੀ ਬੇਟੀ ਬੀਬੀ ਭਾਨੀ ਦਾ ਵਿਆਹ ਆਪ ਨਾਲ ਕਰ ਦਿਤਾ। ਆਪ ਵਿਆਹ ਉਪ੍ਰੰਤ ਗੁਰੂ ਘਰ ਦੇ ਸੇਵਕ ਬਣੇ ਰਹੇ ਤੇ ਹਰ ਕੰਮ ਅੱਗੇ ਹੋ ਕੇ ਕਰਦੇ ਰਹੇ। ਗੁਰੂ ਜੀ ਦੇ ਪ੍ਰਤਿਨਿਧ ਵਜੋਂ ਉਹ ਅਕਬਰ ਨੂੰ ਵੀ ਮਿਲੇ। ਉਹਨਾਂ ਨੇ ਹਰਿਦੁਆਰ ਆਦਿ ਇਲਾਕਿਆ ਵਿੱਚ ਸਿੱਖੀ ਦਾ ਪ੍ਰਚਾਰ ਵੀ ਕੀਤਾ। ਆਪਦੇ ਗ੍ਰਹਿ ਵਿਖੇ ਤਿੰਨ ਸਪੁੱਤਰ ਪ੍ਰਿਥੀ ਚੰਦ, ਮਹਾਦੇਵ ਤੇ ਅਰਜਨ ਦੇਵ ਪੈਦਾ ਹੋਏ।

**ਗੁਰਿਆਈ ਮਿਲਣੀ :** ਗੁਰੂ ਘਰ ਵਿੱਚ ਭਾਈ ਜੇਠਾ ਜੀ ਨਿਮਰਤਾ ਸਿਮਰਨ ਤੇ ਨਿਸ਼ਕਾਮ ਸੇਵਾ ਦਾ ਪ੍ਰਤੀਕ ਬਣ ਗਏ ਸਨ। ਗੁਰੂ ਅਮਰ ਦਾਸ ਨੇ ਜਦੋਂ ਆਪਣਾ ਅੰਤਿਮ ਸਮਾਂ ਨੇੜੇ ਜਾਣਿਆ ਤਾਂ (ਗੁਰੂ) ਰਾਮਦਾਸ ਜੀ ਨੂੰ ਗੁਰਿਆਈ ਦਾ ਯੋਗ ਪਾਤਰ ਮੰਨਿਆ। ਪੁੱਤਰਾਂ ਦੇ ਵਿਰੋਧ ਦੇ ਬਾਵਜੂਦ ਉਹਨਾਂ ਨੇ 1574 ਈ: ਵਿੱਚ ਗੁਰਿਆਈ ਇਹਨਾਂ ਨੂੰ ਦੇ ਦਿਤੀ।

ਗੁਰੂ ਰਾਮਦਾਸ ਜੀ 1574 ਤੋਂ 1581 ਤੱਕ ਗੁਰਗੱਦੀ ਤੇ ਬਿਰਾਜਮਾਨ ਰਹੇ ਤੇ ਇਹਨਾਂ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਪੂਰਾ ਯੋਗਦਾਨ ਪਾਇਆ। ਆਪਣੇ ਅੰਤਲੇ ਸਮੇਂ ਆਪਣੇ ਦੋਹਾਂ ਵੱਡੇ ਪੁੱਤਰਾਂ ਤੋਂ ਯੋਗ ਸਮਝਦਿਆਂ ਸਭ ਤੋਂ ਛੋਟੇ ਸਪੁੱਤਰ (ਗੁਰੂ) ਅਰਜਨ ਦੇਵ ਨੂੰ ਗੁਰਗੱਦੀ ਦੇ ਦਿੱਤੀ ।ਆਪ 1 ਸਤੰਬਰ 1581 ਈ. ਨੂੰ ਜੋਤੀ ਜੋਤ ਸਮਾ ਗਏ।



Downloaded from https:// www.studiestoday.com

Downloaded from https:// www.studiestoday.com

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਗੁਰੂ ਰਾਮਦਾਸ ਜੀ ਦਾ ਜਨਮ ਕਦੋਂ ਹੋਇਆ?
2. ਆਪ ਜੀ ਦੇ ਪਿਤਾ ਦਾ ਕੀ ਨਾਂ ਸੀ?
3. ਗੁਰੂ ਜੀ ਦੀ ਮਾਤਾ ਦਾ ਕੀ ਨਾਂ ਸੀ ?
4. ਗੁਰੂ ਜੀ ਦਾ ਬਚਪਨ ਦਾ ਕੀ ਨਾਂ ਸੀ?
5. ਭਾਈ ਜੇਠਾ ਜੀ ਨੇ ਸਿੱਖਾਂ ਦਾ ਜਥਾ ਕਿਸ ਵਲ ਜਾਂਦਾ ਵੇਖਿਆ? .
6. ਆਪ ਦਾ ਵਿਆਹ ਕਿਸ ਨਾਲ ਹੋਇਆ?
7. ਆਪ ਗੁਰੂ ਅਮਰਦਾਸ ਜੀ ਦੇ ਪ੍ਰਤਿਨਿੱਧ ਵਜੋਂ ਕਿਹੜੇ ਬਾਦਸ਼ਾਹ ਨੂੰ ਮਿਲੇ?
8. ਆਪ ਨੇ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਕਦੋਂ ਦਿੱਤੀ।
9. ਗੁਰੂ ਰਾਮਦਾਸ ਜੀ ਕਦੋ ਤੋਂ ਕਦੋ ਤਕ ਗੁਰਗੱਦੀ ਤੇ ਬਿਰਾਜਮਾਨ ਰਹੇ।
10. ਗੁਰੂ ਰਾਮਦਾਸ ਜੀ ਨੇ ਕਿਸ ਨੂੰ ਗੁਰਗੱਦੀ ਦੇਣ ਦੇ ਯੋਗ ਸਮਝਿਆ ?

## ਸਿੱਖ ਧਰਮ ਦੇ ਵਿਕਾਸ ਵਿੱਚ ਯੋਗਦਾਨ

**ਅੰਮ੍ਰਿਤਸਰ ਵਸਾਉਣਾ :** ਗੁਰੂ ਰਾਮ ਦਾਸ ਜੀ ਦਾ ਸੱਭ ਤੋਂ ਮਹੱਤਵਪੂਰਨ ਕਾਰਜ ਸੀ ਰਾਮਦਾਸਪੁਰ ਜਾਂ ਚੱਕ ਗੁਰੂ ਦੀ ਨੀਂਹ ਰਖਣਾ ਜੋ ਬਾਅਦ ਵਿੱਚ ਸ੍ਰੀ ਅੰਮ੍ਰਿਤਸਰ ਵਜੋਂ ਪ੍ਰਸਿੱਧ ਹੋਇਆ। ਸਿੱਖ ਗ੍ਰੰਥਾਂ ਵਿੱਚ ਅਜਿਹਾ ਜ਼ਿਕਰ ਹੈ ਕਿ ਗੁਰੂ ਅਮਰਦਾਸ ਜੀ ਨੇ ਗੁਰੂ ਰਾਮ ਦਾਸ ਨੂੰ ਆਖਿਆ ਕਿ ਗੋਇੰਦਵਾਲ ਵਿਖੇ ਉਹਨਾਂ ਨੂੰ ਗੁਰੂ -ਪੁੱਤਰਾਂ ਨੇ ਸੁੱਖ ਨਾਲ ਵਸਣ ਨਹੀਂ ਦੇਣਾ,ਇਸ ਲਈ ਅੰਮ੍ਰਿਤਸਰ ਵਾਲੀ ਥਾਂ ਆਬਾਦ ਕਰਕੇ ਉਥੇ ਜਾ ਟਿਕੋ। ਇਹ ਸਥਾਨ ਗੋਬਿੰਦਵਾਲ ਤੋਂ 25 ਮੀਲ ਦੀ ਵਿੱਥ ਤੇ ਹੈ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਸ੍ਰੀ ਅੰਮ੍ਰਿਤਸਰ ਸ਼ਹਿਰ ਵਸਾਉਣ ਦਾ ਕੰਮ ਗੁਰੂ ਅਮਰ ਦਾਸ ਜੀ ਨੇ ਆਰੰਭ ਕਰਵਾਇਆ ਸੀ ਪਰ ਉਹਨਾਂ ਦੇ ਜੋਤੀ ਜੋਤਿ ਸਮਾਉਣ ਕਾਰਨ ਕੁਝ ਚਿਰ ਲਈ ਰੁਕ ਗਿਆ ਤੇ ਬਾਅਦ ਵਿੱਚ ਗੁਰੂ ਰਾਮ ਦਾਸ ਜੀ ਨੇ ਇਸ ਦੇ ਨਿਰਮਾਣ ਕਾਰਜ ਨੂੰ ਪਹਿਲ ਦੇਕੇ 1577 ਈ: ਵਿੱਚ ਅਰੰਭਿਆ। ਗੁਰੂ ਜੀ ਦੇ ਸਿੱਖਾਂ, ਯਾਤਰੀਆਂ, ਕਾਰੀਗਰਾਂ, ਦੁਕਾਨਦਾਰਾਂ ਆਦਿ ਨੇ ਸਰੋਵਰ ਦੇ ਆਸ ਪਾਸ ਮਕਾਨ ਪਾ ਲਏ ਤੇ ਰਹਿਣਾ ਆਰੰਭ ਕਰ ਦਿਤਾ। ਇਉਂ ਹੌਲੀ ਹੌਲੀ ਇਸ ਦੇ ਨੇੜੇ ਨਵਾਂ ਨਗਰ ਵਸ ਗਿਆ ਜਿਸ ਨੂੰ ਰਾਮਦਾਸ ਪੁਰ ਜਾਂ ਚੱਕ ਗੁਰੂ ਆਖਿਆ ਜਾਂਦਾ ਸੀ। ਦੁਕਾਨਦਾਰਾਂ ਨੇ ਇਥੇ ਬਾਜ਼ਾਰ ਬਣਾ ਲਿਆ ਜਿਸ ਨੂੰ ਗੁਰੂ ਕਾ ਬਾਜ਼ਾਰ ਆਖਦੇ ਹਨ। ਇਸ ਸ਼ਹਿਰ ਦੇ ਨਿਰਮਾਣ ਲਈ ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਗੁਰੂ ਅਰਜਨ ਸਾਹਿਬ ਦਾ ਰੋਲ ਬਹੁਤ ਅਹਿਮ ਹੈ।

**ਅੰਮ੍ਰਿਤਸਰ ਵਪਾਰਕ ਕੇਂਦਰ :** ਸ੍ਰੀ ਅੰਮ੍ਰਿਤਸਰ ਦੀ ਨੀਂਹ ਰੱਖਣਾ ਗੁਰੂ ਰਾਮ ਦਾਸ ਜੀ ਦਾ ਸਿੱਖ ਧਰਮ ਦੇ ਵਿਕਾਸ ਲਈ ਇਕ ਮਹਾਨ ਕਾਰਜ ਮੰਨਿਆ ਜਾਂਦਾ ਹੈ। ਇਹ ਮਾਝੇ ਦੇ ਇਲਾਕੇ ਵਿੱਚ ਹੈ ਜਿੱਥੋਂ ਦੇ ਵਾਸੀ ਬੜੇ ਦਲੇਰ ਜੱਟ ਸਨ, ਉਹ ਸਤਿਗੁਰੂ ਦੇ ਸੇਵਕ ਬਣ ਗਏ ਜੋ ਮਗਰੋਂ ਜਾ ਕੇ ਚੰਗੇ ਸਿਪਾਹੀ ਸਿਧ ਹੋਏ। ਅੰਮ੍ਰਿਤਸਰ ਵਪਾਰਕ ਕੇਂਦਰ ਬਣ ਗਿਆ। ਇਸ ਤੋਂ ਗੁਰੂ ਸਾਹਿਬ ਨੂੰ ਸਿੱਖੀ ਦੇ ਪ੍ਰਚਾਰ ਅਤੇ ਨਿਰਮਾਣ ਕਾਰਜ ਲਈ ਕਾਫ਼ੀ ਆਮਦਨੀ ਹੋਣ ਲੱਗ ਪਈ। ਸਮਾਂ ਪਾ ਕੇ ਇਹ ਸਿੱਖਾਂ ਦਾ ਬਹੁਤ ਮਹਤਵਪੂਰਨ ਤੀਰਥ ਸਥਾਨ ਬਣ ਗਿਆ ਜੋ ਸਾਰੇ ਵਿਸ਼ਵ ਵਿੱਚ ਪ੍ਰਸਿੱਧ ਹੈ।

**ਬਾਣੀ ਰਚਨਾ :** ਗੁਰੂ ਰਾਮਦਾਸ ਜੀ ਨੇ 29 ਰਾਗਾਂ ਵਿੱਚ ਬਾਣੀ ਦੀ ਰਚਨਾ ਕੀਤੀ ਹੈ। ਆਪ ਦੀਆਂ ਮੁੱਖ ਬਾਣੀਆਂ ਹਨ- ਪਹਿਰੇ, ਛੰਤ, ਕਰਹਲੇ, ਵਾਰਾਂ ਆਦਿ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪਦੇ ਕੁਲ 246 ਪਦੇ, 32 ਛੰਤ, 37 ਅਸ਼ਟਪਦੀਆਂ, 8 ਵਾਰਾਂ ਅਤੇ 138 ਸਲੋਕ ਦਰਜ ਹਨ।

**ਮਸੰਦ ਪ੍ਰਥਾ ਦਾ ਆਰੰਭ :** ਗੁਰੂ ਰਾਮ ਦਾਸ ਜੀ ਨੇ ਮਸੰਦ ਪ੍ਰਥਾ ਕਾਇਮ ਕੀਤੀ। ਉਹਨਾਂ ਨੂੰ ਅੰਮ੍ਰਿਤਸਰ ਤੇ ਸੰਤੋਖਸਰ ਦੇ ਨਿਰਮਾਣ ਹਿਤ ਕਾਫ਼ੀ ਧਨ ਦੀ ਜਰੂਰਤ ਸੀ। ਇਸ ਲਈ ਉਹਨਾਂ ਆਪਣੇ ਸੱਚੇ ਸੁੱਚੇ ਸ਼ਰਧਾਲੂ ਸਿੱਖਾਂ ਨੂੰ ਦੂਰ ਨੇੜੇ ਸੱਭ ਥਾਂ ਜਾ ਕੇ ਧਰਮ ਦਾ ਪ੍ਰਚਾਰ ਕਰਨ ਅਤੇ ਕਾਰ ਭੇਟਾਂ ਇਕੱਤਰ ਕਰਕੇ ਲਿਆਉਣ ਲਈ ਭੇਜਿਆ ਇਹਨਾਂ ਸਿੱਖਾਂ ਨੂੰ ਬਾਅਦ ਵਿੱਚ ਮਸੰਦ ਆਖਿਆ ਜਾਣ ਲਗਾ। ਮਸੰਦ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ, ਉੱਚੀ ਪਦਵੀ ਵਾਲਾ, ਉੱਚੇ



Downloaded from https:// www.studiestoday.com

Downloaded from https:// www.studiestoday.com

ਰੁਤਬੇ ਵਾਲਾ। ਉਹ ਸਿੱਖ ਦੂਰ ਦੁਰਾਡੇ ਜਾ ਕੇ ਨਾਮ ਬਾਣੀ ਦਾ ਉਪਦੇਸ਼ ਦਿੰਦੇ ਅਤੇ ਸ਼ਰਧਾਲੂ ਸਿੱਖਾਂ ਪਾਸੋਂ ਮਾਇਆ ਆਦਿ ਭੇਟਾਵਾਂ ਲੈ ਕੇ ਗੁਰੂ ਜੀ ਪਾਸ ਪਹੁੰਚਾਂਦੇ ਸਨ।

**ਉਦਾਸੀਆਂ ਨਾਲ ਮਿਲਾਪ :** ਗੁਰੂ ਰਾਮਦਾਸ ਨੇ ਬਾਬਾ ਸ੍ਰੀ ਚੰਦ ਨੂੰ ਬਹੁਤ ਪਿਆਰ ਸਤਿਕਾਰ ਦਿੱਤਾ ਤੇ ਨਿਮਰਤਾ ਨਾਲ ਪੇਸ਼ ਆਏ ਜਿਸ ਕਾਰਨ ਬਾਬਾ ਜੀ ਦੇ ਮਨ ਦਾ ਗੁੱਸਾ ਗਿਲਾ ਕਾਫ਼ੀ ਹੱਦ ਤੱਕ ਜਾਂਦਾ ਰਿਹਾ। ਦੂਜਾ ਬਾਬਾ ਸ੍ਰੀ ਚੰਦ ਨੇ ਵੀ ਮਹਿਸੂਸ ਕਰ ਲਿਆ ਸੀ ਕਿ ਗੁਰੂ ਨਾਨਕ ਦਾ ਦਰ ਬਹੁਤ ਉੱਚਾ ਹੈ। ਬਾਬਾ ਜੀ ਨੇ ਦਰਬਾਰ ਵਿੱਚ ਹਾਜ਼ਰ ਹੋ ਕੇ ਗੁਰੂ ਰਾਮਦਾਸ ਨਾਲ ਬਚਨ ਬਿਲਾਸ ਕਰਕੇ ਗੁੱਸਾ ਦੂਰ ਕਰ ਲਿਆ ਤੇ ਬਾਅਦ ਵਿੱਚ ਇਹ ਸੰਬੰਧ ਕਾਫ਼ੀ ਸੁਖਾਵੇਂ ਹੋ ਗਏ। ਇਸ ਮੇਲ ਮਿਲਾਪ ਦਾ ਲਾਭ ਸਿੱਖ ਧਰਮ ਨੂੰ ਬਹੁਤ ਹੋਇਆ ਕਿਉਂਕਿ ਉਹ ਉਦਾਸੀ ਸਾਧੂ ਜਿਹੜੇ ਗੁਰੂ ਦੇ ਘਰ ਵਿਰੁੱਧ ਪ੍ਰਚਾਰ ਕਰਦੇ ਸਨ, ਉਹ ਗੁਰਬਾਣੀ ਗੁਰ ਸਿਧਾਂਤਾ ਤੇ ਨਾਮ-ਸਿਮਰਨ ਦਾ ਪ੍ਰਚਾਰ ਕਰਨ ਲਗੇ। ਇਹਨਾਂ ਉਦਾਸੀਆਂ ਨੇ ਸੰਕਟ ਕਾਲ ਵਿੱਚ ਗੁਰਦੁਆਰਿਆਂ ਦੀ ਸੇਵਾ ਸੰਭਾਲ ਕੀਤੀ ਤੇ ਪੰਜਾਬ ਵਿੱਚ ਗੁਰਮੁਖੀ ਵਿਦਿਆ ਦਾ ਪ੍ਰਵਾਹ ਚਲਾ ਦਿਤਾ।

**ਸੰਗਤ ਪੰਗਤ ਦੀ ਪ੍ਰਥਾ ਮਜ਼ਬੂਤ ਕਰਨਾ :** ਗੁਰੂ ਰਾਮਦਾਸ ਜੀ ਨੇ ਪਹਿਲਾਂ ਚਲੀ ਆ ਰਹੀ ਸੰਗਤ-ਪੰਗਤ-ਲੰਗਰ ਦੀ ਪ੍ਰਥਾ ਨੂੰ ਹੋਰ ਪੱਕੇ ਪੈਰੀ ਕੀਤਾ। ਮੰਜੀ ਪ੍ਰਥਾ ਨੂੰ ਵੀ ਹੋਰ ਪਕੇਰਿਆ ਕਰਕੇ ਗੁਰਮਤਿ ਦੇ ਪ੍ਰਚਾਰ ਵਿੱਚ ਵਾਧਾ ਕੀਤਾ। ਸਮਾਜ ਸੁਧਾਰ ਵਲ ਵੀ ਵਿਸ਼ੇਸ਼ ਧਿਆਨ ਦਿਤਾ। ਆਪ ਨੇ ਭਾਈ ਗੁਰਦਾਸ ਜੀ ਨੂੰ ਆਗਰੇ ਵਿਖੇ ਪ੍ਰਚਾਰ ਕਰਨ ਹਿਤ ਭੇਜਿਆ ਤੇ ਬਹੁਤ ਸਾਰੇ ਆਗਰਾ ਨਿਵਾਸੀ ਅਤੇ ਆਸ ਪਾਸ ਦੇ ਇਲਾਕਿਆਂ ਦੇ ਸਿੱਖ ਆਪ ਦੇ ਪ੍ਰਚਾਰ ਦੇ ਪ੍ਰਭਾਵ ਕਾਰਨ ਗੁਰੂ ਦੇ ਲੜ ਲੱਗ ਗਏ।

**ਹਕੂਮਤ ਕੋਲੋਂ ਮਾਲੀਆ (ਟੈਕਸ) ਮੁਆਫ ਕਰਵਾਉਣਾ :** ਆਪ ਦੇ ਅਕਬਰ ਬਾਦਸ਼ਾਹ ਨਾਲ ਸੰਬੰਧ ਬਹੁਤ ਸੁਖਾਵੇਂ ਸਨ। ਆਪ ਦੇ ਜੀਵਨ-ਕਾਲ ਵਿੱਚ ਜਦੋਂ ਗਰੀਬਾਂ ਲਈ ਆਰਥਿਕ ਸੰਕਟ ਪੈਦਾ ਹੋ ਗਿਆ ਤਾਂ ਆਪ ਨੇ ਅਕਬਰ ਪਾਸੋਂ ਪੰਜਾਬ ਦੇ ਕਿਸਾਨਾਂ ਦਾ ਮਾਲੀਆ ਮਾਫ਼ ਕਰਵਾ ਦਿਤਾ।

**ਗੁਰਿਆਈ ਸੌਂਪਣੀ :** ਗੁਰੂ ਰਾਮਦਾਸ ਨੇ ਆਪਣਾ ਅੰਤਿਮ ਸਮਾਂ ਨੇੜੇ ਜਾਣਿਆਂ ਤਾਂ ਉਹਨਾਂ ਨੇ ਗੁਣਾਂ ਦੇ ਆਧਾਰ ਤੇ ਆਪਣੇ ਛੋਟੇ ਪੁੱਤਰ ਅਰਜਨ ਦੇਵ ਨੂੰ ਗੁਰਿਆਈ ਬਖ਼ਸ਼ ਕੇ ਗੁਰੂ ਅਰਜਨ ਦੇਵ ਬਣਾ ਦਿਤਾ। ਇਸ ਦਾ ਪ੍ਰਿਥੀ ਚੰਦ ਨੇ ਬਹੁਤ ਵਿਰੋਧ ਕੀਤਾ; ਪਰ ਆਖਰ ਉਹ ਨਾਕਾਮਯਾਬ ਰਿਹਾ ਤੇ ਸਿੱਖ ਸੰਗਤਾਂ ਦੀਆਂ ਨਜ਼ਰਾਂ ਵਿੱਚੋਂ ਡਿਗ ਗਿਆ।

**ਜੋਤੀ ਜੋਤ ਸਮਾਉਣਾ :** ਗੁਰੂ ਰਾਮ ਦਾਸ ਨੇ ਪਹਿਲੀ ਸਤੰਬਰ 1581 ਈ. ਨੂੰ ਗੁਰਿਆਈ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਸਰੀਰ ਤਿਆਗ ਦਿਤਾ।

ਗੁਰੂ ਰਾਮ ਦਾਸ ਜੀ ਬਹੁਤ ਨਿਮਰਤਾ ਵਾਲੇ, ਮਿਠ ਬੋਲੜੇ, ਦੂਰ ਦਰਸ਼ੀ, ਗੁਰ -ਭਗਤ, ਸੱਚੇ ਗੁਰੂ, ਨਾਮ-ਬਾਣੀ ਦੇ ਰਸੀਏ, ਕੀਰਤਨੀਏ, ਰਾਗ ਵਿਦਿਆ ਦੇ ਮਾਹਿਰ, ਲੰਮੀ ਨਦਰਿ ਦੇ ਸੁਆਮੀ ਸਨ। ਆਪ ਨੇ ਲੱਗਭੱਗ ਸੱਤ ਸਾਲ ਗੁਰਿਆਈ ਕੀਤੀ ਪਰ ਇਹਨਾਂ ਸੱਤਾਂ ਵਰ੍ਹਿਆਂ ਵਿੱਚ ਸਿੱਖ ਧਰਮ ਦੀ ਵਿਕਾਸ ਗਤੀ ਤੀਬਰ ਹੀ ਰਹੀ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

(1) ਗੁਰੂ ਰਾਮਦਾਸ ਜੀ ਦੇ ਸਮੇਂ ਅੰਮ੍ਰਿਤਸਰ ਦਾ ਕੀ ਨਾਂ ਸੀ?
(2) ਅੰਮ੍ਰਿਤਸਰ ਉਸ ਸਮੇਂ ਕਿਸ ਚੀਜ਼ ਦਾ ਵਧੀਆ ਕੇਂਦਰ ਬਣ ਗਿਆ ਸੀ?
(3) ਗੁਰੂ ਜੀ ਦੀ ਬਾਣੀ ਕਿੰਨੇ ਰਾਗਾਂ ਵਿੱਚ ਹੈ?
(4) ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਕਿਹੜੀ ਪ੍ਰਥਾ ਦਾ ਆਰੰਭ ਕੀਤਾ ।
(5) ਗੁਰੂ ਜੀ ਨੇ ਆਗਰੇ ਵਿਖੇ ਪ੍ਰਚਾਰ ਕਰਨ ਲਈ ਕਿਸ ਨੂੰ ਭੇਜਿਆ ?
(6) ਗੁਰੂ ਜੀ ਦੀਆਂ ਪ੍ਰਮੁੱਖ ਬਾਣੀਆਂ ਦੇ ਨਾਂ ਦੱਸੋ ?
(7) ਗੁਰੂ ਰਾਮਦਾਸ ਜੀ ਨੇ ਜਦੋਂ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਦਿੱਤੀ ਤਾਂ ਉਸਦਾ ਵਿਰੋਧ ਕਿਸ ਨੇ ਕੀਤਾ?



Downloaded from https:// www.studiestoday.com

Downloaded from https:// www.studiestoday.com

## ਗੁਰੂ ਅਰਜਨ ਦੇਵ ਜੀ (1563–1606 )

**ਜਨਮ ਅਤੇ ਮੁੱਢਲਾ ਜੀਵਨ :** ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਈ: ਨੂੰ ਰਾਮ ਦਾਸ ਜੀ ਦੇ ਗ੍ਰਹਿ ਵਿਖੇ ਗੋਇੰਦਵਾਲ ਵਿਖੇ ਹੋਇਆ। ਆਪ ਦੇ ਨਾਨਾ ਗੁਰੂ ਅਮਰਦਾਸ ਜੀ ਆਪ ਨੂੰ ਬਹੁਤ ਪਿਆਰ ਕਰਦੇ ਸਨ। ਆਪ ਨੇ ਲਗਭਗ 12 ਵਰ੍ਹੇ ਆਪਣੇ ਨਾਨਕੇ ਘਰ ਗੁਜ਼ਾਰੇ। ਮਗਰੋਂ ਉਹ ਗੁਰੂ ਰਾਮਦਾਸ ਜੀ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਆ ਗਏ। ਇਥੇ ਆ ਕੇ ਆਪ ਨੇ ਸੇਵਾ ਭਾਵਨਾ, ਸਿਮਰਨ ਤੇ ਗੁਰੂ ਦੇ ਭਾਣੇ ਵਿੱਚ ਰਹਿਣ ਨੂੰ ਆਪਣਾ ਜੀਵਨ ਆਦਰਸ਼ ਬਣਾ ਲਿਆ। ਗੁਰੂ ਰਾਮਦਾਸ ਜੀ ਆਪ ਦੀ ਸੇਵਾ ਭਾਵਨਾ, ਆਤਮਕ ਉੱਚਤਾ ਤੇ ਨਿਮਰਤਾ ਤੋਂ ਬਹੁਤ ਪ੍ਰਸੰਨ ਹੋਏ ਤੇ ਉਹਨਾਂ ਨੇ ਆਪ ਨੂੰ 1581 ਵਿੱਚ ਗੁਰ ਗੱਦੀ ਬਖ਼ਸ਼ ਦਿੱਤੀ।

**ਪ੍ਰਿਥੀ ਚੰਦ ਵੱਲੋਂ ਵਿਰੋਧ :** ਪ੍ਰਿਥੀ ਚੰਦ ਗੁਰੂ ਰਾਮਦਾਸ ਜੀ ਦਾ ਜੇਠਾ ਪੁੱਤਰ ਹੋਣ ਕਾਰਨ ਗੁਰਗੱਦੀ ਉਪਰ ਆਪਣਾ ਅਧਿਕਾਰ ਸਮਝਦਾ ਸੀ ਜਿਸ ਕਾਰਨ ਉਸ ਨੇ ਬਹੁਤ ਰੌਲਾ ਪਾਇਆ। ਉਸ ਨੇ ਮਸੰਦਾਂ ਨਾਲ ਮਿਲ ਕੇ ਗੁਰੂ ਘਰ ਦੀ ਨਾਕਾ ਬੰਦੀ ਕਰ ਲਈ ਤੇ ਗੁਰੂ ਘਰ ਆਉਣ ਵਾਲੇ ਸਿੱਖਾਂ ਨੂੰ ਗੁਮਰਾਹ ਕਰ ਕੇ ਕਾਰ ਭੇਟ ਪ੍ਰਾਪਤ ਕਰਨ ਲੱਗਾ। ਗੁਰੂ ਜੀ ਆਪਣੇ ਵੱਡੇ ਭਰਾ ਦੀਆਂ ਵਧੀਕੀਆਂ ਚੁਪ ਚਾਪ ਸਹਿਣ ਕਰ ਰਹੇ ਸਨ। ਇਸ ਸੰਕਟਕਾਲ ਵਿੱਚ ਭਾਈ ਗੁਰਦਾਸ ਜੀ ਨੇ ਆਗਰੇ ਤੋਂ ਵਾਪਸ ਆਉਂਦਿਆਂ ਗੁਰੂ ਅਰਜਨ ਦੇਵ ਜੀ ਦੀ ਸਹਾਇਤਾ ਆਰੰਭ ਕਰ ਦਿੱਤੀ। ਉਹਨਾਂ ਨੇ ਪ੍ਰਿਥੀ ਚੰਦ ਦੇ ਝੂਠ ਦਾ ਪਾਜ ਖੋਲ ਕੇ ਸੰਗਤਾਂ ਨੂੰ ਗੁਰੂ ਅਰਜਨ ਦੇਵ ਜੀ ਦੇ ਲੜ ਲਗਾਉਣ ਵਿੱਚ ਅਹਿਮ ਰੋਲ ਅਦਾ ਕੀਤਾ। ਪ੍ਰਿਥੀ ਚੰਦ ਮੁਗਲਾਂ ਦੀ ਸ਼ਰਣ ਆ ਗਿਆ। ਉਸ ਨੇ ਸੁਲਹੀਖਾਨ ਜੋ ਮੁਗਲ ਸੂਬੇਦਾਰ ਸੀ, ਨਾਲ ਰਲ ਕੇ ਸਤਿਗੁਰੂ ਦਾ ਨੁਕਸਾਨ ਕਰਨ ਦੀ ਯੋਜਨਾ ਬਣਾਈ। ਉਸ ਦੀ ਇੱਛਾ ਸੀ ਕਿ ਸੁਲਹੀਖਾਨ ਅੰਮ੍ਰਿਤਸਰ ਸ਼ਹਿਰ ਨੂੰ ਲੁਟੇ ਅਤੇ ਗੁਰੂ ਅਰਜਨ ਦੇਵ ਨੂੰ ਮਾਰ ਮੁਕਾਵੇ, ਪਰ ਉਹ ਕਾਮਯਾਬ ਨਾ ਹੋਇਆ। ਤਪਦੇ ਭੱਠੇ ਵਿੱਚ ਘੋੜੇ ਸਮੇਤ ਜਾ ਡਿਗਿਆ ਤੇ ਕਾਲ ਦੀ ਗਰਾਹੀ ਬਣ ਗਿਆ। ਪ੍ਰਿਥੀ ਚੰਦ ਨੇ ਅਕਬਰ ਪਾਸ ਵੀ ਪਹੁੰਚ ਕੀਤੀ ਅਤੇ ਗੁਰੂ ਅਰਜਨ ਸਾਹਿਬ ਨੂੰ ਨੁਕਸਾਨ ਪਹੁੰਚਾਣਾ ਚਾਹਿਆ ਪਰ ਉਹ ਨਾਕਾਮਯਾਬ ਰਿਹਾ।

**ਲਾਹੌਰ ਵਿਖੇਂ ਬਾਉਲੀ ਤਿਆਰ ਕਰਵਾਉਣਾ :** ਇਸ ਪਿੱਛੋਂ ਗੁਰੂ ਜੀ ਨੇ ਵਿਕਾਸ ਤੇ ਨਿਰਮਾਣ ਕਾਰਜਾਂ ਵੱਲ ਧਿਆਨ ਦਿਤਾ। ਆਪ ਨੇ ਸ੍ਰੀ ਹਰਮਿੰਦਰ ਸਾਹਿਬ ਦਾ ਨਿਰਮਾਣ ਕਾਰਜ ਪੂਰਾ ਕਰਵਾਇਆ ਅਤੇ ਸ਼ਹਿਰ ਦਾ ਬਹੁਪੱਖੀ ਵਿਕਾਸ ਕੀਤਾ। ਆਪ ਨੇ ਤਰਨਤਾਰਨ ਤੇ ਕਰਤਾਰਪੁਰ ਨਗਰ ਵਸਾਏ। ਲਾਹੌਰ ਵਿਖੇ ਡੱਬੀ ਬਾਜ਼ਾਰ ਵਿੱਚ ਬਾਉਲੀ ਤਿਆਰ ਕਰਵਾਈ। ਸਤਿਗੁਰੂ ਨੇ ਤਰਨਤਾਰਨ ਨੂੰ ਆਪਣਾ ਪ੍ਰਚਾਰ ਕੇਂਦਰ ਬਣਾਇਆ ਜਿਸ ਕਾਰਨ ਮਾਝੇ ਦੇ ਜੱਟ ਆਪ ਦੇ ਸਿੱਖ ਬਣ ਗਏ ਜੋ ਬਹੁਤ ਦਲੇਰ ਸਨ ਜਿਹਨਾਂ ਨੇ ਗੁਰੂ ਹਰਗੋਬਿੰਦ ਸਾਹਿਬ ਤੋਂ ਮਗਰੋਂ ਗੁਰੂ ਗੋਬਿੰਦ ਸਿੰਘ ਦੇ ਹਥਿਆਰਬੰਦ ਸੰਘਰਸ਼ ਵਿਚ ਉੱਘਾ ਯੋਗਦਾਨ ਪਾਇਆ। ਹਰਮਿੰਦਰ ਸਾਹਿਬ ਸਿੱਖਾਂ ਦੀ ਚੜ੍ਹਦੀ ਕਲ੍ਹਾ ਦਾ ਸੋਮਾ ਹੈ। ਜ਼ਿਲ੍ਹਾ ਜਲੰਧਰ ਵਿਖੇ ਕਰਤਾਰਪੁਰ ਵਸਾਇਆ ਜੋ ਬਿਆਸ ਅਤੇ ਸਤਲੁਜ ਦੇ ਦਰਮਿਆਨ ਸਥਿਤ ਹੈ। ਆਪਣੇ ਇਥੇ ਗੰਗਸਰ ਨਾਂ ਦਾ ਸਰੋਵਰ ਤਿਆਰ ਕਰਵਾਇਆ। ਇਹ ਨਗਰ ਦੁਆਬੇ ਵਿੱਚ ਸਿੱਖੀ ਦੇ ਪ੍ਰਚਾਰ ਦਾ ਇਕ ਕੇਂਦਰ ਬਣ ਗਿਆ।

### ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

(1) ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਹੋਇਆ ?

(2) ਆਪ ਜੀ ਦੇ ਪਿਤਾ ਦਾ ਕੀ ਨਾਂ ਸੀ ?

(3) ਗੁਰੂ ਅਰਜਨ ਦੇਵ ਜੀ ਦੇ ਨਾਨਾ ਜੀ ਦਾ ਨਾਂ ਦੱਸੋ ?

(4) ਗੁਰੂ ਜੀ ਨੂੰ ਗੁਰਗੱਦੀ ਦੇਣ ਤੋਂ ਪਹਿਲਾ ਆਪਣੇ ਆਪ ਨੂੰ ਗੁਰਗੱਦੀ ਦਾ ਅਧਿਕਾਰੀ ਕੌਣ ਸਮਝਦਾ ਸੀ?

(5) ਸੰਕਟ ਸਮੇਂ ਕਿਸ ਨੇ ਗੁਰੂ ਅਰਜਨ ਦੇਵ ਜੀ ਦੀ ਸਹਾਇਤਾ ਆਰੰਭ ਕੀਤੀ?

(6) ਪ੍ਰਿਥੀ ਚੰਦ ਕਿਸ ਦੁਆਰਾ ਗੁਰੂ ਅਰਜਨ ਦੇਵ ਜੀ ਨੂੰ ਕਤਲ ਕਰਵਾਉਣਾ ਚਾਹੁੰਦਾ ਸੀ ?

(7) ਗੁਰੂ ਅਰਜਨ ਦੇਵ ਜੀ ਨੇ ਕਿਸ ਸਥਾਨ ਵਿਖੇ ਬਾਉਲੀ ਤਿਆਰ ਕਰਵਾਈ?

(8) ਆਪ ਨੇ ਦੁਆਬੇ ਵਿੱਚ ਕਿਹੜੇ ਸ਼ਹਿਰ ਨੂੰ ਪ੍ਰਚਾਰ ਦਾ ਕੇਂਦਰ ਬਣਾਇਆ ?



Downloaded from https:// www.studiestoday.com

Downloaded from https:// www.studiestoday.com

**ਹਰਿਗੋਬਿੰਦ ਪੁਰ ਵਸਾਉਣਾ :** ਗੁਰੂ ਹਰਗੋਬਿੰਦ ਸਾਹਿਬ ਦੇ ਜਨਮ ਦੀ ਖ਼ੁਸ਼ੀ ਵਿੱਚ ਆਪ ਨੇ ਬਿਆਸ ਦਰਿਆ ਕਿਨਾਰੇ ਹਰਗੋਬਿੰਦ ਪੁਰ ਨਾਂ ਦਾ ਨਗਰ ਵਸਾਇਆ।

**ਮਸੰਦ ਪ੍ਰਥਾ ਵਿੱਚ ਸੁਧਾਰ :** ਗੁਰੂ ਅਰਜਨ ਦੇਵ ਜੀ ਨੇ ਮਸੰਦ ਪ੍ਰਥਾ ਚਲਾਈ, ਜਿਸ ਵਿਚ ਸ਼ਰਧਾਲੂ ਸਿੱਖ ਗੁਰੂ ਦੇ ਪ੍ਰਤਿਨਿਧ ਵਜੋਂ ਥਾਂ-ਥਾਂ ਤੇ ਜਾ ਕੇ ਗੁਰੂ ਸਹਿਬਾਨ ਦਾ ਸੁਨੇਹਾ ਸੰਗਤਾਂ ਨੂੰ ਦਿੰਦੇ ਸਨ ਅਤੇ ਕਾਰ ਭੇਟਾ ਇਕੱਠੀ ਕਰਕੇ ਗੁਰੂ ਨੂੰ ਪਹੁੰਚਾਉਂਦੇ ਸਨ। ਗੁਰੂ ਅਰਜਨ ਦੇਵ ਜੀ ਨੇ ਇਸ ਪ੍ਰਥਾ ਵਿੱਚ ਸੁਧਾਰ ਕੀਤਾ ਤੇ ਮਸੰਦਾਂ ਦੇ ਕੰਮ ਨਿਮਨ ਅਨੁਸਾਰ ਨਿਸ਼ਚਿਤ ਕੀਤੇ।

(1) ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਉਹ ਆਪਣੀ ਆਮਦਨ ਦਾ ਦਸਵਾਂ ਭਾਗ, ਅਰਥਾਤ ਦਸਵੰਧ, ਗੁਰੂ ਹਿਤ ਕੱਢਣ ਤੇ ਮਸੰਦਾਂ ਦੁਆਰਾ ਗੁਰੂ ਦੇ ਖਜ਼ਾਨੇ ਵਿੱਚ ਜਮ੍ਹਾ ਕਰਵਾਉਣ।

(2) ਮਸੰਦਾਂ ਨੂੰ ਸਖਤ ਹਦਾਇਤ ਕੀਤੀ ਕਿ ਉਹ ਦਸਵੰਧ ਵਿੱਚੋਂ ਕੁਝ ਵੀ ਆਪਣੇ ਨਿੱਜੀ ਖ਼ਰਚ ਲਈ ਨਾ ਲੈਣ।

(3) ਮਸੰਦਾਂ ਨੂੰ ਗੁਰੂ ਦੇ ਪ੍ਰਤੀਨਿਧ ਹੋਣ ਦਾ ਕਾਰਨ ਬਹੁਤ ਮਾਣ ਸਤਿਕਾਰ ਮਿਲਣ ਲੱਗਾ। ਉਹ ਵਿਸਾਖੀ ਵਾਲੇ ਦਿਨ ਸਿੱਖਾਂ ਪਾਸੋਂ ਇਕੱਤਰ ਕੀਤੀ ਦਸਵੰਧ ਦੀ ਰਾਸ਼ੀ ਗੁਰੂ ਨੂੰ ਪਹੁੰਚਾ ਦਿੰਦੇ ਸਨ। ਉਹ ਕਾਫ਼ੀ ਸਾਰੀ ਸੰਗਤ ਨੂੰ ਨਾਲ਼ ਲੈ ਕੇ ਵੀ ਅੰਮ੍ਰਿਤਸਰ ਦਰਸ਼ਨ ਦੀਦਾਰ ਕਰ ਜਾਂਦੇ ਸਨ।

(4) ਮਸੰਦਾਂ ਨੇ ਅੱਗੇ ਆਪਣੇ ਸਹਾਇਕ ਨਿਯੁਕਤ ਕੀਤੇ ਹੋਏ ਸਨ, ਜੋ ਦੂਰ ਦੁਰਾਡੇ ਦੀਆਂ ਸੰਗਤਾਂ ਪਾਸੋਂ ਮਾਇਆ ਉਗਰਾਹ ਕੇ ਲਿਆਉਂਦੇ ਸਨ। ਇਹ ਉੱਚ ਆਚਰਣ ਦੇ ਸਿੱਖ ਸਨ ਜੋ ਧਰਮ ਪ੍ਰਚਾਰ ਵੀ ਕਰਦੇ ਸਨ।

ਮਸੰਦ ਪ੍ਰਥਾ ਨਾਲ਼ ਸਿਖ ਧਰਮ ਦੇ ਵਿਕਾਸ ਵਿੱਚ ਗਤੀਸ਼ੀਲਤਾ ਵਧੀ ਤੇ ਇਹ ਮਹੱਤਵਪੂਰਨ ਸੰਸਥਾ ਬਣ ਗਈ। ਇਸ ਦੇ ਕੁਝ ਲਾਭ ਸਨ :

(1) ਮਸੰਦਾਂ ਦੁਆਰਾ ਇਕਤਰ ਕੀਤੀ ਗਈ ਮਾਇਆ ਧਾਰਮਕ ਕਾਰਜਾਂ ਲਈ ਸਤਿਗੁਰੂ ਵਰਤਦੇ ਸਨ। ਨਿਰਮਾਣ ਕਾਰਜ ਇਸ ਮਾਇਆ ਨਾਲ ਪੂਰੇ ਹੁੰਦੇ ਸਨ।

(2) ਮਸੰਦ ਕੇਵਲ ਦਸਵੰਧ ਦੀ ਉਗਰਾਹੀ ਹੀ ਨਹੀਂ ਸਨ ਕਰਦੇ ਸਗੋਂ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਗੁਰਮਿਤ ਦਾ ਪ੍ਰਚਾਰ ਵੀ ਕਰਦੇ ਸਨ ਜਿਸ ਨਾਲ਼ ਧਰਮ ਦਾ ਵਿਸਥਾਰ ਹੋਇਆ ਤੇ ਗੁਰੂ ਦੇ ਸਿੱਖਾਂ ਵਿੱਚ ਬਹੁਤ ਵਾਧਾ ਹੋਇਆ ।

(3) ਇਸ ਮਹੱਤਵਪੂਰਨ ਸੰਸਥਾ ਨੇ ਦੂਰ ਦੁਰਾਡੇ ਦੇ ਸਿੱਖਾਂ ਨੂੰ ਗੁਰੂ ਤੇ ਸਿੱਖੀ ਦੇ ਕੇਂਦਰ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਨਾਲ ਜੋੜੀ ਰੱਖਿਆ।

(4) ਦਸਵੰਧ ਦੀ ਸ਼ਕਲ ਵਿੱਚ ਸਿੱਖਾਂ ਦੀ ਆਮਦਨ ਦਾ ਨਿਸਚਿਤ ਭਾਗ ਗੁਰੂ ਲੇਖੇ ਲੱਗਣਾ ਇੱਕ ਇਨਕਲਾਬੀ ਕਾਰਜ ਮੰਨਿਆ ਜਾ ਸਕਦਾ ਹੈ।

**ਦਸਤਕਾਰੀ ਤੇ ਵਪਾਰ ਦਾ ਵਿਕਾਸ :** ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਦੇ ਆਰਥਕ ਵਿਕਾਸ ਨੂੰ ਧਿਆਨ ਵਿੱਚ ਰਖਦਿਆਂ ਦਸਤਕਾਰੀ ਅਤੇ ਵਪਾਰ ਵੱਲ ਵਿਸ਼ੇਸ਼ ਧਿਆਨ ਕੇਂਦਰਤ ਕਰਨ ਲਈ ਆਖਿਆ ਇਸ ਦੇ ਫਲਸਰੂਪ ਸਿੱਖ ਘੋੜਿਆਂ ਆਦਿ ਦਾ ਵਪਾਰ ਕਰਨ ਲਗੇ ਅਤੇ ਹੋਰ ਕਈ ਧੰਦਿਆਂ ਨੂੰ ਅਪਣਾ ਕੇ ਤਰੱਕੀ ਕਰਨ ਲਗੇ। ਸਤਿਗੁਰੂ ਨੇ ਸਿੱਖਾਂ ਨੂੰ ਉਪਦੇਸ਼ ਦਿਤਾ ਕਿ ਤੁਸੀਂ ਇਕ ਦੂਸਰੇ ਦੀ ਮਦਦ ਕਰੋ ਤਾਂ ਕਿ ਕਿਸੇ ਨੂੰ ਕੋਈ ਤੋਟ ਨਾ ਆਵੇ। ਸਿੱਖ ਗ੍ਰਿਹਸਥੀ ਸਨ । ਇਸ ਲਈ ਸਤਿਗੁਰੂ ਦੀ ਇੱਛਾ ਸੀ ਕਿ ਇਹ ਵਧੀਆ ਤੇ ਖ਼ੁਸ਼ਹਾਲ ਜੀਵਨ ਬਤੀਤ ਕਰਨ। ਉਹਨਾਂ ਨੇ ਸਿੱਖਾਂ ਨੂੰ ਆਯਾਤ-ਨਿਰਯਾਤ ਕਰਨ ਲਈ ਵੀ ਪ੍ਰੇਰਨਾ ਦਿਤੀ। ਸਤਿਗੁਰੂ ਨੇ ਸਿੱਖਾਂ ਨੂੰ ਪਰਦੇਸਾਂ ਵਿੱਚ ਵੀ ਭੇਜਿਆ ਤਾਂ ਕਿ ਉਹ ਵਪਾਰ ਵਿੱਚ ਨਿਪੁੰਨ ਹੋ ਸਕਣ।

**ਸਮਾਜਕ ਬਿਮਾਰੀਆਂ ਦੀ ਨਿਖੇਧੀ :** ਗੁਰੂ ਅਰਜਨ ਦੇਵ ਜੀ ਨੇ ਪੂਰਵਵਰਤੀ ਗੁਰੂ ਸਾਹਿਬਾਨ ਵਾਂਗ ਜਾਤ-ਪਾਤ, ਉਚ-ਨੀਚ, ਗਰੀਬ-ਅਮੀਰ ਆਦਿ ਭੇਦਾਂ ਦੀ ਨਿਖੇਧੀ ਕੀਤੀ। ਸੰਗਤਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਨਾ ਦਿੱਤੀ। ਇਸਤਰੀ ਜਾਤੀ ਦੇ ਉੱਥਾਨ ਅਤੇ ਵਿਧਵਾ ਵਿਆਹ ਦੇ ਹੱਕ ਵਿੱਚ ਪ੍ਰਚਾਰ ਕੀਤਾ। ਆਪ ਨੇ ਇੱਕ ਵਿਧਵਾ ਦਾ ਵਿਆਹ ਹੇਮੇ ਚੌਧਰੀ ਨਾਲ ਕਰਵਾ ਕੇ ਵਿਧਵਾ ਵਿਆਹ ਲਈ ਰਸਤਾ ਖੋਲ੍ਹਿਆ ਜਿਸ ਨਾਲ ਵਿਧਵਾ ਵੀ ਚੰਗੇਰਾ ਜੀਵਨ ਬਤੀਤ ਕਰਨ ਦੀ ਅਧਿਕਾਰੀ ਹੋ ਗਈ। ਆਪ ਨੇ ਦੁੱਖੀਆਂ ਦੇ ਦੁੱਖ ਦੂਰ ਕਰਨ ਲਈ ਜਿਥੇ ਸਮਾਜਕ ਬੁਰਾਈਆਂ ਅਤੇ ਉਣਤਾਈਆਂ



Downloaded from https:// www.studiestoday.com

Downloaded from https:// www.studiestoday.com

ਨੂੰ ਦੂਰ ਕੀਤਾ, ਉਥੇ ਤਰਨਤਾਰਨ ਵਿਖੇ ਕੋੜ੍ਹੀਆਂ ਲਈ ਆਸ਼ਰਮ ਵੀ ਤਿਆਰ ਕਰਵਾਇਆ। ਉਹਨਾਂ ਦੇ ਇਲਾਜ ਲਈ ਪ੍ਰਬੰਧ ਕੀਤਾ। ਆਪ ਨੇ ਹਰ ਪ੍ਰਕਾਰ ਦੇ ਭਰਮ, ਭੇਦ ਪਖੰਡ ਦੇ ਤਿਆਗ ਲਈ ਉਪਦੇਸ਼ ਦਿਤਾ।

**ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ :** ਗੁਰੂ ਅਰਜਨ ਦੇਵ ਜੀ ਦੀ ਮਹਾਨ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਹੈ। ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਉਪਲਬਧ ਬਹੁਤ ਸਾਰੀਆਂ ਪੋਥੀਆਂ ਇਕਤਰ ਕਰਕੇ ਇੱਕ ਗ੍ਰੰਥ ਦਾ ਸੰਪਾਦਨ ਕੀਤਾ ਜੋ ਪ੍ਰਮਾਣਿਕ ਗੁਰੂ ਬਾਣੀ ਦਾ ਸੰਗ੍ਰਹਿ ਸੀ। ਆਪ ਨੇ ਇਸ ਗ੍ਰੰਥ ਵਿੱਚ ਜਿਥੇ ਆਪਣੇ ਤੋਂ ਪਹਿਲੇ ਸਤਿਗੁਰੂ ਸਾਹਿਬਾਨ ਤੇ ਆਪਣੀ ਬਾਣੀ ਅੰਕਿਤ ਕੀਤੀ ਉਥੇ ਭਗਤਾਂ ਦੀ ਬਾਣੀ ਵੀ ਸ਼ਾਮਿਲ ਕੀਤੀ। ਆਪ ਨੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ 1601 ਤੋਂ ਆਰੰਭ ਕਰਕੇ 1604 ਵਿੱਚ ਸਮਾਪਤ ਕੀਤਾ।

ਇਸ ਆਦਿ ਗ੍ਰੰਥ ਦਾ ਇਤਿਹਾਸਕ ਮਹੱਤਵ ਹੈ ਕਿ ਸਿੱਖਾਂ ਨੂੰ ਆਪਣਾ ਧਰਮ ਗ੍ਰੰਥ ਪ੍ਰਾਪਤ ਹੋਇਆ ਜਿਵੇਂ ਹਿੰਦੂਆਂ ਲਈ ਵੇਦ, ਈਸਾਈਆਂ ਲਈ ਬਾਈਬਲ, ਮੁਸਲਮਾਨਾਂ ਲਈ ਕੁਰਾਨ ਧਾਰਮਿਕ ਤੇ ਪਵਿੱਤਰ ਗ੍ਰੰਥ ਸਨ ਉਵੇਂ ਸਿੱਖਾਂ ਲਈ ਆਦਿ ਗ੍ਰੰਥ ਪਵਿੱਤਰ ਗ੍ਰੰਥ ਬਣ ਗਿਆ। ਵਿਸ਼ਵ-ਧਰਮ ਗ੍ਰੰਥਾਂ ਵਿੱਚ ਇਸ ਗ੍ਰੰਥ ਦਾ ਸਤਿਕਾਰ ਯੋਗ ਸਥਾਨ ਹੈ।

**ਜਹਾਂਗੀਰ ਦੀ ਨਰਾਜਗੀ :** ਗੁਰੂ ਅਰਜਨ ਦੇਵ ਦੀ ਲੋਕ ਪ੍ਰਿਯਤਾ ਵਧਦੀ ਗਈ। ਕਈ ਮੁਸਲਮਾਨ ਵੀ ਆਪ ਦੇ ਸ਼ਰਧਾਲੂ ਬਣ ਗਏ। ਸਮਾਜ ਵਿੱਚ ਬਰਾਬਰੀ ਦੀ ਗੱਲ ਚੱਲ ਪਈ। ਵੱਖਰੇ ਸਿੱਖ ਤੀਰਥ ਸਥਾਪਤ ਹੋ ਗਏ। ਸਿੱਖਾਂ ਦਾ ਧਾਰਮਿਕ ਕੇਂਦਰ ਹਰਮਿੰਦਰ ਸਾਹਿਬ ਅੰਮ੍ਰਿਤਸਰ ਤਿਆਰ ਹੋ ਗਿਆ। ਇਹ ਸੱਭ ਕੁਝ ਜਹਾਂਗੀਰ ਨੂੰ ਪਸੰਦ ਨਹੀਂ ਸੀ। ਦੂਜਾ ਗੁਰ ਗੱਦੀ ਦੇ ਅਸਫਲ ਦਾਵੇਦਾਰਾਂ ਨੇ ਵੀ ਗੁਰੂ ਜੀ ਵਿਰੁਧ ਮਹਿਮ ਜਾਰੀ ਰੱਖੀ। ਸਰਹੰਦ ਦੇ ਕੱਟੜ ਮੁਸਲਮਾਨਾਂ ਨੇ ਵੀ ਗੁਰੂ ਅਰਜਨ ਦੇਵ ਨੂੰ ਚੰਗਾ ਨਹੀਂ ਜਾਣਿਆ। ਉਹਨਾਂ ਨੂੰ ਜਾਪਿਆ ਗੁਰੂ ਘਰ ਇਸਲਾਮ ਦੇ ਵਿਕਾਸ ਲਈ ਰੋਕ ਹੈ। ਇਹਨਾਂ ਸਾਰਿਆਂ ਨੇ ਜਹਾਂਗੀਰ ਨੂੰ ਗੁਰੂ ਅਰਜਨ ਦੇਵ ਵਿਰੁੱਧ ਕਾਰਵਾਈ ਕਰਨ ਲਈ ਮਜਬੂਰ ਕੀਤਾ। ਵੈਸੇ ਉਹ ਆਪ ਵੀ ਗੁਰੂ ਅਰਜਨ ਦੇਵ ਜੀ ਦੇ ਖਿਲਾਫ ਸੀ। ਉਸ ਨੇ ਤੋਜ਼ਕ -ਏ-ਜਹਾਂਗੀਰੀ ਵਿੱਚ ਗੁਰੂ ਘਰ ਨੂੰ ਝੂਠ ਦੀ ਦੁਕਾਨ ਆਖਿਆ ਹੈ ਜਿਸ ਨੂੰ ਬੰਦ ਕਰਨ ਦਾ ਉਹ ਬਾਦਸ਼ਾਹ ਬਣਨ ਤੋਂ ਪਹਿਲਾਂ ਹੀ ਇਰਾਦਾ ਕਰ ਚੁੱਕਾ ਸੀ। ਉਹ ਬਹਾਨਾ ਭਾਲਦਾ ਸੀ ਕਿ ਕੋਈ ਸਖ਼ਤ ਕਾਰਵਾਈ ਕਰੇ। ਉਸ ਦੇ ਸ਼ਹਿਜ਼ਾਦੇ ਖੁਸ਼ਰੋ ਨੇ ਬਗਾਵਤ ਕਰ ਦਿੱਤੀ। ਪਰ ਸ਼ਾਹੀ ਫੌਜਾਂ ਨੇ ਉਸ ਨੂੰ ਹਰਾ ਦਿੱਤਾ ਉਹ ਭਾਂਜ ਖਾ ਕੇ ਪੰਜਾਬ ਵੱਲ ਆ ਗਿਆ। ਉਹ ਗੁਰੂ ਅਰਜਨ ਦੇਵ ਜੀ ਪਾਸ ਆਇਆ ਉਹਨਾਂ ਨੇ ਉਸ ਨੂੰ ਲੰਗਰ ਪਾਣੀ ਦਿਤਾ ਤੇ ਉਸ ਦੇ ਮੱਥੇ ਉਪਰ ਤਿਲਕ ਲਗਾਇਆ। ਜਹਾਂਗੀਰ ਨੂੰ ਬਹਾਨਾ ਮਿਲ ਗਿਆ ਕਿ ਸਤਿਗੁਰੂ ਨੇ ਬਾਦਸ਼ਾਹ ਦੇ ਬਾਗੀ ਨੂੰ ਪਨਾਹ ਦਿਤੀ ਹੈ। ਉਸ ਨੇ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕਰ ਲਿਆ ਤੇ ਲਾਹੌਰ ਵਿਖੇ ਅਕਹਿ ਤੇ ਅਸਹਿ ਤਸੀਹੇ ਦੇ ਕੇ 1606 ਈ: ਵਿੱਚ ਸ਼ਹੀਦ ਕਰ ਦਿਤਾ।

**ਸ਼ਹੀਦੀ ਦਾ ਪ੍ਰਭਾਵ :** ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖ ਧਰਮ ਦੀ ਮੁੱਢਲੀ ਰੂਪ ਰੇਖਾ ਵਿੱਚ ਪਰਿਵਰਤਨ ਲੈ ਆਂਦਾ। ਸਿੱਖਾਂ ਤੇ ਗੁਰੂ ਸਾਹਿਬਾਨ ਨੂੰ ਜਾਪਿਆ ਧਰਮ ਦੀ ਰਾਖੀ ਇਕਲੀ ਮਾਲਾ ਨਾਲ ਨਹੀਂ, ਸਗੋਂ ਤਲਵਾਰ ਨਾਲ ਹੋ ਸਕਦੀ ਹੈ। ਸਿੱਖ ਹਥਿਆਰ ਬੰਦ ਹੋ ਗਏ। ਉਹਨਾਂ ਨੇ ਧਰਮ ਦੀ ਰਾਖੀ ਲਈ, ਸ੍ਵੈ-ਬਚਾਓ ਲਈ ਮੁਗਲਾਂ ਨਾਲ ਯੁੱਧ ਕਰਨੋਂ ਗੁਰੇਜ਼ ਨਹੀਂ ਕੀਤਾ। ਸਿੱਖਾਂ ਦੇ ਮਨ ਅੰਦਰ ਮੁਗਲ ਸਰਕਾਰ ਲਈ ਨਫ਼ਰਤ ਪੈਦਾ ਹੋ ਗਈ। ਸਿੱਖ ਆਪਣੇ ਧਰਮ ਦੇ ਆਪਣੇ ਬਚਾਉ ਲਈ ਸੰਗਠਿਤ ਹੋਣ ਲਗੇ ਤੇ ਆਖਰ ਮੁਗਲਾਂ ਨਾਲ ਲੋਹਾ ਲੈਣ ਵਿਚ ਸਫ਼ਲ ਹੋਏ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

(1) ਹਰਗੋਬਿੰਦਪੁਰ ਕਿਹੜੇ ਦਰਿਆ ਦੇ ਕਿਨਾਰੇ ਹੈ ?
(2) ਇਹ ਨਗਰ ਗੁਰੂ ਅਰਜਨ ਦੇਵ ਜੀ ਨੇ ਕਿਸ ਖੁਸ਼ੀ ਵਿੱਚ ਵਸਾਇਆ?
(3) ਗੁਰੂ ਜੀ ਦੁਆਰਾ ਮਸੰਦ ਪ੍ਰਥਾ ਲਈ ਕੀਤਾ ਕੋਈ ਇਕ ਸੁਧਾਰ ਦੱਸੋ ?
(4) ਨਿਜੀ ਖ਼ਰਚ ਬਾਰੇ ਮਸੰਦਾ ਨੂੰ ਕੀ ਹਦਾਇਤ ਕੀਤੀ ?
(5) ਗੁਰੂ ਜੀ ਨੇ ਕਿਹੜੀਆਂ – ਕਿਹੜੀਆਂ ਸਮਾਜਕ ਬਿਮਾਰੀਆਂ ਦੀ ਨਿਖੇਧੀ ਕੀਤੀ ?
(6) ਗੁਰੂ ਜੀ ਨੇ ਕਿਹੜੇ ਸਥਾਨ ਉਤੇ ਕੋਹੜੀਆਂ ਲਈ ਆਸ਼ਰਮ ਬਣਵਾਇਆ ?
(7) ਗੁਰੂ ਸਾਹਿਬ ਦੇ ਸਮੇਂ ਪ੍ਰਚਲਿਤ ਦੋ ਵੱਖ-ਵੱਖ ਧਰਮਾਂ ਦੇ ਗ੍ਰੰਥਾਂ ਦੇ ਨਾਂ ਲਿਖੋ?
(8) ਹਰਿਮੰਦਰ ਸਾਹਿਬ ਬਣਨ ਉੱਤੇ ਕਿਹੜਾ ਸ਼ਾਸਕ ਨਾਰਾਜ਼ ਹੋਇਆ ?
(9) ਜਿਸ ਸ਼ਹਿਜਾਦੇ ਨੇ ਬਗਾਵਤ ਕੀਤੀ ਉਸ ਦਾ ਕੀ ਨਾਂ ਸੀ ?
(10) ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਦੋਂ ਹੋਈ ?



Downloaded from https:// www.studiestoday.com

Downloaded from https:// www.studiestoday.com

## ਦੁਹਰਾਈ ਲਈ

### ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਸਿੱਖ ਧਰਮ ਦਾ ਪਿਛੋਕੜ ਕੀ ਹੈ?
2. ਗੁਰੂ ਨਾਨਕ ਦੇਵ ਜੀ ਬਚਪਨ ਤੋਂ ਹੀ ਭਗਤੀ ਵਿੱਚ ਲੀਨ ਰਹਿੰਦੇ ਸਨ। ਵਿਚਾਰ ਕਰੋ।
3. ਗੁਰੂ ਨਾਨਕ ਦੇਵ ਜੀ ਦੇ ਕੋਈ ਦੋ ਉਪਦੇਸ਼ ਲਿਖੋ।
4. ਗੁਰੂ ਨਾਨਕ ਦੇਵ ਜੀ ਦੀ ਤੀਜੀ ਅਤੇ ਚੌਥੀ ਉਦਾਸੀ ਬਾਰੇ ਜਾਣਕਾਰੀ ਦਿਓ।
5. ਗੁਰੂ ਨਾਨਕ ਦੇਵ ਜੀ ਨੇ ਕਿਸ ਸੰਗਤ ਦੀ ਸਥਾਪਨਾ ਕੀਤੀ। ਚਰਚਾ ਕਰੋ।
6. ਗੁਰੂ ਨਾਨਕ ਦੇਵ ਜੀ ਦੀਆਂ ਬਾਣੀਆਂ ਬਾਰੇ ਦੱਸੋ।
7. ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਦਾ ਪ੍ਰਚਾਰ ਤੇ ਸੁਧਾਰ ਕਰਨ ਵਿੱਚ ਕੀ ਯੋਗਦਾਨ ਪਾਇਆ ਹੈ।
8. ਲੰਗਰ ਪ੍ਰਥਾ ਨੂੰ ਪ੍ਰਚਲਿਤ ਕਰਨ ਅਤੇ ਉਚ ਨੀਚ ਨੂੰ ਦੂਰ ਕਰਨ ਵਿੱਚ ਗੁਰੂ ਅੰਗਦ ਦੇਵ ਜੀ ਦਾ ਕੀ ਯੋਗਦਾਨ ਹੈ?
9. ਗੁਰੂ ਅਮਰਦਾਸ ਜੀ ਨੇ ਉਦਾਸੀਆਂ ਨੂੰ ਕੀ ਪ੍ਰਤਿ ਉੱਤਰ ਦਿੱਤਾ?
10. ਬਾਣੀਆਂ ਨੂੰ ਇਕੱਠਾ ਕਰਨ ਲਈ ਗੁਰੂ ਅਮਰਦਾਸ ਜੀ ਨੇ ਕੀ ਕੀਤਾ?
11. ਜਾਤ ਪਾਤ ਦਾ ਵਿਰੋਧ ਕਰਨ ਵਿੱਚ ਗੁਰੂ ਅਮਰਦਾਸ ਜੀ ਦੁਆਰਾ ਪਾਏ ਯੋਗਦਾਨ ਤੇ ਵਿਚਾਰ ਕਰੋ?
12. ਗੁਰੂ ਰਾਮ ਦਾਸ ਜੀ ਨੂੰ ਗੁਰਿਆਈ ਕਦੋਂ ਮਿਲੀ ਅਤੇ ਉਹ ਕਦ ਤੋਂ ਕਦ ਤੱਕ ਗੁਰਗੱਦੀ ਉੱਤੇ ਬਿਰਾਜਮਾਨ ਰਹੇ?
13. ਮਸੰਦ ਪ੍ਰਥਾ ਕੀ ਸੀ? ਗੁਰੂ ਰਾਮਦਾਸ ਜੀ ਨੇ ਇਸ ਪ੍ਰਥਾ ਨੂੰ ਆਰੰਭ ਕਰਨ ਵਿੱਚ ਕੀ ਯੋਗਦਾਨ ਪਾਇਆ?
14. ਮਸੰਦ ਪ੍ਰਥਾ ਵਿੱਚ ਸੁਧਾਰ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਕੀ ਕੀਤਾ?
15. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕੀ ਪ੍ਰਭਾਵ ਪਿਆ?

### ਨਿਬੰਧਾਤਮਕ ਉੱਤਰਾਂ ਵਾਲੇ ਪ੍ਰਸ਼ਨ

1. ਗੁਰੂ ਨਾਨਕ ਦੇਵ ਜੀ ਦਾ ਜੀਵਨ ਤੇ ਸਿੱਖਿਆਵਾਂ ਲਿਖੋ?
2. ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਕੀ ਯੋਗਦਾਨ ਪਾਇਆ?
3. ਗੁਰੂ ਰਾਮਦਾਸ ਜੀ ਦੇ ਜੀਵਨ ਤੇ ਸਿੱਖ ਧਰਮ ਦੇ ਵਿਕਾਸ ਵਿੱਚ ਪਾਏ ਯੋਗਦਾਨ ਬਾਰੇ ਚਰਚਾ ਕਰੋ।
4. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਸਿੱਖ ਧਰਮ ਦੇ ਵਿਕਾਸ ਲਈ ਦੇਣ ਤੇ ਵਿਚਾਰ ਕਰੋ।



Downloaded from https:// www.studiestoday.com

Downloaded from https:// www.studiestoday.com

## ਪਾਠ-6

# ਸਿੱਖ ਧਰਮ ਦਾ ਵਿਕਾਸ

## ਗੁਰੂ ਅਰਜਨ ਦੇਵ ਜੀ ਤੋਂ ਬਾਅਦ

**ਗੁਰੂ ਹਰਿਗੋਬਿੰਦ ਸਾਹਿਬ (1595-1644)** - ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਿੱਖਾਂ ਦੇ ਛੇਵੇਂ ਗੁਰੂ ਸਨ। ਆਪ ਦਾ ਜਨਮ ਮਾਤਾ ਗੰਗਾ ਜੀ ਦੀ ਕੁਖੋਂ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਗੁਰੂ ਕੀ ਵਡਾਲੀ ਨਗਰ ਵਿਚ 19 ਜੂਨ 1595 ਵਿਚ ਹੋਇਆ। ਆਪ ਬਹੁਤ ਸੁਹਣੇ ਤੇ ਹੋਣਹਾਰ ਸਨ।

**ਸਿੱਖਿਆ** - ਗੁਰੂ ਹਰਿਗੋਬਿੰਦ ਸਾਹਿਬ ਨੇ ਬਚਪਨ ਵਿਚ ਸੰਸਕ੍ਰਿਤ, ਪ੍ਰਾਕਿਰਤ ਤੇ ਪੰਜਾਬੀ ਸਾਹਿਤ ਆਦਿ ਬਾਰੇ ਕਾਫੀ ਗਿਆਨ ਹਾਸਿਲ ਕਰ ਲਿਆ। ਬਾਬਾ ਬੁਢਾ ਜੀ ਨੇ ਜਿਥੇ ਆਪ ਨੂੰ ਧਰਮ ਸ਼ਾਸਤਰ ਦਾ ਗਿਆਨ ਕਰਵਾਇਆ ਉਥੇ ਵਿਭਿੰਨ ਅਸਤਰ ਸ਼ਸਤਰ ਵਰਤਣੇ ਵੀ ਸਿਖਾਏ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਗਰੋਂ 1606 ਈ. ਵਿਚ ਆਪ ਗੁਰੂ ਗੱਦੀ ਉਪਰ ਬਰਾਜਮਾਨ ਹੋਏ।

**ਨਵੀਂ ਨੀਤੀ** - ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਗੱਦੀ ਤੇ ਬੈਠਣ ਉਪਰੰਤ ਨਵੀਂ ਨੀਤੀ ਅਖਤਿਆਰ ਕਰ ਲਈ। ਆਪ ਤੋਂ ਪਹਿਲੇ ਗੁਰੂ ਸਹਿਬ ਜਿੱਥੇ ਧਾਰਮਿਕ ਤੇ ਸਮਾਜਕ ਕਾਰਜਾਂ ਵਿਚ ਜ਼ਿਆਦਾ ਰੁਚੀ ਰਖਦੇ ਸਨ, ਉੱਥੇ ਗੁਰੂ ਹਰਿਗੋਬਿੰਦ ਸਿੰਘ ਜੀ ਨੇ ਇਨ੍ਹਾਂ ਕਾਰਜਾਂ ਦੇ ਨਾਲ ਨਾਲ ਰਾਜਨੀਤਕ ਖੇਤਰ ਵਿੱਚ ਵੀ ਅਗਵਾਈ ਕਰਨੀ ਸ਼ੁਰੂ ਕੀਤੀ ਅਤੇ ਸੈਨਿਕ ਸੰਗਠਨ ਮਜ਼ਬੂਤ ਕਰਕੇ ਕਿਸੇ ਵੀ ਜ਼ਾਲਿਮ ਤੇ ਜਾਬਰ ਦਾ ਮੁਕਾਬਲਾ ਕਰਨ ਲਈ ਸਿੱਖਾਂ ਨੂੰ ਸਿਖਲਾਈ ਦੇਣੀ ਆਰੰਭ ਕਰ ਦਿਤੀ। ਆਪ ਸਿੱਖਾਂ ਨੂੰ ਸੰਤ ਸਿਪਾਹੀ ਬਣਾਉਣ ਲਈ ਯਤਨ ਕਰਨ ਲਗੇ। ਹਥਿਆਰਬੰਦ ਇਨਕਲਾਬ ਵੱਲ ਸਤਿਗੁਰੂ ਦੇ ਰੁਚਿਤ ਹੋਣ ਦੇ ਕਈ ਕਾਰਨ ਸਨ:-

**ਰਾਜਨੀਤੀ ਨਾਲ ਲਗਾਓ:** - ਰਾਜਨੀਤੀ ਨਾਲ ਲਗਾਓ ਬੀਜ ਰੂਪ ਵਿਚ ਗੁਰੂ ਨਾਨਕ ਸਾਹਿਬ ਵਿੱਚ ਵੀ ਸੀ ਜਿਨ੍ਹਾਂ ਨੇ ਬਾਬਰ ਦੇ ਜ਼ੁਲਮ ਦੀ ਨਿੰਦਾ ਕਰਦਿਆਂ ਉਸ ਨੂੰ ਜਾਬਰ ਕਹਿਣ ਦਾ ਹੌਂਸਲਾ ਕੀਤਾ। ਗੁਰੂ ਹਰਿਗੋਬਿੰਦ ਜੀ ਨੇ ਨਵੇਂ ਹਾਲਾਤ ਤੋਂ ਮਜਬੂਰ ਹੋ ਕੇ ਧਰਮ ਦੀ ਰਖਿਆ ਕਰਨ ਲਈ ਹਥਿਆਰਬੰਦ ਹੋਣ ਦਾ ਇਰਾਦਾ ਕੀਤਾ ਕਿਉਂਕਿ ਮੌਕੇ ਦੇ ਹਾਕਮਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿਤਾ ਸੀ ਜਿਸ ਕਾਰਨ ਗੁਰੂ ਦੇ ਸਿੱਖਾਂ ਅੰਦਰ ਗੁੱਸੇ ਦੀ ਲਹਿਰ ਪੈਦਾ ਹੋ ਗਈ ਸੀ ਤੇ ਉਹ ਧਰਮ ਨੂੰ ਦ੍ਰਿੜਤਾ ਨਾਲ ਨਿਭਾਉਣ ਲਈ ਵਚਨਬੱਧ ਹੋ ਗਏ ਸਨ। ਉਨ੍ਹਾਂ ਨੇ ਸਤਿਗੁਰੂ ਦੀ ਅਗਵਾਈ ਵਿੱਚ ਸ਼ਸਤਰਧਾਰੀ ਹੋ ਕੇ ਹਰ ਸੰਕਟ ਦਾ ਮੁਕਾਬਲਾ ਕਰਨ ਦਾ ਇਰਾਦਾ ਕਰ ਲਿਆ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਤਿਗੁਰੂ ਹਰਿਕ੍ਰਿਸ਼ਨ ਜੀ ਨੂੰ ਨਵੀਂ ਨੀਤੀ ਅਪਨਾਉਣ ਲਈ ਤਿਆਰ ਕੀਤਾ।

**ਗੁਰੂ ਅਰਜਨ ਦੇਵ ਜੀ ਦਾ ਉਪਦੇਸ਼ :-** ਗੁਰੂ ਅਰਜਨ ਦੇਵ ਜੀ ਨੂੰ ਜਦੋਂ ਮੁਗਲਾਂ ਦੇ ਕਰਿੰਦੇ ਸ਼ਹੀਦੀ ਲਈ ਲੈਣ ਆਏ ਤਾਂ ਆਪ ਨੇ ਜਾਣ ਤੋਂ ਪਹਿਲਾਂ ਵੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਸ਼ਸਤਰਧਾਰੀ ਬਣ ਕੇ ਗੁਰੂ ਗੱਦੀ ਉਪਰ ਬੈਠਣ ਲਈ ਆਖਿਆ ਤੇ ਸੈਨਿਕ ਸੰਗਠਨ ਮਜ਼ਬੂਤ ਕਰਨ ਲਈ ਕਾਰਵਾਈ ਕਰਨ ਲਈ ਆਖਿਆ। ਗੁਰੂ ਜੀ ਨੇ ਆਪਣੇ ਗੁਰੂ-ਪਿਤਾ ਦੇ ਇਸ ਅੰਤਿਮ ਸੰਦੇਸ਼ ਨੂੰ ਅਮਲੀ ਰੂਪ ਦਿੱਤਾ।

**ਮਾਲਵੇ-ਮਾਝੇ ਦੇ ਲੋਕਾਂ ਵਿਚ ਬੀਰ ਭਾਵਨਾ :-**ਗੁਰੂ ਅਰਜਨ ਦੇਵ ਜੀ ਦੇ ਜੀਵਨ ਕਾਲ ਵਿੱਚ ਮਾਲਵੇ ਮਾਝੇ ਦੇ ਬਹੁਤ ਸਾਰੇ ਜੱਟਾਂ ਨੇ ਸਿੱਖ ਧਰਮ ਧਾਰਨ ਕਰ ਲਿਆ। ਇਹ ਲੋਕ ਵਧੀਆ ਸੈਨਿਕ, ਦਲੇਰ ਤੇ ਆਜ਼ਾਦੀ ਪਸੰਦ ਸਨ। ਇਹ ਕਿਸੇ ਪ੍ਰਕਾਰ ਦੀ ਵਧੀਕੀ ਨਹੀਂ ਸਹਿੰਦੇ ਸਨ।

**ਮੁਗਲ ਸ਼ਾਸਕਾਂ ਦਾ ਕੱਟੜ ਵਤੀਰਾ :-** ਸਮਰਾਟ ਅਕਬਰ ਦੀ ਮੌਤ 1605 ਈ. ਵਿੱਚ ਹੋ ਗਈ। ਮੁਗਲ ਹਾਕਮਾਂ ਨੇ ਧਾਰਮਿਕ ਕੱਟੜਤਾ ਅਪਣਾ ਲਈ ਤੇ ਗੈਰ ਮੁਸਲਮਾਨਾਂ ਨੂੰ ਤੰਗ ਕਰਨਾ ਸ਼ੁਰੂ ਕੀਤਾ।ਜਹਾਂਗੀਰ ਕੱਟੜ ਮੁਸਲਮਾਨ ਸੀ ਤੇ ਕੱਟੜ ਮੁਸਲਮਾਨ ਉਸਦੇ ਨਾਲ ਸਨ। ਉਸ ਨੇ ਗੈਰ ਮੁਸਲਮਾਨਾਂ ਨੂੰ ਹਰ ਪੱਧਰ ਤੇ ਤੰਗ ਕੀਤਾ। ਉਹ ਗੁਰੂ ਅਰਜਨ ਦੇਵ ਜੀ ਦੀ ਲੋਕ ਪ੍ਰਿਯਤਾ ਨਾ ਸਹਾਰ ਸਕਿਆ ਤੇ ਬਹਾਨਾ ਬਣਾ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿਤਾ। ਮੁਗਲਾਂ ਦੀ ਇਸ ਅਸਹਿਣਸ਼ੀਲਤਾ ਵਾਲੀ ਨੀਤੀ ਨੇ ਸਿੱਖਾਂ ਨੂੰ ਹਥਿਆਰਬੰਦ ਇਨਕਲਾਬ ਲਈ ਪ੍ਰੇਰਿਤ ਕੀਤਾ।

**ਰਸਮ ਵਿਚ ਪਰਿਵਰਤਨ :-** ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰ-ਗੱਦੀ ਗ੍ਰਹਿਣ ਕਰਨ ਦੀ ਰਸਮ ਵਿੱਚ ਪਰਿਵਰਤਨ ਕਰ ਦਿਤਾ। ਆਪ ਨੇ ਦੋ ਤਲਵਾਰਾਂ ਪਾਈਆਂ। ਇੱਕ ਮੀਰੀ ਦੀ ਇਕ ਪੀਰੀ ਦੀ। ਇਸ ਦਾ ਇੱਕ ਕਾਰਨ ਇਹ ਵੀ ਸੀ ਕਿ ਗੁਰੂ ਘਰ



Downloaded from https:// www.studiestoday.com

Downloaded from https:// www.studiestoday.com

ਦੇ ਵਿਰੋਧੀ ਚਾਰੇ ਪਾਸੇ ਫੈਲੇ ਹੋਏ ਸਨ ਅਤੇ ਨੁਕਸਾਨ ਕਰਨ ਲਈ ਤੱਤਪਰ ਸਨ। ਆਪ ਨੇ ਆਖਿਆ ਜਿਥੇ ਮੈਂ ਸਿੱਖਾਂ ਦੀਆਂ ਰੂਹਾਨੀ ਸਮੱਸਿਆਵਾਂ ਹੱਲ ਕਰਾਂਗਾ ਉਥੇ ਦੁਨਿਆਵੀ ਝਮੇਲਿਆਂ ਦਾ ਹੱਲ ਵੀ ਲੱਭਾਂਗਾ। ਆਪ ਨੇ ਸ਼ਾਹੀ ਠਾਠਬਾਠ ਅਖਤਿਆਰ ਕਰਨ ਲਈ ਅਤੇ ਸਾਹੀ ਲਿਬਾਸ, ਕਲਗੀ, ਛਤਰ, ਬਾਜ , ਤਲਵਾਰ ਆਦਿ ਦੀ ਵਰਤੋਂ ਕਰਨੀ ਸ਼ੁਰੂ ਕਰ ਦਿਤੀ। ਗੁਰੂ ਜੀ ਨੇ ਸ਼ਸਤਰਾਂ ਨਾਲ ਸਜਿਆ ਬਾਣਾ ਪਹਿਨਣਾ ਆਰੰਭ ਕਰ ਦਿੱਤਾ।

**ਬਲਵਾਨ ਸ਼ਰੀਰ ਦੀ ਵਕਾਲਤ:** - ਗੁਰੂ ਹਰਿਗੋਬਿੰਦ ਜੀ ਰੂਹਾਨੀ ਪੱਖੋਂ ਬੁਲੰਦ ਸ਼ਖਸੀਅਤ ਦੇ ਮਾਲਕ ਸਨ। ਪਰ ਨਾਲ ਹੀ ਆਪ ਬਲਵਾਨ ਜਰਨੈਲ ਵੀ ਸਨ। ਆਪ ਨੇ ਬਲਵਾਨ ਆਤਮਾ ਲਈ ਬਲਵਾਨ ਸਰੀਰ ਦੀ ਵਕਾਲਤ ਕੀਤੀ ਤੇ ਸਿਖਾਂ ਨੂੰ ਕਸਰਤ ਅਤੇ ਕੁਸ਼ਤੀਆਂ ਕਰਨ ਲਗਾਇਆ। ਉਹ ਸ਼ਸਤਰ ਵਿੱਦਿਆ ਵੀ ਸਿਖਦੇ ਤਾਂ ਕਿ ਜ਼ਰੂਰਤ ਪੈਣ ਤੇ ਦੁਸ਼ਮਣ ਦਾ ਮੁਕਾਬਲਾ ਕਰ ਸਕਣ। ਸਤਿਗੁਰੂ ਖੁਦ ਭਗਤੀ ਦੇ ਨਾਲ ਸ਼ਕਤੀ ਪ੍ਰਦਰਸ਼ਨ ਵੀ ਕਰਦੇ ਸਨ। ਆਪ ਕੁਸ਼ਤੀ ਲੜਦੇ ਸਨ। ਸ਼ਿਕਾਰ ਖੇਡਦੇ ਸਨ। ਉਨ੍ਹਾਂ ਨੇ ਖੁਰਾਕ ਵਿਚ ਵੀ ਪਰਿਵਰਤਨ ਕਰਨੇ ਯੋਗ ਸਮਝੇ।

**ਮਸੰਦਾਂ ਨੂੰ ਹੁਕਮਨਾਮੇ :-** ਗੁਰੂ ਹਰਿਗੋਬਿੰਦ ਜੀ ਨੇ ਆਪਣੀ ਨਵੀਂ ਨੀਤੀ ਤੋਂ ਜਾਣੂ ਕਰਵਾਉਣ ਲਈ ਮਸੰਦਾਂ ਨੂੰ ਹੁਕਮਨਾਮੇ ਭੇਜ ਕੇ ਹਦਾਇਤ ਕੀਤੀ ਕਿ ਉਹ ਮਾਇਆ ਦੀ ਥਾਂ ਹਥਿਆਰ, ਘੋੜੇ ਆਦਿ ਭੇਟ ਕਰਨ। ਸਿੱਖਾਂ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਘੋੜੇ ਤੇ ਹਥਿਆਰ ਭੇਟ ਕਰਨੇ ਸ਼ੁਰੂ ਕਰ ਦਿਤੇ।

**ਵਾਰਾਂ ਤੇ ਬੀਰ ਰਸੀ ਕਵਿਤਾ ਲਿਖਣ ਲਈ ਸੁਝਾਅ :-** ਆਪ ਜੀ ਨੇ ਕਵੀਆਂ ਤੇ ਢਾਡੀਆਂ ਨੂੰ ਆਪਣੇ ਦਰਬਾਰ ਵਿਚ ਬੁਲਾ ਕੇ ਵਾਰਾਂ ਜਾਂ ਬੀਰ ਰਸੀ ਕਵਿਤਾ ਲਿਖਣ ਦਾ ਸੁਝਾਅ ਦਿਤਾ। ਹਰਿਮੰਦਰ ਸਾਹਿਬ ਵਿਚ ਗੁਰਬਾਣੀ ਜਾਂ ਕੀਰਤਨ ਹੁੰਦਾ ਸੀ ਪਰ ਅਕਾਲ ਤਖਤ ਤੇ ਇਹ ਰਬਾਬੀ ਢਾਡੀ ਦੀਵਾਨਾਂ ਵਿਚ ਯੋਧਿਆ ਦੀਆਂ ਵਾਰਾਂ ਗਾਇਆ ਕਰਦੇ ਸਨ। ਸਤਿਗੁਰੂ ਦੇ ਪ੍ਰਸਿਧ ਢਾਡੀ ਅਬਦੁਲਾ ਸਨ। ਜੋ ਬਹੁਤ ਜੋਸ਼ੀਲੀਆਂ ਵਾਰਾਂ ਗਾਇਆ ਕਰਦੇ ਸਨ।

**ਯੋਧੇ ਇੱਕਤਰ ਕਰਨੇ:-** ਗੁਰੂ ਹਰਿਗੋਬਿੰਦ ਨੇ ਜਦੋਂ ਫੌਜ ਸੰਗਠਿਤ ਕਰਨੀ ਆਰੰਭੀ ਤਾਂ ਬਹੁਤ ਸਾਰੇ ਯੋਧੇ ਆਪ ਪਾਸ ਆ ਕੇ ਨੌਕਰ ਹੋ ਗਏ। ਆਪ ਨੇ 50-60 ਯੋਧੇ ਆਪਣੀ ਨਿੱਜੀ ਰਖਿਆ ਲਈ ਰਖੇ ਹੋਏ ਸਨ। ਆਪ ਵੀ ਨੌਕਰੀ ਵਿੱਚ ਆ ਗਏ। ਉਨ੍ਹਾਂ ਨੇ ਸਿਰਫ ਰੋਟੀ ਕਪੜਾ ਲੈ ਕੇ, ਗੁਰੂ ਤੋ ਅਸ਼ੀਰਵਾਦ ਪ੍ਰਾਪਤ ਕਰਕੇ ਜਾਨਾਂ ਵਾਰਨ ਦਾ ਬਚਨ ਕੀਤਾ। ਸਤਿਗੁਰਾਂ ਨੇ ਇਨ੍ਹਾਂ ਯੋਧਿਆਂ ਨੂੰ ਫੌਜੀ ਸਖਲਾਈ ਦੇਣੀ ਸ਼ੁਰੂ ਕਰ ਦਿਤੀ। ਇਨ੍ਹਾਂ ਦੀ ਦੇਖਾ ਦੇਖੀ ਬਹੁਤ ਸਾਰੇ ਸਰਕਾਰ ਵਿਰੋਧੀ ਲੋਕ ਗੁਰੂ ਜੀ ਦੀ ਫੌਜ ਵਿਚ ਭਰਤੀ ਹੋ ਗਏ। ਸਤਿਗੁਰੂ ਪਾਸ 500 ਪੈਦਲ, 300 ਘੁੜਸਵਾਰ ਤੇ 60 ਬੰਦੂਕਚੀ ਸਨ। ਇਨ੍ਹਾਂ ਤੋਂ ਇਲਾਵਾ ਲਗਭਗ 600 ਵਲੰਟਰੀਅਰ ਹਮੇਸ਼ਾ ਗੁਰੂ ਜੀ ਦੀ ਖਾਤਰ ਜਾਨ ਵਾਰਨ ਲਈ ਤਤਪਰ ਸਨ। ਗੁਰੂ ਜੀ ਨੇ ਇਨ੍ਹਾਂ ਤੋਂ ਇਲਾਵਾ ਪੈਦੇ ਖਾਂ ਦੀ ਕਮਾਨ ਹੇਠ ਇਕ ਪਠਾਣਾਂ ਦੀ ਫੌਜ ਦੀ ਟੁਕੜੀ ਵੀ ਰਖੀ ਹੋਈ ਸੀ।

**ਨਿੱਤ ਨੇਮ ਵਿਚ ਪਰਿਵਰਤਨ :-** ਸਿੱਖਾਂ ਨੂੰ ਹਥਿਆਰਬੰਦ ਕਰਨ ਦੀ ਨੀਤੀ ਕਾਰਨ ਸਤਿਗੁਰੂ ਨੇ ਰੋਜ਼ਾਨਾ ਨਿਤਨੇਮ ਵਿਚ ਪਰਿਵਰਤਨ ਕੀਤੇ। ਉਹ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਉਪਰੰਤ ਹਰਿਮੰਦਰ ਸਾਹਿਬ ਵਿਖੇ ਸਿਖਾਂ ਨੂੰ ਉਪਦੇਸ਼ ਦੇਣ ਉਪਰੰਤ ਸਭ ਸੈਨਿਕਾਂ ਨੂੰ ਪੌਸ਼ਟਿਕ ਨਾਸ਼ਤਾ ਪ੍ਰਦਾਨ ਕਰਦੇ। ਫਿਰ ਆਪ ਜੰਗਲ ਵਿਚ ਸ਼ਿਕਾਰ ਕਰਨ ਲਈ ਚਲੇ ਜਾਂਦੇ।

**ਮੀਰੀ ਪੀਰੀ:-** ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ ਲਈਆਂ ਸਨ। ਧਾਰਮਿਕ ਉਪਦੇਸ਼ ਸ੍ਰੀ ਹਰਮਿੰਦਰ ਸਾਹਿਬ ਵਿਖੇ ਦਿਤਾ ਜਾਂਦਾ ਸੀ। ਆਪਣੇ ਰਾਜਨੀਤਕ ਫੈਸਲੇ ਲੈਣ ਲਈ ਸ੍ਰੀ ਅਕਾਲ ਤਖਤ ਦਾ ਨਿਰਮਾਣ ਕਰਵਾਇਆ। ਇਹ ਤਖਤ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਹੈ , ਜੋ 1609 ਈ ਵਿਚ ਪੂਰਾ ਹੋਇਆ। ਇੱਥੇ ਬੈਠ ਕੇ ਸਤਿਗੁਰੂ ਰਾਜਨੀਤਕ ਫੈਸਲੇ ਲੈਂਦੇ, ਸੈਨਿਕ ਅਭਿਆਸ ਕਰਵਾਉਂਦੇ, ਗਤਕਾ ਆਦਿ ਦੀ ਸਿਖਿਆ ਦਿੰਦੇ, ਧਰਮ ਖਾਤਰ ਜਾਨ ਕੁਰਬਾਨ ਕਰਨ ਲਈ ਸਿੱਖਾਂ ਅੰਦਰ ਆਤਮਕ ਭਾਵ ਲਈ ਵੀਰਰਸੀ ਵਾਰਾਂ ਦਾ ਗਾਇਨ ਕਰਵਾਉਂਦੇ।

ਗੁਰੂ ਜੀ ਨੇ ਅਕਾਲ ਤਖਤ ਦਾ ਨਿਰਮਾਣ ਕਰਕੇ ਧਰਮ ਤੇ ਰਾਜਨੀਤੀ ਨੂੰ ਇਕਮਿਕ ਕਰ ਦਿਤਾ।ਅਕਾਲ ਤਖਤ ਆਮ ਰੱਖਿਆ ਦਾ ਪ੍ਰਤੀਕ ਹੈ। ਗੁਰੂ ਜੀ ਇਸ ਤਖਤ ਤੇ ਬਰਾਜਮਾਨ ਹੋ ਕੇ ਸਿਖਾਂ ਦੇ ਆਪਸੀ ਝਗੜੇ ਨਿਬੇੜਦੇ। ਇੰਝ ਗੁਰੂ ਜੀ ਮੀਰੀ ਪੀਰੀ ਦੇ ਮਾਲਿਕ ਬਣਕੇ ਸ਼ਾਹੀ ਠਾਠ ਬਾਠ ਦੇ ਸੁਆਮੀ ਨਜ਼ਰ ਆਉਣ ਲਗੇ।

**ਸ਼ਹਿਰ ਨੂੰ ਕਿਲੇ ਵਿਚ ਬਦਲਣਾ :-** ਯੁਧ ਨੀਤੀ ਦੇ ਪੱਖੋਂ ਵਿਚਾਰ ਕਰਦਿਆਂ ਆਪ ਨੇ ਮਹਿਸੂਸ ਕੀਤਾ ਕਿ ਸ੍ਰੀ ਅੰਮ੍ਰਿਤਸਰ ਵਿਖੇ ਰਹਿੰਦਿਆ ਸੁਰੱਖਿਆ ਤੇ ਯੁਧ ਵਿਚ ਮੁਕਾਬਲਾ ਕਰਨ ਲਈ ਇਹ ਲਾਜ਼ਮੀ ਹੈ ਕਿ ਇਸ ਸ਼ਹਿਰ ਦੇ ਬਾਹਰ ਚਾਰ ਦਵਾਰੀ ਕਰਵਾਈ ਜਾਵੇ ਤੇ ਕਿਲਾ ਵੀ ਬਣਾਇਆ ਜਾਵੇ। ਆਪਨੇ ਇਥੇ ਹੀ ਚਾਰ ਦਵਾਰੀ ਤੇ ਕਿਲਾ ਤਿਆਰ ਕਰਵਾਇਆ । ਇਹ ਤਿਆਰੀ ਸ਼ਹਿਰ ਦੀ ਸੁਰੱਖਿਆ ਲਈ ਜ਼ਰੂਰੀ ਸੀ ।



Downloaded from https:// www.studiestoday.com

Downloaded from https:// www.studiestoday.com

**ਅਲੱਗ ਜੀਵਨ ਸ਼ੈਲੀ :-** ਗੁਰੂ ਹਰਿਗੋਬਿੰਦ ਜੀ ਦੀ ਜੀਵਨ ਸ਼ੈਲੀ ਪੂਰਵਵਰਤੀ ਗੁਰੂ ਸਾਹਿਬਾਨ ਨਾਲੋਂ ਬਹੁਤ ਭਿੰਨ ਸੀ । ਆਪ ਸ਼ਿਕਾਰ ਖੇਡਦੇ, ਤੇ ਯਾਤਰਾ ਤੇ ਹੀ ਰਹਿੰਦੇ ਜਦੋਂ ਕਿ ਪਹਿਲੇ ਸਤਿਗੁਰੂ ਟਿਕ ਕੇ ਬੈਠਦੇ ਸਨ ਤੇ ਧਰਮ ਪ੍ਰਚਾਰ ਕਰਦੇ ਸਨ। ਇਨ੍ਹਾਂ ਦੀ ਨੀਤੀ ਬਾਰੇ ਬਹੁਤ ਸਾਰੇ ਸਿਖਾਂ ਤੇ ਪਰਿਵਾਰ ਦੇ ਮੈਂਬਰਾਂ ਦੇ ਮਨਾਂ ਵਿਚ ਸ਼ੰਕੇ ਪੈਦਾ ਹੋ ਗਏ ਸਨ। ਮਸੰਦ ਇਹ ਆਖਣ ਲਗ ਗਏ ਸਨ ਕਿ ਸਤਿਗੁਰੂ ਦੀ ਨੀਤੀ ਕਾਰਨ ਮੁਗਲਾਂ ਨਾਲ ਯੁਧ ਹੋਣੇ ਲਾਜ਼ਮੀ ਹਨ, ਪਰ ਸਤਿਗੁਰੂ ਨੇ ਸਭ ਨੂੰ ਇਹ ਆਖਕੇ ਸ਼ਾਂਤ ਕੀਤਾ ਕਿ ਸੰਤ ਸਿਪਾਹੀ ਦੀ ਤਲਵਾਰ ਦੁਸ਼ਟਾਂ ਲਈ ਹੈ।

**ਇਤਿਹਾਸ ਦੇ ਵਿਚਾਰ :-** ਕਈ ਇਤਿਹਾਸਕਾਰਾਂ ਨੇ ਗੁਰੂ ਜੀ ਦੀ ਨੀਤੀ ਨੂੰ ਸਹੀ ਤਰ੍ਹਾਂ ਨਾ ਸਮਝਦਿਆਂ ਇਹ ਲਿਖ ਦਿਤਾ ਕਿ ਰਾਜਨੀਤੀ ਦੀ ਖਿਚ ਅਤੇ ਸ਼ਸਤਰਾਂ ਦੀ ਚਮਕ ਨੇ ਗੁਰੂ ਜੀ ਨੂੰ ਰੂਹਾਨੀ ਰਾਹ ਤੋਂ ਪਰੇ ਕਰ ਦਿਤਾ ਭਾਵ ਸਤਿਗੁਰੂ ਰਾਜਨੀਤਿਕ ਲਾਲਚ ਕਾਰਨ ਪਹਿਲੇ ਗੁਰੂ ਸਾਹਿਬਾਨ ਦੇ ਮਾਰਗ ਤੋਂ ਲਾਂਭੇ ਹੋ ਗਏ, ਪਰ ਅਸਲੀਅਤ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਮੁਗਲ ਸਰਕਾਰ ਦੇ ਗੈਰ ਮੁਸਲਮਾਨਾਂ ਪ੍ਰਤੀ ਕੱਟੜਤਾ ਤੇ ਜ਼ੁਲਮ ਭਰੇ ਵਰਤਾਰੇ ਨੇ ਗੁਰੂ ਸਾਹਿਬ ਨੂੰ ਹਥਿਆਰਬੰਦ ਨੀਤੀ ਦਾ ਸਮਰਥਕ ਬਣਾ ਦਿਤਾ ਕਿਉਂਕਿ ਸਵੈ ਸੁੱਰਖਿਆ ਤੇ ਧਰਮ ਦੀ ਰਖਿਆ ਲਈ ਅਜਿਹਾ ਕਰਨਾ ਹੀ ਹਰ ਸਿਖ ਦੀ ਮਜਬੂਰੀ ਬਣ ਗਈ ਸੀ। ਜੇਕਰ ਸਤਿਗੁਰੂ ਅਜਿਹਾ ਨਾ ਕਰਦੇ ਤਾਂ ਜਾਂ ਤਾਂ ਸਿੱਖ ਨਿਰੇ ਸਾਧ ਬਣ ਕੇ ਰਹਿ ਜਾਂਦੇ ਜਾਂ ਖਤਮ ਹੋ ਜਾਂਦੇ ਤੇ ਹਿੰਦੂ ਧਰਮ ਦਾ ਇਕ ਭਾਗ ਹੀ ਬਣ ਜਾਂਦੇ।

**ਸੰਗਤਾਂ ਕਾਇਮ ਕਰਨਾ :-** ਜੇਕਰ ਗੁਰੂ ਹਰਿਗੋਬਿੰਦ ਜੀ ਦੀ ਜੀਵਨ ਕਥਾ ਗੁਰੂ ਨਾਲ ਵਾਚੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਕਦੇ ਵੀ ਅਧਿਆਤਮਕ ਮਾਰਗ ਨੂੰ ਨਜ਼ਰਅੰਦਾਜ਼ ਨਹੀ ਕੀਤਾ। ਆਪ ਨੇ ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਕਸ਼ਮੀਰ ਆਦਿ ਕਈ ਸਥਾਨਾਂ ਤੇ ਸੰਗਤਾਂ ਕਾਇਮ ਕੀਤੀਆਂ ਤੇ ਆਪ ਖੁਦ ਸਿਖ ਧਰਮ ਦੇ ਪ੍ਰਚਾਰ ਲਈ ਦੌਰੇ ਕਰਦੇ ਰਹੇ। ਆਪਣੇ ਸਮਕਾਲੀ ਸਾਧ ਸੰਤਾਂ ਨੂੰ ਗੁਰਮਤਿ ਤੋਂ ਜਾਣੂ ਕਰਵਾਇਆ।

**ਸਵੈ ਮਾਣ ਭਰਿਆ ਜੀਵਨ :-** ਸਤਿਗੁਰੂ ਦਾ ਹਥਿਆਰ ਚੁਕਵਾਂ ਕਿਸੇ ਲਾਲਚ ਦਾ ਮਾਲਿਕ ਜਾਂ ਸਿਆਸੀ ਸ਼ਕਤੀ ਦੀ ਪ੍ਰਗਤੀ ਲਈ ਨਹੀਂ ਸੀ। ਸਗੋਂ ਸਵੈ ਰਖਿਆ, ਧਰਮ ਰਖਿਆ ਤੇ ਅਨਿਆਈਂ ਨੂੰ ਸਿੱਧੇ ਰਾਹ ਪਾਉਣ ਲਈ ਸੀ। ਉਨ੍ਹਾਂ ਨੇ ਤਲਵਾਰ ਨੂੰ ਸਾਧਨ ਬਣਾ ਕੇ ਸਵੈਮਾਨ ਭਰਿਆ ਜੀਵਨ ਬਸਰ ਕਰਨ ਦਾ ਨਿਸ਼ਾਨਾ ਹਾਸਿਲ ਕਰਨ ਦਾ ਯਤਨ ਕੀਤਾ। ਧਰਮ ਨੂੰ ਜ਼ਾਲਿਮਾਂ ਪਾਸੋਂ ਬਚਾਉਣ ਲਈ ਕੇਵਲ ਤਲਵਾਰ ਹੀ ਸਹਾਈ ਹੋ ਸਕਦੀ ਸੀ।

**ਨਵੀਆਂ ਜਥੇਬੰਦਕ ਤਬਦੀਲੀਆਂ :-** ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਨਵੀਆਂ ਜਥੇਬੰਦਕ ਤਬਦੀਲੀਆਂ ਕੀਤੀਆਂ ਜਿਸ ਦਾ ਸਿੱਖਾਂ ਦੇ ਆਚਰਣ ਉਪਰ ਕਾਫੀ ਪ੍ਰਭਾਵ ਪਿਆ। ਉਹ ਮਾਲਾਧਾਰੀ ਭਗਤਾਂ ਤੋਂ ਸੰਤ ਸਿਪਾਹੀ ਬਣ ਗਏ। ਉਹ ਹੱਕ ਸੱਚ ਦੀ ਖਾਤਰ ਲੜਨ ਮਰਨ ਲਈ ਤੱਤਪਰ ਰਹਿਣ ਲੱਗੇ। ਸਿਖਾਂ ਦੇ ਮਨ ਵਿਚ ਸਵੈ ਭਰੋਸਾ ਬਲਵਾਨ ਹੋਇਆ। ਰਾਸ਼ਟਰੀ ਭਾਵਨਾ ਪ੍ਰਬਲ ਹੋ ਗਈ। ਸਿੱਖਾਂ ਨੂੰ ਮੁਗਲਾਂ ਵਿਰੁਧ ਜੂਝਣ ਦਾ ਬਲ ਮਿਲਿਆ। ਗੁਰੂ ਸਾਹਿਬਾਨ ਦੇ ਸਮੇਂ ਬਹੁਤ ਸਾਰੇ ਜੱਟ ਸਿਖ ਧਰਮ ਵਿਚ ਆ ਗਏ ਅਤੇ ਗੁਰੂ ਹਰਿਗੋਬਿੰਦ ਦੇ ਸਮੇਂ ਉਨ੍ਹਾਂ ਨੂੰ ਆਪਣੀ ਵਾਧੂ ਸ਼ਕਤੀ ਦੀ ਵਰਤੋਂ ਕਰਨ ਦਾ ਸਮਾਂ ਮਿਲ ਗਿਆ। ਸਾਮਰਾਜੀ ਤਾਕਤਾਂ ਤੇ ਅਤਿਆਚਾਰ ਦਾ ਮੁਕਾਬਲਾ ਹਥਿਆਰਬੰਦ ਰੂਪ ਧਾਰਨ ਕਰ ਗਿਆ।

**ਰਾਜਨੀਤਕ ਗਤੀਵਿਧੀਆਂ ਦਾ ਪ੍ਰਭਾਵ :-** ਗੁਰੂ ਹਰਿਗੋਬਿੰਦ ਜੀ ਦੀਆਂ ਰਾਜਨਿਤਕ ਗਤੀਵਿਧੀਆਂ ਦਾ ਪ੍ਰਭਾਵ ਅਗਲੇ ਸਾਲਾਂ ਵਿਚ ਬਹੁਤ ਵਿਆਪਕ ਰੂਪ ਧਾਰਨ ਕਰ ਗਿਆ। ਸਿੱਖਾਂ ਵਿਚ ਸਿਆਸੀ ਚੇਤਨਾ ਆਈ ਤੇ ਉਨ੍ਹਾਂ ਨੇ ਮੁਗਲ ਸਾਮਰਾਜ ਤੋਂ ਸਦੀਵੀ ਆਜ਼ਾਦੀ ਲਈ ਲੰਮਾ ਸੰਘਰਸ਼ ਆਰੰਭ ਕਰ ਦਿਤਾ।

**ਲੜਾਈਆਂ :-** ਗੁਰੂ ਹਰਿਗੋਬਿੰਦ ਜੀ ਨੇ ਮੁਗਲਾਂ ਨਾਲ ਪੰਜ ਯੁਧ ਲੜੇ:- (1) ਰੋਹਿਲਾ ਦੀ ਲੜਾਈ 1621 ਈ. (2) ਅੰਮ੍ਰਿਤਸਰ ਦੀ ਲੜਾਈ 1634 ਈ. (3) ਲਹਿਰਾ ਦੀ ਲੜਾਈ 1634 (4) ਕਰਤਾਰਪੁਰ ਦੀ ਲੜਾਈ (5) ਫਗਵਾੜਾ ਦੀ ਲੜਾਈ । ਇਨ੍ਹਾਂ ਸਾਰੇ ਯੁਧਾਂ ਵਿਚ ਆਖਰ ਜਿੱਤ ਸਤਿਗੁਰੂ ਦੀ ਹੋਈ।

**ਗੁਰੂਗੱਦੀ ਦੇਣੀ :-** ਗੁਰੂ ਹਰਿਗੋਬਿੰਦ ਜੀ ਨੇ ਜਦੋਂ ਆਪਣਾ ਅੰਤਿਮ ਸਮਾਂ ਨੇੜੇ ਜਾਣ ਕੇ ਗੁਰੂ ਹਰਿਰਾਏ ਜੀ ਨੂੰ ਗੁਰੂਗਦੀ ਦਾ ਵਾਰਿਸ ਐਲਾਨਿਆ ਤਾਂ ਉਨ੍ਹਾਂ ਨੂੰ ਗੁਰਿਆਈ ਦਾ ਤਿਲਕ ਭਾਈ ਭਾਨਾ ਜੀ ਨੇ ਲਗਾਇਆ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਪੁਤਰ ਗੁਰੂ ਤੇਗ ਬਹਾਦਰ ਤੇ ਉਨ੍ਹਾਂ ਦੀ ਮਾਤਾ ਨਾਨਕੀ ਨੂੰ ਬਕਾਲੇ ਜਾਣ ਦਾ ਆਦੇਸ਼ ਕੀਤਾ।

**ਜੋਤੀ ਜੋਤ :-** ਗੁਰੂ ਹਰਿਗੋਬਿੰਦ 3 ਮਾਰਚ 1644 ਈ ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ। ਗੁਰੂ ਹਰਿਗੋਬਿੰਦ ਜੀ ਸੁੰਦਰ ਤੇ ਬਲਵਾਨ ਸਰੀਰ ਵਾਲੇ ਸਨ। ਮਿਠ ਬੋਲੜੇ ਸਨ। ਉਹ ਸੂਰਬੀਰ ਸਨ। ਨਿਡਰ ਸਨ। ਲੋਕਾਂ ਵਿਚ ਬਹੁਤ ਪਿਆਰੇ



Downloaded from https:// www.studiestoday.com

Downloaded from https:// www.studiestoday.com

ਸਤਿਕਾਰੇ ਜਾਂਦੇ ਸਨ। ਬਚਪਨ ਵਿਚ ਗੁਰਿਆਈ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਉਨ੍ਹਾਂ ਨੇ ਸਿਖ ਧਰਮ ਨੂੰ ਵਧੀਆ ਰੂਪ ਵਿਚ ਸੰਗਠਿਤ ਕੀਤਾ। ਸਿਖਾਂ ਨੂੰ ਸੰਤਾਂ ਤੋਂ ਸਿਪਾਹੀ ਬਨਾਉਣ ਲਈ ਤਕੜਾ ਯਤਨ ਕੀਤਾ। ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਜ਼ਾਲਮ ਨੂੰ ਤਲਵਾਰ ਦੀ ਭਾਸ਼ਾ ਨਾਲ ਆਪਣੀ ਗੱਲ ਸੁਨਾਉਣ ਦੀ ਜਾਚ ਸਿੱਖਾਂ ਨੂੰ ਦੱਸੀ। ਆਪ ਨਿਪੁੰਨ ਨੀਤੀਵਾਨ ਸਨ। ਸਮੇਂ ਤੇ ਲੋੜ ਮੁਤਾਬਿਕ ਵਿਚਾਰ ਕਰਕੇ ਕੋਈ ਫੈਸਲਾ ਜਾਂ ਕਾਰਜ ਕਰਦੇ ਸਨ। ਆਪ ਨਿਪੁੰਨ ਤੇ ਸਮਰਥ ਗੁਰੂ ਸਨ।ਆਪਨੇ ਸਿੱਖਾਂ ਦੇ ਰੂਹਾਨੀ ਵਿਕਾਸ ਦੇ ਨਾਲ ਰਾਜਨੀਤਕ ਚੇਤਨਾ ਦਾ ਵਿਕਾਸ ਵੀ ਕੀਤਾ ਜਿਸ ਦੇ ਫਲਸਰੂਪ ਸਿੱਖਾਂ ਨੇ ਜ਼ਾਲਿਮ ਤੇ ਜਾਬਰ ਮੁਗਲਾਂ ਨਾਲ ਲੋਹਾ ਲੈ ਕੇ ਆਪਣੀ ਹੋਂਦ ਦਾ ਅਹਿਸਾਸ ਕਰਵਾ ਦਿਤਾ । ਸਤਿਗੁਰੂ ਦੇ ਹਥਿਆਰਬੰਦ ਇਨਕਲਾਬ ਦੇ ਸੰਕਲਪ ਕਾਰਨ ਹੀ ਆਖਰ ਮੁਗਲਾਂ ਦਾ ਖਾਤਮਾ ਹੋਇਆ ਤੇ ਸਿੱਖ ਰਾਜੇ ਬਣੇ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਗੁਰੂ ਹਰਿਗੋਬਿੰਦ ਜੀ ਦੀ ਨਵੀਂ ਨੀਤੀ ਤੋਂ ਕੀ ਭਾਵ ਹੈ ?
2. ਗੁਰੂ ਅਰਜਨ ਦੇਵ ਜੀ ਨੇ ਗੁਰੂ ਹਰਿਗੋਬਿੰਦ ਜੀ ਨੂੰ ਕੀ ਉਪਦੇਸ਼ ਦਿੱਤਾ ?
3 ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਮੁਗਲ ਸਾਸ਼ਕ ਕੌਣ ਸੀ?
4. ਗੁਰੂ ਜੀ ਦੀ ਫੌਜ ਵਿੱਚ ਕਿੰਨੇ ਕੁ ਘੋੜੇ ਸਨ ?
5. ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹੜੀਆਂ ਕਿਹੜੀਆਂ ਲੜਾਈਆਂ ਲੜੀਆਂ ?

**ਗੁਰੂ ਹਰਿਰਾਏ ਜੀ (1630-1661)**

ਆਪ ਦਾ ਜਨਮ 16 ਜਨਵਰੀ 1630 ਨੂੰ ਕੀਰਤਪੁਰ ਵਿਖੇ ਬਾਬਾ ਗੁਰਦਿੱਤਾ ਜੀ ਦੇ ਗ੍ਰਹਿ ਵਿਖੇ ਮਾਤਾ ਨਿਹਾਲ ਕੌਰ ਦੀ ਕੁਖੋਂ ਹੋਇਆ। ਆਪ ਗੁਰੂ ਹਰਗੋਬਿੰਦ ਸਾਹਿਬ ਦੇ ਪੋਤਰੇ ਸਨ। ਆਪ ਬਚਪਨ ਤੋਂ ਹੀ ਸੰਤ ਸੁਭਾਅ, ਮਿਠ ਬੋਲੜੇ, ਨਿਮਰ ਤੇ ਸਿਮਰਨ ਭਜਨ ਵਿਚ ਲੀਨ ਰਹਿਣ ਵਾਲੇ ਸਨ। ਇਕ ਸਾਖੀ ਵਿਚ ਜਿਕਰ ਆਉਂਦਾ ਹੈ ਕਿ ਇਕ ਵਾਰ ਆਪ ਬਾਗ ਵਿਚ ਸੈਰ ਕਰ ਰਹੇ ਸਨ ਕਿ ਆਪ ਦਾ ਚੋਗਾ ਇਕ ਪੌਦੇ ਵਿਚ ਫਸ ਗਿਆ ਜਿਸ ਕਰਕੇ ਫੁੱਲ ਟੁਟ ਕੇ ਨੀਚੇ ਗਿਰ ਗਏ। ਇਹ ਵੇਖਕੇ ਆਪ ਦੀਆਂ ਅਖਾਂ ਵਿਚ ਹੰਝੂ ਆ ਗਏ। ਆਪ ਹਮੇਸ਼ਾ ਆਖਦੇ ਸਨ ਕਿ ਰੱਬ ਦੇ ਬੰਦਿਆਂ ਨੂੰ ਦੂਸਰਿਆਂ ਪ੍ਰਤਿ ਬਹੁਤ ਨਰਮ ਵਰਤਾਉ ਕਰਨਾ ਚਾਹੀਦਾ ਹੈ ਕਿਉਂਕਿ ਰੱਬ ਸਭ ਦੇ ਦਿਲਾਂ ਵਿਚ ਵਸਦਾ ਹੈ। ਆਪ ਕਈ ਵਾਰ ਜੰਗਲ ਵਿਚੋਂ ਪਰਿੰਦਿਆਂ ਨੂੰ ਫੜ ਲਿਆਉਂਦੇ। ਉਨ੍ਹਾਂ ਨੂੰ ਮਾਰਨ ਦੀ ਬਜਾਏ ਉਨ੍ਹਾਂ ਨਾਲ ਪਿਆਰ ਕਰਦੇ ਤੇ ਚਿੜੀਆਘਰ ਵਿਚ ਰੱਖ ਕੇ ਉਨ੍ਹਾਂ ਦੀ ਖੂਬ ਸੇਵਾ ਕਰਦੇ। ਉਨ੍ਹਾਂ ਨੂੰ ਪਿਆਰ ਕਰਦੇ ਤੇ ਪ੍ਰਸੰਨ ਹੁੰਦੇ। ਆਪ ਹਰ ਮਿਲਣ ਵਾਲੇ ਸਿਖ ਸ਼ਰਧਾਲੂ, ਯਾਤਰੀ ਆਦਿ ਨੂੰ ਬਹੁਤ ਪਿਆਰ ਸਤਿਕਾਰ ਦਿੰਦੇ ਤੇ ਸੇਵਾ ਕਰਕੇ ਪ੍ਰਸਨ ਹੁੰਦੇ। ਉਨ੍ਹਾਂ ਦੀਆਂ ਇਛਾਵਾਂ ਦੀ ਪੂਰਤੀ ਲਈ ਯਤਨ ਕਰਦੇ। ਉਨ੍ਹਾਂ ਦੇ ਦਰਬਾਰ ਵਿਚ ਸਵੇਰੇ ਸ਼ਾਮ ਕਥਾ ਕੀਰਤਨ ਦਾ ਪ੍ਰਵਾਹ ਚਲਦਾ। ਉਹ ਆਪ ਸੰਗਤ ਵਿਚ ਬੈਠ ਕੇ ਵਿਚਾਰ ਕਰਦੇ ਤੇ ਸ਼ਰਧਾਲੂਆਂ ਦੇ ਸ਼ੰਕਿਆਂ ਦੀ ਨਵਿਰਤੀ ਕਰਦੇ।

**ਗੁਰ-ਗੱਦੀ :-** ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਹਰਿਰਾਏ ਸਾਹਿਬ ਨੂੰ ਗੱਦੀ ਦੇਣ ਦਾ ਫੈਸਲਾ ਕਰ ਲਿਆ ਸੀ। ਜਦੋਂ ਗੁਰੂ ਹਰਿਗੋਬਿੰਦ ਜੀ ਨੇ 1644 ਈ ਵਿੱਚ ਸੰਸਾਰ ਤਿਆਗਿਆ ਤਾਂ ਆਪ ਨੂੰ ਗੁਰਿਆਈ ਦਾ ਤਿਲਕ ਬਾਬਾ ਬੁੱਢਾ ਜੀ ਦੇ ਸਪੁਤਰ ਭਾਈ ਭਾਨਾ ਜੀ ਨੇ ਲਗਾਇਆ।

**ਮੁਗਲਾਂ ਨਾਲ ਸਬੰਧ:-** ਗੁਰੂ ਹਰਿਗੋਬਿੰਦ ਜੀ ਦੇ ਹੁਕਮ ਅਨੁਸਾਰ ਗੁਰੂ ਹਰਿਰਾਏ ਜੀ ਨੇ 2200 ਘੋੜ -ਸਵਾਰ ਰਖੇ ਹੋਏ ਸਨ। ਮੁਗਲਾਂ ਨੂੰ ਸ਼ੱਕ ਸੀ ਕਿ ਉਨ੍ਹਾਂ ਦੀ ਇਹ ਫੌਜ ਮੁਗਲਾਂ ਵਿਰੁਧ ਲੜਨ ਲਈ ਹੈ। ਪਰ ਗੁਰੂ ਸਾਹਿਬ ਚਾਹੁੰਦੇ ਸਨ ਕਿ ਮੁਗਲ ਜ਼ੁਲਮ ਜਬਰ ਦੀ ਨੀਤੀ ਤਿਆਗ ਦੇਣ ਤੇ ਮਜ਼ਹਬੀ ਤੁਅਸਬ ਤੋਂ ਤੌਬਾ ਕਰਨ। ਹਰ ਮਨੁਖ ਦਾ ਸਤਿਕਾਰ ਕਰਨ। ਉਨ੍ਹਾਂ ਨੇ ਹਮੇਸ਼ਾ ਸੰਜਮ ਤੋਂ ਕੰਮ ਲਿਆ ਜਿਸ ਕਾਰਨ ਉਹ ਕਿਸੇ ਲੜਾਈ ਵਿੱਚ ਨਹੀਂ ਉਲਝੇ ਭਾਵੇਂ ਕਈ ਵਾਰ ਵਿਰੋਧੀਆਂ ਨੇ ਉਨ੍ਹਾਂ ਨੂੰ ਉਕਸਾਇਆ। ਉਹ ਪਹਾੜਾਂ ਵਿੱਚ ਰਹਿਣਾ ਪਸੰਦ ਕਰਦੇ ਸਨ। ਬਾਣੀ ਵਿੱਚ ਲੀਨ ਰਹਿੰਦੇ ਸਨ, ਜਿਸ ਕਾਰਨ ਯੁਧ ਅਤੇ ਸ਼ਿਕਾਰ ਤੋਂ ਗੁਰੇਜ਼ ਕਰਦੇ ਰਹੇ। ਉਹ ਦਇਆਵਾਨ ਅਤੇ ਨਿਮਰਤਾ ਦੇ ਪੁੰਜ ਸਨ।

**ਵਿਆਹ ਅਤੇ ਸੰਤਾਨ:-** ਗੁਰੂ ਜੀ ਦਾ ਵਿਆਹ ਬੀਬੀ ਕਿਸ਼ਨ ਕੌਰ ਨਾਲ ਹੋਇਆ ਤੇ ਆਪ ਦੇ ਗ੍ਰਹਿ ਵਿਖੇ ਗੁਰੂ ਹਰਿ ਕ੍ਰਿਸ਼ਨ ਤੇ ਰਾਮ ਰਾਏ ਦੇ ਪੁਤਰਾਂ ਦਾ ਜਨਮ ਹੋਇਆ।



Downloaded from https:// www.studiestoday.com

Downloaded from https:// www.studiestoday.com

**ਸਿੱਖੀ ਦਾ ਪ੍ਰਚਾਰ ਅਤੇ ਬਖਸ਼ਸ਼ਾਂ:-** ਗੁਰੂ ਹਰਿਰਾਏ ਜੀ ਨੇ ਸਿੱਖੀ ਦੇ ਪ੍ਰਚਾਰ ਹਿੱਤ ਭਾਰਤ ਦੇ ਵੱਖ ਵੱਖ ਭਾਗਾਂ ਵਿਚ ਪ੍ਰਚਾਰ ਦੌਰੇ ਕੀਤੇ। ਉਨ੍ਹਾਂ ਨੇ ਪ੍ਰਚਾਰ ਹਿਤ ਤਿੰਨ ਬਖਸ਼ੀਸਾਂ ਕਾਇਮ ਕੀਤੀਆਂ। ਇਹ ਬਖਸ਼ਸ਼ਾਂ ਸਭ ਗੁਰਮਿਤ ਦਾ ਪ੍ਰਚਾਰ ਕਰਨ ਵਾਲੇ ਸਨ। ਪਹਿਲੀ ਬਖਸ਼ਸ਼ ਇਕ ਸੰਨਿਆਸੀ ਦੇਵਗਿਰੀ ਦੀ ਸੀ ਜੋ 360 ਸਾਧੂਆਂ ਸਮੇਤ ਪੰਜਾਬ ਵਿੱਚ ਆਇਆ ਸੀ। ਉਹ ਗੁਰੂ ਜੀ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਉਹਨਾਂ ਦਾ ਸਿੱਖ ਬਣ ਗਿਆ। ਸਤਿਗੁਰੂ ਨੇ ਉਨ੍ਹਾਂ ਦਾ ਨਾਂ ਭਗਤ ਭਗਵਾਨ ਰਖ ਦਿਤਾ। ਉਸਨੇ ਸਿੱਖ ਮਤ ਦਾ ਪ੍ਰਚਾਰ ਹਿਤ ਪਟਨਾ, ਬਰੇਲੀ ਤੇ ਰਾਜਗਿਰੀ ਵਿੱਚ ਕੇਂਦਰ ਸਥਾਪਤ ਕੀਤੇ ਤੇ ਸਿੱਖੀ ਦਾ ਪ੍ਰਚਾਰ ਕੀਤਾ।

**ਦੂਜੀ ਬਖਸ਼ਸ਼:-** ਦੂਜੀ ਬਖਸ਼ਸ਼ ਸੁਥਰੇਸ਼ਾਹ ਦੀ ਸੀ ਜਿਸ ਨੂੰ ਹਰਿਗੋਬਿੰਦ ਸਾਹਿਬ ਨੇ ਜੰਗਲ ਵਿਚ ਚੁਕ ਕੇ ਲਿਆਂਦਾ ਸੀ ਕਿਉਂਕਿ ਉਸ ਦੇ ਮੂੰਹ ਵਿਚ ਜਮਾਂਦਰੂ ਦੰਦ ਸਨ ਜਿਸ ਕਾਰਨ ਡਰਦੇ ਮਾਰੇ ਮਾਪੇ ਉਸ ਨੂੰ ਜੰਗਲ ਵਿਚ ਛੱਡ ਗਏ ਸਨ। ਉਨ੍ਹਾਂ ਨੇ ਪਿਆਰ ਨਾਲ ਪਾਲਿਆ ਤੇ ਉਹ ਬੜਾ ਮਖੌਲੀਆ ਹੋਇਆ। ਇਸ ਨੂੰ ਸਿੱਖੀ ਦੇ ਪ੍ਰਚਾਰ ਲਈ ਦਿੱਲੀ ਵਿਚ ਨਿਯੁਕਤ ਕੀਤਾ ਗਿਆ।

**ਤੀਸਰੀ ਬਖਸ਼ਸ਼:-** ਤੀਸਰੀ ਬਖਸ਼ਸ਼ ਭਾਈ ਫੇਰੂ ਜੀ ਦੀ ਸੀ ਜਿਸ ਦਾ ਪਹਿਲਾ ਨਾਂ ਭਾਈ ਸੰਗਤੀਆ ਸੀ।

**ਫੂਲ ਪਰਿਵਾਰ ਨੂੰ ਆਸ਼ੀਰਵਾਦ:-** ਗੁਰੂ ਸਾਹਿਬ ਜਦੋਂ ਪ੍ਰਚਾਰ ਕਰਦਿਆਂ ਹੋਇਆ ਮਾਲਵੇ ਦੇ ਪਿੰਡ ਮਹਿਰਾਜ ਪਹੁੰਚੇ ਤਾਂ ਸਿਖੀ ਦਾ ਪ੍ਰਚਾਰ ਕਰਕੇ ਲੋਕਾਂ ਨੂੰ ਆਪਸੀ ਭਾਈਚਾਰਾ ਬਣਾਈ ਰਖਣ ਲਈ ਪ੍ਰੇਰਨਾ ਦਿਤੀ। ਗੁਰੂ ਹਰਿ ਗੋਬਿੰਦ ਜੀ ਦਾ ਸ਼ਰਧਾਲੂ ਕਾਲੇ ਦਾ ਭਰਾ ਰੂਪ ਚੰਦ ਯੁਧ ਕਰਦਿਆਂ ਸ਼ਹੀਦੀ ਪਾ ਗਿਆ ਸੀ। ਕਾਲਾ ਹਰਿਰਾਏ ਜੀ ਦੀ ਸਰਣ ਵਿੱਚ ਰੂਪ ਚੰਦ ਦੇ ਪੁਤਰ ਸੰਦਲੀ ਤੇ ਫੂਲ ਸਮੇਤ ਪੁੱਜਾ। ਫੂਲ ਬੈਠਾ ਢਿਡ ਵਜਾ ਰਿਹਾ ਸੀ। ਸਤਿਗੁਰੂ ਨੇ ਕਾਰਨ ਪੁਛਿਆ ਤਾਂ ਪਤਾ ਲਗਾ ਬੱਚਾ ਭੁੱਖਾ ਹੈ। ਸਤਿਗੁਰੂ ਨੇ ਆਸ਼ੀਰਵਾਦ ਦਿਤਾ ਕਿ ਇਹਦਾ ਖਾਨਦਾਨ ਕਈ ਪੁਸ਼ਤਾਂ ਰਾਜ ਕਰੇਗਾ ਤੇ ਬੇਅੰਤ ਲੋਕਾਂ ਦੀ ਭੁੱਖ ਦੂਰ ਕਰੇਗਾ। ਇਹ ਆਸ਼ੀਰਵਾਦ ਰੰਗ ਲਿਆਇਆ ਤੇ ਸਮਾਂ ਪਾ ਕੇ ਫੂਲਕੀਆ ਰਿਆਸਤ ਦੇ ਮਾਲਕ ਫੂਲ ਦੇ ਪਰਿਵਾਰ ਦੇ ਜੀਅ ਬਣੇ।

**ਦਾਰਾ ਨਾਲ ਸਬੰਧ:-** ਦਾਰਾ, ਸ਼ਾਹਜਹਾਨ ਦਾ ਸਭ ਤੋਂ ਵੱਡਾ ਸ਼ਹਿਜ਼ਾਦਾ ਸੀ ਜੋ ਬਹੁਤ ਵਿਦਵਾਨ ਤੇ ਸੂਫੀ ਵਿਚਾਰਾਂ ਦਾ ਧਾਰਨੀ ਸੀ। ਉਹ ਸੱਭ ਮਤਾਂ ਦੇ ਸਾਧੂ ਸੰਤਾਂ ਨਾਲ ਵਿਚਾਰ ਵਟਾਂਦਰਾ ਕਰਦਾ ਤੇ ਗੁਣ ਗ੍ਰਹਿਣ ਕਰਨ ਵਿੱਚ ਗੁਰੇਜ਼ ਨਾ ਕਰਦਾ। ਉਸ ਨੇ ਹਿੰਦੂ ਧਰਮ ਦਾ ਅਧਿਐਨ ਕੀਤਾ ਤੇ ਉਪਨਿਸ਼ਦਾਂ ਦਾ ਫਾਰਸੀ ਵਿੱਚ ਆਪ ਅਨੁਵਾਦ ਕੀਤਾ। ਵੈਦਿਕ ਸਾਹਿਤ ਦਾ ਉਸਨੇ ਖੂਬ ਅਧਿਐਨ ਕੀਤਾ। ਹਿੰਦੂ ਪੱਖੀ ਹੋਣ ਕਾਰਨ ਕਟੜ ਮੁਸਲਮਾਨ ਉਸਨੂੰ ਬਹੁਤ ਨਫਰਤ ਕਰਦੇ ਸਨ। ਗੈਰ ਮੁਸਲਮਾਨਾਂ ਵਿੱਚ ਵੀ ਉਹ ਹਰਮਨ ਪਿਆਰਾ ਸੀ ਤੇ ਉਸ ਦਾ ਸਤਿਕਾਰ ਹੁੰਦਾ ਸੀ। ਉਹ ਜੇਠਾ ਪੁਤਰ ਸੀ ਜਿਸ ਕਾਰਨ ਰਾਜਭਾਗ ਤੇ ਉਸ ਦਾ ਅਧਿਕਾਰ ਹੋਣਾ ਸੀ।

ਔਰੰਗਜ਼ੇਬ, ਸ਼ਾਹਜਹਾਨ ਦੇ ਪੁਤਰਾਂ ਵਿਚੋਂ ਸਭ ਤੋਂ ਵੱਧ ਚਲਾਕ ਸੀ। ਉਹ ਆਪਣੀ ਧਾਰਮਿਕ ਕੱਟੜਤਾ ਕਾਰਨ ਮੁਸਲਮਾਨਾਂ ਵਿਚ ਬਹੁਤ ਸਤਿਕਾਰਿਆ ਜਾਂਦਾ ਸੀ। ਇਸ ਕੱਟੜਤਾ ਕਾਰਨ ਮੁਸਲਮਾਨ ਉਸ ਨੂੰ ਬਾਦਸ਼ਾਹ ਦੇ ਰੂਪ ਵਿੱਚ ਦੇਖਦੇ ਹੁੰਦੇ ਸਨ। ਉਹ ਦਾਰਾ ਦਾ ਕੱਟੜ ਦੁਸ਼ਮਣ ਸੀ ਤੇ ਉਸਨੇ ਜ਼ਹਿਰ ਦੁਆ ਕੇ ਉਸ ਨੂੰ ਮਾਰਨ ਦਾ ਯਤਨ ਕੀਤਾ ਪਰ ਗੁਰੂ ਹਰਿਰਾਏ ਜੀ ਨੇ ਕੋਈ ਦੁਰਲਭ ਦੁਆਈ ਭੇਜ ਕੇ ਉਸਨੂੰ ਬਚਾ ਲਿਆ। ਉਹ ਗੁਰੂ ਜੀ ਦਾ ਅਹਿਸਾਨਮੰਦ ਹੋਇਆ ਤੇ ਬਾਅਦ ਵਿਚ ਕਈ ਵਾਰੀ ਉਨ੍ਹਾਂ ਦੇ ਦਰਸ਼ਨ ਕਰਨ ਲਈ ਆਇਆ। ਗੱਦੀ ਦੀ ਲੜਾਈ ਵਿਚ ਉਸਦੀ ਫੌਜ ਔਰੰਗਜ਼ੇਬ ਤੇ ਮੁਰਾਦ ਦੀ ਸਾਂਝੀ ਫੌਜ ਤੋਂ ਹਾਰ ਖਾ ਗਈ। ਦਾਰਾ ਅਫ਼ਗਾਨਿਸਤਾਨ ਵਲ ਜਾਣ ਲਈ ਪੰਜਾਬ ਵਿਚੋਂ ਲੰਘਦਿਆਂ ਗੁਰੂ ਹਰਿਰਾਏ ਜੀ ਨੂੰ ਮਿਲਿਆ। ਇਥੋਂ ਵਿਦਾ ਲੈ ਕੇ ਉਹ ਲਾਹੌਰ ਪੁੱਜਾ ਤੇ ਫਿਰ ਮੁਲਤਾਨ ਵਲ ਚਲਾ ਗਿਆ ਕਿਉਂਕਿ ਔਰੰਗਜ਼ੇਬ ਦੀ ਫੌਜ ਉਸ ਦਾ ਪਿਛਾ ਕਰ ਰਹੀ ਸੀ ਤੇ ਆਖਰ ਔਰੰਗਜ਼ੇਬ ਨੇ ਦਾਰਾ ਨੂੰ ਗ੍ਰਿਫਤਾਰ ਕਰਕੇ ਬਹੁਤ ਤਸੀਹੇ ਦੇ ਕੇ ਕਤਲ ਕੀਤਾ।

**ਰਾਮ ਰਾਇ ਨੂੰ ਦਿੱਲੀ ਭੇਜਣਾ:-** ਔਰੰਗਜ਼ੇਬ ਨੇ ਗੁਰੂ ਹਰਿਰਾਏ ਜੀ ਨੂੰ ਦਿੱਲੀ ਬੁਲਾਇਆ ਕਿਉਂਕਿ ਕੁਝ ਗੈਰ ਸਿੱਖਾਂ ਨੇ ਸ਼ਿਕਾਇਤ ਕੀਤੀ ਸੀ ਕਿ ਗੁਰੂ ਗਰੰਥ ਸਾਹਿਬ ਵਿਚ ਬਹੁਤ ਸਾਰੀ ਬਾਣੀ ਇਸਲਾਮ ਜਾਂ ਪੈਗੰਬਰ ਸਾਹਿਬ ਦੇ ਖਿਲਾਫ ਹੈ। ਗੁਰੂ ਸਾਹਿਬ ਨੇ ਇਸ ਪਖ ਬਾਰੇ ਸਪਸ਼ਟ ਕਰਨ ਲਈ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮਰਾਏ ਨੂੰ ਦਿੱਲੀ ਭੇਜਿਆ ਸੀ ਜਿਸਨੇ ਬਾਦਸ਼ਾਹ ਦੀ ਤਸੱਲੀ ਕਰਵਾਈ ਪਰ "ਮਿਟੀ ਮੁਸਲਮਾਨ ਕੀ" ਥਾਂ ਮਿਟੀ ਬੇਈਮਾਨ ਕੀ ਬਦਲਣ ਤੇ ਸਤਿਗੁਰੂ ਨੇ ਉਸ ਨੂੰ ਸਦਾ ਲਈ ਤਿਆਗ ਦਿਤਾ ਤੇ ਮੁੜ ਉਹ ਸਾਰੀ ਉਮਰ ਦੇਹਰਾਦੂਨ ਵਿਖੇ ਰਿਹਾ।

**ਕੀਰਤਪੁਰ ਵਿਖੇ ਦਵਾਖਾਨੇ ਦੀ ਸਥਾਪਤੀ:-** ਗੁਰੂ ਹਰਿਰਾਏ ਜੀ ਨੇ ਪੂਰਵਵਰਤੀ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸਭ ਸੰਸਥਾਵਾਂ ਵੀ ਜਾਰੀ ਰਖੀਆਂ। ਕੀਰਤਪੁਰ ਵਿਖੇ ਇਕ ਦਵਾਖਾਨਾ ਵੀ ਕਾਇਮ ਕੀਤਾ ਜਿਸ ਵਿਚ ਦੁਰਲਭ ਜੜੀਆਂ ਬੂਟੀਆਂ ਨਾਲ ਤਿਆਰ ਕੀਤੀਆਂ ਦਵਾਈਆਂ ਵੀ ਰੱਖੀਆਂ ਗਈਆਂ ਸਨ ਜੋ ਲੋੜਵੰਦਾਂ ਤੇ ਰੋਗੀਆਂ ਨੂੰ ਮੁਫਤ ਦਿੱਤੀਆਂ ਜਾਂਦੀਆਂ ਸਨ। ਇਸ ਦਾ



Downloaded from https:// www.studiestoday.com

Downloaded from https:// www.studiestoday.com

ਪ੍ਰਮਾਣ ਹੈ ਕਿ ਜਦੋਂ ਦਾਰੇ ਨੂੰ ਜਹਿਰ ਦੇ ਕੇ ਮਾਰਨ ਲਈ ਯਤਨ ਕੀਤਾ ਗਿਆ ਤਾਂ ਉਸ ਦਾ ਬਚਾ ਇਥੋਂ ਭੇਜੀ ਗਈ ਦੁਰਲਭ ਦੁਆਈ ਨਾਲ ਹੀ ਹੋਇਆ ਸੀ।

**ਲੰਗਰ ਦੀ ਨਿਗਰਾਨੀ:-** ਉਹ ਲੰਗਰ ਦੀ ਨਿਗਰਾਨੀ ਖੁਦ ਕਰਦੇ ਸਨ ਤਾਂ ਕਿ ਲੋੜਵੰਦ ਗਰੀਬਾਂ, ਮੁਸਾਫਰਾਂ ਤੇ ਆਮ ਲੋਕਾਂ ਨੂੰ ਪ੍ਰਸ਼ਾਦ ਸਹਿਜੇ ਮਿਲੇ। ਆਪ ਦਾ ਹੁਕਮ ਸੀ ਕਿ ਅੱਠੇ ਪਹਿਰ ਲੰਗਰ ਚਲਦਾ ਰਹੇ।

ਉਨ੍ਹਾਂ ਨੇ ਆਪ ਬਾਣੀ ਉਚਾਰਨ ਨਹੀਂ ਕੀਤੀ ਪਰ ਉਹ ਨਿਰੰਤਰ ਬਾਣੀ ਦਾ ਪਾਠ ਕਰਦੇ ਰਹਿੰਦੇ ਸਨ। ਉਹ ਬਾਣੀ ਦਾ ਇੰਨਾ ਸਤਿਕਾਰ ਕਰਦੇ ਸਨ ਕਿ ਉਨ੍ਹਾਂ ਨੇ ਆਪਣੇ ਪੁਤਰ ਬਾਬਾ ਰਾਮ ਰਾਏ ਨੂੰ ਇਕ ਸ਼ਬਦ ਬਦਲਣ ਕਰਕੇ ਸਾਰੀ ਉਮਰ ਮਥੇ ਨਹੀਂ ਲਾਇਆ। ਉਹ ਚੰਗੇ ਕੰਮ ਕਰਨ ਵਾਲਿਆਂ ਦੀ ਪ੍ਰਸ਼ੰਸਾ ਕਰਦੇ ਸਨ ਪਰ ਮਾੜੇ ਕਰਮ ਕਰਨ ਵਾਲਿਆਂ ਨਾਲ ਸਖਤੀ ਨਾਲ ਪੇਸ਼ ਆਉਂਦੇ ਸਨ।

**ਥਾਂ ਥਾਂ ਜਾ ਕੇ ਸਿੱਖੀ ਦਾ ਪ੍ਰਚਾਰ:-** ਸਿਖ ਧਰਮ ਨੇ ਗੁਰੂ ਹਰਿਰਾਏ ਸਾਹਿਬ ਦੇ ਸਮੇਂ ਖੂਬ ਤਰੱਕੀ ਕੀਤੀ ਕਉਂਕਿ ਉਨ੍ਹਾਂ ਨੇ ਆਪ ਥਾਂ ਥਾਂ ਜਾਕੇ ਸਾਰੇ ਪੰਜਾਬ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਤੇ ਬਹੁਤ ਸਾਰੇ ਸ਼ਰਧਾਵਾਨ ਗੁਰੂ ਸਿੱਖਾਂ ਨੂੰ ਪ੍ਰਚਾਰ ਕਰਨ ਲਈ ਦੂਰ ਦੁਰਾਡੇ ਥਾਂਈ ਭੇਜਿਆ। ਉਨ੍ਹਾਂ ਨੇ ਉਤਰੀ ਭਾਰਤ ਵਿਚ ਪ੍ਰਚਾਰ ਕੇਂਦਰਾਂ ਦਾ ਜਾਲ ਵਿਛਾ ਦਿਤਾ। ਆਪ ਬਹੁਤ ਸੂਝਵਾਨ ਤੇ ਲੰਮੀ ਨਦਰਿ ਦੇ ਸੁਆਮੀ ਸਨ।

**ਜੋਤੀ ਜੋਤ ਸਮਾਉਣਾ:-** ਗੁਰੂ ਹਰਿਰਾਏ ਜੀ 6 ਅਕਤੂਬਰ 1661 ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ। ਉਨ੍ਹਾਂ ਨੇ ਪਰਲੋਕ ਗਵਨ ਤੋਂ ਪਹਿਲਾਂ ਆਪਣਾ ਉਤਰਾਧਿਕਾਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਥਾਪਿਆ ਜੋ ਉਸ ਸਮੇਂ ਕੇਵਲ ਪੰਜ ਵਰ੍ਹਿਆਂ ਦੇ ਸਨ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਗੁਰੂ ਹਰਿ ਰਾਏ ਜੀ ਨੂੰ ਗੁਰਗੱਦੀ ਕਦੋਂ ਤੇ ਕਿਸਨੇ ਦਿੱਤੀ?
2. ਗੁਰੂ ਹਰਿਰਾਏ ਜੀ ਦੇ ਪੁਤੱਰਾਂ ਦੇ ਨਾਂ ਲਿਖੋ?
3. ਗੁਰੂ ਹਰਿ ਰਾਏ ਜੀ ਨੇ ਕਿੰਨੇ ਘੋੜੇ ਰੱਖੇ ਹੋਏ ਸਨ?
4. ਗੁਰੂ ਹਰਿਰਾਏ ਸਾਹਿਬ ਕਦੋਂ ਜੋਤੀ ਜੋਤ ਸਮਾਏ?

## ਗੁਰੂ ਹਰਿਕ੍ਰਿਸ਼ਨ ਜੀ (1656-1664)

ਗੁਰੂ ਹਰਿਕ੍ਰਿਸ਼ਨ ਸਾਹਿਬ ਸ੍ਰੀ ਹਰਿਰਾਏ ਸਾਹਿਬ ਦੇ ਸਭ ਤੋਂ ਛੋਟੇ ਸਪੁਤੱਰ ਸਨ। ਜਿਨ੍ਹਾਂ ਨੇ ਕੀਰਤਪੁਰ ਵਿਖੇ 7 ਜੁਲਾਈ 1656 ਈ ਨੂੰ ਜਨਮ ਲਿਆ। ਬਚਪਨ ਤੋਂ ਹੀ ਆਪ ਨਾਮ ਸਿਮਰਨ ਵਿਚ ਲੀਨ ਰਹਿੰਦੇ ਸਨ। ਆਪ ਕਈ ਵਾਰ ਲਗਾਤਾਰ ਬਹੁਤ ਸਮੇਂ ਤਕ ਸਮਾਧੀ ਵਿਚ ਲੀਨ ਰਹਿੰਦੇ ਤੇ ਸਰੀਰ ਦੀ ਸੁਧ ਬੁਧ ਆਪ ਨੂੰ ਨਾ ਰਹਿੰਦੀ। ਬਾਬਾ ਰਾਮ ਰਾਏ ਸਿੱਖ ਦਰਸ਼ਨ ਤੇ ਸਾਧਨਾ ਆਦਿ ਦੇ ਪਰਮ ਗਿਆਤਾ ਸਨ, ਪਰ ਹਾਲਾਤ ਅਜਿਹੇ ਬਣੇ ਉਨ੍ਹਾਂ ਦਾ ਗੁਰਿਆਈ ਪ੍ਰਾਪਤ ਕਰਨ ਦਾ ਅਧਿਕਾਰ ਜਾਂਦਾ ਰਿਹਾ। ਗੁਰੂ ਹਰਿਰਾਏ ਜੀ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਲਈ ਯੋਗ ਅਧਿਕਾਰੀ ਜਾਣਿਆ ਤੇ ਉਨ੍ਹਾਂ ਦੇ ਪਰਲੋਕ ਗਵਣ ਮਗਰੋਂ ਆਪ ਨੂੰ ਨਿਰਵਿਵਾਦ ਗੁਰੂ ਵਜੋਂ ਸਭ ਸੰਗਤ ਨੇ ਪਰਵਾਨ ਕਰ ਲਿਆ।

**ਸਿੱਖ ਸਿਧਾਂਤਾਂ ਦੀ ਵਿਆਖਿਆ :-** ਬਾਬਾ ਰਾਮ ਰਾਏ ਨੇ ਗੁਰੂ ਗੱਦੀ ਲਈ ਆਪਣਾ ਹੱਕ ਜਤਾਇਆ, ਪਰ ਸਿੱਖ ਸੰਗਤ ਨੇ ਉਨ੍ਹਾਂ ਨੂੰ ਪਰਵਾਨ ਨਾ ਕੀਤਾ। ਗੁਰੂ ਹਰਿਕ੍ਰਿਸ਼ਨ ਜੀ ਭਾਵੇਂ ਛੋਟੀ ਉਮਰ ਦੇ ਸਨ, ਪਰ ਉਹ ਸੰਗਤਾਂ ਨੂੰ ਪਿਆਰ ਨਾਲ ਉਪਦੇਸ਼ ਦਿੰਦੇ, ਸਿੱਖ ਸਿਧਾਂਤਾਂ ਦੀ ਵਿਆਖਿਆ ਕਰਦੇ, ਸਭ ਸੰਗਤ ਹੈਰਾਨ ਹੁੰਦੀ ਤੇ ਗੁਰੂ ਚਰਨਾਂ ਨਾਲ ਜੁੜ ਕੇ ਨਾਮ ਬਾਣੀ ਵਿਚ ਲੀਨ ਹੁੰਦੀ।

**ਬਾਬਾ ਰਾਮ ਰਾਏ ਦਾ ਵਿਰੋਧ :-** ਬਾਬਾ ਰਾਮ ਰਾਏ ਨੇ ਮਸੰਦਾਂ ਨਾਲ ਮਿਲ ਕੇ ਸਾਜਿਸ਼ਾਂ ਰਚਕੇ ਗੁਰੂ ਗੱਦੀ ਤੇ ਕਬਜ਼ਾ ਕਰਨ ਦੀਆਂ ਅਸਫਲ ਕੋਸ਼ਿਸ਼ਾਂ ਕੀਤੀਆਂ, ਪਰ ਗੁਰੂ ਹਰਿਰਾਏ ਜੀ ਦੇ ਫੈਸਲੇ ਦੇ ਵਿਰੁਧ ਕੋਈ ਸਿੱਖ ਨਹੀਂ ਸੀ ਜਾ ਸਕਦਾ।

**ਦਿੱਲੀ ਬੁਲਾਉਣਾ :-** ਬਾਬਾ ਰਾਮ ਰਾਏ ਨੇ ਗੱਦੀ ਪ੍ਰਾਪਤੀ ਲਈ ਦਿੱਲੀ ਜਾ ਕੇ ਔਰੰਗਜ਼ੇਬ ਪਾਸ ਬੇਨਤੀ ਕੀਤੀ ਤਾਂ ਉਸ ਨੇ ਸੋਚਿਆ ਜੇਕਰ ਇਹ ਗੱਦੀ ਤੇ ਬੈਠ ਜਾਵੇ ਤਾਂ ਮੁਗਲਾਂ ਲਈ ਲਾਭਦਾਇਕ ਰਹੇਗਾ, ਕਿਉਂਕਿ ਇਹ ਰਾਜ ਭਗਤ ਬਣ ਸਕਦਾ ਹੈ। ਉਸ ਨੇ



Downloaded from https:// www.studiestoday.com

Downloaded from https:// www.studiestoday.com

ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾਇਆ ਕਿ ਦੋਨੋਂ ਭਰਾ ਆਪਣੇ ਆਪਣੇ ਪੱਖ ਪੇਸ਼ ਕਰਨ ਤਾਂ ਕਿ ਨਿਆਂ ਕੀਤਾ ਜਾ ਸਕੇ। ਰਾਮ ਰਾਏ ਨੂੰ ਪੂਰਨ ਯਕੀਨ ਸੀ ਕਿ ਫੈਸਲਾ ਤਾਂ ਮੇਰੇ ਹੱਕ ਵਿਚ ਹੀ ਹੋਵੇਗਾ। ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਨੂੰ ਦਿਲੀ ਲਿਆਉਣ ਦਾ ਕੰਮ ਜੈ ਸਿੰਘ ਨੂੰ ਸੌਂਪਿਆ। ਪਰ ਗੁਰੂ ਜੀ ਨੇ ਫੈਸਲਾ ਕਰ ਲਿਆ ਕਿ ਉਹ ਦਿੱਲੀ ਬਾਦਸ਼ਾਹ ਦੇ ਮੱਥੇ ਨਹੀਂ ਲਗਣਗੇ। ਕੁਝ ਨਿਕਟਵਰਤੀ ਸਿੱਖਾਂ ਦੇ ਕਹਿਣ ਤੇ ਸਤਿਗੁਰੂ ਕੀਰਤਪੁਰ ਤੋਂ ਦਿੱਲੀ ਨੂੰ ਰਵਾਨਾ ਹੋ ਗਏ। ਉਨ੍ਹਾਂ ਦੇ ਮਾਤਾ ਜੀ, ਕੁਝ ਮਸੰਦ, ਭਾਈ ਗੁਰਬਖਸ਼ ਤੇ ਹੋਰ ਬਹੁਤ ਸਾਰੇ ਸਿਆਣੇ ਸਿੱਖ ਨਾਲ ਗਏ ਤੇ ਇਹ ਕਾਫਲਾ ਵਧਦਾ ਹੀ ਗਿਆ। ਗੁਰੂ ਜੀ ਨੇ ਕੇਵਲ 20 ਸਾਥੀ ਹੀ ਨਾਲ ਲਏ ਤੇ ਦਿੱਲੀ ਵਿਚ ਰਾਜਾ ਜੈ ਸਿੰਘ ਦੀ ਰਿਹਾਇਸ਼ ਤੇ ਜਾ ਠਹਿਰੇ। ਦਿੱਲੀ ਵਿਚ ਉਹਨੀ ਦਿਨੀਂ ਹੈਜ਼ਾ ਫੈਲਿਆ ਹੋਇਆ ਸੀ।

**ਰੋਗੀਆਂ ਦੀ ਸੇਵਾ :-** ਚੇਚਕ ਦੀ ਬਿਮਾਰੀ ਆਮ ਸੀ। ਸਤਿਗੁਰੂ ਗਰੀਬਾਂ, ਅਨਾਥਾਂ, ਬਿਮਾਰਾਂ ਨਾਲ ਜਾਕੇ ਉਨ੍ਹਾਂ ਦੀ ਸੇਵਾ ਵਿਚ ਲਗ ਗਏ ਜਿਸ ਕਾਰਨ ਆਪ ਚੇਚਕ ਦਾ ਰੋਗ ਲਗਾ ਬੈਠੇ।

**ਜੋਤੀ ਜੋਤ ਸਮਾਉਣਾ :-** ਜਦੋਂ ਸਤਿਗੁਰੂ ਇਸ ਜਗਤ ਤੋਂ ਵਿਦਾ ਹੋ ਰਹੇ ਸਨ ਤਾਂ ਆਪਨੇ ਆਪਣੇ ਉਤਰਾਧਿਕਾਰੀ ਬਾਰੇ ਇੰਨਾ ਹੀ ਆਖਿਆ "ਬਾਬਾ-ਬਕਾਲਾ" ਅਤੇ 30 ਮਾਰਚ 1664 ਨੂੰ ਸਰੀਰ ਤਿਆਗ ਦਿੱਤਾ। ਉਨ੍ਹਾਂ ਦਾ ਜਮੁਨਾ ਕਿਨਾਰੇ ਸੰਸਕਾਰ ਕੀਤਾ ਗਿਆ। ਉਨ੍ਹਾਂ ਦੀ ਯਾਦ ਵਿਚ ਬੰਗਲਾ ਸਾਹਿਬ ਗੁਰਦੁਆਰਾ ਬਣਾਇਆ ਗਿਆ ਹੈ। ਇਸ ਸਥਾਨ ਉਪਰ ਉਹ ਦਿੱਲੀ ਫੇਰੀ ਸਮੇਂ ਰਹੇ ਸਨ।

**ਸ਼ਖਸੀਅਤ :-** ਗੁਰੂ ਹਰਿਕ੍ਰਿਸ਼ਨ ਜੀ ਤਕਰੀਬਨ ਢਾਈ ਸਾਲ ਗੁਰਗੱਦੀ ਦੀਆਂ ਜ਼ਿੰਮੇਵਾਰੀਆਂ ਨਿਭਾ ਸਕੇ, ਪਰ ਆਪ ਨੇ ਛੋਟੀ ਉਮਰ ਹੁੰਦਿਆਂ ਵੀ ਸਿੱਖਾਂ ਦੀ ਰੂਹਾਨੀ ਅਗਵਾਈ ਬਹੁਤ ਲਗਨ ਨਾਲ ਕੀਤੀ। ਉਹ ਡੂੰਘੇ ਆਤਮਕ ਅਨੁਭਵ ਦੇ ਸੁਆਮੀ ਸਨ। ਉਹ ਜੋ ਫੈਸਲਾ ਕਰਦੇ ਸਨ, ਉਸ ਤੇ ਪਹਿਰਾ ਪੱਕੇ ਪੈਰੀਂ ਦਿੰਦੇ ਸਨ। ਸੁਭਾਅ ਪੱਖੋਂ ਬਹੁਤ ਮਿੱਠ ਬੋਲੜੇ, ਹਮਦਰਦ, ਨਰਮ ਦਿਲ ਤੇ ਨਿੱਡਰ ਸਨ। ਉਹ ਆਪਣੇ ਪਹਿਲੇ ਗੁਰੂ ਸਾਹਿਬਾਨ ਵਾਂਗ ਰੋਗੀਆਂ ਦੇ ਮਸੀਹਾ ਸਨ। ਉਹ ਹਰ ਬਿਮਾਰ ਨੂੰ ਕੇਵਲ ਦਵਾਈ ਹੀ ਨਹੀ ਸਨ ਦਿੰਦੇ ਸਗੋਂ ਆਪ ਉਸਦੀ ਸੇਵਾ ਆਪਣੇ ਹਥੀਂ ਕਰਨੀ ਆਪਣਾ ਫਰਜ਼ ਸਮਝਦੇ ਸਨ। ਆਪਣੇ ਅੰਤਿਮ ਸਮੇਂ ਸਭ ਸਿਖਾਂ ਨੂੰ ਰੋਣ ਤੇ ਸੋਗ ਸੰਤਾਪ ਤੋਂ ਰੋਕਿਆ, ਪ੍ਰਭੂ ਰੰਗ ਵਿਚ ਰਹਿਣ ਲਈ ਆਖਿਆ, ਕੀਰਤਨ ਕਰਨ ਲਈ ਹੁਕਮ ਕੀਤਾ। ਆਪ ਐਨੇ ਮਹਾਨ ਸਨ ਜਿਸ ਕਾਰਨ ਬਾਲ ਅਵਸਥਾ ਵਿਚ ਵੀ ਸਿੱਖ ਕੌਮ ਦੀ ਅਗਵਾਈ ਕਰਦੇ ਰਹੇ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਗੁਰੂ ਹਰਿਕ੍ਰਿਸ਼ਨ ਦੀ ਦਾ ਜਨਮ ਕਦੋਂ ਹੋਇਆ ?
2. ਬਾਬਾ ਰਾਮ ਰਾਏ ਨੇ ਗੁਰੂ ਜੀ ਦਾ ਕਿਸ ਗਲੋਂ ਵਿਰੋਧ ਕੀਤਾ ?
3. ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਕਿਉਂ ਬੁਲਾਇਆ ਗਿਆ ?
4. ਗੁਰੂ ਜੀ ਕਿਸ ਬੀਮਾਰੀ ਕਾਰਨ ਅਤੇ ਕਦੋਂ ਜੋਤੀ ਜੋਤ ਸਮਾਏ ?
5. ਜੋਤੀ ਜੋਤ ਸਮਾਉਣ ਸਮੇਂ ਗੁਰੂ ਹਰਿਕ੍ਰਿਸ਼ਨ ਜੀ ਨੇ ਕੀ ਆਖਿਆ ?

**ਗੁਰੂ ਤੇਗ ਬਹਾਦਰ ਜੀ** (1621-1675)

ਗੁਰੂ ਤੇਗ ਬਹਾਦਰ ਜੀ ਦਾ ਜਨਮ ਪਹਿਲੀ ਅਪਰੈਲ 1621 ਈ ਨੂੰ ਗੁਰੂ ਹਰਿਗੋਬਿੰਦ ਦੇ ਘਰ ਬੀਬੀ ਨਾਨਕੀ ਦੀ ਕੁੱਖੋਂ ਅੰਮ੍ਰਿਤਸਰ ਵਿਖੇ ਹੋਇਆ। ਆਪ ਸਤਿਗੁਰੂ ਦੇ ਸਭ ਤੋਂ ਛੋਟੇ ਸਪੁੱਤਰ ਸਨ। ਆਪਦੇ ਵੱਡੇ ਭਰਾਵਾਂ ਦੇ ਨਾਂ ਹਨ: ਬਾਬਾ ਗੁਰਦਿਤਾ, ਬਾਬਾ ਸੂਰਜ ਮੱਲ, ਬਾਬਾ ਅਣੀਰਾਏ ਤੇ ਬਾਬਾ ਅਟੱਲ ਜੀ।

**ਵਿੱਦਿਆ ਤੇ ਸ਼ਾਸਤਰਾਂ ਦੀ ਸਿਖਲਾਈ :-** ਬਚਪਨ ਤੋਂ ਹੀ ਸਤਿਗੁਰੂ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਸੈਨਿਕ ਕਾਰਵਾਈਆਂ ਨੂੰ ਬਹੁਤ ਗਹੁ ਨਾਲ ਵਾਚਦੇ ਸਨ ਜਿਸ ਦਾ ਉਨ੍ਹਾਂ ਦੇ ਮਨ ਤੇ ਬਹੁਤ ਪ੍ਰਭਾਵ ਪਿਆ। ਉਹ ਘੋੜਸਵਾਰੀ ਤੇ ਅਸਤਰ ਸ਼ਸਤਰ ਚਲਾਉਣ ਵਿਚ ਨਿਪੁੰਨ ਹੋ ਗਏ। ਬਾਬਾ ਬੁੱਢਾ ਜੀ ਨੇ ਉਨ੍ਹਾਂ ਨੂੰ ਸ਼ਸਤਰ ਵਿਦਿਆ ਦੇ ਕੇ ਬਹਾਦਰ ਯੋਧਾ ਬਣਾਇਆ। ਸਤਿਗੁਰੂ ਹਰਿਗੋਬਿੰਦ ਜੀ ਨੇ ਆਪ ਦੀ ਪੜ੍ਹਾਈ ਦਾ ਵਧੀਆ ਪ੍ਰਬੰਧ ਕੀਤਾ। ਆਪ ਨੇ ਗੁਰਬਾਣੀ, ਸੰਸਕ੍ਰਿਤ, ਫਾਰਸੀ ਤੇ ਧਾਰਮਿਕ ਵਿਦਿਆ ਬਹੁਤ ਧਿਆਨ ਨਾਲ ਪੜ੍ਹੀ।



Downloaded from https:// www.studiestoday.com

Downloaded from https:// www.studiestoday.com

**ਤੇਗ ਬਹਾਦਰ ਨਾਂ ਰਖਣਾ :-** ਜਦੋਂ 1635 ਈ ਵਿਚ ਕਰਤਾਰਪੁਰ ਵਿਖੇ ਮੁਗਲਾਂ ਨਾਲ ਯੁੱਧ ਹੋਇਆ ਤਾਂ ਆਪ ਨੇ ਵਡੇ ਯੋਧਿਆਂ ਵਾਂਗ ਤਲਵਾਰ ਵਾਹੀ ਤੇ ਸਤਿਗੁਰੂ ਨੂੰ ਪ੍ਰਸੰਨ ਕੀਤਾ। ਸਿਖਾਂ ਵਿਚ ਰਵਾਇਤ ਹੈ ਕਿ ਆਪ ਦਾ ਅਸਲੀ ਨਾਂ ਤਿਆਗ ਮੱਲ ਸੀ ਪਰ ਜਦੋਂ ਉਨ੍ਹਾਂ ਨੇ ਯੁੱਧ ਵਿਚ ਤੇਗ ਦੇ ਜੌਹਰ ਵਿਖਾਏ ਤਾਂ ਸਤਿਗੁਰੂ ਨੇ ਉਨ੍ਹਾਂ ਦਾ ਨਾਂ ਤੇਗ ਬਹਾਦਰ ਰੱਖ ਦਿੱਤਾ।

**ਵਿਆਹ :-** ਆਪ ਦਾ ਵਿਆਹ ਕਰਤਾਰਪੁਰ ਵਾਸੀ ਲਾਲ ਚੰਦ ਦੀ ਸਪੁਤਰੀ ਮਾਤਾ ਗੁਜਰੀ ਨਾਲ ਹੋਇਆ ਜਿਨ੍ਹਾਂ ਦੀ ਕੁੱਖ ਤੋਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ।

**ਬਾਬਾ ਬਕਾਲੇ ਆਉਣਾ :-** ਜਦੋਂ 1644 ਈ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਰਤਪੁਰ ਸਰੀਰ ਤਿਆਗਿਆ ਤਾਂ ਆਪ ਉਨ੍ਹਾਂ ਦੇ ਹੁਕਮ ਮੰਨਦਿਆਂ ਬਾਬੇ ਬਕਾਲੇ ਆ ਗਏ ਤੇ ਨਾਮ ਸਿਮਰਨ ਵਿਚ ਲਗਭਗ 20 ਵਰ੍ਹੇ ਗੁਜ਼ਾਰੇ। ਜਦੋਂ 1664 ਈ ਵਿਚ ਸ੍ਰੀ ਹਰਿਕ੍ਰਿਸ਼ਨ ਜੀ ਪਰਲੋਕ ਗਵਨ ਕਰਨ ਲਗੇ ਤਾਂ ਉਨ੍ਹਾਂ ਬਚਨ ਕੀਤਾ ; 'ਗੁਰੂ ਬਾਬਾ ਬਕਾਲੇ' ਤੇ ਸਰੀਰ ਤਿਆਗ ਦਿਤਾ। ਜਦੋਂ ਇਹ ਖਬਰ ਬਾਬਾ ਬਕਾਲੇ ਪੁੱਜੀ ਤਾਂ 22 ਸੋਢੀ ਮੰਜੀਆਂ ਲਗਾਕੇ ਬੈਠ ਗਏ ਤੇ ਹਰ ਕੋਈ ਆਪਣੇ ਆਪ ਨੂੰ ਅਸਲੀ ਗੁਰੂ ਦਸ ਰਿਹਾ ਸੀ। ਸਾਧ ਸੰਗਤ ਲਈ ਅਸਲੀ ਗੁਰੂ ਲਭਣਾ ਸਮੱਸਿਆ ਬਣ ਗਈ।

**ਗੁਰੂ ਲਾਧੋ ਰੇ :-** ਮੱਖਣ ਸ਼ਾਹ ਲੁਬਾਣਾ ਗੁਰੂ ਘਰ ਦਾ ਸ਼ਰਧਾਲੂ ਸਿੱਖ ਸੀ ਜਿਸ ਨੇ ਆਪਣੀ ਸਿਆਣਪ ਤੇ ਸਿਦਕ ਨਾਲ ਸੱਚਾ ਗੁਰੂ ਲੱਭਿਆ। ਸਿੱਖ ਸਗਤ ਵਿਚ ਪ੍ਰਸਿੱਧ ਹੈ ਕਿ ਇਕ ਵਾਰ ਉਸਦੇ ਮਾਲ ਦਾ ਭਰਿਆ ਜਹਾਜ਼ ਸਮੁੰਦਰ ਵਿਚ ਡੁੱਬਣ ਲਗਾ ਤਾਂ ਉਸ ਨੇ ਅਰਦਾਸ ਕੀਤੀ ਕਿ ਜੇਕਰ ਸਤਿਗੁਰੂ ਜੀ ਜਹਾਜ਼ ਨਾ ਡੁਬੇ ਤਾਂ ਮੈਂ ਹਜ਼ਾਰ ਮੁਹਰਾਂ ਭੇਟ ਕਰਾਂਗਾ। ਗੁਰੂ ਕਿਰਪਾ ਨਾਲ ਜਹਾਜ਼ ਕੰਢੇ ਤੇ ਆ ਗਿਆ। ਉਹ ਭੇਟ ਲੈ ਕੇ ਆਇਆ ਤਾਂ ਦੇਖਿਆ ਇਥੇ 22 ਗੁਰੂ ਬਣੀ ਬੈਠੇ ਹਨ। ਉਸਨੇ ਪਰਖ ਕਰਨ ਲਈ ਹਰ ਗੁਰੂ ਨੂੰ ਦੋ ਦੋ ਮੋਹਰਾਂ ਦੇ ਕੇ ਮੱਥਾ ਟੇਕਿਆ। ਉਹਨਾਂ ਨੇ ਆਸ਼ੀਰਵਾਦ ਦਿਤੀ ਤੇ ਭੇਟ ਪ੍ਰਵਾਨ ਕਰ ਲਈ। ਜਦੋਂ ਗੁਰੂ ਤੇਗ ਬਹਾਦਰ ਦੇ ਡੇਰੇ ਗਿਆ ਤਾਂ ਦੋ ਮੁਹਰਾਂ ਮੱਥਾ ਟੇਕਿਆ। ਸਤਿਗੁਰੂ ਨੇ ਆਖਿਆ ਭਾਈ ਮੱਖਣ ਸ਼ਾਹ ਬਾਕੀ ਮੁਹਰਾਂ ਕਿਉਂ ਰਖ ਲਈਆਂ। ਉਸ ਨੇ ਹਜ਼ਾਰ ਮੁਹਰਾਂ ਮੱਥਾ ਟੇਕਿਆ ਤੇ ਕੋਠੇ ਉਪਰ ਚੜ੍ਹ ਕੇ ਰੌਲਾ ਪਾ ਦਿਤਾ, ਗੁਰੂ ਲਾਧੋ ਰੇ'। ਇਹ ਗੱਲ ਸੁਣ ਕੇ ਸਾਰੇ ਸਿੱਖ ਸਤਿਗੁਰੂ ਤੇਗ ਬਹਾਦਰ ਦੀ ਸ਼ਰਨ ਵਿਚ ਆ ਗਏ।

**ਅੰਮ੍ਰਿਤਸਰ ਜਾਣਾ ਤੇ ਸਿੱਖੀ ਦਾ ਪ੍ਰਚਾਰ :-** ਗੁਰੂ ਤੇਗ ਬਹਾਦਰ ਜੀ ਕੁਝ ਸਮੇਂ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਨੂੰ ਆਏ ਤਾਂ ਮਸੰਦਾਂ ਨੇ ਉਨ੍ਹਾਂ ਨੂੰ ਅੰਦਰ ਦਾਖਲ ਨਾ ਹੋਣ ਦਿਤਾ। ਕਿਵਾੜ ਬੰਦ ਕਰ ਲਏ ਤਾਂ ਸਤਿਗੁਰੂ ਅਕਾਲ ਤਖਤ ਦੇ ਨੇੜੇ ਕੁਝ ਚਿਰ ਬੈਠੇ, ਉਥੇ ਅੱਜ ਕਲ ਥੜਾ ਸਾਹਿਬ ਗੁਰਦੁਆਰਾ ਸਥਿਤ ਹੈ। ਇਥੋਂ ਆਪ ਕੂਚ ਕਰਕੇ ਵੱਲਾ ਪਿੰਡ ਚਲੇ ਗਏ ਜਿਸ ਵਿੱਚ ਪਿੰਡ ਦੀਆਂ ਮਾਈਆਂ ਬੀਬੀਆਂ ਨੇ ਲੰਗਰ ਦਾ ਸੁਚੱਜਾ ਪ੍ਰਬੰਧ ਕੀਤਾ। ਉਨ੍ਹਾਂ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਸਤਿਗੁਰੂ ਨੇ ਬਚਨ ਕੀਤਾ," ਮਾਈਆਂ ਰੱਬ ਰਜਾਈਆਂ" ਇਥੋਂ ਆਪ ਗੁਰਮਤਿ ਦਾ ਪ੍ਰਚਾਰ ਕਰਦੇ ਗੋਇੰਦਵਾਲ, ਤਰਨ ਤਾਰਨ, ਖੇਮਕਰਨ, ਖਡੂਰ ਸਾਹਿਬ ਆਦਿ ਸਥਾਨਾਂ ਉੱਪਰ ਗਏ। ਫਿਰ ਮਾਲਵੇ ਵਲ ਚਲੇ ਗਏ ਤੇ ਤਲਵੰਡੀ ਸਾਬੋ ਤੋਂ ਹੁੰਦਿਆਂ ਰਾਹ ਵਿਚ ਕਈ ਸਥਾਨਾਂ ਉੱਪਰ ਰੁਕ ਕੇ ਗੁਰੂ ਸੰਦੇਸ਼ ਦਿਤੇ ਅਤੇ ਅਖੀਰ ਕੀਰਤਪੁਰ ਸਾਹਿਬ ਪਹੁੰਚੇ।

**ਨਗਰ ਚੱਕ ਨਾਨਕੀ ਵਸਾਉਣਾ:-** ਬਿਲਾਸਪੁਰ ਦੇ ਰਾਜੇ ਦੀਪ ਚੰਦ ਦੀ ਕ੍ਰਿਆ ਦੀ ਰਸਮ ਤੇ ਬਿਲਾਸਪੁਰ ਪਹੁੰਚੇ ਤੇ ਤਿੰਨ ਦਿਨ ਠਹਿਰੇ। ਆਪ ਨੇ ਦੁਲੀ ਚੰਦ ਤੋਂ ਕੀਰਤਪੁਰ ਦੇ ਨੇੜੇ ਪਿੰਡ ਵਸਾਉਣ ਲਈ 200 ਰੁਪਏ ਦੇ ਕੇ ਮਾਖੋਵਾਲ ਦਾ ਸਥਾਨ ਖਰੀਦ ਲਿਆ ਜਿਥੇ ਆਪਨੇ 19 ਜੂਨ 1695 ਨੂੰ ਨਗਰ ਚੱਕ ਨਾਨਕੀ ਦਾ ਨੀਂਹ ਪੱਥਰ ਰਖਿਆ ਤੇ ਬਾਅਦ ਵਿਚ ਇਹ ਸਥਾਨ ਆਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ।

**ਪੂਰਬ ਵਲ ਯਾਤਰਾ :-** ਪੂਰਬ ਦੇ ਸਿੱਖਾਂ ਨੇ ਆਪ ਨੂੰ ਇਲਾਕੇ ਵਿਚ ਆ ਕੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਨ ਲਈ ਬੇਨਤੀ ਕੀਤੀ ਸੋ ਸਤਿਗੁਰੂ ਨੇ ਪੂਰਬ ਦੇ ਇਲਾਕਿਆਂ ਦਾ ਦੌਰਾ ਕੀਤਾ। ਇਨ੍ਹਾਂ ਦਿਨਾਂ ਵਿਚ ਔਰੰਗਜ਼ੇਬ ਹਿੰਦੂਆਂ ਦੇ ਮੰਦਰ ਢਾਹ ਰਿਹਾ ਸੀ। ਉਸ ਨੇ ਸਖਤ ਕਨੂੰਨ ਬਣਾ ਕੇ ਹਿੰਦੂਆਂ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ ਸੀ। ਮੰਦਰਾਂ ਦੀ ਉਸਾਰੀ ਤੇ ਰੋਕ ਲਗਾ ਦਿਤੀ ਸੀ। ਹਿੰਦੂਆਂ ਉੱਪਰ ਜਜ਼ੀਆ ਟੈਕਸ ਲਗਾ ਦਿਤਾ ਗਿਆ ਸੀ। ਬਹੁਤ ਸਾਰੇ ਹਿੰਦੂਆਂ ਨੇ ਦੁਖੀ ਹੋ ਕੇ ਇਸਲਾਮ ਧਰਮ ਧਾਰਨ ਕਰ ਲਿਆ ਸੀ।

**ਸੰਗਤਾਂ ਨੂੰ ਉਪਦੇਸ਼ :-** ਗੁਰੂ ਤੇਗ ਬਹਾਦਰ ਨੇ ਪੂਰਬਵਰਤੀ ਗੁਰੂ ਸਾਹਿਬਾਨ ਵਾਂਗ ਸਿੱਖਾਂ ਵਿਚੋਂ ਕੁਰੀਤੀਆਂ ਦੂਰ ਕਰਨ ਤੇ ਜਨਤਾ ਵਿਚ ਦਲੇਰੀ, ਹੌਂਸਲਾ ਤੇ ਧਰਮ ਪ੍ਰਤੀ ਚੇਤਨਾ ਜਾਗਰਿਤ ਕਰਨ ਲਈ ਯਾਤਰਾ ਆਰੰਭ ਕੀਤੀ। ਉਨ੍ਹਾਂ ਨੇ ਸੱਭ ਨੂੰ ਉਪਦੇਸ਼ ਦਿੱਤਾ "ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ" ਤੇ ਆਪਣੇ ਇਨਕਲਾਬੀ ਵਿਚਾਰਾਂ ਨਾਲ ਲੋਕ ਮਨਾਂ ਵਿੱਚੋਂ ਵਹਿਮ ਭਰਮ, ਪਾਖੰਡ,



Downloaded from https:// www.studiestoday.com

Downloaded from https:// www.studiestoday.com

ਦਿਖਾਵਾ ਆਦਿ ਖ਼ਤਮ ਕਰਨ ਦਾ ਯਤਨ ਕੀਤਾ। ਉਨ੍ਹਾਂ ਨੇ ਸਿਹਤਮੰਦ ਸਮਾਜ ਦੀ ਸਿਰਜਣਾ ਦਾ ਉਪਰਾਲਾ ਕੀਤਾ। ਉਹ ਜਿਥੇ ਕਿਤੇ ਪ੍ਰਚਾਰ ਕਰਨ ਲਈ ਪਹੁੰਚੇ ਉਥੇ ਉਹਨਾਂ ਨੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰਖਕੇ ਨਹਿਰਾਂ, ਖੂਹ, ਧਰਮਸ਼ਾਲਾਵਾਂ ਆਦਿ ਦਾ ਨਿਰਮਾਣ ਵੀ ਕਰਵਾਇਆ। ਕਿਸਾਨਾਂ ਦੀ ਮਦਦ ਲਈ ਖੂਹ ਲਗਵਾਏ ਤਾਂ ਕਿ ਉਹ ਬੰਜਰ ਜ਼ਮੀਨ ਨੂੰ ਆਬਾਦ ਕਰ ਸਕਣ।

**ਸਿੱਖੀ ਪ੍ਰਚਾਰ ਲਈ ਯਾਤਰਾਵਾਂ:-** ਗੁਰੂ ਸਾਹਿਬ ਆਨੰਦਪੁਰ ਤੋਂ ਯਾਤਰਾ ਕਰਦਿਆਂ ਰੋਪੜ, ਬਨੂੜ, ਰਾਜਪੁਰਾ ਤੋਂ ਹੁੰਦਿਆਂ ਸੈਫਾਬਾਦ, ਬਹਾਦਰਗੜ੍ਹ, ਪਟਿਆਲਾ ਵਿਖੇ ਪੁੱਜੇ ਜਿਥੇ ਕੁਝ ਦਿਨ ਆਪਣੇ ਸ਼ਰਧਾਲੂ ਜਾਗੀਰਦਾਰ ਸੈਫ਼ਖਾਨ ਪਾਸ ਰੁਕੇ। ਫਿਰ ਆਪ ਧਮਤਾਨ(ਹਰਿਆਣਾ) ਵਿਚ ਗਏ ਜਿਥੇ ਹਜ਼ਾਰਾਂ ਸ਼ਰਧਾਲੂ ਉਨ੍ਹਾਂ ਦੇ ਦਰਸ਼ਨ ਕਰਨ ਲਈ ਆਏ। ਫਿਰ ਗੁਰੂ ਜੀ ਦਿੱਲੀ ਤੋਂ ਹੁੰਦੇ ਹੋਏ ਮਥੁਰਾ ਤੇ ਆਗਰੇ ਪਹੁੰਚੇ। ਆਗਰੇ ਤੋਂ ਆਪ ਕਾਨਪੁਰ ਤੇ ਫਤਿਹਪੁਰ ਹੁੰਦੇ ਹੋਏ 1666 ਈ: ਵਿਚ ਪ੍ਰਯਾਗ ਪਹੁੰਚੇ। ਫਿਰ ਆਪ ਬਨਾਰਸ ਗਏ। ਇੱਥੇ ਸ਼ਰਧਾਲੂਆਂ ਨੂੰ ਉਪਦੇਸ਼ ਦੇਣ ਮਗਰੋਂ ਆਪ ਬੋਧੀ ਧਾਮ ਦੇ ਦਰਸ਼ਨ ਕਰਨ ਲਈ ਗਯਾ ਵਿਖੇ ਗਏ। ਫਿਰ ਗੁਰੂ ਸਿਖਾਂ ਨੂੰ ਉਪਦੇਸ਼ ਦਿੰਦੇ ਹੋਏ ਪਟਨਾ ਸਾਹਿਬ ਪਹੁੰਚੇ ਤੇ ਤਿੰਨ ਮਹੀਨੇ ਇਥੇ ਟਿਕੇ। ਇਥੇ ਸਾਧ ਸੰਗਤ ਦਰਸ਼ਨ ਕਰਨ ਆਉਂਦੀ ਰਹੀ। ਆਪ ਪਾਸ ਢਾਕੇ ਦੇ ਮੁਖੀ ਸਿੱਖ ਆਏ ਤੇ ਉਨ੍ਹਾਂ ਨੇ ਢਾਕੇ ਦਰਸ਼ਨ ਦੇਣ ਲਈ ਬੇਨਤੀ ਕੀਤੀ ਤਾਂ ਸਤਿਗੁਰੂ ਆਪਣੇ ਪਰਿਵਾਰ ਨੂੰ ਪਟਨਾ ਸਾਹਿਬ ਵਿਖੇ ਛੱਡ ਕੇ ਢਾਕੇ ਚਲੇ ਗਏ। ਢਾਕਾ ਸਿੱਖਾਂ ਦਾ ਵੱਡਾ ਕੇਂਦਰ ਸੀ ਜਿਥੇ ਆਪ ਨੇ ਸਿੱਖੀ ਦਾ ਪ੍ਰਚਾਰ ਕੀਤਾ। ਇਥੇ ਆਪ ਜੀ ਨੂੰ ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ ਜੀ) ਦੇ ਜਨਮ ਦੀ ਖ਼ਬਰ ਮਿਲੀ। ਆਪ ਢਾਕੇ ਵਿਚ ਲਗਭਗ ਇਕ ਸਾਲ ਰਹੇ।

**ਅਸਾਮ ਵੱਲ ਚਾਲੇ :-** ਢਾਕੇ ਤੋਂ ਆਪ ਚਲੇ ਤੇ ਰਾਜਾ ਰਾਮ ਸਿੰਘ ਨਾਲ ਅਸਾਮ ਵਲ ਚਲ ਪਏ ਜਿਥੇ ਰਾਮ ਸਿੰਘ ਨੂੰ ਇੱਕ ਕਬੀਲੇ ਦੀ ਬਗਾਵਤ ਨੂੰ ਦਬਾਉਣ ਲਈ ਭੇਜਿਆ ਗਿਆ ਸੀ। ਸਤਿਗੁਰੂ ਨੇ ਇਸ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਆਪ ਬ੍ਰਹਮਪੁੱਤਰ ਦਰਿਆ ਨੂੰ ਪਾਰ ਕਰਕੇ ਧੂਬਰੀ ਗਏ। ਗੁਰੂ ਸਾਹਿਬ ਨੇ ਮੁਗਲ ਫੌਜਾਂ ਤੇ ਬਾਗੀਆਂ ਵੀ ਸੁਲਾਹ ਸਫਾਈ ਕਰਵਾ ਦਿਤੀ ਜਿਸ ਕਾਰਨ ਖੂਨ ਖਰਾਬਾ ਨਹੀਂ ਹੋਇਆ।

**ਔਰੰਗਜ਼ੇਬ ਬਾਰੇ ਪਤਾ ਲਗਣਾ:-** ਗੁਰੂ ਸਾਹਿਬ ਨੂੰ ਖ਼ਬਰਾਂ ਮਿਲ ਰਹੀਆਂ ਸਨ ਕਿ ਔਰੰਗਜ਼ੇਬ ਗੈਰ ਮੁਸਲਮਾਨਾਂ ਤੇ ਜਬਰ ਜ਼ੁਲਮ ਕਰਕੇ ਉਨ੍ਹਾਂ ਨੂੰ ਇਸਲਾਮ ਵਿਚ ਆਉਣ ਲਈ ਮਜਬੂਰ ਕਰ ਰਿਹਾ ਹੈ ਤੇ ਮੰਦਰ ਆਦਿ ਢਾਹ ਕੇ ਉਨ੍ਹਾਂ ਥਾਵਾਂ ਤੇ ਮਸੀਤਾਂ ਬਣਵਾ ਰਿਹਾ ਹੈ। ਗੁਰੂ ਜੀ ਅਸਾਮ ਤੋਂ ਸਿਧੇ ਪੰਜਾਬ ਵਲ ਚਲ ਪਏ ਤੇ ਰੋਹਤਕ, ਕੁਰੂਕਸ਼ੇਤਰ, ਪਹੋਵਾ, ਲਖਨੌਰ ਆਦਿ ਤੋਂ ਹੁੰਦੇ ਹੋਏ, ਆਨੰਦਪੁਰ ਸਾਹਿਬ ਵਿਖੇ ਆ ਗਏ।

**ਸ਼ਹੀਦੀ ਦੇ ਕਾਰਨ:-** ਗੁਰੂ ਤੇਗ ਬਹਾਦਰ ਪਾਸ ਹਿੰਦੂ ਬ੍ਰਾਹਮਣਾਂ ਨੇ ਆਪਣੇ ਧਰਮ ਦੇ ਬਚਾਓ ਲਈ ਅਰਦਾਸ ਕੀਤੀ ਤਾਂ ਸਤਿਗੁਰੂ ਨੇ ਤਿਲਕ ਜਨੇਊ ਦੀ ਰਖਿਆ ਲਈ ਸੀਸ ਵਾਰਨ ਦਾ ਫੈਸਲਾ ਕਰ ਲਿਆ। ਵਿਦਵਾਨਾਂ ਨੇ ਇਸ ਤੋਂ ਇਲਾਵਾ ਗੁਰੂ ਜੀ ਦੀ ਸ਼ਹੀਦੀ ਦੇ ਕਈ ਕਾਰਨ ਮੰਨੇ ਹਨ, ਜਿਵੇਂ ਔਰੰਗਜ਼ੇਬ ਦੀ ਕੱਟੜਤਾ ਕਾਰਨ ਉਹ ਸ਼ਹੀਦ ਕੀਤੇ ਗਏ ਕਿਉਂਕਿ ਉਹ ਸੁੰਨੀ ਮੁਸਲਮਾਨ ਸੀ ਤੇ ਗੈਰ ਮੁਸਲਮਾਨਾਂ ਦਾ ਕੱਟੜ ਵੈਰੀ ਸੀ। ਗੁਰੂ ਜੀ ਨੇ ਗੁਰਿਆਈ ਮਿਲਦਿਆਂ ਧਰਮ ਪ੍ਰਚਾਰ ਲਈ ਦੇਸ਼ ਵਿੱਚ ਦੌਰੇ ਆਰੰਭ ਕਰ ਦਿੱਤੇ ਜਿਸ ਕਾਰਨ ਹਜ਼ਾਰਾਂ ਸ਼ਰਧਾਲੂ ਉਨ੍ਹਾਂ ਦੀ ਸ਼ਰਣ ਵਿਚ ਆ ਗਏ। ਮੁਗਲ ਸਰਕਾਰ ਦੇ ਜਸੂਸਾਂ ਨੇ ਬਾਦਸ਼ਾਹ ਨੂੰ ਭਵਿੱਖ ਵਿੱਚ ਮੁਗਲਾਂ ਵਿਰੁਧ ਹੋਣ ਵਾਲੇ ਖਤਰੇ ਬਾਰੇ ਵਧਾ ਚੜ੍ਹਾ ਕੇ ਦਸਿਆ ਤੇ ਉਸ ਨੂੰ ਕਾਰਵਾਈ ਕਰਨ ਲਈ ਉਕਸਾਇਆ।

**ਸ਼ਹਾਦਤ :-** ਗੁਰੂ ਤੇਗ ਬਹਾਦਰ ਜੀ ਨੇ 8 ਜੁਲਾਈ 1675 ਨੂੰ ਗੁਰਗੱਦੀ ਬਾਲ ਗੁਰੂ ਗੋਬਿੰਦ ਰਾਏ ਨੂੰ ਸੌਂਪ ਦਿਤੀ ਤੇ ਦਿੱਲੀ ਚਲੇ ਗਏ ਜਿਥੇ ਉਨ੍ਹਾਂ ਨੂੰ ਕੈਦ ਕਰ ਲਿਆ ਗਿਆ ਤੇ ਇਸਲਾਮ ਧਾਰਨ ਲਈ ਅਕਹਿ ਤੇ ਅਸਹਿ ਤਸੀਹੇ ਦਿੱਤੇ ਗਏ। ਅਖੀਰ 11 ਨਵੰਬਰ 1675 ਨੂੰ ਆਪ ਨੂੰ ਚਾਂਦਨੀ ਚੌਕ ਵਿਖੇ ਸ਼ਹੀਦ ਕਰ ਦਿੱਤਾ ਗਿਆ।

**ਸ਼ਹਾਦਤ ਦਾ ਸਿੱਟਾ :-** ਇਸ ਸ਼ਹਾਦਤ ਦਾ ਸਿੱਟਾ ਇਹ ਹੋਇਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ 1699 ਵੈਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਿਰਜਣਾ ਕੀਤੀ ਤੇ ਇਨ੍ਹਾਂ ਨੂੰ ਤੀਸਰੇ ਪੰਥ ਦੇ ਨਾਂ ਨਾਲ ਨਵੀਂ ਕੌਮ ਵਜੋਂ ਪ੍ਰਸਤੁਤ ਕੀਤਾ। ਹੁਣ ਗੈਰ ਮੁਸਲਮਾਨ ਇਸਲਾਮ ਧਾਰਨ ਕਰਨ ਤੋਂ ਇਨਕਾਰੀ ਹੋਣ ਕਰਕੇ ਤੇ ਜਬਰ ਦਾ ਮੁਕਾਬਲਾ ਕਰਨ ਲਈ ਖੜਨ ਲਗੇ।

**ਸ਼ਖਸੀਅਤ :-** ਗੁਰੂ ਤੇਗ ਬਹਾਦਰ ਜੀ ਮਿੱਠ ਬੋਲੜੇ, ਦ੍ਰਿੜ੍ਹ ਇਰਾਦੇ ਦੇ ਸੁਆਮੀ, ਸਿੱਖਾਂ ਨੂੰ ਪਿਆਰ ਕਰਨ ਵਾਲੇ, ਧਰਮ ਦਾ ਪ੍ਰਚਾਰ ਕਰਨ ਵਾਲੇ, ਸਿੱਖ ਧਰਮ ਦੇ ਵਿਕਾਸ ਵਿਚ ਨਿੱਗਰ ਯੋਗਦਾਨ ਪਾਉਣ ਵਾਲੇ ਸ਼ਹੀਦ, ਸਮਾਜ ਸੁਧਾਰ ਦੇਸ਼ ਭਗਤ ਸਨ।

**ਗੁਰੂ ਗੋਬਿੰਦ ਸਿੰਘ (1666-1708)**

ਗੁਰੂ ਗੋਬਿੰਦ ਸਿੰਘ ਦਾ ਜਨਮ 1666 ਈ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ ਘਰ ਮਾਤਾ ਗੁਜਰੀ ਦੇ ਕੁੱਖੋਂ ਪਟਨਾ ਸਾਹਿਬ ਵਿਖੇ



Downloaded from https:// www.studiestoday.com

Downloaded from https:// www.studiestoday.com

ਹੋਇਆ। ਆਪ ਨੂੰ ਹਰ ਪ੍ਰਕਾਰ ਦੀ ਸਿੱਖਿਆ ਦਿਤੀ ਗਈ। ਆਪ ਜੀ ਨੇ ਜਿੱਥੇ, ਛੰਦ ਸ਼ਾਸਤਰ ਤੇ ਧਾਰਮਿਕ ਸਾਹਿਤ ਦਾ ਅਧਿਐਨ ਕੀਤਾ, ਉੱਥੇ ਦੂਜੇ ਪਾਸੇ ਅਸਤਰ ਸ਼ਸਤਰ ਵਰਤਣ ਦੀ ਸਿਖਿਆ ਲੈ ਕੇ ਆਪ ਨੇ ਯੁਧ ਅਭਿਆਸ ਵਲ ਵਿਸ਼ੇਸ਼ ਧਿਆਨ ਦਿਤਾ। ਇਹ ਅਭਿਆਸ ਬਾਅਦ ਵਿਚ ਉਨ੍ਹਾਂ ਦੇ ਬਹੁਤ ਕੰਮ ਆਇਆ ਜਦੋਂ ਆਪਨੇ ਮੁਗਲਾਂ ਨਾਲ ਯੁਧ ਕੀਤੇ।

**ਗੁਰੂ ਗੱਦੀ :-**ਗੁਰੂ ਤੇਗ ਬਹਾਦਰ ਜੀ ਨੂੰ ਇਹ ਨਿਸ਼ਚਾ ਹੋ ਗਿਆ ਕਿ ਮੁਗਲ ਉਨ੍ਹਾਂ ਨੂੰ ਸ਼ਹੀਦ ਕਰਨਗੇ ਤਾਂ ਉਨ੍ਹਾਂ ਨੇ ਗੁਰਗੱਦੀ ਬਾਲ ਗੋਬਿੰਦ ਰਾਏ ਨੂੰ ਸੌਂਪ ਦਿਤੀ ਤੇ ਆਪ ਦਿੱਲੀ ਨੂੰ ਚਲ ਪਏ। ਆਖਰ 11 ਨਵੰਬਰ 1675 ਈ ਨੂੰ ਸਤਿਗੁਰੂ ਨੂੰ ਸ਼ਹੀਦ ਕਰ ਦਿਤਾ ਗਿਆ। ਬਾਲ ਗੁਰੂ ਗੋਬਿੰਦ ਸਿੰਘ ਨੇ ਸਿਖ ਸੰਗਤ ਨੂੰ ਰੂਹਾਨੀ ਤੇ ਦੁਨਿਆਵੀ ਉਪਦੇਸ਼ ਦਿੰਦਿਆਂ ਧਰਮ ਦੇਸ਼ ਦੀ ਖਾਤਰ ਕੁਰਬਾਨੀ ਕਰਨ ਲਈ ਪ੍ਰੇਰਨਾ ਦੇਣੀ ਸ਼ੁਰੂ ਕਰ ਦਿਤੀ।

**ਸ਼ਸ਼ਤਰ ਤੇ ਸ਼ਾਸਤਰ ਵਿਦਿਆ ਦਾ ਕੇਂਦਰ :-** ਆਪਨੇ ਆਨੰਦਪੁਰ ਵਿਖੇ ਆਪਣੇ ਦਰਬਾਰ ਵਿਚ ਜਿਥੇ ਹਥਿਆਰਬੰਦ ਸੰਤ ਸਿਪਾਹੀਆਂ ਨੂੰ ਯੁੱਧ ਅਭਿਆਸ ਕਰਨ ਤੇ ਹਥਿਆਰ ਇਕੱਠੇ ਕਰਨ ਨੂੰ ਪਹਿਲ ਦਿਤੀ ਉਥੇ ਆਪ ਨੇ ਹਰ ਭਾਸ਼ਾ ਦੇ ਵਿਦਵਾਨਾਂ ਨੂੰ ਬੁਲਾ ਕੇ ਭਾਰਤੀ ਧਾਰਮਿਕ ਸਾਹਿਤ ਤੇ ਪੌਰਾਣਿਕ ਸਾਹਿਤ ਆਦਿ ਦਾ ਪੰਜਾਬੀ, ਮਾਤ ਭਾਸ਼ਾ ਦਾ ਬ੍ਰਜ ਭਾਸ਼ਾ ਵਿਚ ਅਨੁਵਾਦ ਕਰਨ ਲਈ ਪ੍ਰੇਰਿਆ ਅਤੇ ਬੀਰ ਰਸ ਤੇ ਰੂਹਾਨੀ ਰੰਗ ਰੂਪ ਵਾਲੀ ਕਵਿਤਾ ਲਿਖਣ ਲਈ ਪ੍ਰੇਰਨਾ ਦਿੱਤੀ।

**ਸਾਹਿਬਜ਼ਾਦੇ :-** ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜਾਦੇ- ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਫਤਹਿ ਸਿੰਘ ਤੇ ਬਾਬਾ ਜ਼ੋਰਾਵਰ ਸਿੰਘ ਪੈਦਾ ਹੋਏ।

**ਅੰਮ੍ਰਿਤ ਛਕਾਉਣਾ :-**ਗੁਰੂ ਗੋਬਿੰਦ ਸਿੰਘ ਆਪਣੇ ਸਿੱਖਾਂ ਨੂੰ ਨਿਆਰੇ ਰੂਪ ਵਿਚ ਪੇਸ਼ ਕਰਨ ਲਈ ਲੰਮੇ ਸਮੇਂ ਤੋਂ ਸੋਚ ਰਹੇ ਸਨ। ਉਨ੍ਹਾਂ 1699 ਦੀ ਵੈਸਾਖੀ ਵਾਲੇ ਦਿਨ ਸਿੱਖਾਂ ਨੂੰ ਅੰਮ੍ਰਿਤ ਛਕਾ ਦਿਤਾ ਤੇ ਸ਼ਸ਼ਤਰਧਾਰੀ ਬਣਾ ਦਿਤਾ। 1699 ਦੀ ਵੈਸਾਖੀ ਨੂੰ ਲਗਭਗ 80000 ਸਿੱਖ ਸ੍ਰੀ ਆਨੰਦਪੁਰ ਸਾਹਿਬ ਆਏ ਸਨ ਕਿ ਵੈਸਾਖੀ ਦਾ ਪੁਰਬ ਧੂਮਧਾਮ ਨਾਲ ਮਨਾਈਏ। ਦਰਬਾਰ ਸਜਾਇਆ ਗਿਆ ਤਾਂ ਅਚਾਨਕ ਗੁਰੂ ਗੋਬਿੰਦ ਸਿੰਘ ਨੇ ਤਲਵਾਰ ਕੱਢੀ ਅਤੇ ਗਰਜੇ, ਇਕ ਸਿਰ ਦੀ ਜ਼ਰੂਰਤ ਹੈ। ਤੁਹਾਡੇ ਵਿਚੋਂ ਕੋਈ ਅਜਿਹਾ ਸੂਰਮਾ ਹੈ ਜੋ ਧਰਮ ਦੀ ਖਾਤਰ ਸੀਸ ਦੇਵੇ। ਸਭ ਪਾਸੇ ਸੰਨਾਟਾ ਛਾ ਗਿਆ ਫਿਰ ਇਕ ਸਿੱਖ ਭਾਈ ਦਇਆ ਰਾਮ ਲਾਹੌਰ ਨਿਵਾਸੀ ਉਠਿਆ ਤੇ ਉਸ ਨੇ ਆਪਣਾ ਆਪ ਸਤਿਗੁਰੂ ਨੂੰ ਪੇਸ਼ ਕੀਤਾ। ਇੰਜ ਹੀ ਧਰਮ ਦਾਸ, ਮੁਹਕਮ ਚੰਦ, ਸਾਹਿਬ ਚੰਦ ਤੇ ਹਿੰਮਤ ਰਾਏ ਨਿੱਤਰੇ। ਬਾਅਦ ਵਿਚ ਉਨ੍ਹਾਂ ਨੂੰ ਸਿੱਖੀ ਬਾਣੇ ਵਿੱਚ ਸਜਾ ਕੇ ਦੀਵਾਨ ਵਿਚ ਲੈ ਆਏ ਤੇ ਉਨ੍ਹਾ ਨੂੰ ਪੰਜ ਪਿਆਰੇ ਆਖਿਆ।

**ਪੰਜ ਪਿਆਰਿਆਂ ਅਤੇ ਹੋਰਨਾਂ ਨੂੰ ਅੰਮ੍ਰਿਤ :-** ਪੰਜ ਪਿਆਰਿਆਂ ਨੇ ਖੰਡੇ ਨਾਲ ਬਾਟੇ ਵਿਚ ਬਾਣੀਆਂ ਦਾ ਪਾਠ ਕਰਦਿਆਂ ਅੰਮ੍ਰਿਤ ਤਿਆਰ ਕੀਤਾ। ਇਹ ਤਿਆਰ ਕੀਤਾ ਅੰਮ੍ਰਿਤ ਪਹਿਲਾਂ ਪਿਆਰਿਆਂ ਨੂੰ ਛਕਾਇਆ ਗਿਆ ਤੇ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਨੇ ਖੁਦ ਛਕਿਆ। ਹਰ ਗੁਰ ਸਿੱਖ ਦੇ ਨਾਂ ਨਾਲ ਸਿੰਘ ਸ਼ਬਦ ਜੋੜ ਦਿੱਤਾ ਗਿਆ। ਭਵਿੱਖ ਵਿਚ ਅੰਮ੍ਰਿਤ ਛਕਾਉਣ ਦਾ ਅਧਿਕਾਰ ਪੰਜ ਪਿਆਰਿਆਂ ਨੂੰ ਸੌਂਪ ਦਿੱਤਾ ਗਿਆ। ਵੈਸਾਖੀ 1699 ਨੂੰ ਲਗਭਗ 80000 ਸਿੱਖਾਂ ਨੇ ਅੰਮ੍ਰਿਤ ਛਕਿਆ ਤੇ ਖਾਲਸਾ ਬਣ ਗਏ। ਉਨ੍ਹਾਂ ਨੂੰ ਪੰਜ ਕਕਾਰ ਰਖਣ ਲਈ ਕਿਹਾ ਤੇ ਕੁਰਹਿਤਾਂ ਤੋਂ ਬਚਣ ਲਈ ਦ੍ਰਿੜ੍ਹ ਆਚਰਨ ਵਾਲੇ ਬਣਨ ਦੀ ਪ੍ਰੇਰਨਾ ਦਿਤੀ। ਨਸ਼ਿਆਂ ਦਾ ਤਿਆਗ ਕਰਨ ਅਤੇ ਪ੍ਰਭੂ ਨੂੰ ਹਮੇਸ਼ਾ ਯਾਦ ਰੱਖਣ ਦਾ ਉਪਦੇਸ਼ ਦਿੰਦਿਆਂ ਸਤਿਗੁਰੂ ਨੇ ਦੇਸ਼ ਕੌਮ ਦੀ ਖਾਤਰ ਜਾਨ ਕੁਰਬਾਨ ਕਰਨ ਲਈ ਹਮੇਸ਼ਾ ਤੱਤਪਰ ਰਹਿਣ ਲਈ ਆਖਿਆ।

**ਨਵੀਂ ਕੌਮ ਦਾ ਨਿਰਮਾਣ :-** ਪੰਜ ਪਿਆਰਿਆਂ ਤੋਂ ਮਗਰੋਂ ਹਜ਼ਾਰਾਂ ਸਿੱਖਾਂ ਨੇ ਅੰਮ੍ਰਿਤ ਪਾਨ ਕੀਤਾ ਤੇ ਦ੍ਰਿੜ੍ਹ ਇਰਾਦੇ ਵਾਲੇ ਬੀਰ ਯੋਧੇ ਬਣ ਕੇ ਕੌਮ ਤੇ ਧਰਮ ਦੀ ਖਾਤਰ ਦੁਸ਼ਮਣਾਂ ਨਾਲ ਜੂਝ ਗਏ। ਜਾਤ ਪਾਤ ਦਾ ਵਿਤਕਰਾ ਖ਼ਤਮ ਕਰ ਦਿਤਾ ਗਿਆ। ਗੁਰੂ ਸਾਹਿਬ ਨੇ ਜਾਤ ਪਾਤ ਰਹਿਤ ਸਮਾਜ ਸਿਰਜਣ ਦਾ ਯਤਨ ਕੀਤਾ। ਸਾਰੇ ਸਿੱਖ ਇਕੋ ਝੰਡੇ ਹੇਠ ਆ ਗਏ ਜਿਨ੍ਹਾਂ ਨੇ ਮੁਗਲਾਂ ਨਾਲ ਲੋਹਾ ਲੈ ਕੇ ਆਪਣੀ ਹੋਂਦ ਦਾ ਅਹਿਸਾਸ ਉਨ੍ਹਾਂ ਨੂੰ ਕਰਵਾਇਆ। ਨੀਵੀਆਂ ਕਹੀਆਂ ਜਾਣ ਵਾਲੀਆਂ ਜਾਤਾਂ ਦੇ ਮੈਂਬਰਾਂ ਨੂੰ ਉੱਚ ਜਾਤ ਦੇ ਲੋਕਾਂ ਦੇ ਬਰਾਬਰ ਖੜ੍ਹਾ ਕਰ ਵਿਖਾਇਆ। ਇਸ ਕਰਮ ਨਾਲ ਆਮ ਲੋਕਾਂ ਵਿਚ ਉਤਸ਼ਾਹ, ਦਲੇਰੀ ਤੇ ਕੁਝ ਕਰ ਸਕਣ ਦੀ ਸਮਰਥਾ ਆ ਗਈ। ਨੀਵੀਆਂ ਕਹੀਆਂ ਜਾਣ ਵਾਲੀਆਂ ਜਾਤਾਂ ਦੇ ਲੋਕਾਂ ਨੇ ਅਜਿਹਾ ਖੰਡਾ ਖੜਕਾਇਆ ਕਿ ਮੁਗਲਾਂ ਦੇ ਦੰਦ ਖੱਟੇ ਕਰ ਦਿੱਤੇ।

**ਖਾਲਸੇ ਦਾ ਅਡਰਾ ਸਰੂਪ :-**ਖਾਲਸੇ ਦੀ ਸਿਰਜਣਾ ਨਾਲ ਸਿਖ ਧਰਮ ਹਿੰਦੂ ਧਰਮ ਨਾਲੋਂ ਵੱਖਰਾ ਹੋ ਗਿਆ। ਕਿਉਂਕਿ ਉਸ ਨੇ ਅੰਮ੍ਰਿਤਧਾਰੀ ਹੋ ਕੇ ਮੂਰਤੀ ਪੂਜਾ, ਤੰਬਾਕੂ, ਤੇ ਹੋਰ ਕਰਮ ਛੱਡ ਦਿਤੇ। ਸਿੱਖ ਸੰਤ ਸਿਪਾਹੀ ਬਣ ਗਏ ਜਿਨ੍ਹਾਂ ਨੇ ਸਾਰੇ ਜ਼ੁਲਮ ਜਬਰ ਤੇ ਅਤਿਆਚਾਰ ਵਿਰੁੱਧ ਸੰਘਰਸ਼ ਕੀਤਾ।



Downloaded from https:// www.studiestoday.com

Downloaded from https:// www.studiestoday.com

**ਪਹਾੜੀ ਰਾਜਿਆਂ ਨੂੰ ਡਰ :-** ਖ਼ਾਲਸਾ ਪੰਥ ਸਾਜਣ ਮਗਰੋਂ ਪਹਾੜੀ ਰਾਜਿਆਂ ਨੂੰ ਖਾਲਸੇ ਦਾ ਡਰ ਸਤਾਉਣ ਲਗਾ ਤਾਂ ਉਨ੍ਹਾਂ ਨੇ ਸਤਿਗੁਰੂ ਨੂੰ ਆਪਣੇ ਪਹਾੜੀ ਖੇਤਰ ਵਿਚੋਂ ਕੱਢਣ ਦੀ ਸੋਚੀ, ਦੂਜਾ ਗੁਰੂ ਜੀ ਦੇ ਇਨਕਲਾਬੀ ਸਿਧਾਂਤ ਉਨ੍ਹਾਂ ਨੂੰ ਸਤਾ ਰਹੇ ਸਨ ਕਿ ਜਾਤ ਪਾਤ ਦਾ ਖ਼ਾਤਮਾ, ਮੂਰਤੀ ਪੂਜਾ ਦਾ ਨਿਸ਼ੇਧ ਆਦਿ ਪਰੰਪਰਾਵਾਂ ਵੀ ਉਹਨਾਂ ਨੂੰ ਚੰਗੀਆਂ ਨਹੀ ਸੀ ਲਗ ਰਹੀਆਂ। ਖ਼ਾਲਸਾ ਸਿਰਜਣਾ ਮਗਰੋਂ ਬੇਅੰਤ ਸਿੱਖ ਗੁਰੂ ਦੇ ਦਰਸ਼ਨ ਤੇ ਅੰਮ੍ਰਿਤ ਛਕਣ ਲਈ ਸ੍ਰੀ ਆਨੰਦਪੁਰ ਸਾਹਿਬ ਵਲ ਵਹੀਰਾਂ ਘੱਤ ਕੇ ਆ ਰਹੇ ਸਨ ਜੋ ਰਾਜਿਆਂ ਨੂੰ ਆਪਣੇ ਲਈ ਵੀ ਭਵਿੱਖ ਦਾ ਖ਼ਤਰਾ ਦਿਸ ਰਹੇ ਸਨ।

**ਭੀਮਚੰਦ ਵਲੋਂ ਹਮਲਾ :-** 1701 ਈ ਵਿਚ ਭੀਮਚੰਦ ਨੇ ਗੁਰੂ ਜੀ ਨੂੰ ਰਿਆਸਤ ਵਿਚ ਕੱਢਣ ਲਈ ਬਹਾਨੇ ਬਣਾ ਕੇ ਉਨ੍ਹਾਂ ਨਾਲ ਲੜਾਈ ਕਰਨ ਲਈ ਆ ਧਮਕਿਆ। ਉਸ ਨਾਲ ਹੋਰ ਪਹਾੜੀ ਰਾਜੇ ਵੀ ਸਨ ਤਾਂ ਸਿੱਖਾਂ ਨੇ ਉਨ੍ਹਾਂ ਨੂੰ ਮਾਰ ਮਾਰ ਭਜਾ ਦਿੱਤਾ। ਫਿਰ ਉਸ ਨੇ ਮੁਗਲ ਸੈਨਾ ਦੀ ਮਦਦ ਵੀ ਲਈ, ਪਰ ਸਫਲਤਾ ਨਾ ਮਿਲਣ ਤੇ ਸਤਿਗੁਰੂ ਨਾਲ 1702 ਈ ਵਿਚ ਸੁਲਾਹ ਕਰ ਲਈ।

**ਗੁਰੂ ਜੀ ਵਿਰੁੱਧ ਇਕ ਸਾਂਝਾ ਮੋਰਚਾ :-** ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਨਾਲ ਯੁੱਧ ਕਰਨ ਲਈ ਇਕ ਸਾਂਝਾ ਮੋਰਚਾ ਬਣਾਇਆ ਅਤੇ ਔਰੰਗਜ਼ੇਬ ਪਾਸ ਸਹਾਇਤਾ ਲਈ ਬੇਨਤੀ ਕੀਤੀ ਜੋ ਪਰਵਾਨ ਹੋ ਗਈ ਤੇ ਲਾਹੌਰ ਤੇ ਸਰਹੰਦ ਦੇ ਗਵਰਨਰਾਂ ਨੂੰ ਫੌਜੀ ਮਦਦ ਲਈ ਪਰਵਾਨੇ ਭੇਜੇ। ਮੁਗਲ ਫੌਜਾਂ ਨੇ ਆਨੰਦਪੁਰ ਨੂੰ ਘੇਰਾ ਪਾ ਲਿਆ ਤੇ ਸਾਰੇ ਰਸਤੇ ਬੰਦ ਕਰ ਦਿਤੇ। ਆਖਰ ਗੁਰੂ ਜੀ ਨਾਲ ਰਾਜਿਆਂ ਨੇ ਸਮਝੌਤਾ ਕਰ ਲਿਆ ਤੇ ਉਨ੍ਹਾਂ ਨੇ ਕਿਲ੍ਹਾ ਖਾਲੀ ਕਰ ਦਿਤਾ ਪਰ ਸ਼ਾਹੀ ਫੌਜ ਸਭ ਸਮਝੌਤੇ ਛਿੱਕੇ ਤੇ ਟੰਗ ਕੇ ਸਤਿਗੁਰੂ ਤੇ ਸਿੱਖਾਂ ਉਪਰ ਟੁੱਟ ਪਈ। ਇਕ ਘਮਸਾਨ ਯੁਧ ਹੋਇਆ। ਬਹੁਤ ਸਾਰੇ ਸਿੱਖ ਮਾਰੇ ਗਏ ਤੇ ਕਈ ਨਦੀ ਵਿਚ ਰੁੜ ਗਏ। ਪਰਿਵਾਰ ਵਿਛੜ ਗਿਆ। ਦੋ ਸਾਹਿਬਜ਼ਾਦੇ ਤੇ ਮਾਤਾ ਜੀ ਨੂੰ ਗੰਗੂ ਨੇ ਮੁਗਲਾਂ ਨੂੰ ਸੌਂਪ ਦਿੱਤਾ ਤੇ ਉਨ੍ਹਾਂ ਨੂੰ ਬੜੀ ਬੇਰਹਿਮੀ ਨਾਲ ਕੰਧਾਂ ਵਿਚ ਚਿਣਵਾ ਕੇ ਸਰਹੰਦ ਵਿਖੇ ਸ਼ਹੀਦ ਕਰ ਦਿਤਾ ਮਾਤਾ ਨੇ ਪ੍ਰਾਣ ਤਿਆਗ ਦਿੱਤੇ।

**ਚਮਕੌਰ ਦੀ ਲੜਾਈ :-** ਗੁਰੂ ਜੀ ਚਮਕੌਰ ਵਿਖੇ ਇਕ ਕੱਚੀ ਗੜ੍ਹੀ ਵਿਚ ਜਾ ਬਰਾਜੇ ਤਾਂ ਮੁਗਲ ਫੌਜ ਨੇ ਘੇਰਾ ਪਾ ਲਿਆ। ਖੂਬ ਯੁਧ ਹੋਇਆ। ਸਿੱਖ ਸ਼ਹੀਦ ਹੋ ਗਏ। ਦੋ ਸਹਿਬਜ਼ਾਦੇ ਜੰਗ ਵਿਚ ਸ਼ਹੀਦ ਹੋ ਗਏ। ਸਿੱਖਾਂ ਨੇ ਗੁਰੂ ਜੀ ਨੂੰ ਹੁਕਮ ਦੇ ਕੇ ਚਮਕੌਰ ਦੀ ਗੜੀ ਖਾਲੀ ਕਰਨ ਦਾ ਹੁਕਮ ਦਿਤਾ ਤਾਂ ਸਤਿਗੁਰੂ ਨਿਕਲ ਕੇ ਮਾਲਵੇ ਵਲ ਚਲੇ ਗਏ। ਫੌਜ ਦੇ ਸੂਹੀਏ ਮਗਰ ਲੱਗੇ ਰਹੇ। ਸਿੱਖਾਂ ਨੂੰ ਜਦੋਂ ਸਤਿਗੁਰੂ ਦੀ ਮਾਲਵੇ ਫੇਰੀ ਦਾ ਪਤਾ ਲਗਾ ਤਾਂ ਉਹ ਉਨ੍ਹਾਂ ਦੇ ਦਰਸ਼ਨਾਂ ਲਈ ਆਉਣ ਲਗੇ। ਮੁਗਲ ਫੌਜ ਨੇ ਸਤਿਗੁਰੂ ਨੂੰ ਖਿਦਰਾਣੇ ਦੀ ਢਾਬ (ਮੁਕਤਸਰ) ਵਿਖੇ ਆ ਘੇਰਿਆ। ਇੱਥੇ ਭਿਆਨਕ ਯੁੱਧ ਹੋਇਆ।

**ਦਮਦਮਾ ਸਾਹਿਬ ਵਾਲੀ ਬੀੜ ਦੀ ਤਿਆਰੀ :-** ਸਤਿਗੁਰੂ ਨੇ ਤਲਵੰਡੀ ਸਾਬੋ ਵਿਖੇ ਆ ਵਿਸ਼ਰਾਮ ਕੀਤਾ। ਇੱਥੇ ਆਪ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ ਜਿਸ ਨੂੰ ਦਮਦਮੇ ਵਾਲੀ ਬੀੜ ਆਖਿਆ ਜਾਂਦਾ ਹੈ ਤੇ ਅਜ ਕਲ੍ਹ ਇਹੀ ਬੀੜ ਸਭ ਗੁਰਦਵਾਰਿਆਂ ਵਿਚ ਪ੍ਰਕਾਸ਼ ਹੋ ਰਹੀ ਹੈ। ਆਪਨੇ ਹੀ ਜ਼ਫਰਨਾਮਾ ਲਿਖ ਕੇ ਔਰੰਗਜ਼ੇਬ ਨੂੰ ਭੇਜਿਆ। ਔਰੰਗਜ਼ੇਬ 24 ਫਰਵਰੀ 1707 ਨੂੰ ਮਰ ਗਿਆ।

**ਗੁਰੂ ਜੀ ਨੰਦੇੜ ਵਿਖੇ :-** ਗੁਰੂ ਸਾਹਿਬ ਇਥੋਂ ਨਾਂਦੇੜ ਚਲੇ ਗਏ ਜਿੱਥੇ ਉਨ੍ਹਾਂ ਦੀ ਮੁਲਾਕਾਤ ਮਾਧੋ ਰਾਮ ਬੈਰਾਗੀ ਨਾਲ ਹੋਈ। ਗੁਰੂ ਜੀ ਨੇ ਉਸ ਦੀ ਕਾਇਆ ਕਲਪ ਕਰ ਦਿਤੀ। ਉਸ ਨੂੰ ਪੰਜਾਬ ਵਿਚ ਮੁਗਲਾਂ ਵਿਰੁਧ ਕਾਰਵਾਈ ਕਰਨ ਲਈ ਭੇਜਿਆ।

**ਜੋਤੀ ਜੋਤ ਸਮਾਉਣਾ:-** ਗੁਰੂ ਸਾਹਿਬ ਨਾਦੇੜ ਵਿਖੇ ਸਨ ਕਿ ਸੂਬਾ ਸਰਹੰਦ ਦੇ ਦੋ ਪਠਾਣਾਂ ਨੇ ਧੋਖੇ ਨਾਲ ਸਤਿਗੁਰੂ ਦੇ ਪੇਟ ਵਿਚ ਛੂਰਾ ਮਾਰ ਦਿਤਾ। ਜ਼ਖਮ ਨਾ ਰਾਜ਼ੀ ਹੋਣ ਕਾਰਨ ਸਤਿਗੁਰੂ 7 ਅਕਤੂਬਰ 1708 ਨੂੰ ਜੋਤੀ ਜੋਤ ਸਮਾ ਗਏ।

**ਸ਼ਖਸੀਅਤ:-** ਗੁਰੂ ਸਾਹਿਬ ਸੁੰਦਰ ਸਰੂਪ ਵਾਲੇ ਯੋਧੇ, ਬੀਰ ਕਵੀ, ਨੀਤੀਵਾਨ, ਸੰਗਠਨ ਮਾਹਿਰ, ਅੰਮ੍ਰਿਤ ਦਾਤੇ ਤੇ ਸਰਬੰਸ ਦਾਨੀ ਸਨ। ਆਪ ਧਾਰਮਿਕ ਆਗੂ ਵੀ ਸਨ ਤੇ ਸਿਆਸਤਦਾਨ ਵੀ। ਉਨ੍ਹਾਂ ਨੇ ਕੌਮ ਵਿਚ ਨਵੀਂ ਰੂਹ ਫੂਕ ਦਿਤੀ। ਉਹ ਜਿਨ੍ਹਾਂ ਨੇ ਕਦੇ ਕਰਦ ਨੂੰ ਵੀ ਹੱਥ ਨਹੀਂ ਸੀ ਲਗਾਇਆ ਉਨ੍ਹਾਂ ਨੂੰ ਤਲਵਾਰ ਪਕੜ ਕੇ ਯੁਧ ਕਰਨ ਦੇ ਯੋਗ ਬਣਾ ਦਿਤਾ। ਆਪਨੇ ਪੰਚ ਪ੍ਰਧਾਨੀ ਸਿਧਾਂਤ ਪ੍ਰਸਤੁਤ ਕਰਕੇ ਸਿੱਖ ਧਰਮ ਵਿਚ ਲੋਕਤੰਤਰੀ ਰੁਚੀ ਪੈਦਾ ਕੀਤੀ। ਆਪਨੇ ਸ਼ਖਸੀ ਗੁਰੂ ਪਰੰਪਰਾ ਖ਼ਤਮ ਕਰਕੇ ਖ਼ਾਲਸੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਗਾ ਦਿਤਾ।

ਗੁਰੂ ਗੋਬਿੰਦ ਸਿੰਘ ਦੀ ਸਿਆਸਤਦਾਨ ਵਾਲੀ ਸੂਝ ਤੇ ਗੁਰਸਿੱਖਾਂ ਨੂੰ ਰੂਹਾਨੀ ਬੁਲੰਦੀ ਤੇ ਪਹੁੰਚਾਣ ਕਾਰਨ ਹੀ ਸਿੱਖਾਂ ਨੂੰ ਦੇਸ਼ ਆਜ਼ਾਦ ਕਰਵਾਉਣ ਦੀ ਸਿੱਖਿਆ ਬਖਸ਼ੀ। ਜ਼ੁਲਮ ਜਬਰ ਦਾ ਰਾਜ ਖ਼ਤਮ ਹੋ ਗਿਆ।



Downloaded from https:// www.studiestoday.com

Downloaded from https:// www.studiestoday.com

### ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

1. ਖਾਲਸੇ ਦਾ ਬਾਹਰਲਾ ਸਰੂਪ ਕੀ ਸੀ?
2. ਖਾਲਸਾ ਪੰਥ ਦੀ ਪਾਲਨਾ ਤੋਂ ਪਹਾੜੀ ਰਾਜਿਆਂ ਨੂੰ ਕੀ ਡਰ ਪੈ ਗਿਆ?
3. ਭੀਮ ਚੰਦ ਨੇ ਸਿੱਖ ਫੌਜਾਂ ਤੇ ਹਮਲਾ ਕਦੋਂ ਕੀਤਾ?
4. ਗੁਰੂ ਗੋਬਿੰਦ ਸਿੰਘ ਜੀ ਦੇ ਵਿਰੁਧ ਕਿਨ੍ਹਾਂ ਕਿਨ੍ਹਾਂ ਨੇ ਸਾਂਝਾ ਮੋਰਚਾ ਲਗਾਇਆ?

## ਦੁਹਰਾਈ ਲਈ

### ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਮੀਰੀ ਪੀਰੀ ਦਾ ਸਿਧਾਂਤ ਕੀ ਸੀ?
2. ਸਿੱਖ ਧਰਮ ਦੇ ਵਿਕਾਸ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹੜੀਆਂ ਕਿਹੜੀਆਂ ਨਵੀਆਂ ਜਥੇਬੰਦਕ ਤਬਦੀਲੀਆਂ ਕੀਤੀਆਂ।
3. ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹੜੀਆਂ ਕਿਹੜੀਆਂ ਸੰਗਤਾਂ ਕਾਇਮ ਕੀਤੀਆਂ?
4. ਗੁਰੂ ਹਰਿ ਰਾਇ ਸਾਹਿਬ ਦੇ ਮੁਗਲਾਂ ਨਾਲ ਕਿਹੋ ਜਿਹੇ ਸੰਬੰਧ ਸਨ?
5. ਸਿੱਖੀ ਦੇ ਵਿਕਾਸ ਲਈ ਗੁਰੂ ਹਰਿ ਰਾਇ ਸਾਹਿਬ ਦੁਆਰਾ ਕੀਤੇ ਦੋ ਕੰਮਾਂ ਦੀ ਜਾਣਕਾਰੀ ਦਿਓ।
6. ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾਉਣ ਵਾਲੀ ਘਟਨਾ ਦੀ ਸੰਖੇਪ ਜਾਣਕਾਰੀ ਦਿਓ।
7. ਗੁਰੂ ਤੇਗ ਬਹਾਦਰ ਜੀ ਦੀ ਪੂਰਬ ਵੱਲ ਦੀ ਯਾਤਰਾ ਬਾਰੇ ਤੁਸੀਂ ਕੀ ਜਾਣਦੇ ਹੋ?
8. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਕੀ ਕਾਰਨ ਸਨ?
9. ਗੁਰੂ ਗੋਬਿੰਦ ਸਾਹਿਬ ਜੀ ਨੇ ਨਵੀਂ ਕੌਮ ਦਾ ਨਿਰਮਾਣ ਕੀਤਾ। ਵਿਚਾਰ ਕਰੋ।
10. ਗੁਰੂ ਗੋਬਿੰਦ ਸਾਹਿਬ ਜੀ ਦੁਆਰਾ ਦਮਦਮਾ ਸਾਹਿਬ ਵਾਲੀ ਬੀੜ ਤਿਆਰ ਕਰਨ ਦੀ ਘਟਨਾ ਬਾਰੇ ਜਾਣਕਾਰੀ ਦਿਓ।
11. ਚਮਕੌਰ ਦੀ ਲੜਾਈ ਬਾਰੇ ਤੁਸੀਂ ਕੀ ਜਾਣਦੇ ਹੋ?

### ਨਿਬੰਧਾਤਮਕ ਉੱਤਰਾਂ ਵਾਲੇ ਪ੍ਰਸ਼ਨ

1. ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਅਤੇ ਸਿੱਖ ਧਰਮ ਦੇ ਵਿਕਾਸ ਵਿੱਚ ਪਾਏ ਯੋਗਦਾਨ ਬਾਰੇ ਚਰਚਾ ਕਰੋ।
2. ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਸ਼ਹੀਦੀ ਦੇ ਕਾਰਨਾਂ ਤੇ ਪ੍ਰਕਾਸ਼ ਪਾਓ।
3. ਗੁਰੂ ਗੋਬਿੰਦ ਸਾਹਿਬ ਜੀ ਦੇ ਜੀਵਨ ਅਤੇ ਸਿੱਖ ਧਰਮ ਦੇ ਵਿਕਾਸ ਵਿੱਚ ਪਾਏ ਯੋਗਦਾਨ ਤੇ ਵਿਚਾਰ ਕਰੋ।



Downloaded from https:// www.studiestoday.com

Downloaded from https:// www.studiestoday.com

## ਪਾਠ -7
## ਵੈਦਿਕ ਸਾਹਿਤ ਦੀ ਜਾਣ-ਪਛਾਣ
## (ਚਾਰੇ ਵੇਦਾਂ ਦੇ ਨਾਂ ਅਤੇ ਮੁੱਖ ਲੱਛਣ)

'ਵੇਦ' ਸੱਭ ਤੋਂ ਪੁਰਾਤਨ ਅਤੇ ਅਮੀਰ ਸਾਹਿਤ ਹੈ। ਵੇਦ ਸ਼ਬਦ ਦਾ ਅਰਥ ਹੈ ਗਿਆਨ। ਸੋ, ਵੇਦ ਇਕ ਪ੍ਰਕਾਰ ਨਾਲ ਗਿਆਨ ਦਾ ਸਾਗਰ ਹਨ।

ਚਾਰ ਵੇਦਾਂ ਦੇ ਨਾਂ ਅਤੇ ਵੇਰਵਾ ਹੇਠ ਲਿਖੇ ਅਨੁਸਾਰ ਹੈ :-

1. ਰਿਗਵੇਦ 3. ਸਾਮਵੇਦ

2. ਯਜੁਰਵੇਦ 4. ਅਥਰਵ ਵੇਦ

**ਰਿਗਵੇਦ**

ਰਿਗ ਵੇਦ ਨੂੰ ਸੰਸਾਰ ਦਾ ਸਭ ਤੋਂ ਪਹਿਲਾ ਗ੍ਰੰਥ ਸਵੀਕਾਰਿਆ ਗਿਆ ਹੈ। ਇਸ ਵੇਦ ਦੇ ਰਚਨਾ ਕਾਲ ਬਾਰੇ ਵਿਦਵਾਨਾਂ ਦੀਆਂ ਵੱਖ ਵੱਖ ਰਾਵਾਂ ਹਨ। ਪਰੰਤੂ ਵਧੇਰੇ ਵਿਦਵਾਨ ਇਸਦਾ ਰਚਨਾ ਕਾਲ 1500-1000 ਈ ਪੂ: ਨੂੰ ਮੰਨਦੇ ਹਨ।

**ਵਿਉਂਤ ਬੰਦੀ**

ਰਿਗਵੇਦ ਵਿਚ 1028 ਭਜਨ ਹਨ । ਇਹ ਭਜਨ ਅਗੋਂ 10 ਮੰਡਲਾਂ ਵਿਚ ਵੰਡੇ ਗਏ ਹਨ। ਇਨ੍ਹਾਂ ਵਿਚੋਂ ਦੂਜੇ ਤੋਂ ਸਤਵੇਂ ਮੰਡਲ ਤਕ ਦੇ ਭਜਨ ਬਾਕੀਆਂ ਨਾਲੋਂ ਪੁਰਾਣੇ ਹਨ। ਕਿਉਂਕਿ ਰਿਗਵੇਦ ਵਿਚ ਦਸ ਮੰਡਲ ਹਨ ਇਸ ਲਈ ਇਸ ਵੇਦ ਨੂੰ 'ਦਸਤਾਈ' ਨਾਂ ਵੀ ਦਿੱਤਾ ਗਿਆ ਹੈ। ਪਹਿਲਾਂ ਇਸ ਨੂੰ ਇਸੇ ਨਾਂ ਨਾਲ ਯਾਦ ਕੀਤਾ ਜਾਂਦਾ ਸੀ। ਹਰ ਮੰਡਲ ਵਿਚ ਬਹੁਤ ਸਾਰੇ ਅਨੁਵਾਕ, ਸੂਕਤ ਅਤੇ ਮੰਤਰ ਜਾਂ ਰਿਚਾਵਾਂ ਹਨ। ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਰਿਗਵੇਦ ਦੇ ਦਸ ਮੰਡਲਾਂ ਦੇ 85 ਅਨੁਵਾਕ ਅਤੇ 1016 ਸੂਕਤ ਹਨ। ਅੱਗੋਂ ਹਰ ਸੂਕਤ ਵਿਚ 10 ਮੰਤਰ ਹਨ। ਰਿਗਵੇਦ ਦੀਆਂ ਰਿਚਾਵਾਂ ਦੇ ਸ਼ਬਦਾਂ ਦੀ ਸੰਖਿਆ 1,53,824 ਹੈ ਅਤੇ ਅੱਖਰ 4 ਲੱਖ 32 ਹਜ਼ਾਰ ਹਨ। ਕੁਝ ਵਿਦਵਾਨਾਂ ਨੇ ਰਿਗਵੇਦ ਦੀਆਂ ਰਿਚਾਵਾਂ ਦੀ ਗਿਣਤੀ 10552 ਦੱਸੀ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਚਾਰ ਵੇਦਾਂ ਦੇ ਨਾਂ ਲਿਖੋ।
2. ਵੇਦ ਕਾ ਕੀ ਅਰਥ ਹੈ?
3. 'ਰਿਗਵੇਦ' ਦਾ ਰਚਨਾ ਕਾਲ ਕੀ ਹੈ?
4. 'ਰਿਗਵੇਦ' ਵਿਚ ਕਿੰਨੇ ਭਜਨ ਹਨ?
5. 'ਰਿਗਵੇਦ' ਨੂੰ ਕਿੰਨੇ ਮੰਡਲਾਂ ਵਿਚ ਵੰਡਿਆ ਗਿਆ ਹੈ?
6. ਰਿਗਵਦ ਦੇ ਅਨੁਵਾਕਾਂ ਦੀ ਗਿਣਤੀ ਦਸੋ।
7. ਰਿਗਵੇਦ ਵਿਚ ਕਿੰਨੇ ਸ਼ਬਦ ਸ਼ਾਮਿਲ ਹਨ?

**ਰਿਗਵੇਦ ਦੀਆਂ ਸ਼ਾਖਾਵਾਂ**

ਮਹਾਂ ਭਾਸ਼ਕਾਰ ਪਤੰਜਲੀ ਨੇ ਰਿਗਵੇਦ ਦੀਆਂ 21 ਸ਼ਾਖਾਵਾਂ ਦਾ ਉਲੇਖ ਕੀਤਾ ਹੈ। ਸਿਧਾਂਤਕ ਤੌਰ ਉਤੇ ਵੇਦ ਦੀਆਂ ਸ਼ਾਖਾਵਾਂ ਜਿੰਨੀਆਂ ਹੀ ਸੰਹਿਤਾਵਾ, ਬ੍ਰਾਹਮਣ, ਆਰਣਯਕ ਅਤੇ ਉਪਨਿਸ਼ਦ ਹੁੰਦੇ ਹਨ। ਪਰੰਤੂ ਵਰਤਮਾਨ ਸਮੇਂ ਵਿਚ ਵੇਦਾਂ ਦੀਆਂ ਬਹੁਤ ਘੱਟ ਸ਼ਾਖਾਵਾਂ ਅਤੇ ਹੋਰ ਸੰਬੰਧਿਤ ਗ੍ਰੰਥ ਮਿਲਦੇ ਹਨ। ਵਿਦਵਾਨਾਂ ਨੇ 'ਰਿਗਵੇਦ' ਦੀਆਂ ਪੰਜ ਸ਼ਾਖਾਵਾਂ ਦਾ ਉਲੇਖ ਕੀਤਾ ਹੈ:-

1. ਸ਼ਾਕਲ ਸ਼ਾਖਾ:- ਅੱਜ ਕਲ੍ਹ ਪ੍ਰਚਲਿਤ ਰਿਗ ਵੇਦ ਸੰਹਿਤਾ ਇਸੇ ਸ਼ਾਖਾ ਦੀ ਮਿਲਦੀ ਹੈ।
2. ਵਾਸ਼ਕਲ ਸ਼ਾਖਾ:- ਇਹ ਸ਼ਾਖਾ ਦੀ ਸੰਹਿਤਾ ਮਿਲਦੀ ਨਹੀਂ ਹੈ। ਹਾਂ ਕੁਝ ਗ੍ਰੰਥਾਂ ਵਿਚ ਇਸਦੇ ਆਖਰੀ ਮੰਤਰ ਦਾ ਉਲੇਖ ਜ਼ਰੂਰ ਕੀਤਾ ਗਿਆ ਹੈ।
3. ਅਸ਼ਵਲਾਯਨ ਸ਼ਾਖਾ:-ਸਤਾਰਵੀਂ ਸਦੀ ਦੇ ਵਿਦਵਾਨ ਰਵਿੰਦਰ ਨੇ ਇਸ ਸ਼ਾਖਾ ਦਾ ਉਲੇਖ ਕੀਤਾ ਹੈ।



Downloaded from https:// www.studiestoday.com

Downloaded from https:// www.studiestoday.com

4. ਸ਼ਾਖਾਯਨ ਸ਼ਾਖਾ:- ਇਹ ਸ਼ਾਖਾ ਦੀ ਸੰਹਿਤਾ ਹੁਣ ਨਹੀਂ ਮਿਲਦੀ ਹੈ, ਪਰੰਤੂ ਇਸਦੇ ਬ੍ਰਾਹਮਣ ਅਤੇ ਆਰਣਯਕ ਗ੍ਰੰਥ ਉਪਲਬਧ ਹਨ।

5. ਮਾਂਡੂਕਾਯਨ ਸ਼ਾਖਾ:- ਇਹ ਸ਼ਾਖਾ ਇਸ ਸਮੇਂ ਬਿਲਕੁਲ ਨਹੀਂ ਮਿਲਦੀ ਹੈ

**ਰਚਨਾਕਾਰ :-**

ਰਿਗਵੇਦ ਕਿਸੇ ਇਕ ਰਿਸ਼ੀ ਦੁਆਰਾ ਲਿਖਿਆ ਗ੍ਰੰਥ ਨਹੀਂ ਹੈ। ਇਸ ਦੀ ਰਚਨਾ ਵੱਖ ਵੱਖ ਰਿਸ਼ੀਆਂ ਨੇ ਕੀਤੀ ਹੈ। ਇਸਦੇ ਰਚਨਾਕਾਰਾਂ ਵਿਚ ਦਿਤ੍ਰ, ਸੰਮਦ ਅਤਰੀ, ਮਾਤਰੀ, ਵਿਸ਼ਵਾਮਿਤਰ, ਵਸ਼ਿਸ਼ਟ ਭਾਰਦਵਾਜ ਆਦਿ। ਇਸ ਵੇਦ ਦੀ ਲਗਭਗ ਹਰ ਰਿਚਾ ਨਾਲ ਲਿਖਣ ਵਾਲੇ ਰਿਸ਼ੀ ਦਾ ਨਾਂ ਲਿਖਿਆ ਹੋਇਆ ਹੈ।ਇਹ ਵੀ ਪਤਾ ਲਗਦਾ ਹੇ ਕਿ ਕੁਝ ਇਸਤਰੀ-ਰਿਸ਼ੀਆਂ ਜਿਵੇਂ ਅਪਾਲਾ, ਘੋਸ਼ਾ, ਮੁਦਗਲਾਲਕੀ ਆਦਿ ਨੇ ਵੀ ਇਸ ਖੇਤਰ ਵਿਚ ਯੋਗਦਾਨ ਪਾਇਆ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. 'ਰਿਗਵੇਦ' ਦੀਆਂ ਕਿੰਨੀਆਂ ਸ਼ਾਖਾਵਾਂ ਦਾ ਉਲੇਖ ਮਿਲਦਾ ਹੈ?
2. 'ਰਿਗਵੇਦ' ਦੀਆਂ ਸ਼ਾਖਾਵਾਂ ਦੇ ਨਾਂ ਲਿਖੋ।
3. ਕਿਹੜੇ ਵਿਦਵਾਨ ਨੇ 'ਰਿਗਵੇਦ' ਦੀ ਆਸ਼ਵਲਾਯਨ ਸ਼ਾਖਾ ਬਾਰੇ ਜਾਣਕਾਰੀ ਦਿੱਤੀ ਹੈ?
4. 'ਰਿਗਵੇਦ' ਦੀ ਸ਼ਾਖਾਯਨ ਸ਼ਾਖਾ' ਨਾਲ ਸੰਬੰਧਿਤ ਕਿਹੜਾ ਸਾਹਿਤ ਮਿਲਦਾ ਹੈ?
5. ਰਿਗਵੇਦ ਦੀ ਮਾਂਡੂਕਾਯਨ ਸ਼ਾਖਾ ਬਾਰੇ ਤੁਸੀਂ ਕੀ ਜਾਣਦੇ ਹੋ?
6. 'ਰਿਗਵੇਦ ਦੇ ਚਾਰ ਰਚਨਾਕਾਰਾਂ ਦੇ ਨਾਂ ਲਿਖੋ।

**ਵਿਸ਼ਾ ਵਸਤੂ :** ਰਿਗਵੇਦ ਵਿਚ ਬਹੁਤ ਸਾਰੇ ਵਿਸ਼ੇ ਸਮਾਏ ਹੋਏ ਹਨ। ਰਿਗਵੇਦ ਅੰਦਰਲੇ ਸੂਕਤਾਂ ਦੇ ਵਿਸ਼ੇ-ਵਸਤੂ ਨੂੰ ਹੇਠ ਲਿਖੇ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ:-

1. ਕਾਵਿ -ਆਤਮਕ ਗੀਤ
2. ਯੱਗ ਸਤ੍ਰੋਤ
3. ਦਾਰਸ਼ਨਿਕ ਸੂਕਤ
4. ਅਖਿਆਨ ਸੂਕਤ
5. ਇੰਦਰ ਜਾਲਿਕ ਸੂਕਤ
6. ਧਰਮ ਨਿਰਪੇਖ ਸੂਕਤ
7. ਦਾਨ ਸਤੂਤੀਆ
8. ਬੁਹੇਲਿਕਾਵਾਂ-,

ਅਗਲੇ ਸਫ਼ਿਆਂ ਉੱਤੇ ਅਸੀਂ 'ਰਿਗਵੇਦ' ਵਿਚਲੇ ਪ੍ਰਮੁੱਖ ਵਿਸ਼ਿਆਂ ਸੰਬੰਧੀ ਚਰਚਾ ਕਰਾਂਗੇ:-

**ਦਾਰਸ਼ਨਿਕ ਵਿਸ਼ੇ :** ਜਿੱਥੇ 'ਰਿਗਵੇਦ' ਵਿਚ ਦੇਵਤਿਆਂ ਦੀ ਪ੍ਰਸੰਸਾ ਕੀਤੀ ਗਈ ਹੈ ਉੱਥੇ ਇਸ ਗ੍ਰੰਥ ਵਿਚ ਦਾਰਸ਼ਨਿਕ ਵਿਸ਼ੇ ਵੀ ਮਿਲਦੇ ਹਨ। ਇਸ ਵਿਚ ਜਗ ਅਤੇ ਜੀਵਨ ਦੇ ਰਹੱਸਾਂ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। ਡਾ. ਰਾਧਾ ਕ੍ਰਿਸ਼ਨਨ ਨੇ ਵੀ ਆਖਿਆ ਹੈ ਕਿ ਰਿਗਵੇਦ ਦੇ ਸੂਕਤ ਉਸ ਅਰਥ ਵਿਚ ਦਾਰਸ਼ਨਿਕ ਹਨ ਕਿ ਉਹ ਸੰਸਾਰ ਦੇ ਰਹੱਸਾਂ ਦੀ ਵਿਆਖਿਆ ਕਿੰਨੀ ਅਸਾਧਾਰਣ ਦੈਵੀ ਪ੍ਰੇਰਨਾ ਦੁਆਰਾ ਨਹੀਂ, ਸਗੋਂ ਸੁਤੰਤਰ ਤਰਕ ਦੁਆਰਾ ਕਰਨ ਦੀ ਕੋਸ਼ਿਸ਼ ਕਰਦੇ ਹਨ।

ਰਿਗਵੇਦ ਵਿਚ ਰਿਸ਼ੀਆਂ ਨੇ ਕਈ ਰਚਨਾਤਮਕ ਅਤੇ ਦਾਰਸ਼ਨਿਕ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਹੈ। ਇਸ ਵਿਚ ਪ੍ਰਮਾਤਮਾ ਦੇ ਵਿਰਾਟ ਸਰੂਪ ਦਾ ਵਰਣਨ ਹੈ, ਜਿਸਦੀ ਵਿਆਖਿਆ ਮਗਰੋਂ ਗੀਤਾ ਵਿਚ ਵੀ ਹੋਈ ਹੈ। ਇਸੇ ਪ੍ਰਕਾਰ ਰਿਗਵੇਦ ਵਿਚ ਅਨੇਕਤਾ ਵਿਚ ਏਕਤਵ ਦੀ ਵਿਚਾਰਧਾਰਾ ਵੀ ਵੇਖਣ ਨੂੰ ਮਿਲਦੀ ਹੈ। ਇਸ ਵੇਦ ਦੇ ਇਕ ਮੰਤਰ ਵਿਚ ਕਿਹਾ ਗਿਆ ਹੈ ਕਿ ਸੱਤ ਇੱਕ ਹੈ, ਉਸੇ ਦਾ ਗਿਆਨੀ ਲੋਕ ਭਿੰਨ ਭਿਨ ਤਰ੍ਹਾਂ ਵਰਣਨ ਕਰਦੇ ਹਨ। ਕਿਸੇ ਨੇ ਉਸਨੂੰ ਇੰਦਰ, ਮਿਤਰ, ਵਰਣ ਜਾਂ ਅਗਨੀ ਆਖਿਆ ਹੈ ਅਤੇ ਕਿਸੇ ਨੇ ਉਸਨੂੰ ਦਿਵਯ ਅਤੇ ਸੰਪੂਰਨ ਗੁਣਾਂ ਨਾਲ ਸੰਪਨ ਆਖਿਆ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਰਿਗਵੇਦ ਦੇ ਅੰਦਰਲੇ ਵਿਸ਼ੇ ਵਸਤੂ ਨੂੰ ਕਿੰਨੇ ਵਰਗਾਂ ਵਿੱਚ ਵੰਡਿਆ ਹੈ?
2. ਰਿਗਵੇਦ ਦੇ ਵਿਸ਼ੇ ਵਸਤੂ ਦੇ ਵੱਖ ਵੱਖ ਚਾਰ ਵਰਗਾਂ ਦੇ ਨਾਂ ਲਿਖੋ?
3. ਰਿਗਵੇਦ ਵਿਚ ਕਿਹੜੇ ਕਿਹੜੇ ਦਾਰਸ਼ਨਿਕ ਵਿਸ਼ੇ ਵੇਖਣ ਨੂੰ ਮਿਲਦੇ ਹਨ?
4. ਰਿਗਵੇਦ ਵਿਚਲੀ ਦਾਰਸ਼ਨਿਕ ਵਿਚਾਰਧਾਰਾ ਸੰਬੰਧੀ ਡਾ.ਰਾਧਾ ਕ੍ਰਿਸ਼ਨਨ ਦੇ ਕੀ ਵਿਚਾਰ ਹਨ?
5. ਰਿਗਵੇਦ ਦੇ ਇੱਕ ਮੰਤਰ ਵਿੱਚ 'ਸੱਤ' ਬਾਰੇ ਕੀ ਵਿਚਾਰ ਪ੍ਰਗਟ ਹੋਏ ਹਨ?



Downloaded from https:// www.studiestoday.com

Downloaded from https:// www.studiestoday.com

**ਦੇਵਤੇ** – 'ਰਿਗਵੇਦ' ਦੇ ਬਹੁਤ ਸਾਰੇ ਮੰਡਲਾਂ ਵਿਚ ਦੇਵਤਿਆਂ ਦੀ ਪ੍ਰਸ਼ੰਸਾ ਕੀਤੀ ਮਿਲਦੀ ਹੈ। ਇਨ੍ਹਾਂ ਮੰਡਲਾਂ ਵਿਚ ਅਗਨੀ ਇੰਦਰ, ਵਿਸ਼ਨੂ, ਵਾਯੂ, ਸੋਮ, ਵਰੁਣ, ਉਸ਼ਾ, ਰੁਦ੍ਰ ਅਸ਼ਵਿਨੀ, ਮਰੁਤ, ਤ੍ਰਸਦਾ, ਸੂਰਜ, ਬ੍ਰਹਿਸਪਤੀ, ਅਦਿਤੀ ਆਦਿ ਦੀ ਪ੍ਰਸ਼ੰਸਾ ਕੀਤੀ ਮਿਲਦੀ ਹੈ। ਇਸ ਵੇਦ ਦਾ ਆਰੰਭ 'ਅਗਨੀ' ਦੇਵਤਾ ਦੇ ਸੂਕਤ ਨਾਲ ਹੁੰਦਾ ਹੈ, ਜਿੱਥੇ ਇਸ ਸੂਕਤ ਵਿਚ ਅਗਨੀ ਦੀਆਂ ਵਿਸ਼ੇਸ਼ਤਾਵਾਂ ਦੱਸੀਆਂ ਗਈਆਂ ਹਨ, ਉੱਥੇ ਇਸ ਦੇਵਤਾ ਦੀ ਪ੍ਰਸ਼ੰਸਾ ਵੀ ਕੀਤੀ ਗਈ ਹੈ। ਇੰਦਰ ਦੇਵਤਾ ਨੇ ਵੀ ਰਿਗਵੇਦ ਵਿਚ ਕਈ ਪੱਖ ਦਰਸਾਏ ਗਏ ਹਨ। ਪਹਿਲੇ ਮੰਡਲ ਦਾ ਇਕ ਸੂਕਤ 'ਵਿਸ਼ਨੂ' ਬਾਰੇ ਹੈ। ਰਿਗਵੇਦ ਅਨੁਸਾਰ ਵਿਸ਼ਨੂੰ ਨੇ ਪ੍ਰਿਥਵੀ ਨਾਲ ਸੰਬੰਧਿਤ ਲੋਕਾਂ ਨੂੰ ਤਿੰਨ ਕਦਮਾਂ ਨਾਲ ਮਾਪਿਆ ਹੈ। ਇੱਥੇ ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਉਸ ਸਮੇਂ ਦੇ ਆਰੀਆਂ ਦਾ ਜੀਵਨ ਵਧੇਰੇ ਬੰਧਨਾਂ ਵਿਚ ਨਹੀਂ ਬੱਝਿਆ ਹੋਇਆ ਸੀ। ਉਸ ਵਿਚ ਪ੍ਰਕਿਰਤੀ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਸੀ। ਮਨੁੱਖ ਆਪਣੇ ਵੱਧ ਤੋਂ ਵੱਧ ਲਾਭ ਪ੍ਰਕਿਰਤੀ ਕੋਲੋਂ ਲੈਂਦਾ ਸੀ। ਇਸ ਲਈ ਰਿਗਵੇਦ ਦੇ ਰਚਣ ਵਾਲਿਆਂ ਨੇ ਪ੍ਰਕਿਰਤੀ ਦੇ ਅੱਡ ਅੱਡ ਸਰੂਪਾਂ ਨੂੰ ਦੇਵਤਿਆਂ ਦੀ ਪਦਵੀ ਪ੍ਰਦਾਨ ਕੀਤੀ। ਇਸ ਤੋਂ ਬਿਨਾਂ ਰਿਗਵੇਦ ਵਿਚ ਵਰਣਿਤ ਦੇਵਤੇ ਬਹੁਤ ਸ਼ਕਤੀਸ਼ਾਲੀ ਅਤੇ ਮਹਾਨ ਦਰਸਾਏ ਗਏ ਹਨ।

**ਆਖਿਆਨ ਸਮਗਰੀ :** ਰਿਗਵੇਦ ਵਿਚ ਕੁਝ ਕੁ ਆਖਿਆਨ ਕਥਾ ਕਹਾਣੀਆਂ ਨਾਲ ਸਬੰਧਿਤ ਸਮਗਰੀ ਵੀ ਮਿਲਦੀ ਹੈ। ਹੋ ਸਕਦਾ ਹੈ ਕਿ ਇਹ ਉਸ ਸਮੇਂ ਪ੍ਰਚਲਿਤ ਨਾਟਕਾਂ ਦੇ ਸੰਵਾਦਾਂ ਦੇ ਖੰਡਿਤ ਅੰਸ਼ ਹੋਣ। ਇਕ ਪੱਛਮੀ ਵਿਦਵਾਨ ਇਨ੍ਹਾਂ ਸੂਕਤਾਂ ਨੂੰ ਲੋਕ ਕਥਾ ਕਾਵਿ (ਬੈਲੇਡ) ਦਾ ਨਮੂਨਾ ਮੰਨਦਾ ਹੈ। ਇਹਨਾਂ ਵਿਚੋਂ ਤਿੰਨ ਸੂਕਤ ਤਾਂ ਬਹੁਤ ਹੀ ਮਹੱਤਵਪੂਰਣ ਹਨ-

(ੳ) ਪਰੂਰਵਾ -ਉਰਵਸ਼ੀ

(ਅ) ਯਮ ਯਮੀ ਸੰਵਾਦ

(ੲ) ਸਰਮਾ ਪਾਣੀ ਸੰਵਾਦ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਰਿਗਵੇਦ ਵਿਚ ਜਿਨ੍ਹਾਂ ਦੇਵਤਿਆਂ ਦਾ ਉਲੇਖ ਹੋਇਆ ਹੈ ਉਨਾਂ 'ਚੋਂ ਕਿਸੇ ਚਾਰ ਦੇ ਨਾਂ ਲਿਖੋ।
2. ਰਿਗਵੇਦ ਦਾ ਆਰੰਭ ਕਿਹੜੇ ਦੇਵਤਾ ਦੇ ਸੂਕਤ ਨਾਲ ਹੁੰਦਾ ਹੈ?
3. ਰਿਗਵੇਦ ਦੇ ਕਿਹੜੇ ਦੇਵਤੇ ਨੇ ਤਿੰਨ ਕਦਮਾਂ ਨਾਲ ਪ੍ਰਿਥਵੀ ਨਾਲ ਸੰਬੰਧਿਤ ਲੋਕਾਂ ਨੂੰ ਮਾਪਿਆ?
4. ਰਿਗਵੇਦ ਕਾਲ ਦੇ ਆਰੀਆ ਕਿਸ ਚੀਜ਼ ਤੋਂ ਵੱਧ ਤੋਂ ਵੱਧ ਲਾਭ ਲੈਂਦੇ ਸਨ?
5. ਰਿਗਵੇਦ ਵਿਚ ਅਖਿਆਨ ਸਮਗਰੀ ਨਾਲ ਸੰਬੰਧਿਤ ਦੋ ਅਖਿਆਨਾਂ ਦੇ ਨਾਂ ਲਿਖੋ।
6. ਅਖਿਆਨ ਨਾਲ ਸੰਬੰਧਿਤ ਸੂਕਤਾਂ ਨੂੰ ਪੱਛਮੀ ਵਿਦਵਾਨ ਕੀ ਮੰਨਦੇ ਹਨ ?

**ਯੱਗ ਸੰਬੰਧੀ :-** ਇਹ ਇਕ ਅਜਿਹਾ ਵੇਦ ਹੈ ਜਿਸ ਵਿਚ ਸੱਭ ਤੋਂ ਪਹਿਲਾਂ ਵੈਦਿਕ ਆਰੀਆਂ ਦੇ ਧਾਰਮਿਕ ਯੱਗ ਬਾਰੇ ਉਲੇਖ ਮਿਲਦਾ ਹੈ। ਰਿਗਵੇਦ ਵਿਚ ਲਿਖਿਆ ਹੈ ਕਿ ਪਤੀ ਪਤਨੀ ਦੋਵੇਂ ਯੱਗ ਕਰਨ ਦੇ ਅਧਿਕਾਰੀ ਹਨ। ਯੱਗ ਕਰਨ ਦਾ ਕੰਮ ਦੇਵਤਿਆਂ ਦੇ ਨਮਿਤ ਕੀਤਾ ਜਾਂਦਾ ਹੈ। ਯੱਗ ਕਰਨ ਸਮੇਂ ਯੱਗ ਕਰਨ ਵਾਲਾ ਜਿਸ ਸਮੱਗਰੀ ਦਾ ਹਵਨ ਅਗਨੀ ਕੁੰਡ ਵਿਚ ਪਾਉਂਦਾ ਹੈ, ਉਹ ਦੇਵਤਿਆਂ ਨੂੰ ਪ੍ਰਾਪਤ ਹੁੰਦਾ ਹੈ। ਸੰਸਾਰ ਸਾਗਰ ਨੂੰ ਪਾਰ ਕਰਨ ਲਈ ਯਗ ਇਕ ਬਹੁਤ ਹੀ ਉੱਤਮ ਸਾਧਨ ਹੈ। ਜਿਹੜੇ ਲੋਕ ਯੱਗ ਨਹੀਂ ਕਰਦੇ, ਉਹ ਪਤਿਤ ਹੁੰਦੇ ਹਨ। ਯੱਗ ਕਰਨ ਵਾਲੇ ਲੋਕ ਸੋਮ ਤੇਜ ਨੂੰ ਧਾਰਨ ਕਰਦੇ ਹਨ। ਯੱਗ ਕਰਨ ਦੀ ਇੰਨੀ ਮਹੱਤਤਾ ਦਰਸਾਈ ਗਈ ਹੈ ਕਿ ਅਜਿਹਾ ਨਾ ਕਰਨ ਵਾਲੇ ਵਿਅਕਤੀ ਨੂੰ ਇੰਦਰ ਨੇ ਨੱਬੇ ਨਦੀਆਂ ਤੋਂ ਪਾਰ ਸੁੱਟਿਆ ਸੀ।

**ਦਾਨ ਦੀ ਪ੍ਰਸ਼ੰਸਾ :** ਰਿਗਵੇਦ ਵਿਚ ਦਾਨ ਨਾਲ ਸੰਬੰਧਿਤ 40 ਸੂਕਤ ਹਨ। ਇਨ੍ਹਾਂ ਸੂਕਤਾਂ ਦੀ ਪ੍ਰਕਿਰਤੀ ਧਰਮ ਸੰਬੰਧਿਤ ਅਤੇ ਧਰਮ ਨਿਰਪੇਖ ਸੂਕਤਾਂ ਦੇ ਮੱਧ ਵਾਲੀ ਹੈ, ਇਹਨਾਂ ਸੂਕਤਾਂ ਵਿਚ ਜਿੱਥੇ ਪਹਿਲਾਂ ਇੰਦਰ ਦੀ ਪ੍ਰਸੰਸਾ ਕੀਤੀ ਗਈ ਹੈ ਉਥੇ ਮਗਰੋਂ ਦਾਨ ਨੂੰ ਵੀ ਸਲਾਹਿਆ ਗਿਆ ਹੈ।

**ਰਾਜਨੀਤੀ :** 'ਰਿਗਵੇਦ ਵਿਚ ਹੋਰ ਗੱਲਾਂ ਤੋਂ ਇਲਾਵਾ, ਰਾਜਨੀਤੀ ਨੂੰ ਵੀ ਬਿਆਨਿਆ ਗਿਆ ਹੈ। ਉਸ ਸਮੇਂ ਦਾ ਸਮਾਜ ਰਾਜਨੀਤਕ ਦ੍ਰਿਸ਼ਟੀ ਤੋਂ ਪੰਜ ਭਾਗਾਂ ਵਿਚ ਵੰਡਿਆ ਹੋਇਆ ਸੀ (ੳ) ਘਰ ਜਾਂ ਕੁਲ (ਅ) ਪਿੰਡ (ੲ) ਵੰਸ਼ (ਸ) ਜਨ (ਹ) ਰਾਸ਼ਟਰ। ਰਿਗਵੇਦ ਵਿਚ ਇਹ ਵੀ ਲਿਖਿਆ ਹੈ ਕਿ ਰਾਜਾ ਦੀ ਚੋਣ ਪਰਜਾ ਦੁਆਰਾ ਕੀਤੀ ਜਾਂਦੀ ਸੀ। ਉਸ ਦਾ ਕੰਮ ਦੁਸ਼ਮਣਾਂ



Downloaded from https:// www.studiestoday.com

Downloaded from https:// www.studiestoday.com

ਨੂੰ ਸਮਾਪਤ ਕਰਕੇ ਪਰਜਾ ਦੀ ਰੱਖਿਆ ਕਰਨਾ ਸੀ।

**ਸਮਾਜਕ ਦਸ਼ਾ :** ਇਹ ਵੇਦ ਇਕ ਪ੍ਰਕਾਰ ਨਾਲ ਸਮਕਾਲੀ ਸਮਾਜਕ ਦਸ਼ਾ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਦਾ ਵੀ ਇਕ ਵਧੀਆ ਸ੍ਰੋਤ ਹੈ। ਇਸ ਗ੍ਰੰਥ ਦੇ ਕਈ ਸੂਕਤਾਂ ਤੋਂ ਉਸ ਕਾਲ ਦੀ ਸਮਾਜਕ ਅਵਸਥਾ, ਕੰਮ ਧੰਦੇ, ਪਰਿਵਾਰ ਅਤੇ ਵਿਆਹ ਸੰਸਥਾ, ਸਭਿਆਚਾਰ ਆਦਿ ਦਾ ਪਤਾ ਲਗਦਾ ਹੈ। ਉਸ ਕਾਲ ਵਿੱਚ ਅੰਤਰਜਾਤੀ ਵਿਆਹ ਆਮ ਪ੍ਰਚਲਿਤ ਸਨ। ਲੋਕਾਂ ਦੇ ਕੰਮ ਧੰਦਿਆਂ ਵਿਚ ਖੇਤੀ, ਦਸਤਕਾਰੀ, ਚਮੜੇ ਦਾ ਕੰਮ, ਸੁਨਿਆਰਾ, ਤਰਖਾਣਾ, ਮਲਾਹ ਦਾ ਕੰਮ ਆਮ ਕੀਤਾ ਜਾਂਦਾ ਸੀ । ਕੰਮ ਧੰਦੇ ਜਾਤਾਂ ਅਨੁਸਾਰ ਨਹੀਂ ਵੰਡੇ ਹੋਏ ਸਨ, ਸਗੋਂ ਜਿਹੜਾ ਵਿਅਕਤੀ ਜਿਸ ਕੰਮ ਵਿਚ ਨਿਪੁੰਨ ਹੁੰਦਾ ਸੀ, ਉਹ ਆਪਣੀ ਔਲਾਦ ਨੂੰ ਵੀ ਉਹੀ ਕੰਮ ਸਿਖਾਉਂਦਾ ਸੀ। ਲੋਕ ਪਸ਼ੂ ਰਖਦੇ ਸਨ, ਵੱਧ ਗਊਆਂ ਦਾ ਮਾਲਕ 'ਮੁੱਖੀਏ' ਵਜੋਂ ਜਾਣਿਆ ਜਾਂਦਾ ਸੀ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਯੱਗ ਵਿਚ ਪੁਰਸ਼ ਤੇ ਇਸਤਰੀ ਵਿਚੋਂ ਕੌਣ ਹਿੱਸਾ ਲੈ ਸਕਦਾ ਸੀ?
2. ਯੱਗ ਵਿਚ ਹਵਨ ਸਮੇਂ ਸਮੱਗਰੀ ਸਬੰਧੀ ਕੀ ਧਾਰਨਾ ਪ੍ਰਚਲਿਤ ਸੀ?
3. ਰਿਗਵੇਦ ਵਿਚ ਯੱਗ ਦੀ ਕੀ ਮਹੱਤਤਾ ਦਰਸਾਈ ਗਈ ਹੈ?
4. 'ਦਾਨ' ਨਾਲ ਸਬੰਧਿਤ ਸੂਕਤਾਂ ਵਿਚ ਕਿਹੜੇ ਦੇਵਤੇ ਦੀ ਪ੍ਰਸ਼ੰਸਾ ਕੀਤੀ ਗਈ ਹੈ?
5. ਰਿਗਵੇਦ ਕਾਲ ਸਮੇਂ ਸਮਾਜ ਰਾਜਨੀਤਕ ਦ੍ਰਿਸ਼ਟੀ ਤੋਂ ਕਿਹੜੇ ਕਿਹੜੇ ਭਾਗਾਂ ਵਿਚ ਵੰਡਿਆ ਹੋਇਆ ਸੀ?
7. ਉਸ ਸਮੇਂ ਰਾਜਾ ਦੀ ਚੋਣ ਕੌਣ ਕਰਦਾ ਸੀ?

**ਯਜੁਰਵੇਦ**

**ਜਾਣ ਪਛਾਣ:** ਯਜੁਰਵੇਦ, ਦੂਜਾ ਵੇਦ ਹੈ। ਇਸ ਵੇਦ ਵਿਚ ਉਨ੍ਹਾਂ ਮੰਤਰਾਂ ਦਾ ਪ੍ਰਯੋਗ ਹੈ ਜਿਨ੍ਹਾਂ ਦੀ ਵਰਤੋਂ ਯੱਗ ਸਮੇਂ ਹੁੰਦੀ ਹੈ। ਕੁਝ ਵਿਦਵਾਨਾਂ ਅਨੁਸਾਰ ਯਜੁਰਵੇਦ 'ਜੀਵਨ ਦੀ ਖੁਸ਼ਹਾਲੀ' ਦਾ ਵੇਦ ਹੈ। ਇਹ ਮਨੁੱਖੀ ਜੀਵਨ ਦੀ ਸਾਧਾਰਣ ਗਤੀ ਨੂੰ ਸੇਧ ਦਿੰਦਾ ਹੈ।

**ਸ਼ਾਖਾਵਾਂ :** ਮਹਾਭਾਸ਼ ਕਰਤਾ ਪਤੰਜਲੀ ਨੇ ਯਜੁਰਵੇਦ ਦੀਆਂ ਇਕ ਸੌ ਸ਼ਾਖਾਵਾਂ ਦਾ ਉਲੇਖ ਕੀਤਾ ਹੈ। ਪਰੰਤੂ ਅੱਜ ਕੱਲ ਇਸ ਦੀਆਂ ਸਿਰਫ ਦੋ ਸਾਖਾਵਾਂ ਹਨ । ਦੋ ਸਾਖਾਵਾਂ ਦੇ ਨਾਂ ਹਨ -ਸ਼ੁਕਲ ਯਜੁਰਵੇਦ ਅਤੇ ਕ੍ਰਿਸ਼ਣ ਯਜੁਰਵੇਦ।

**ਸ਼ੁਕਲ ਯਜੁਰਵੇਦ ਅਤੇ ਕ੍ਰਿਸ਼ਨ ਯਜੁਰਵੇਦ ਵਿਚ ਅੰਤਰ :**

ਵਿਦਵਾਨਾਂ ਨੇ ਇਨ੍ਹਾਂ ਦੋਵਾਂ ਸ਼ਾਖਾਵਾਂ ਵਿਚ ਕੁਝ ਅੰਤਰਾਂ ਦਾ ਉਲੇਖ ਕੀਤਾ ਹੈ। ਸ਼ੁਕਲ ਯਜੁਰਵੇਦ ਵਿਚ ਸਿਰਫ ਮੰਤਰ ਹਨ, ਉਨ੍ਹਾਂ ਦੀ ਵਿਆਖਿਆ ਅਤੇ ਅੱਡ ਅੱਡ ਯੱਗਾਂ ਵਿਚ ਉਨ੍ਹਾਂ ਦੀ ਵਰਤੋਂ ਕਿਵੇਂ ਕੀਤੀ ਜਾਵੇ, ਦਾ ਉਲੇਖ ਨਹੀਂ ਮਿਲਦਾ ਹੈ। ਜਦੋਂ ਕਿ ਕ੍ਰਿਸ਼ਨ ਯਜੁਰਵੇਦ ਵਿਚ ਮੰਤਰਾਂ ਦੇ ਨਾਲ ਵਰਤੋਂ ਸੰਬੰਧੀ ਜਾਣਕਾਰੀ ਵੀ ਮਿਲਦੀ ਹੈ।

**ਵਿਸ਼ਾ ਵਸਤੂ**

ਯਜੁਰਵੇਦ ਦੀਆਂ ਇਨ੍ਹਾਂ ਦੋਹਾਂ ਸ਼ਾਖਾਵਾਂ ਦਾ ਵਿਸ਼ਾ ਵਸਤੂ ਅੱਡ- ਅੱਡ ਹੈ। ਸ਼ੁਕਲ ਯਜੁਰਵੇਦ ਪਹਿਲੇ ਤਿੰਨ ਅਧਿਆਵਾਂ ਵਿਚ ਮੱਸਿਆ, ਪੁੰਨਿਆ ਸਵੇਰੇ-ਸ਼ਾਮ ਹੋਮ ਅਤੇ ਚੌਮਾਸੇ ਨਾਲ ਸੰਬੰਧਿਤ ਮੰਤਰ ਹਨ। ਚੌਥੇ ਤੋਂ ਦਸਵੇਂ ਅਧਿਆਇ ਤਕ ਸੋਮਯਗ, ਵਾਜਪੇਯ, ਰਾਜਸੂਰ ਨਾਂ ਦੇ ਯਗਾਂ ਦੇ ਮੰਤਰ ਸ਼ਾਮਿਲ ਹਨ। ਗਿਆਰਵੇਂ ਤੋਂ ਅਠਾਰਵੇਂ ਅਧਿਆਇ ਤਕ ਹੋਮ ਅਗਨੀ ਲਈ ਵੇਦੀ ਬਣਾਉਣ ਦਾ ਵਰਣਨ ਦਿੱਤਾ ਮਿਲਦਾ ਹੈ। ਉਨੀਵੇਂ ਤੋਂ ਇੱਕੀਵੇਂ ਅਧਿਆਇ ਤਕ 'ਸੌਤ੍ਰਾਮਣੀ' ਨਾਂ ਦੇ ਯੱਗ ਦੇ ਮੰਤਰ ਲਿਖੇ ਹੋਏ ਹਨ। 26ਵੇਂ ਤੋਂ 29ਵੇਂ ਅਧਿਆਇ ਵਿਚ ਅਲੱਗ ਅਲੱਗ ਪ੍ਰਕਾਰ ਮੰਤਰ ਦਿੱਤੇ ਹੋਏ ਹਨ। ਅਧਿਆਇ ਵਿਚ 'ਪੁਰਸ਼ ਸ਼ਕਤ' ਸ਼ਾਮਿਲ ਹੈ, ਜਿਸ ਵਿਚ ਰਿਗਵੇਦ ਦੇ ਮੁਕਾਬਲੇ ਵਿਚ 6 ਮੰਤਰ ਜ਼ਿਆਦਾ ਹਨ। ਇਵੇਂ ਹੀ ਬਤੀਵੇਂ ਅਧਿਆਇ ਵਿਚ 'ਹਿਰਣ ਯਗਰਭ' ਦੇ ਕੁਝ ਮੰਤਰ ਮਿਲਦੇ ਹਨ। ਇਸ ਗ੍ਰੰਥ ਦਾ 40ਵਾਂ ਅਧਿਆਇ ਈਸ਼ਵਾਸ਼ ਉਪਨਿਸ਼ਦ ਹੈ। ਇਨ੍ਹਾਂ 40 ਅਧਿਆਵਾਂ ਵਿਚ ਪਹਿਲੇ ਪੰਜੀ ਅਧਿਆਵਾਂ ਨੂੰ ਵਿਦਵਾਨ ਲੋਕ ਯਜੁਰਵੇਦ ਦਾ ਮੌਲਿਕ ਅੰਸ਼ ਮੰਨਦੇ ਹਨ।

**ਕ੍ਰਿਸ਼ਣ ਯਜੁਰਵੇਦ :** ਇਸ ਦੀਆਂ ਸ਼ਾਖਾਵਾਂ ਵਿਚੋਂ ਤ੍ਰੈਤੀਯ ਸੰਹਿਤਾ ਵਧੇਰੇ ਪ੍ਰਸਿੱਧ ਹੈ। ਇਸ ਸੰਹਿਤਾ ਦੇ ਸੱਤ ਕਾਂਡ ਹਨ।

**ਦੇਵਤੇ-** ਯਜੁਰਵੇਦ ਦੇ ਦੇਵਤਿਆਂ ਦੇ ਕੁਝ ਬਦਲੇ ਰੂਪ ਮਿਲਦੇ ਹਨ। ਰਿਗਵੇਦ ਦੇ ਦੇਵਤੇ 'ਰੁਦਰ' ਇਸ ਵੇਦ ਵਿਚ ਸ਼ਿਵ, ਸ਼ੰਕਰ ਅਤੇ ਮਹਾਂਦੇਵ ਦੇ ਨਾਂ ਨਾਲ ਜਾਣੇ ਜਾਂਦੇ ਹਨ। ਇਸ ਵੇਦ ਵਿਚ ਵਿਸ਼ਨੂੰ ਦਾ ਮਹੱਤਵ ਵੀ ਪਹਿਲਾਂ ਨਾਲੋਂ ਵੱਧ ਗਿਆ। ਯਜੁਰਵੇਦ



Downloaded from https:// www.studiestoday.com

Downloaded from https:// www.studiestoday.com

ਵਿਚ ਕਿਸੇ ਦੇਵਤੇ ਦੇ ਵਧੇਰੇ ਗੁਣਾਂ ਅਤੇ ਨਾਵਾਂ ਦੀ ਗਿਣਤੀ ਕਰਵਾ ਕੇ, ਦੇਵਤੇ ਦੀ ਪ੍ਰਸ਼ੰਸਾ ਕੀਤੀ ਗਈ ਹੈ।

ਧਾਰਮਿਕ ਵਿਚਾਰਧਾਰਾ- ਇਸ ਵੇਦ ਵਿਚ ਧਾਰਮਿਕ ਵਿਚਾਰਧਾਰਾ ਵਿਚ ਵੀ ਕੁਝ ਪਰਿਵਰਤਨ ਆਇਆ ਹੈ। ਯਜੁਰਵੇਦ ਦੇ ਅਧੀਨ ਕੁਝ ਨਵੇਂ ਧਾਰਮਿਕ ਕੰਮਾਂ ਦਾ ਉਲੇਖ ਮਿਲਦਾ ਹੈ। ਉਦਾਹਰਣ ਵਜੋਂ 'ਰਿਗਵੇਦ ਵਿਚ 'ਬ੍ਰਹਮ' ਸ਼ਰਧਾ ਜਾਂ ਸਤੋਤ੍ਰ ਦਾ ਵਾਚਕ ਸੀ, ਉਹ ਯਜੁਰਵੇਦ ਵਿਚ ਸਤੋਤ੍ਰ ਦਾ ਵਿਸ਼ਾ ਬਣ ਗਿਆ। ਸੂਰਜ ਦੀ ਪੂਜਾ ਤਾਂ ਉਸ ਕਾਲ ਦੇ ਧਰਮ ਦਾ ਅੰਗ ਹੀ ਬਣ ਗਈ। ਯਗਾਂ ਦੇ ਕੰਮਾਂ ਨੂੰ ਵਧੇਰੇ ਮਹੱਤਵ ਦਿੱਤੇ ਜਾਣ ਕਾਰਨ ਪ੍ਰੋਹਿਤ ਵਰਗ ਦੀ ਮਹੱਤਤਾ ਵੱਧ ਗਈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਵਿਦਵਾਨਾਂ ਨੇ ਯਜੁਰਵੇਦ ਨੂੰ ਕਿਹੜੇ ਵੇਦ ਦਾ ਨਾਂ ਦਿੱਤਾ ਹੈ?
2. ਪਤੰਜਲੀ ਅਨੁਸਾਰ ਯਜੁਰਵੇਦ ਦੀਆਂ ਕਿੰਨੀਆਂ ਸ਼ਾਖਾਵਾਂ ਹਨ?
3. ਇਸ ਸਮੇਂ ਇਸ ਵੇਦ ਦੇ ਮਿਲਦੇ ਦੋ ਭੇਦਾਂ ਦੇ ਨਾਂ ਦਸੋ।
4. ਯਜੁਰਵੇਦ ਦੀਆਂ ਸ਼ੁਕਲ ਅਤੇ ਕ੍ਰਿਸ਼ਨ ਯਜੁਰਵੇਦ ਸ਼ਾਖਾਵਾਂ ਵਿੱਚ ਕੀ ਮੁੱਖ ਅੰਤਰ ਹੈ?
5. ਸ਼ੁਕਲ ਯਜੁਰਵੇਦ ਦੇ ਪਹਿਲੇ ਦੋ ਅਧਿਆਵਾਂ ਵਿੱਚ ਕਿਸ ਨਾਲ ਸੰਬੰਧਿਤ ਮੰਤਰ ਹਨ?
6. ਕ੍ਰਿਸ਼ਨ ਯਜੁਰਵੇਦ ਦੀਆਂ ਸ਼ਾਖਾਵਾਂ ਵਿੱਚੋਂ ਕਿਹੜੀ ਸਹਿੰਤਾ ਵਧੇਰੇ ਪ੍ਰਸਿੱਧ ਹੈ।
7. ਇਸ ਵੇਦ ਵਿਚ 'ਰਿਗਵੇਦ ਦਾ ਦੇਵਤਾ, ਰੁਦਰ, ਕਿਹੜੇ ਕਿਹੜੇ ਨਾਮ ਨਾਲ ਜਾਣਿਆ ਜਾਣ ਲੱਗਾ?
8. ਇਸ ਵੇਦ ਵਿਚ 'ਬ੍ਰਹਮ' ਬਾਰੇ ਕੀ ਪਰਿਵਰਤਨ ਆਇਆ ਹੈ?

**ਸਾਮਵੇਦ ਸੰਹਿਤਾ**

ਜਾਣ ਪਛਾਣ 'ਸਾਮਵੇਦ' ਦਾ 'ਸਾਮ' ਅਰਥ ਹੈ ਗਾਣ। ਰਿਗਵੇਦ ਦੇ ਮੰਤਰ ਜਦੋਂ ਵਿਸ਼ੇਸ਼ ਗਾਣ-ਵਿਧੀ ਅਨੁਸਾਰ ਗਾਏ ਜਾਂਦੇ ਹਨ ਤਦ ਉਨ੍ਹਾਂ ਨੂੰ ਸਾਮਨ ਜਾ 'ਗਾਣ' ਕਿਹਾ ਜਾਂਦਾ ਹੈ। ਵੇਦਾਂ ਵਿਚ ਸਾਮਵੇਦ ਨੂੰ ਮਹੱਤਵਪੂਰਨ ਸਥਾਨ ਦਿੱਤਾ ਜਾਂਦਾ ਹੈ। ਭਗਵਤ ਗੀਤਾ ਵਿਚ ਆਪਣੇ ਗੁਣਾਂ ਦਾ ਵਰਣਨ ਕਰਦਿਆਂ ਸ੍ਰੀ ਕ੍ਰਿਸ਼ਨ ਜੀ ਨੇ ਖੁਦ ਨੂੰ ਸਾਮਵੇਦ ਦੱਸਿਆ ਹੈ। ਮਨੂ ਰਿਸ਼ੀ ਨੇ ਸਾਮਵੇਦ ਦਾ ਸੰਬੰਧ ਸੂਰਜ ਨਾਲ ਦਸਿਆ ਹੈ। ਇੰਝ ਦੋਵਾਂ ਦਾ ਸੰਬੰਧ ਵੀ ਸਾਮਵੇਦ ਨੂੰ ਉਪਾਸਨਾ ਦਾ ਵੇਦ ਸਿੱਧ ਕਰਦਾ ਹੈ।

ਸ਼ਾਖਾਵਾਂ :- ਪਤੰਜਲੀ ਨੇ ਸਾਮਵੇਦ ਦੇ ਇਕ ਸੌ ਮਾਰਗਾਂ (ਭਾਗਾਂ) ਦਾ ਉਲੇਖ ਕੀਤਾ ਹੈ। ਪੁਰਾਤਨ ਗ੍ਰੰਥਾਂ ਵਿਚ ਵੀ ਸਾਮਵੇਦ ਦੀਆਂ 13 ਸ਼ਾਖਾਵਾਂ ਦਾ ਜਿਕਰ ਹੈ। ਵਰਤਮਾਨ ਸਮੇਂ ਵਿਚ ਇਨ੍ਹਾਂ 13 ਸ਼ਾਖਾਵਾਂ ਵਿਚੋਂ ਸਿਰਫ਼ ਤਿੰਨ ਸ਼ਾਖਾਵਾਂ ਹੀ ਮਿਲਦੀਆਂ ਹਨ।

ਸਰੂਪ:- ਮੁੱਖ ਤੌਰ ਉੱਤੇ ਸਾਮਵੇਦ ਦੇ ਦੋ ਭਾਗ ਹਨ- 'ਆਰਚਿਕ' ਅਤੇ ਗਾਣ। ਦੋਵੇਂ ਭਾਗਾਂ ਦੀਆਂ ਕੁਲ ਰਿਚਾਵਾਂ 1810 ਹਨ। ਇਨ੍ਹਾਂ ਵਿਚੋਂ ਵੀ ਕੁਝ ਤਾਂ ਬਾਰ ਬਾਰ ਦੁਹਰਾਈਆਂ ਗਈਆਂ ਹਨ। ਮੌਲਿਕ ਰਿਚਾਵਾਂ ਦੀ ਗਿਣਤੀ ਲਗਭਗ 1550 ਰਹਿ ਜਾਂਦੀ ਹੈ। ਇਨ੍ਹਾਂ ਰਿਚਾਵਾਂ ਵਿਚ 75 ਨੂੰ ਛੱਡ ਕੇ ਬਾਕੀ ਸਾਰੀਆਂ ਰਿਗਵੇਦ ਸੰਹਿਤਾ ਦੇ ਅਠਵੇਂ ਅਤੇ ਨੌਵੇਂ ਮੰਡਲ ਵਿਚੋਂ ਲਈਆਂ ਗਈਆਂ ਹਨ। ਅਗੋਂ ਆਰਚਿਕ ਦੇ ਦੋ ਭਾਗ ਹਨ। 'ਪੂਰਵਆਰਚਿਕ' ਨੂੰ 'ਛੰਦ ਆਰਚਿਕ' ਵੀ ਆਖਿਆ ਜਾਂਦਾ ਹੈ। ਇਸ ਦੇ ਪਹਿਲੇ ਉਪ ਅਧਿਆਵਾਂ ਵਿਚ ਅਗਨੀ ਨਾਲ ਸੰਬੰਧਿਤ ਮੰਤਰ ਦਿੱਤੇ ਗਏ ਹਨ। ਇਸ ਲਈ ਇਸਨੂੰ 'ਅਗਨੇਯ ਕਾਂਡ' ਆਖਦੇ ਹਨ। ਦੂਜੇ ਤੋਂ ਚੌਥੇ ਤਕ ਇੰਦਰ ਦੀ ਪ੍ਰਸ਼ੰਸਾ ਕੀਤੀ ਗਈ ਹੈ। ਪੰਜਵੇਂ ਵਿਚ ਯੋਗ ਨਾਲ ਸੰਬੰਧਿਤ ਪ੍ਰਸ਼ੰਸਾ ਹੈ ਅਤੇ ਛੇਵਾਂ ਆਰਣਯਕ ਪਰਵ ਦੇ ਨਾਂ ਨਾਲ ਪ੍ਰਸਿੱਧ ਹੈ।

'ਉੱਤਰ ਆਰਚਿਕ' (ਉਤੱਰ ਸੰਹਿਤਾ) ਵਿਚ ਨੌ ਪ੍ਰਪਾਠਕ (ਉਪ ਅਧਿਆਇ) ਹਨ। ਇਸ ਸੰਹਿਤਾ ਵਿਚ ਕੁਲ 1225 ਮੰਤਰ ਹਨ। ਇਨ੍ਹਾਂ ਵਿਚੋਂ 650 ਮੰਤਰ ਦੁਹਰਾਏ ਗਏ ਹਨ। ਇਹਨਾਂ ਤਿੰਨਾਂ ਰਿਚਾਵਾਂ ਨੂੰ ਮਿਲਾਕੇ ਇਕ ਗੀਤ ਰਚਿਆ ਗਿਆ ਹੈ। ਇਨ੍ਹਾਂ ਗੀਤਾਂ ਤੋਂ ਹੀ ਯੱਗ ਸਮੇਂ ਗਾਏ ਜਣ ਵਾਲੇ ਸਤ੍ਰੋਤਾਂ ਦੀ ਰਚਨਾ ਹੋਈ ਹੈ

ਸਾਮਵਿਕਾਰ : ਜਿਵੇਂ ਪਹਿਲਾਂ ਹੀ ਕਿਹਾ ਗਿਆ ਹੈ ਕਿ ਸਾਮਵੇਦ ਦਾ ਸੰਬੰਧ 'ਗਾਣ' ਨਾਲ ਹੈ। ਸਾਮਗਾਣ ਵਿਚ ਗਾਉਣ ਦਾ ਧਿਆਨ ਰਖਦਿਆਂ ਕੁਝ ਘਟਾਇਆ ਵਧਾਇਆ ਜਾ ਸਕਦਾ ਹੈ। ਇਸੇ ਨੂੰ ਸਾਮ ਵਿਕਾਰ ਆਖਦੇ ਹਨ।



Downloaded from https:// www.studiestoday.com

Downloaded from https:// www.studiestoday.com

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. 'ਸਾਮ ਕਿਸ ਸ਼ਬਦ ਤੋਂ ਬਣਿਆ ਹੈ ਅਤੇ ਉਸਦਾ ਕੀ ਅਰਥ ਹੈ?
2. ਮਨੂ ਰਿਸ਼ੀ ਨੇ 'ਸਾਮਵੇਦ' ਦਾ ਸੰਬੰਧ ਕਿਸ ਨਾਲ ਦੱਸਿਆ ਹੈ?
3. 'ਸਾਮ ਵੇਦ' ਦੀਆਂ ਕਿੰਨੀਆਂ ਸਾਖਾਵਾਂ ਹਨ?
4. ਮੁਖ ਤੌਰ ਤੇ ਸਾਮਵੇਦ ਦੇ ਕਿਹੜੇ ਕਿਹੜੇ ਭਾਗ ਹਨ?
5. 'ਪੂਰਵ ਆਰਚਿਕ' ਨੂੰ ਹੋਰ ਕੀ ਨਾਂ ਦਿੱਤਾ ਗਿਆ ਹੈ?
6. 'ਉਤੱਰ ਆਰਚਿਕ' ਵਿੱਚ ਕਿੰਨੇ ਉਪ-ਅਧਿਆਇ ਹਨ ਅਤੇ ਇਕ ਸਹਿੰਤਾ ਵਿੱਚ ਕਿੰਨੇ ਮੰਤਰ ਹਨ।
7. 'ਸਾਮਵੇਦ' ਦੀਆਂ ਰਿਚਾਵਾਂ ਕਿਹੜੀ ਵੇਦ ਸੰਹਿਤਾ ਵਿਚੋਂ ਲਈਆਂ ਗਈਆਂ ਹਨ?
8. ਰਿਗਵੇਦ ਦੇ ਮੰਤਰ ਜਦੋਂ ਵਿਸ਼ੇਸ਼ ਵਿਧੀ ਅਨੁਸਾਰ ਗਾਏ ਜਾਂਦੇ ਹਨ, ਉਨਾਂ ਨੂੰ ਕੀ ਆਖਦੇ ਹਨ?

## ਅਥਰਵ ਵੇਦ ਸੰਹਿਤਾ

ਜਾਣ-ਪਛਾਣ

ਇਹ ਚੋਥਾ ਵੇਦ ਹੈ। ਇਸ ਵੇਦ ਨੂੰ ਚੋਥਾ ਵੇਦ ਕਹਿਣਾ ਇਸਦੇ ਸਥਾਨ ਜਾਂ ਮੱਹਤਤਾ ਨੂੰ ਨਹੀਂ ਘਟਾਉਂਦਾ ਹੈ। ਪੱਛਮੀ ਵਿਦਵਾਨਾਂ ਦਾ ਵਿਚਾਰ ਹੈ ਕਿ ਯੱਗ ਵਿਧੀ ਨਾਲ ਸੰਬੰਧਿਤ ਨਾ ਹੋਣ ਕਰਕੇ ਵੀ ਅਥਰਵ ਵੇਦ ਨੂੰ ਸ਼ੁਰੂ ਸ਼ੁਰੂ ਵਿਚ ਵੇਦ ਦਾ ਨਾਂ ਨਹੀਂ ਸੀ ਮਿਲਿਆ। ਇਸੇ ਲਈ ਪੁਰੋਹਿਤ ਵਰਗ ਇਸਤੋਂ ਦੂਰ ਰਿਹਾ ਅਤੇ ਉਸਦੀ ਸਥਾਪਨਾ ਕਾਫ਼ੀ ਦੇਰ ਮਗਰੋਂ ਹੋਈ। ਕਈ ਬ੍ਰਾਹਮਣ ਗ੍ਰੰਥਾਂ ਵਿੱਚ ਇਸ ਵੇਦ ਦੀ ਮਹੱਤਤਾ ਨੂੰ ਸਵਿਕਾਰਿਆ ਗਿਆ ਹੈ।

**ਅਲੱਗ ਅਲੱਗ ਨਾਂ** - ਅਥਰਵ ਵੇਦ ਅੱਡ ਅੱਡ ਨਾਵਾਂ ਨਾਲ ਪ੍ਰਸਿੱਧ ਰਿਹਾ ਹੈ। ਇਸ ਵੇਦ ਦੇ ਦੋ ਨਾਂ ਹਨ: ਭ੍ਰਿਗੂਵੇਦ ਅਤੇ ਬ੍ਰਹਮਵੇਦ। ਭ੍ਰਿਗੂ ਦਾ ਸੰਬੰਧ ਅਗਨੀ ਨਾਲ ਹੈ। ਭਾਵ ਜਿਹੜਾ ਅਗਨੀ ਵਿਚ ਉਤਪੰਨ ਹੋਣ ਵਾਲੇ ਦਾ ਬੋਧ ਕਰਵਾਉਂਦਾ ਹੈ। ਭ੍ਰਿਗੂ ਰਿਸ਼ੀ ਨਾਲ ਸੰਬੰਧ ਹੋਣ ਕਾਰਣ ਭ੍ਰਿਗੂਵੇਦ ਨਾਂ ਵੀ ਪੈ ਗਿਆ ਹੋਵੇਗਾ। ਇਸਦਾ ਸੰਬੰਧ ਬ੍ਰਹਮਾ ਨਾਂ ਰਿਸ਼ੀ ਨਾਲ ਵੀ ਹੈ ਅਤੇ ਪਤਾ ਲਗਦਾ ਹੈ ਕਿ ਬ੍ਰਹਮਾ ਨਾਂ ਦੇ ਪੁਰੋਹਿਤ ਦੇ ਲਈ ਵੀ ਇਸ ਵੇਦ ਦਾ ਨਾਂ ਸੰਕਲਿਤ ਕੀਤਾ ਗਿਆ। ਪੱਛਮੀ ਵਿਦਵਾਨਾਂ ਦੀ ਧਾਰਨਾ ਹੈ ਕਿ ਧਰਮ ਤੱਤ ਸੰਬੰਧੀ ਚਿੰਤਨ ਕਾਰਣ ਵੀ ਇਹ ਵੇਦ 'ਬ੍ਰਹਮਵੇਦ' ਅਖਵਾਉਂਦਾ ਰਿਹਾ।

**ਸ਼ਾਖਾਵਾਂ** - ਮਹਾਂਭਾਸ਼ਾ ਵਿਚ ਇਸ ਵੇਦ ਦੀਆਂ 9 ਸ਼ਾਖਾਵਾਂ ਦਾ ਉਲੇਖ ਹੈ। ਪਰੰਤੂ ਹੁਣ ਸਿਰਫ ਦੋ ਸ਼ਾਖਾਵਾਂ ਹੀ ਮਿਲਦੀਆਂ ਹਨ ਸ਼ੋਨਕ ਅਤੇ ਪੈਪੱਲਾਦ। ਇਨ੍ਹਾਂ ਵਿਚੋਂ ਵੀ ਵਧੇਰੇ ਸ਼ੋਨਕ ਹੀ ਪ੍ਰਚਲਿਤ ਹੈ।

**ਸੰਯੋਜਨ**- ਅਥਰਵ ਵੇਦ ਵਿਚ 20 ਕਾਂਡ 930 ਸੂਕਤ ਅਤੇ ਲਗਭਗ 6000 ਮੰਤਰ ਹਨ। ਇਹਨਾਂ ਵਿਚੋਂ 1200 ਮੰਤਰ ਰਿਗਵੇਦ ਵਾਲੇ ਹੀ ਹਨ। ਇਸ ਗ੍ਰੰਥ ਦਾ 20ਵਾਂ ਕਾਂਡ ਤਾਂ ਰਿਗਵੇਦ ਦੇ ਸੂਕਤਾਂ ਨਾਲ ਭਰਿਆ ਪਿਆ ਹੈ। ਸਾਰੇ ਕਾਂਡਾਂ ਵਿਚ ਕਿਸੇ ਵਿਸ਼ੇਸ਼ ਕ੍ਰਮ ਦਾ ਬਿਨਾਂ ਧਿਆਨ ਰਖਦਿਆਂ ਸੂਕਤ ਇਕੱਠੇ ਕੀਤੇ ਗਏ ਹਨ। ਹਾਂ ਇੰਨੀ ਗੱਲ ਜ਼ਰੂਰ ਵੇਖਣ ਨੂੰ ਮਿਲਦੀ ਹੈ ਕਿ ਹਰੇਕ ਸੂਕਤ ਦੇ ਸ਼ੁਰੂ ਵਿਚ ਦੇਵਤਾ, ਰਿਸ਼ੀ ਅੰਤ ਛੰਦ ਦਾ ਉਲੇਖ ਜ਼ਰੂਰ ਕੀਤਾ ਗਿਆ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਅਥਰਵੇਦ ਨੂੰ ਸ਼ੁਰੂ ਸ਼ੁਰੂ ਵਿਚ ਵੇਦ ਦਾ ਨਾਂ ਕਿਉਂ ਨਹੀਂ ਮਿਲਿਆ।
2. ਅਥਰਵ ਵੇਦ ਦੇ ਪ੍ਰਮੁੱਖ ਦੋ ਨਾਂ ਕਿਹੜੇ ਕਿਹੜੇ ਹਨ?
3. ਮਹਾਂਭਾਸ਼ ਵਿਚ ਇਸ ਵੇਦ ਦੀਆਂ ਕਿੰਨੀਆਂ ਸ਼ਾਖਾਵਾਂ ਦਾ ਉਲੇਖ ਹੈ?
4. ਅਥਰਵ ਵੇਦ ਦੀਆਂ ਕਿਹੜੀਆਂ ਦੋ ਸ਼ਾਖਾਵਾਂ ਮਿਲਦੀਆਂ ਹਨ?
5. ਅਥਰਵ ਵੇਦ ਦੇ ਕਿੰਨੇ ਮੰਤਰ ਰਿਗਵੇਦ ਵਾਲੇ ਹੀ ਹਨ?

**ਵਿਸ਼ਾ ਵਸਤੂ**- ਅਥਰਵ ਵੇਦ ਵਿਚ ਕੋਈ ਇਕ ਵਿਸ਼ਾ ਨਹੀਂ ਮਿਲਦਾ, ਸਗੋਂ ਇਸ ਗ੍ਰੰਥ ਵਿਚ ਬਹੁਤ ਸਾਰੇ ਵਿਸ਼ੇ ਵੇਖਣ ਨੂੰ ਮਿਲਦੇ ਹਨ। ਇੱਥੇ ਅਸੀਂ ਕੁਝ ਕੁ ਵਿਸ਼ਿਆਂ ਸੰਬੰਧੀ ਜਾਣਕਾਰੀ ਦੇ ਰਹੇ ਹਾਂ। ਪਹਿਲੇ ਅਤੇ ਦੂਜੇ ਕਾਂਡ ਵਿਚ ਭਿੰਨ ਭਿੰਨ ਬਿਮਾਰੀਆਂ, ਦੁਸ਼ਮਣ ਅਤੇ ਲੰਬੀ ਉਮਰ ਸੰਬੰਧੀ ਮੰਤਰ ਹਨ। ਤੀਜੇ ਕਾਂਡ ਵਿਚ ਦੁਸ਼ਮਣ, ਸੈਨਾ ਨੂੰ ਵੱਸ ਵਿਚ ਕਰਨ, ਰਾਜਾ ਦੀ



Downloaded from https:// www.studiestoday.com

Downloaded from https:// www.studiestoday.com

ਚੋਣ, ਖੇਤੀ ਅਤੇ ਪਸ਼ੂਪਾਲਣ ਸੰਬੰਧੀ ਮੰਤਰਾਂ ਦਾ ਸੰਕਲਨ ਹੈ। ਪੰਜਵੇਂ ਕਾਂਡ ਵਿਚ ਬ੍ਰਾਹਮਣ ਜਾਤੀ ਦੇ ਮਹੱਤਵ ਅਤੇ ਦੁਸ਼ਮਣ ਦੇ ਨਾਸ਼ ਦਾ ਵਰਣਨ ਹੈ। ਛੇਵੇਂ ਕਾਂਡ ਵਿਚ ਅੰਨ ਦੇ ਵਾਧੇ ਸੰਬੰਧੀ ਮੰਤਰ ਹਨ। ਨੌਵੇਂ ਕਾਂਡ ਵਿਚ ਮਧੂਕਸ਼ਾ ਨਾਂ ਦੀ ਦਵਾਈ ਬਾਰੇ ਲਿਖਿਆ ਹੈ। ਤੇਰ੍ਹਵੇਂ ਕਾਂਡ ਵਿਚ ਅਧਿਆਤਮ ਦਾ ਵਰਣਨ ਹੈ। ਸੋਲਵੇਂ ਕਾਂਡ ਵਿਚ ਦੁੱਖ ਮੋਚਨ ਮੰਤਰ ਹਨ ਅਤੇ ਸਤਾਰ੍ਹਵੇਂ ਵਿਚ ਦੂਜੇ ਨੂੰ ਵਸ ਵਿਚ ਕਰਨ ਵਾਲੇ ਮੰਤਰ ਮਿਲਦੇ ਹਨ। ਉਨੀਵੇਂ ਕਾਂਡ ਤੋਂ ਜੋਤਿਸ਼ ਸੰਬੰਧੀ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਵੀਹਵੇਂ ਕਾਂਡ ਵਿਚ ਸੋਮਯਗ ਦੀ ਚਰਚਾ ਕੀਤੀ ਗਈ ਹੈ।

**ਹੋਰ ਵਿਸ਼ੇ :** ਯਜੁਰਵੇਦ ਵਿਚ ਕੁਝ ਹੋਰ ਵਿਸ਼ੇ ਵੀ ਵੇਖਣ ਨੂੰ ਮਿਲਦੇ ਹਨ ਜਿਵੇਂ ਵਰਣ ਅਵਸਥਾ ਅਤੇ ਆਸ਼ਰਮ ਅਵਸਥਾ। ਇਸ ਵੇਦ ਅਨੁਸਾਰ ਬ੍ਰਾਹਮਣ ਗਿਆਨ ਦਾ ਭੰਡਾਰ ਹੋਣ ਕਾਰਨ ਸਾਰਿਆਂ ਦਾ ਪਾਲਣਹਾਰ ਹੈ। ਖਤਰੀ, ਪਰਜਾ ਦਾ ਮਾਲਕ ਹੈ ਅਤੇ ਉਹੀ ਰਾਜਾ ਹੋਣ ਯੋਗ ਹੈ। ਯਜੁਰਵੇਦ ਵਿਚ ਵੈਸ਼ ਅਤੇ ਸ਼ੂਦਰਾਂ ਦੇ ਕੰਮਾਂ ਅਤੇ ਅਧਿਕਾਰਾਂ ਦਾ ਉਲੇਖ ਨਹੀਂ ਮਿਲਦਾ ਹੈ। ਇਸੇ ਪ੍ਰਕਾਰ ਚਾਰ ਆਸ਼ਰਮਾਂ ਦਾ ਵੀ ਸਿੱਧੇ ਜਾ ਅਸਿੱਧੇ ਢੰਗ ਨਾਲ ਉਲੇਖ ਹੋਇਆ ਹੈ। ਗ੍ਰਹਿਸਥ ਆਸ਼ਰਮ ਬਾਰੇ ਲਿਖਿਆ ਹੈ ਕਿ ਪਤੀ ਅਤੇ ਪਤਨੀ ਦਾ ਵਿਆਹ ਸੰਬੰਧ ਸਿਰਫ ਸਰੀਰਕ ਸੰਬੰਧ ਨਹੀਂ , ਸਗੋਂ ਉਹ ਮਾਨਸਿਕ ਅਤੇ ਭਾਵਨਾਤਮਕ ਹੈ। ਇਸ ਵੇਦ ਵਿਚ ਜੀਵਨ ਦੇ ਚਾਰ ਉਦੇਸ਼ਾਂ ਧਰਮ, ਅਰਥ, ਕਾਮ, ਮੋਖ ਆਦਿ ਬਾਰੇ ਵੀ ਵਿਚਾਰ ਮਿਲਦੇ ਹਨ।

ਇਸ ਤੋਂ ਇਲਾਵਾ ਇਸ ਵੇਦ ਵਿਚ 'ਕੇਵਲ' ਦੇਵਤਿਆਂ ਬਾਰੇ, ਯੱਗ ਦੇ ਕੰਮ ਸੰਬੰਧੀ ਵਸਤੂ ਆਦਿ ਨਾਲ ਦੇਵਤਾ ਦਾ ਸੰਬੰਧ ਜੋੜਨ ਵਾਲੇ, ਇੰਦਰਜਾਲ ਵਾਲੇ, ਦੇਵਤਿਆਂ ਦੇ ਨਾਵਾਂ ਵਾਲੇ ਮੰਤਰ ਵੀ ਮਿਲਦੇ ਹਨ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਅਥਰਵਵੇਦ ਦੇ ਵਿਸ਼ੇ ਬਾਰੇ ਤੁਸੀਂ ਕੀ ਜਾਣਦੇ ਹੋ?
2. ਪਸ਼ੂਪਾਲਣ ਅਤੇ ਖੇਤੀ ਨਾਲ ਸੰਬੰਧਿਤ ਮੰਤਰ ਕਿਹੜੇ ਕਾਂਡ ਵਿਚ ਦਰਜ ਹਨ?
3. ਇਸ ਵੇਦ ਦਾ ਪੰਜਵਾਂ ਕਾਂਡ ਕਿਸ ਗੱਲ ਨਾਲ ਸੰਬੰਧਿਤ ਹੈ?
4. ਅੰਨ ਦੇ ਵਾਧੇ ਸੰਬੰਧੀ ਮੰਤਰ ਕਿਹੜੇ ਕਾਂਡ ਵਿਚ ਦਿੱਤੇ ਗਏ ਹਨ?
5. ਜੋਤਿਸ਼ ਬਾਰੇ ਕਿਹੜੇ ਕਾਂਡ ਵਿਚ ਉਲੇਖ ਕੀਤਾ ਗਿਆ ਹੈ?

ਅੰਤ ਵਿਚ ਆਖਿਆ ਜਾ ਸਕਦਾ ਹੈ ਕਿ ਵੇਦ ਚਾਰ ਹਨ -ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵ ਵੇਦ। ਹਰ ਵੇਦ ਦੀਆਂ ਸ਼ਾਖਾਵਾਂ ਅੱਡ ਅੱਡ ਹਨ ਅਤੇ ਹਰੇਕ ਦਾ ਵਿਸ਼ਾ ਵਸਤੂ ਵੀ ਕਾਫੀ ਹੱਦ ਤਕ ਵਖਰਾ ਵਖਰਾ ਹੈ।

**ਵੈਦਿਕ ਸਾਹਿਤ ਦੀਆਂ ਵਿਸ਼ੇਸ਼ਤਾਵਾਂ**

ਚਾਰੇ ਵੇਦਾਂ ਸੰਬੰਧੀ ਅਧਿਐਨ ਕਰਨ ਪਿਛੋਂ ਸਾਨੂੰ ਇਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਸੰਬੰਧੀ ਵੀ ਜਾਣਕਾਰੀ ਮਿਲ ਜਾਂਦੀ ਹੈ। ਵੈਦਿਕ ਸਾਹਿਤ (ਚਾਰੇ ਵੇਦ ਮਿਲਕੇ ਸਾਹਿਤ) ਦੀਆਂ ਵਿਸ਼ੇਸ਼ਤਾਵਾਂ ਹੇਠ ਦਿੱਤੇ ਅਨੁਸਾਰ ਹਨ।

(1) ਵੇਦ ਧਾਰਮਿਕ ਦ੍ਰਿਸ਼ਟੀ ਤੋਂ ਭਾਰਤ ਦਾ ਇਕ ਵਡਮੁਲਾ ਖਜਾਨਾ ਹਨ। ਇਨ੍ਹਾਂ ਵਿਚ ਉਸ ਕਾਲ ਦੀਆਂ ਧਾਰਮਿਕ ਮਾਨਤਾਵਾਂ, ਵਿਸ਼ਵਾਸਾਂ ਅਤੇ ਪੂਜਾ ਪਾਠ ਸੰਬੰਧੀ ਜਾਣਕਾਰੀ ਮਿਲਦੀ ਹੈ। ਇਹ ਵੀ ਪਤਾ ਲਗਦਾ ਹੈ ਕਿ ਉਸ ਸਮੇਂ ਕਿਹੜੇ ਕਿਹੜੇ ਦੇਵਤਿਆਂ ਦੀ ਸਮਾਜ ਵਿਚ ਹੋਂਦ ਬਣ ਚੁੱਕੀ ਸੀ ਅਤੇ ਉਨ੍ਹਾਂ ਦੀ ਉਪਾਸਨਾ ਕਿਵੇਂ ਕੀਤੀ ਜਾਂਦੀ ਸੀ । ਸਾਨੂੰ ਵੇਦਾਂ ਤੋਂ ਇਸ ਗੱਲ ਦਾ ਵੀ ਗਿਆਨ ਪ੍ਰਾਪਤ ਹੁੰਦਾ ਹੈ ਕਿ ਇਨ੍ਹਾਂ ਵਿਚ 'ਯੱਗ' ਅਤੇ 'ਦਾਨ' ਬਾਰੇ ਕੀ ਵਿਚਾਰ ਅੰਕਿਤ ਹਨ।

(2) ਵੇਦਾਂ ਦੀ ਦੂਜੀ ਵਿਸ਼ੇਸ਼ਤਾ ਹੈ ਕਿ ਇਨ੍ਹਾਂ ਵਿਚਲੇ ਦਾਰਸ਼ਨਿਕ ਦ੍ਰਿਸ਼ਟੀਕੋਣ, 'ਪੁਰਸ਼', ਅਤੇ 'ਜੀਵ ਬਾਰੇ ਜਾਣਕਾਰੀ ਮਿਲਦੀ ਹੈ। ਸਾਰੇ ਆਸਤਿਕ ਦਰਸ਼ਨ ਆਪਣਾ ਮੂਲ ਵੇਦ ਨੂੰ ਹੀ ਦਰਸਾਉਂਦੇ ਹਨ।

(3) ਇਸ ਵੱਡਮੁੱਲੇ ਖਜਾਨੇ ਦੀਆਂ ਇਤਿਹਾਸਕ ਅਤੇ ਭੂਗੋਲਿਕ ਵਿਸ਼ੇਸ਼ਤਾਵਾਂ ਵੀ ਹਨ। ਕਿਉਂਕਿ ਰਿਗਵੇਦ, ਵਿਸ਼ਵ ਦੀ ਸੱਭ ਤੋਂ ਪਹਿਲੀ ਰਚਨਾ ਹੈ ਇਸ ਲਈ ਮਨੁੱਖ ਦੇ ਇਤਿਹਾਸ ਦਾ ਮੁੱਢਲਾ ਸ੍ਰੋਤ ਰਿਗਵੇਦ ਅਤੇ ਬਾਕੀ ਵੇਦ ਹਨ। ਇਸ ਤੋਂ ਬਿਨਾ ਸਪਤ ਸਿੰਧੂ ਪ੍ਰਦੇਸ਼ ਦੀ ਇਤਿਹਾਸ, ਭੂਗੋਲਿਕ ਜਾਣਕਾਰੀ, ਨਦੀਆਂ ਪਰਬਤਾਂ ਆਦਿ ਬਾਰੇ ਵੱਡਮੁਲੀ ਸਮਗਰੀ ਵੇਦਾਂ ਵਿਚ ਉਪਲਬਧ ਹੈ।

(4) ਵੇਦਾਂ ਦਾ ਸਮਾਜਕ ਅਤੇ ਸਭਿਆਚਾਰਕ ਮਹੱਤਵ ਇਨ੍ਹਾਂ ਦੀ ਅਗਲੀ ਵਿਸ਼ੇਸ਼ਤਾ ਹੈ। ਰਿਗਵੇਦ ਦੇ ਪੁਰਸ਼ ਸੂਕਤ ਵਿਚ ਵਰਣਾਂ ਦਾ ਉਲੇਖ ਮਿਲਦਾ ਹੈ । ਇਵੇਂ ਹੀ ਸਮਾਜ ਦੇ ਲੋਕ ਕਿਹੜੇ ਕਿਹੜੇ ਕਿੱਤੇ ਅਪਣਾਉਂਦੇ ਸਨ ਇਹ ਜਾਣਕਾਰੀ ਵੀ ਵੇਦਾਂ ਤੋਂ ਮਿਲਦੀ



Downloaded from https:// www.studiestoday.com

Downloaded from https:// www.studiestoday.com

ਹੈ। ਵੇਦਾਂ ਵਿਚ ਗ੍ਰਹਿਸਥ ਆਸ਼ਰਮ ਦਾ ਵੀ ਉਲੇਖ ਹੈ। ਵੇਦ, ਸਮਾਜਿਕ ਸਿਸ਼ਟਾਚਾਰ ਦਾ ਵੱਡ ਮੁੱਲਾ ਖਜਾਨਾ ਹਨ। ਉਨ੍ਹਾਂ ਵਿਚ ਦੱਸਿਆ ਗਿਆ ਹੈ ਕਿ ਸਤਿਕਾਰ ਯੋਗ ਵਿਅਕਤੀਆਂ ਅਤੇ ਸੱਜਣਾ ਨਾਲ ਕਿਵੇਂ ਵਿਉਹਾਰ ਕੀਤਾ ਜਾਵੇ।

(5) ਵੇਦਾਂ ਤੋਂ ਸਾਨੂੰ ਰਾਜਨੀਤੀ ਬਾਰੇ ਵੀ ਜਾਣਕਾਰੀ ਮਿਲਦੀ ਹੈ। ਉਨ੍ਹਾਂ ਵਿਚ ਅੱਡ ਅੱਡ ਸ਼ਾਸਨ ਪ੍ਰਕਿਰਿਆਵਾਂ ਅਤੇ ਰਾਜਨੀਤਕ ਸੰਸਥਾਵਾਂ ਦਾ ਉਲੇਖ ਹੈ। ਵੇਦਾਂ ਵਿਚ ਪਰਜਾਤੰਤ੍ਰਿਕ ਸੰਸਥਾਵਾਂ 'ਸਭਾ' ਅਤੇ ਸਮਿਤੀ ਦਾ ਵੀ ਵਰਨਣ ਮਿਲਦਾ ਹੈ। ਇਸ ਦੇ ਨਾਲ ਇਹ ਜਾਣਕਾਰੀ ਵੀ ਉਪਲਬਧ ਹੈ ਕਿ ਰਾਸ਼ਟਰ ਰੱਖਿਆ ਦੀ ਕੀ ਮਹੱਤਤਾ ਹੈ ਅਤੇ ਇਸ ਦੀਆਂ ਅੱਡ ਅੱਡ ਵਿਧੀਆਂ ਕਿਹੜੀਆਂ ਹਨ।

(6) ਵੇਦਾਂ ਦੀ ਅਗਲੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਾਡੇ ਪ੍ਰਾਚੀਨ ਸਾਹਿਤ ਦਾ ਇਕ ਵੱਡਮੁੱਲਾ ਖਜਾਨਾ ਹਨ। ਇਨ੍ਹਾਂ ਵਿਚ ਜਿੱਥੇ ਮੁਢਲੇ ਨਾਟਕ, ਕਵਿਤਾ, ਸ਼ਾਸਤਰ ਛੰਦਾਂ ਆਦਿ ਦੇ ਬੀਜ ਰੂਪ ਮਿਲਦੇ ਹਨ, ਉੱਥੇ ਇਹਨਾਂ ਨੇ ਵੱਡਮੁੱਲੀ ਵੈਦਿਕ ਸੰਸਕ੍ਰਿਤ ਅਤੇ ਲੌਕਿਕ ਸੰਸਕ੍ਰਿਤ ਸ਼ਬਦਾਵਲੀ ਨੂੰ ਆਪਣੇ ਅੰਦਰ ਸਮੇਟ ਰੱਖਿਆ ਹੈ।

7. ਵੇਦਾਂ ਤੋਂ ਸਾਨੂੰ ਵੱਖ ਵੱਖ ਪ੍ਰਕਾਰ ਦੀ ਵਿਗਿਆਨਕ ਜਾਣਕਾਰੀ ਵੀ ਮਿਲਦੀ ਹੈ। ਵੇਦ ਸਾਨੂੰ ਭੌਤਿਕ ਵਿਗਿਆਨ, ਆਯੁਰਵਿਗਿਆਨ, ਬਨਸਪਤੀ-ਵਿਗਿਆਨ, ਸਾਹਿਤ ਆਦਿ ਸੰਬੰਧੀ ਸਮਗਰੀ ਪ੍ਰਦਾਨ ਕਰਦੇ ਹਨ।

ਕਈ ਭਾਰਤੀ ਅਤੇ ਪੱਛਮੀ ਵਿਦਵਾਨਾਂ ਨੇ ਵੇਦ ਅੰਦਰ ਛਪੇ ਗਿਆਨ ਦਾ ਡੂੰਘਾ ਅਧਿਆਨ ਕੀਤਾ ਹੈ।

## ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. 'ਰਿਗਵੇਦ' ਦੀ ਵਿਉਂਤਬੰਦੀ ਦੱਸੋ।
2. ਰਿਗਵੇਦ ਦੀਆਂ ਸਾਖਾਵਾਂ ਦੀ ਸੰਖੇਪ ਜਾਣਕਾਰੀ ਕਰਵਾਓ।
3. ਰਿਗਵੇਦ ਦੀ ਰਚਨਾ ਬਾਰੇ ਤੁਸੀਂ ਕੀ ਜਾਣਦੇ ਹੋ?
4. ਰਿਗਵੇਦ ਵਿੱਚ ਕਿਹੜੇ ਕਿਹੜੇ ਦਾਰਸ਼ਨਿਕ ਵਿਸ਼ੇ ਸਮੋਏ ਹੋਏ ਹਨ?
5. ਰਿਗਵੇਦ ਵਿੱਚ ਉਸ ਕਾਲ ਦੇਵਤਿਆਂ ਬਾਰੇ ਕੀ ਜਾਣਕਾਰੀ ਮਿਲਦੀ ਹੈ?
6. ਰਿਗਵੇਦ ਵਿੱਚ ਯੱਗ ਸੰਬੰਧੀ ਕੀ ਆਖਿਆ ਗਿਆ ਹੈ।
7. ਰਾਜਨੀਤੀ ਬਾਰੇ ਰਿਗਵੇਦ ਵਿੱਚ ਕੀ ਕਿਹਾ ਗਿਆ ਹੈ।
8. ਯਜੁਰਵੇਦ ਬਾਰੇ ਤੁਸੀਂ ਕੀ ਜਾਣਦੇ ਹੋ? ਇਸ ਦੀਆਂ ਸਾਖਾਵਾਂ ਵੀ ਲਿਖੋ।
9. ਯਜੁਰਵੇਦ ਦਾ ਵਿਸ਼ਾ-ਵਸਤੂ ਕੀ ਹੈ?
10. ਯਜੁਰਵੇਦ ਤੋਂ ਉਸ ਕਾਲ ਦੀ ਧਾਰਮਿਕ ਵਿਚਾਰਧਾਰਾ ਬਾਰੇ ਕੀ ਪਤਾ ਲਗਦਾ ਹੈ?
11. ਯਜੁਰਵੇਦ ਵਿੱਚ ਵਰਣਿਤ ਦੇਵਤਿਆਂ ਬਾਰੇ ਤੁਸੀਂ ਕੀ ਜਾਣਦੇ ਹੋ?
12. ਅਥਰਵ ਵੇਦ ਨਾਲ ਸੰਖੇਪ ਪੀਚੇ ਕਰਵਾਓ।
13. ਅਥਰਵ ਵੇਦ ਦਾ ਵਿਸ਼ਾ ਵਸਤੂ ਕੀ ਹੈ?
14. ਵੇਦ ਧਾਰਮਿਕ ਦ੍ਰਿਸ਼ਟੀ ਤੋਂ ਭਾਰਤ ਦਾ ਇਕ ਵੱਡਮੁੱਲਾ ਖਜ਼ਾਨਾ ਹੈ। ਵਿਚਾਰ ਕਰੋ।
15. ਵੇਦਾਂ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਲਿਖੋ।

## ਨਿਬੰਧਾਤਮਕ ਉੱਤਰਾਂ ਵਾਲੇ ਪ੍ਰਸ਼ਨ

1. ਰਿਗ ਵੇਦ ਬਾਰੇ ਤੁਸੀਂ ਕੀ ਜਾਣਦੇ ਹੋ? ਚਰਚਾ ਕਰੋ।
2. 'ਯਜੁਰਵੇਦ' ਅਤੇ ਸਾਮਵੇਦ ਦਾ ਸੰਖੇਪ ਪੀਚੇ ਕਰਵਾਓ।
3. ਅਥਰਵੇਦ ਸਹਿਤਾ ਸੰਬੰਧੀ ਵਿਚਾਰ ਕਰੋ।
4. ਵੇਦ ਸੰਬੰਧੀ ਸੰਖੇਪ ਜਾਣਕਾਰੀ ਦਿੰਦਿਆਂ ਵੈਦਿਕ ਸਾਹਿਤ ਦੀਆਂ ਵਿਸ਼ੇਸ਼ਤਾਵਾਂ ਲਿਖੋ।



Downloaded from https:// www.studiestoday.com

Downloaded from https:// www.studiestoday.com

ਪਾਠ-8

# ਪੁਰਾਣਾਂ ਅਤੇ ਧਰਮ ਸ਼ਾਸਤਰਾਂ ਦਾ ਸਾਧਾਰਣ ਪ੍ਰੀਚੇ

ਪੁਰਾਣ ਸਾਹਿਤ

'ਪੁਰਾਣ' ਸ਼ਬਦ ਕੋਈ ਨਵਾਂ ਸ਼ਬਦ ਨਹੀਂ। ਇਹ ਸ਼ਬਦ ਵੇਦਾਂ ਜਿੰਨਾਂ ਹੀ ਪੁਰਾਣਾ ਹੈ। ਵੇਦਾਂ ਵਿੱਚ ਪੁਰਾਣ ਸ਼ਬਦ ਦੀ ਵਰਤੋਂ ਸ੍ਰਿਸ਼ਟੀ ਵਿਗਿਆਨ ਦੇ ਅਰਥ ਵਿੱਚ ਹੋਈ ਹੈ।

**ਪੁਰਾਣ ਸ਼ਬਦ ਦਾ ਅਰਥ:-** ਲਗਪਗ ਸਾਰੇ ਕੋਸ਼ਾਂ ਵਿੱਚ 'ਪੁਰਾਣ' ਸ਼ਬਦ ਤੋਂ ਭਾਵ 'ਪੁਰਾਣਾ' ਦੱਸਿਆ ਗਿਆ ਹੈ। ਇਕ ਕੋਸ਼ ਵਿੱਚ ਤਾਂ ਲਿਖਿਆ ਹੈ ਕਿ ਪੁਰਾਣ' ਸ਼ਬਦ ਮੂਲ ਰੂਪ ਵਿੱਚ ਪੁਰਾਣੀਆਂ ਕਥਾਵਾਂ ਦਾ ਸੂਚਕ ਹੈ। ਸਮਾਂ ਬੀਤਣ ਨਾਲ ਇਹ ਸ਼ਬਦ ਅੱਜ ਮਿਲਦੇ ਸਾਰੇ ਪੁਰਾਣਾਂ ਨਾਲ ਜੁੜ ਗਿਆ ਅਤੇ ਇਸੇ ਪਰਿਭਾਸ਼ਿਕ ਰੂਪ ਵਿੱਚ ਇਸ ਦੀ ਵਰਤੋਂ ਹੋ ਰਹੀ ਹੈ।

ਪੁਰਾਣਾਂ ਬਾਰੇ ਪ੍ਰਚਲਿਤ ਪਰਿਭਾਸ਼ਾ ਹੈ ਕਿ ਜੋ ਵੇਦਾਂ ਦੇ ਅਰਥਾਂ ਨੂੰ ਸਪਸ਼ਟ ਕਰਦਾ ਹੈ ਅਤੇ ਉਸਨੂੰ ਪੂਰਾ ਕਰਦਾ ਹੈ ਉਸਨੂੰ ਪੁਰਾਣ ਆਖਦੇ ਹਨ। ਕਿਉਂਕਿ ਪੁਰਾਣ ਵੇਦ ਨੂੰ ਪੂਰਾ ਕਰਦੇ ਹਨ, ਇਸ ਲਈ ਕਈ ਲੋਕ ਤਾਂ ਪੁਰਾਣ ਨੂੰ ਵੇਦ ਦੇ ਬਰਾਬਰ ਸਵੀਕਾਰਦੇ ਹਨ।

**ਉਤਪਤੀ ਦਾ ਆਧਾਰ:-** ਪੁਰਾਣਾਂ ਦੀ ਉਤਪਤੀ ਬਾਰੇ ਬਹੁਤ ਸਾਰੇ ਵਿਦਵਾਨਾਂ ਦੀ ਰਾਏ ਵਿੱਚ ਸਮਾਨਤਾ ਹੈ। ਉਹਨਾਂ ਦੀ ਧਾਰਨਾਂ ਹੈ ਕਿ ਪੁਰਾਣਾਂ ਅਤੇ ਮਹਾਭਾਰਤ ਦੀ ਉਤਪੱਤੀ 'ਅਸ਼ਵਮੇਧ ਯਗ' ਸਮੇਂ ਦਸ ਦਿਨਾਂ ਤਕ ਵਿਚਾਰੇ ਜਾਣ ਵਾਲੇ ਵਿਸ਼ਿਆਂ ਦੇ ਆਧਾਰ ਉੱਤੇ ਹੋਈ ਹੈ। ਦੂਜੇ ਸ਼ਬਦਾਂ ਵਿੱਚ ਅਸੀਂ ਆਖ ਸਕਦੇ ਹਾਂ ਕਿ 'ਅਸ਼ਵਮੇਧ ਯੱਗ' ਸਮੇਂ ਜਿਨ੍ਹਾਂ ਵਿਸ਼ਿਆਂ ਉੱਤੇ ਵਿਚਾਰ ਹੁੰਦਾ ਸੀ ਜਿਵੇਂ ਵਿਸ਼ਨੂੰ, ਸ਼ਿਵ, ਅਗਨੀ, ਵਾਯੂ, ਨਾਰਦ, ਬ੍ਰਹਿਮੰਡ, ਕਰਮ ਆਦਿ ਉਨ੍ਹਾਂ ਨੂੰ ਆਧਾਰ ਬਣਾਕੇ ਅਤੇ ਉਹਨਾਂ ਵਿਸ਼ਿਆਂ ਦਾ ਅਧਿਐਨ ਸਾਹਿਤ ਨਾਲ ਸੁਮੇਲ ਕਰਕੇ 'ਪੁਰਾਣਾਂ' ਦੀ ਸਿਰਜਣਾ ਕੀਤੀ ਗਈ ਹੈ।

**ਗਿਣਤੀ :** ਅੱਜ ਦੇ ਸਮੇਂ ਮਿਲਦੇ ਪੁਰਾਣਾਂ ਦੀ ਗਿਣਤੀ 18 ਹੈ। ਇਸ ਪਰੰਪਰਾਗਤ ਸੰਖਿਆਂ ਦਾ ਕਿਧਰੇ ਵੀ ਖੰਡਨ ਨਹੀਂ ਕੀਤਾ ਮਿਲਦਾ। ਇਸੇ ਪ੍ਰਕਾਰ ਇਹਨਾਂ ਦੇ ਨਾਂਵਾਂ ਬਾਰੇ ਵੀ ਵਿਦਵਾਨ ਇੱਕ ਮੱਤ ਹਨ। ਵਧੇਰੇ ਸਮਾਨਤਾ ਸਾਨੂੰ ਵਿਸ਼ਨੂੰ ਪੁਰਾਣ, ਸ੍ਰੀਮਦ ਭਗਵਤ ਪੁਰਾਣ, ਨਾਰਦ ਪੁਰਾਣ, ਮਾਰਕੰਡੇ ਪੁਰਾਣ, ਵਾਰਾਹ ਪੁਰਾਣ ਅਤੇ ਪਦਮ ਪੁਰਾਣ ਵਿੱਚ ਲਿਖੀ ਸੰਖਿਆ ਅਤੇ ਕ੍ਰਮ ਸੰਬੰਧੀ ਸੂਚਨਾਂਵਾ ਤੋਂ ਮਿਲਦੀ ਹੈ।

**ਨਾਂ ਕ੍ਰਮ :** ਉਪ੍ਰੋਕਤ ਦੇ ਅਧਾਰ ਉੱਤੇ ਅਠਾਰਾਂ ਪੁਰਾਣਾਂ ਦਾ ਨਾਂ ਕ੍ਰਮ ਇਸ ਪ੍ਰਕਾਰ ਹੈ:- ਬ੍ਰਹਮ, ਪਦਮ, ਵਿਸ਼ਨੂੰ, ਸ਼ਿਵ, ਭਗਵਤ, ਨਾਰਦ, ਮਾਰਕੰਡੇ, ਅਗਨੀ, ਭਵਿੱਖ, ਬ੍ਰਹਮ ਵੈਵਰਤ, ਲਿੰਗ, ਵਾਰਾਹ, ਸਕੰਦ, ਵਾਮਨ, ਕੂਕਰਮ, ਮਤਸੂਯ, ਗਰੁੜ, ਬ੍ਰਹਮੰਡ ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਵੇਦਾਂ ਵਿੱਚ 'ਪੁਰਾਣ' ਸ਼ਬਦ ਦੀ ਵਰਤੋਂ ਕਿਸ ਅਰਥ ਵਿੱਚ ਹੋਈ ਹੈ।
2. 'ਪੁਰਾਣ' ਦੇ ਕੋਸ਼ਗਤ ਅਰਥ ਕੀ ਹਨ?
3. 'ਪੁਰਾਣ' ਬਾਰੇ ਪ੍ਰਚਲਿਤ ਪਰਿਭਾਸ਼ਾ ਕੀ ਹੈ?
4. 'ਪੁਰਾਣ' ਦੀ ਉਤਪਤੀ ਬਾਰੇ ਤੁਸੀਂ ਕੀ ਜਾਣਦੇ ਹੋ?
5. ਗਿਣਤੀ ਪੱਖੋਂ ਪੁਰਾਣ ਕਿੰਨੇ ਹਨ?
6. ਕਿਸੇ ਪੰਜ ਪੁਰਾਣਾਂ ਦੇ ਨਾਂ ਲਿਖੋ।

**ਉਪ ਪੁਰਾਣ :** ਪੁਰਾਣਾਂ ਵਾਂਗ ਉਪ-ਪੁਰਾਣ ਵੀ ਪੁਰਾਤਨ ਅਧਿਆਤਮਕ ਸਾਹਿਤ ਦਾ ਹਿੱਸਾ ਹਨ। ਇਹ ਗੱਲ ਆਮ ਪ੍ਰਚਲਿਤ ਹੈ ਕਿ ਪੁਰਾਣਾਂ ਦੇ ਰੂਪ ਗ੍ਰਹਿਣ ਕਰਨ ਤੋਂ ਪਿੱਛੋਂ ਹੀ ਉਪ-ਪੁਰਾਣ ਹੋਂਦ ਵਿੱਚ ਆਏ ਹੋਣਗੇ। ਕਿਧਰੇ ਕਿਧਰੇ ਇਨ੍ਹਾਂ ਦੀ ਗਿਣਤੀ 18 ਮੰਨੀ ਗਈ ਹੈ। ਕਈ ਵਿਦਵਾਨਾਂ ਨੇ ਇਨ੍ਹਾਂ ਦੀ ਗਿਣਤੀ ਲਗਪਗ 100 ਦੱਸੀ ਹੈ।

**ਰਚਨਾ ਕਾਲ :** ਪੁਰਾਣ ਦੇ ਬੀਜ ਅਥਰਵ ਵੇਦ ਅਤੇ ਸਤਪਥ ਬ੍ਰਾਹਮਣ ਆਦਿ ਗ੍ਰੰਥਾਂ ਵਿੱਚ ਮਿਲਦੇ ਹਨ। ਪੁਰਾਣਾਂ ਵਿੱਚ ਵਰਣਿਤ ਕਥਾਵਾਂ ਦੇ ਅੰਸ਼ ਵੈਦਿਕ ਸਾਹਿਤ ਵਿੱਚ ਮੌਜੂਦ ਹਨ, ਪਰੰਤੂ ਇਹ ਪੂਰਣ ਰੂਪ ਵਿੱਚ ਮਗਰੋਂ ਹੋਂਦ ਵਿੱਚ ਆਏ। ਆਮ ਤੌਰ ਉੱਤੇ ਪੁਰਾਣਾਂ ਦਾ ਰਚਨਾ ਕਾਲ ਮਹਾਂਭਾਰਤ ਕਾਲ ਤੋਂ ਲੈ ਕੇ ਪੰਜਵੀਂ ਸਦੀ ਤਕ ਮੰਨਿਆ ਜਾਂਦਾ ਹੈ।

**ਪੁਰਾਣਾਂ ਦਾ ਕਰਤਾ:** ਪ੍ਰਚਲਿਤ ਧਾਰਨਾਂ ਅਨੁਸਾਰ ਪੁਰਾਣਾਂ ਦਾ ਕਰਤਾ ਰਿਸ਼ੀ ਵਿਆਸ ਨੂੰ ਮੰਨਿਆ ਜਾਂਦਾ ਹੈ, ਪਰੰਤੂ



Downloaded from https:// www.studiestoday.com

Downloaded from https:// www.studiestoday.com

ਅੰਦਰਲੀ ਗਵਾਹੀ ਦੇ ਆਧਾਰ ਸਪਸ਼ਟ ਹੈ ਕਿ ਇਹ ਇੱਕੋ ਰਿਸ਼ੀ ਵਿਆਸ ਦੀ ਰਚਨਾ ਨਹੀਂ ਲਗਦੇ ਹਨ। ਸਾਡੇ ਪੁਰਾਣੇ ਸਾਹਿਤ ਦੇ ਸਿਰਜਣਹਾਰਿਆਂ ਨੇ ਆਪਣਾ ਪ੍ਰੀਚੈ ਛੁਪਾਕੇ ਰੱਖਿਆ ਅਤੇ ਉਹਨਾਂ ਨੇ ਆਪਣੇ ਬਹੁਤ ਸਾਰੇ ਗ੍ਰੰਥ ਦੇਵਤਿਆਂ ਅਤੇ ਰਿਸ਼ੀਆਂ ਦੇ ਨਾਂ ਲਿਖ ਦਿੱਤੇ। ਇਹੋ ਗੱਲ ਪੁਰਾਣਾਂ ਉੱਤੇ ਵੀ ਕੁਝ ਹੱਦ ਤੱਕ ਢੁਕਦੀ ਹੈ।

**ਲੱਛਣ ਅਤੇ ਵਿਸ਼ਾ-** ਸੰਸਕ੍ਰਿਤ ਦੇ ਇੱਕ ਕੋਸ਼ (ਅਮਰ ਕੋਸ਼-ਪੰਜਵੀਂ ਸਦੀ) ਅਨੁਸਾਰ ਪੁਰਾਣਾਂ ਦੇ ਪੰਜ ਲੱਛਣ ਹਨ : ਸਰਗ, ਪ੍ਰਤਿ ਸਰਗ, ਵੰਸ, ਮਨਵੰਤਰ ਅਤੇ ਵੰਸ਼ਨੁ-ਚਰਿਤ । 'ਸਰਗ' ਤੋਂ ਭਾਵ ਸ੍ਰਿਸ਼ਟੀ ਦਾ ਗਿਆਨ। 'ਪ੍ਰਤਿ ਸਰਗ' ਦਾ ਅਰਥ ਸ੍ਰਿਸ਼ਟੀ ਦਾ ਵਿਸਥਾਰ, ਵੰਸ ਤੋਂ ਭਾਵ ਹੈ ਦੇਵਤਿਆਂ ਅਤੇ ਰਿਸ਼ੀਆਂ ਦੀ ਵੰਸ ਪਰੰਪਰਾ। ਚੰਦਰ ਵੰਸ਼ੀ ਅਤੇ ਸੂਰਜ ਵੰਸੀ ਰਾਜਿਆਂ ਦੇ ਵੰਸ਼ ਦਾ ਵਰਣਨ 'ਵੰਸ਼ਨਾਂ ਚਰਿਤ' ਹੈ। ਇਹ ਲੱਛਣ ਹੀ ਪੁਰਾਣਾਂ ਦੇ ਵਿਸ਼ੇ ਦਾ ਆਧਾਰ ਹਨ। ਇਹਨਾਂ ਲੱਛਣਾਂ ਤੋਂ ਇਲਾਵਾ ਪੁਰਾਣ, ਬ੍ਰਹਮਾ, ਵਿਸ਼ਨੂੰ, ਸੂਰਜ, ਰੁਦਰ ਆਦਿ ਦੀ ਉਸਤਤੀ, ਸ੍ਰਿਸ਼ਟੀ ਦੀ ਰਚਨਾ, ਰੱਖਿਆ, ਨਾਸ਼, ਧਰਮ, ਅਰਥ, ਕਾਮ ਅਤੇ ਮੋਖ ਆਦਿ ਵਿਸ਼ਿਆਂ ਦੀ ਵੀ ਚਰਚਾ ਕਰਦੇ ਹਨ। ਪਰੰਤੂ ਪੁਰਾਣਾਂ ਦੇ ਸਾਰੇ ਵਿਸ਼ੇ ਕਿਸੇ ਇੱਕ ਘੇਰੇ ਵਿੱਚ ਸਮੋਟੇ ਨਹੀਂ ਜਾ ਸਕਦੇ।

**ਮੁੱਖ ਪ੍ਰਵਿਰਤੀਆਂ :-** ਪੁਰਾਣ ਸਾਹਿਤ ਦੇ ਅਧਿਐਨ ਪਿੱਛੋਂ, ਜਿੱਥੇ ਸਾਨੂੰ ਇਹਨਾਂ ਦੇ ਲੱਛਣ ਅਤੇ ਵਿਸ਼ਿਆਂ ਸੰਬੰਧੀ ਜਾਣਕਾਰੀ ਮਿਲਦੀ ਹੈ ਉਥੇ ਇਹਨਾਂ ਦੀਆਂ ਕੁਝ ਪ੍ਰਵਿਰਤੀਆਂ ਵੀ ਉਭਰਕੇ ਸਾਹਮਣੇ ਆਂਉਦੀਆਂ ਹਨ। ਸੋ ਪੁਰਾਣਾਂ ਦੇ ਪੰਜ ਲੱਛਣਾਂ ਤੋਂ ਬਿਨਾਂ ਪੁਰਾਣਾਂ ਦੀਆਂ ਮੁੱਖ ਪ੍ਰਵਿਰਤੀਆਂ ਇਸ ਪ੍ਰਕਾਰ ਹਨ:-

(1) ਆਸਤਿਕਤਾ (2) ਅਵਤਾਰਵਾਦ (3) ਸਮਨਵੈ ਭਾਵਨਾ
(4) ਚਰਿਤਰ ਚਿਤਰਣ (5) ਚਮਤਕਾਰ ਭਾਵਨਾ (6) ਵਰਣ ਵਿਧਾਨ
(7) ਆਸ਼ਰਮ ਵਿਧਾਨ (8) ਕਰਮ ਕਾਡ ਤੇ ਪੂਜਾ ਵਿਧੀਆਂ (9) ਉਪਦੇਸ਼ਾਤਮਕਤਾ
(10) ਮਹਾਤਮ

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਉਪ-ਪੁਰਾਣ ਤੋਂ ਕੀ ਭਾਵ ਹੈ ?
2. ਉਪ-ਪੁਰਾਣਾਂ ਦੀ ਗਿਣਤੀ ਕਿੰਨੀ ਹੈ?
3. ਪੁਰਾਣਾਂ ਦਾ ਰਚਨਾ ਕਾਲ ਕੀ ਹੈ?
4. 'ਪੁਰਾਣਾਂ' ਦਾ ਕਰਤਾ ਕੌਣ ਹੈ?
5. ਪੁਰਾਣਾਂ ਦੇ ਕੋਈ ਦੋ ਲੱਛਣ ਦੱਸੋ ।
6. ਮੁੱਖ ਤੌਰ ਤੇ ਕਿੰਨ੍ਹਾਂ ਦੇ ਵਿਸ਼ਿਆਂ ਦਾ ਪ੍ਰਗਟਾਵਾ ਸਾਨੂੰ ਪੁਰਾਣਾਂ ਵਿੱਚ ਮਿਲਦਾ ਹੈ।

**ਸੰਪ੍ਰਦਾਈ ਪ੍ਰਭਾਵ ਦੀ ਸੰਭਾਵਨਾ:** ਪੁਰਾਣਾਂ ਦੇ ਨਾਵਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਹਨਾਂ ਉਤੇ ਵੱਖ-ਵੱਖ ਸੰਪ੍ਰਦਾਵਾਂ ਦੇ ਪ੍ਰਭਾਵ ਦੀ ਸੰਭਾਵਨਾਂ ਲਗਦੀ ਹੈ। ਵਿਸ਼ਨੂੰ, ਸ਼ਿਵ, ਭਾਗਵਤ, ਬ੍ਰਹਮ ਵਰਤ, ਆਦਿ ਪੁਰਾਣਾਂ ਦੇ ਨਾਂ ਤੋਂ ਇਸ ਗੱਲ ਦੀ ਸੰਭਾਵਨਾਂ ਬਣਦੀ ਹੈ ਕਿ ਇਹ ਕਿਸੇ ਵਿਸ਼ੇਸ਼ ਸੰਪ੍ਰਦਾਵਾਂ ਦੇ ਗ੍ਰੰਥ ਹਨ। ਪਰੰਤੂ ਇਤਿਹਾਸ ਤੋਂ ਜਾ ਸੰਪ੍ਰਦਾਵਾਂ ਸੰਬੰਧੀ ਪ੍ਰਾਪਤ ਜਾਣਕਾਰੀ ਤੋਂ ਇਸ ਗੱਲ ਦੀ ਕੋਈ ਗਵਾਹੀ ਨਹੀਂ ਮਿਲਦੀ।

**ਉਦੇਸ਼ :** ਇਹਨਾਂ ਪੁਰਾਣਾਂ ਦਾ ਮੁੱਖ ਉਦੇਸ਼ ਤਾਂ ਵੇਦਾਂ ਵਾਲਾ ਹੈ। ਅਰਥਾਤ ਦੇਵਤਿਆਂ ਦੀ ਪ੍ਰਸ਼ੰਸਾ ਅਤੇ ਉਪਾਸਨਾ। ਇਸ ਤੋਂ ਬਿਨਾਂ ਇਹਨਾਂ ਦਾ ਉਦੇਸ ਇਨ੍ਹਾਂ ਦੇਵਤਿਆਂ/ਦੇਵੀਆਂ ਨੂੰ ਅਵਤਾਰ ਸਿੱਧ ਕਰਨਾ ਵੀ ਹੈ। ਇਸ ਤੋਂ ਇਲਾਵਾ ਇਨ੍ਹਾਂ ਦਾ ਇੱਕ ਮੰਤਵ ਮਨੁੱਖ ਅੰਦਰ ਧਾਰਮਿਕਤਾ ਦੀ ਪ੍ਰਵਿਰਤੀ ਨੂੰ ਹੋਰ ਮਜਬੂਤ ਬਣਾਉਣਾ ਹੈ ਅਤੇ ਉਸਨੂੰ ਭੈੜੇ ਕੰਮਾਂ ਤੋਂ ਰੋਕ ਕੇ ਚੰਗੇ ਕੰਮਾਂ ਵਲ ਲਗਾਉਣਾ ਹੈ। ਪ੍ਰੋ.ਮੈਕਡੋਨਲ ਨੇ ਇਹਨਾਂ ਦੀ ਰਚਨਾ ਦਾ ਉਦੇਸ਼ ਸ੍ਰਿਸ਼ਟੀ ਵਿਗਿਆਨ ਨਾਲ ਸੰਬੰਧਿਤ ਵਿਸ਼ਿਆਂ ਦਾ ਸਪੱਸ਼ਟੀਕਰਨ ਕਰਨਾ ਦੱਸਿਆ ਹੈ। ਕੁਝ ਹੋਰ ਵਿਦਵਾਨਾਂ ਨੇ ਇਹਨਾਂ ਦਾ ਉਦੇਸ਼ ਭੂ-ਵਿਗਿਆਨ ਵੀ ਸਵੀਕਾਰਿਆ ਹੈ। ਪੁਰਾਣ ਵਿੱਚ ਸਮੇਂ ਦੇ ਨਾਲ ਵਿਸ਼ੇ ਵੀ ਬਦਲਦੇ ਗਏ ਅਤੇ ਉਸ ਨਾਲ ਉਹਨਾਂ ਦੇ ਉਦੇਸ਼ਾਂ ਵਿੱਚ ਵੀ ਪਰਿਵਰਤਨ ਆਂਉਂਦਾ ਰਿਹਾ।

**ਸਾਹਿਤਕ ਸਮੀਖਿਆ :-** ਪੁਰਾਣ ਭਾਵੇਂ ਆਖਿਆਨ (ਕਥਾਵਾਂ) ਆਧਾਰਿਤ ਹਨ, ਪਰ ਫੇਰ ਵੀ ਸਾਹਿਤਕ ਪੱਖ ਤੋਂ ਇਹ ਵਧੇਰੇ ਵਿਲਖਣਤਾਵਾ ਦੇ ਮਾਲਕ ਨਹੀਂ ਹਨ। ਇਹਨਾਂ ਵਿੱਚ ਸਾਹਿਤ ਰੂਪ ਅਤੇ ਭਾਸ਼ਾ ਦੀ ਇੱਕ ਸਾਰਤਾ ਦੀ ਥਾਂ ਮਨ-ਮਰਜੀ ਦੀ ਵਰਤੋਂ ਵਧੇਰੇ ਮਿਲਦੀ ਹੈ। ਕਈ ਥਾਂਵਾਂ ਉਤੇ ਸਲੋਕਾਂ ਵਲ ਧਿਆਨ ਚਲੇ ਜਾਣ ਕਰਕੇ ਵਿਆਕਰਣ ਅਸ਼ੁੱਧੀਆਂ ਵੇਖਣ ਨੂੰ



Downloaded from https:// www.studiestoday.com

Downloaded from https:// www.studiestoday.com

ਮਿਲਦੀਆਂ ਹਨ। ਸੰਖੇਪਤਾ ਦੀ ਥਾਂ ਵਿਸਤਾਰ ਤੋਂ ਵਧੇਰੇ ਕੰਮ ਲਿਆ ਗਿਆ ਹੈ। ਅਸਲ ਵਿੱਚ ਵੈਦਿਕ ਸਾਹਿਤ ਦੇ ਮੂਲ ਗਿਆਨ ਨੂੰ ਉਸ ਯੁੱਗ ਦੇ ਲੋਕਾਂ ਤਕ ਸਰਲ ਰੂਪ ਵਿੱਚ ਪਹੁੰਚਾਣ ਲਈ ਪੁਰਾਣਾਂ ਦੀ ਰਚਨਾ ਕੀਤੀ ਗਈ ਹੈ। ਇਸ ਕਾਰਣ ਇਹਨਾਂ ਵਿੱਚ ਸਾਹਿਤਕ ਨਿਯਮਾਂ ਦਾ ਵਧੇਰੇ ਧਿਆਨ ਨਹੀਂ ਰੱਖਿਆ ਗਿਆ। ਵਿਸ਼ੇ ਨੂੰ ਮੁੱਖ ਤੌਰ ਤੇ ਗੋਸ਼ਟੀਆਂ ਅਤੇ ਕਥਾਵਾਂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਪੱਖੋਂ ਪੁਰਾਣ ਸਾਡੇ ਗੋਸ਼ਟੀ ਸਾਹਿਤ ਅਤੇ ਕਥਾ ਸਾਹਿਤ ਦਾ ਅਧਾਰ ਬਣਦੇ ਹਨ।

**ਇਤਿਹਾਸਕ ਜਾਣਕਾਰੀ:** ਜਿੱਥੇ ਪੁਰਾਣਾਂ ਵਿੱਚ ਮਿਥਿਹਾਸਕ ਕਥਾਵਾਂ ਪੜ੍ਹਨ ਨੂੰ ਮਿਲਦੀਆਂ ਹਨ, ਉਥੇ ਕੁਝ ਹੱਦ ਤਕ ਪੁਰਾਣ ਭਾਰਤ ਦੇ ਇਤਿਹਾਸ ਦਾ ਸ੍ਰੋਤ ਵੀ ਆਖੇ ਜਾ ਸਕਦੇ ਹਨ। ਅਠਾਰਾਂ ਪੁਰਾਣਾਂ ਵਿੱਚ ਕੁਝ ਪੁਰਾਣ ਅਜਿਹੇ ਹਨ ਜਿਨ੍ਹਾਂ ਵਿੱਚ ਮਹਾਂਭਾਰਤ ਕਾਲ ਦੇ ਭਾਰਤ ਦੇ ਪੁਰਾਤਨ ਰਾਜਵੰਸ਼ਾਂ ਤੋਂ ਲੈ ਕੇ ਗੁਪਤ ਵੰਸ਼ ਤਕ ਦੇ ਸ਼ਾਸ਼ਕਾਂ ਦਾ ਇਤਿਹਾਸ ਵੀ ਪੜ੍ਹਨ ਨੂੰ ਮਿਲਦਾ ਹੈ। ਭਾਰਤ ਦਾ ਇਤਿਹਾਸ ਲਿਖਣ ਵਾਲਿਆਂ ਲਈ ਕੁਝ ਹੱਦ ਤਕ ਪੁਰਾਣ ਸ੍ਰੋਤ ਸਮਗਰੀ ਵੀ ਹੋ ਨਿਬੜਦੇ ਹਨ।

**ਦਾਰਸ਼ਨਿਕ ਮਹੱਤਵ :** ਭਾਵੇਂ ਉਪਨਿਸਦਾਂ ਅਤੇ ਭਗਵਤ ਗੀਤਾ ਵਾਂਗ, ਪੁਰਾਣ, ਦਾਰਸ਼ਨਿਕ ਗ੍ਰੰਥ ਨਹੀਂ ਆਖੇ ਜਾ ਸਕਦੇ ਪਰੰਤੂ ਫੇਰ ਵੀ ਪੁਰਾਣਾਂ ਦੀਆਂ ਕਥਾਵਾਂ ਵਿੱਚ ਬਹੁਤ ਸਾਰੇ ਦਾਰਸ਼ਨਿਕ ਵਿਸ਼ੇ ਸਮੋਏ ਹੋਏ ਹਨ। ਉਹਨਾਂ ਵਿੱਚ ਮੁੱਖ ਵਿਸ਼ੇ ਹਨ ਬ੍ਰਹਮ ਕੀ ਹੈ? ਆਤਮਾ ਕੀ ਹੈ? ਬ੍ਰਹਮ ਅਤੇ ਜੀਵ ਕੀ ਬ੍ਰਹਮ ਕਾਰਕ ਹੈ? ਆਤਮਾ ਦਾ ਕੀ ਸੰਬੰਧ ਹੈ, ਆਤਮਾ ਅਮਰ ਕਿਵੇਂ ਹੋਵੇ ? ਕਰਮ ਸਿਧਾਂਤ, ਜੀਵਨ ਵਿੱਚ ਪਾਪ ਪੁੰਨ ਦੀ ਮਹੱਤਤਾ, ਪ੍ਰਿਥਵੀ ਦੀ ਉਤਪਤੀ ਦਾ ਸਿਧਾਂਤ, ਜੀਵਨ-ਸ੍ਰੋਤ ਦਾ ਸਿਧਾਂਤ ਆਦਿ। ਕੁਝ ਹੱਦ ਤੱਕ ਦਵੈਤ ਅਤੇ ਅਦਵੈਤ ਵੀ ਪੁਰਾਣਾਂ ਦੀ ਦਾਰਸ਼ਨਿਕ ਜਾਣਕਾਰੀ ਦੇ ਘੇਰੇ ਵਿੱਚ ਆਂਉਂਦਾ ਹੈ।

**ਹੋਰ ਜਾਣਕਾਰੀ-** ਇਤਿਹਾਸਕ ਅਤੇ ਦਾਰਸ਼ਨਿਕ ਜਾਣਕਾਰੀ ਤੋਂ ਬਿਨਾਂ ਪੁਰਾਣ ਸਾਨੂੰ ਹੋਰ ਵੀ ਕਈ ਪ੍ਰਕਾਰ ਦੀ ਜਾਣਕਾਰੀ ਪ੍ਰਦਾਨ ਕਰਦੇ ਹਨ। ਇਸ ਜਾਣਕਾਰੀ ਵਿੱਚ ਉਸ ਕਾਲ ਦੀ ਧਾਰਮਿਕ, ਸਭਿਆਚਾਰਕ, ਸਮਾਜਕ, ਆਰਥਿਕ, ਵਿਦਿਅਕ, ਰਾਜਨੀਤਿਕ ਆਦਿ ਜਾਣਕਾਰੀ ਸ਼ਾਮਿਲ ਹੈ। ਉਸ ਕਾਲ ਵਿੱਚ ਲੋਕਾਂ ਦੀਆਂ ਪੂਜਾ-ਪਾਠ ਦੀਆਂ ਧਾਰਮਿਕ ਵਿਧੀਆਂ ਕੀ ਕੀ ਸਨ? ਉਹ ਕਿਸ ਧਾਰਮਿਕ ਪਰੰਪਰਾਵਾ ਅਤੇ ਰਹੁ ਰੀਤਾ ਨੂੰ ਮੰਨਦੇ ਸਨ? ਲੋਕਾਂ ਦੇ ਜੀਵਨ ਦੇ ਵੱਖ-ਵੱਖ ਸੰਸਕਾਰ ਕਿਵੇਂ ਮਨਾਏ ਜਾਂਦੇ ਸਨ? ਰੀਤੀ ਰਿਵਾਜ ਕਿਹੋ ਜਿਹੇ ਸਨ? ਰਾਜਾ ਅਤੇ ਪਰਜਾ ਦੀ ਆਰਥਕ ਹਾਲਤ ਵਿੱਚ ਕਿੰਨਾ ਕੁ ਫਰਕ ਸੀ? ਵਿੱਦਿਆ ਆਸ਼ਰਮਾਂ ਵਿੱਚ ਦਿੱਤੀ ਜਾਂਦੀ ਸੀ। ਰਾਜਾ, ਵਜੀਰ ਅਤੇ ਰਾਜ ਕਰਮਚਾਰੀਆਂ ਦੇ ਕੀ ਕੀ ਫਰਜ ਅਤੇ ਅਧਿਕਾਰ ਸਨ? ਆਦਿ ਸੰਬੰਧੀ ਜਾਣਕਾਰੀ ਸਾਨੂੰ ਪੁਰਾਣਾਂ ਵਿੱਚੋਂ ਮਿਲ ਜਾਂਦੀ ਹੈ।

**ਲਾਭ ਅਤੇ ਮਹੱਤਤਾ :** ਸਾਡੇ ਲਈ ਪੁਰਾਣ ਸਾਹਿਤ ਬਹੁਤ ਹੀ ਲਾਭਦਾਇਕ ਅਤੇ ਮਹੱਤਵਪੂਰਣ ਸਮੱਗਰੀ ਹੈ। ਜਿੱਥੇ ਇਹ ਉਸ ਕਾਲ ਦਾ ਇੱਕ ਵੱਡਮੁਲਾ ਅਧਿਆਤਮਕ ਸਾਹਿਤ ਦਾ ਖਜਾਨਾਂ ਹੈ, ਉਥੇ ਇਹ ਆਧੁਨਿਕ ਕਥਾ ਸਾਹਿਤ ਅਤੇ ਗੋਸ਼ਟਿ ਸਾਹਿਤ ਦੀ ਆਧਾਰ ਭੂਮੀ ਹੈ। ਸਾਹਿਤ ਦੇ ਕਈ ਵਿਦਵਾਨ ਤਾਂ ਆਧੁਨਿਕ ਗਲਪ ਸਾਹਿਤ ਦੀ ਉਤਪਤੀ ਪੁਰਾਣ ਸਾਹਿਤ ਤੋਂ ਹੋਈ ਸਵੀਕਾਰਦੇ ਹਨ।

ਧਰਮ ਦੇ ਖੇਤਰ ਵਿੱਚ ਵੀ ਪੁਰਾਣਾਂ ਦੀ ਵੱਡੀ ਮਹੱਤਤਾ ਹੈ। ਰਾਮਾਨੁਜ ਨੇ ਇੱਕ ਥਾਂ ਆਖਿਆ ਵੀ ਹੈ ਕਿ ਸੱਭ ਤੋਂ ਸ੍ਰੇਸਟ ਗਿਆਨ ਦੀ ਪ੍ਰਾਪਤੀ ਲਈ ਵੇਦ ਸਨ, ਜਦੋਂ ਕਿ ਪਾਪਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਇਤਿਹਾਸ ਅਤੇ ਪੁਰਾਣ ਸਨ। ਇਸ ਲਈ ਭਾਰਤੀ ਧਰਮਾਂ ਸੰਬੰਧੀ ਅਧਿਐਨ ਕਰਨ ਵਾਲੇ ਲਈ ਇਨ੍ਹਾਂ ਦਾ ਅਧਿਐਨ ਜ਼ਰੂਰੀ ਹੈ।

ਭਾਰਤੀ ਮਿਥਿਹਾਸ ਅਤੇ ਇਤਿਹਾਸ ਦਾ ਅਧਿਐਨ ਕਰਨ ਲਈ ਪੁਰਾਣਾਂ ਦਾ ਵਿਸ਼ੇਸ਼ ਮਹੱਤਵ ਹੈ। ਇਹਨਾਂ ਨੂੰ ਆਧਾਰ ਬਣਾ ਕੇ ਪੱਛਮੀ ਅਤੇ ਭਾਰਤੀ ਵਿਦਵਾਨਾਂ ਨੇ ਭਾਰਤੀ ਮਿਥਹਾਸ ਕੋਸ਼ ਤਿਆਰ ਕੀਤੇ ਹਨ। ਇਵੇਂ ਹੀ ਪੁਰਾਤਨ ਭਾਰਤੀ ਇਤਿਹਾਸਕਾਰਾਂ ਲਈ ਕੁਝ ਹੱਦ ਤਕ ਇਤਿਹਾਸ ਦੇ ਸ੍ਰੋਤ ਵੀ ਹਨ। ਭਾਰਤ ਦੀ ਸਭਿਅਤਾ ਅਤੇ ਸਭਿਆਚਾਰ ਜਾਣਨ ਲਈ ਪੁਰਾਣ ਬਹੁਤ ਹੱਦ ਤਕ ਸਹਾਇਕ ਹੋ ਨਿਬੜਦੇ ਹਨ, ਕਿਉਂਕਿ ਇਹ ਉਸ ਕਾਲ ਦੇ ਭਾਰਤੀ ਜੀਵਨ ਉਪਰ ਕਈ ਦਿਸ਼ਾਵਾਂ ਤੋਂ ਚਾਨਣਾ ਪਾਉਂਦੇ ਹਨ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਪੁਰਾਣ ਦਾ ਮੁੱਖ ਉਦੇਸ਼ ਕੀ ਹੈ?
2. ਜੀਵ ਨਾਲ ਸੰਬੰਧਿਤ ਪੁਰਾਣਾਂ ਦਾ ਕੀ ਉਦੇਸ਼ ਹੈ?
3. ਪੁਰਾਣ ਕਿਸ ਉੱਤੇ ਆਧਾਰਿਤ ਹਨ?
4. ਪੁਰਾਣ ਵਿਚੋ ਕਿਸ ਦੀ ਆਰਥਕ ਹਾਲਤ ਦਾ ਪਤਾ ਲੱਗਦਾ ਹੈ?
5. ਪੁਰਾਣ ਮਿਥਿਹਾਸ ਨਾਲ ਹੋਰ ਕਿਹੜੀ ਜਾਣਕਾਰੀ ਦਿੰਦੇ ਹਨ?



Downloaded from https:// www.studiestoday.com

Downloaded from https:// www.studiestoday.com

## ਉਪਨਿਸਦਾਂ ਦਾ ਆਮ ਪਰੀਚੈ

ਵੇਦਾਂ ਵਾਂਗ ਉਪਨਿਸ਼ਦ ਵੀ ਭਾਰਤੀ ਦਰਸ਼ਨ ਅਤੇ ਹਿੰਦੂ ਧਰਮ ਦਾ ਇੱਕ ਵੱਡਮੁੱਲਾ ਖਜਾਨਾ ਹਨ। ਉਪਨਿਸਦਾਂ ਵਿੱਚ ਬ੍ਰਹਮ, ਪ੍ਰਮਾਤਮਾ, ਜੀਵ, ਆਤਮਾ, ਜਗਤ, ਸ੍ਰਿਸ਼ਟੀ, ਮਾਇਆ ਆਦਿ ਵਿਸ਼ਿਆਂ ਤੋਂ ਇਲਾਵਾ ਗਿਆਨ ਦੇ ਵੱਖ-ਵੱਖ ਖੰਡਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਪਾਠ ਵਿੱਚ ਅਸੀਂ ਉਪਨਿਸਦਾਂ ਸੰਬੰਧੀ ਅਧਿਐਨ ਕਰਾਂਗੇ।

**ਉਪਨਿਸ਼ਦ ਸ਼ਬਦ ਦੀ ਵਿਉਂਤਪਤੀ :** 'ਉਪਨਿਸ਼ਦ ਸ਼ਬਦ ਸੰਸਕ੍ਰਿਤ ਦੇ ਉਪ+ਨੀ+ਸ਼ਦ ਦੇ ਸੁਮੇਲ ਤੋਂ ਬਣਿਆ ਹੈ। 'ਉਪ' ਦਾ ਅਰਥ ਹੈ ਨੇੜੇ, ਨੀ ਦਾ ਭਾਵ ਹੇਠਾ ਅਤੇ 'ਸ਼ਦ' ਦਾ ਅਰਥ ਹੈ ਬੈਠਣਾ। ਇੰਝ ਉਪਨਿਸ਼ਦ ਦਾ ਭਾਵ ਹੈ ਨੇੜੇ ਹੋਕੇ ਬੈਠਣਾ। ਕਈ ਵਿਦਵਾਨ ਉਪਨਿਸਦਾਂ ਅਰਥ ਗੁਰੂ (ਅਧਿਆਪਕ) ਦੇ ਨੇੜੇ ਹੋ ਕੇ ਬੈਠਣ ਤੋਂ ਲੈਂਦੇ ਹਨ। ਪਰੰਤੂ ਕੁਝ ਵਿਦਵਾਨ ਇਸ ਸ਼ਬਦ ਤੋਂ ਭਾਵ ਬ੍ਰਹਮ (ਈਸ਼ਵਰ) ਦੇ ਨਜ਼ਦੀਕ ਹੋਣਾ ਵੀ ਦਸਦੇ ਹਨ।

**ਉਪਨਿਸ਼ਦ ਵੇਦਾਂ ਦੇ ਅੰਗ :** ਵੈਦਿਕ ਸਾਹਿਤ ਦੇ ਚਾਰ ਅੰਗ ਮੰਨੇ ਗਏ ਹਨ (1) ਸਹਿੰਤਾ (2) ਬ੍ਰਾਹਮਣ (3) ਆਰਣਿਕ ਅਤੇ (4) ਉਪਨਿਸ਼ਦ । ਇਸ ਪ੍ਰਕਾਰ ਉਪਨਿਸ਼ਦ, ਵੇਦਾਂ ਦੇ ਅੰਗ ਅਖਵਾਉਂਦੇ ਹਨ । ਇਹ ਵੇਦਾਂ ਦਾ ਅੰਤਿਮ ਭਾਗ ਹਨ । ਇਸੇ ਕਾਰਣ ਇਹਨਾਂ ਨੂੰ 'ਵੇਦਾਂਤ' ਵੀ ਕਿਹਾ ਗਿਆ ਹੈ। ਵੇਦਾਂਤ ਤੋਂ ਭਾਵ ਵੇਦ ਵਿਚਲੇ ਗਿਆਨ ਦਾ ਸਿਖਰ ਤੇ ਅੰਤ। ਭਾਵ ਜਿਸ ਤੋਂ ਉਪਰ ਹੋਰ ਕੋਈ ਗਿਆਨ ਜਾਂ ਵਿੱਦਿਆ ਨਹੀਂ ਹੈ।

**ਅਧਿਆਤਮਕ ਮਾਨਸਰੋਵਰ:** ਉਪਨਿਸਦਾਂ ਨੂੰ ਭਾਰਤੀ ਅਧਿਆਤਮ ਦਾ ਮਾਨਸਰੋਵਰ ਵੀ ਮੰਨਿਆ ਗਿਆ। ਜਿਸ ਵਿੱਚੋਂ ਭਿੰਨ-ਭਿੰਨ ਗਿਆਨ ਦੀਆਂ ਨਦੀਆਂ ਨਿਕਲਦੀਆਂ ਹਨ। ਇਸ ਵਿਚਲਾ ਗਿਆਨ ਇਸ ਲੋਕ ਅਤੇ ਪਰਲੋਕ ਵਿੱਚ ਸਾਡੀ ਅਗਵਾਈ ਕਰਦਾ ਹੈ। ਵੇਖਿਆ ਜਾਵੇ ਤਾਂ ਸਾਰੇ ਭਾਰਤੀ ਦਰਸ਼ਨਾਂ ਦੇ ਆਧਾਰ ਗ੍ਰੰਥ 'ਉਪਨਿਸ਼ਦ' ਹੀ ਹਨ। ਭਾਵ ਸਾਰੇ ਦਰਸ਼ਨ ਇਨ੍ਹਾਂ ਉਤੇ ਅਧਾਰਿਤ ਹਨ।

**ਗਿਣਤੀ:** ਉਪਨਿਸਦਾਂ ਦੀ ਗਿਣਤੀ ਬਾਰੇ ਵਿਦਵਾਨਾਂ ਦੀ ਇੱਕ ਰਾਏ ਨਹੀਂ ਹੈ। ਇਹਨਾਂ ਦੀ ਗਿਣਤੀ 9 ਤੋਂ 200 ਤੱਕ ਦੱਸੀ ਜਾਂਦੀ ਹੈ । ਪੱਛਮੀ ਵਿਦਵਾਨ ਹਿਊਮ ਨੇ 30 ਉਪਨਿਸ਼ਦ ਪ੍ਰਕਾਸ਼ਿਤ ਕਰਵਾਏ ਹਨ। ਮਦਰਾਸ (ਚੇਨੱਈ) ਵਿੱਚ ਸਥਿਤ ਇੱਕ ਲਾਇਬ੍ਰੇਰੀ ਵਿੱਚ 179 ਉਪਨਿਸ਼ਦ ਹਨ। ਆਮ ਤੌਰ ਉਤੇ 108 ਉਪਨਿਸ਼ਦ ਮੰਨੇ ਜਾਂਦੇ ਹਨ। ਭਾਵੇਂ ਸਾਰੇ ਉਪਨਿਸ਼ਦ ਆਪੋ ਆਪਣੀ ਮਹੱਤਤਾ ਆਖਦੇ ਹਨ ਫੇਰ ਵੀ 12 ਉਪਨਿਸ਼ਦ ਅਜਿਹੇ ਹਨ ਜਿਨਾਂ ਦਾ ਪ੍ਰਭਾਵ ਬਾਕੀਆਂ ਉਤੇ ਵੇਖਿਆ ਜਾ ਸਕਦਾ ਹੈ। ਇਹ 12 ਉਪਨਿਸ਼ਦ ਇਸ ਪ੍ਰਕਾਰ ਹਨ -

| | |
|---|---|
| 1. ਈਸ਼ | 2. ਐਤਰੇਯ |
| 3. ਤੈਤਰੇਯ | 4. ਸ਼ਵੇਤਾਸ਼ਵਤਰ |
| 5. ਛਾਂਦੋਗਯ | 6. ਬ੍ਰਹਦ ਆਂਰਣਯਕ |
| 7. ਕੇਨ | 8. ਕੱਠ |
| 9. ਮੁੰਡਕ | 10. ਮਾਡੂੰਕਯ |
| 11. ਪ੍ਰਸ਼ਨ | 12. ਕੋਸ਼ੀਤਕਿ |

ਅਚਾਰੀਆਂ ਸੰਕਰ ਨੇ ਸ਼ਵੇਤਾਸ਼ਵਤਰ ਉਪਨਿਸ਼ਦ ਨੂੰ ਮਿਲਾਕੇ ਗਿਆਰਾਂ ਉਤੇ ਭਾਸ਼ (ਵਿਆਖਿਆ) ਲਿਖੇ।

**ਰਚਨਾ ਕਾਲ-** ਉਪਨਿਸਦਾਂ ਦਾ ਰਚਨਾ ਕਾਲ ਈਸਵੀ ਸਨ ਦੇ ਆਰੰਭ ਹੋਣ ਤੋਂ ਹਜ਼ਾਰ ਕੁ ਸਾਲ ਪਿੱਛੇ ਤਕ ਮੰਨਿਆ ਗਿਆ ਹੈ। ਸਾਰੇ ਉਪਨਿਸ਼ਦ ਇੱਕੋ ਸਮੇਂ ਨਹੀਂ ਰਚੇ ਗਏ, ਸਗੋਂ ਵੱਖ-ਵੱਖ ਉਪਨਿਸ਼ਦਾਂ ਦੀ ਰਚਨਾ ਵੱਖ ਵੱਖ ਸਮੇਂ ਹੋਈ ਹੈ। ਇਹ ਵੀ ਪ੍ਰਮਾਣ ਮਿਲਦਾ ਹੈ ਕਿ ਅਕਬਰ ਦੇ ਸਮੇਂ (ਸੋਲਵੀਂ ਸਦੀ ਵਿੱਚ) ਕਿਸੇ ਵਿਅਕਤੀ ਨੇ 'ਅੱਲਾ' ਨਾਂ ਦੇ ਇੱਕ ਉਪਨਿਸ਼ਦ ਦੀ ਰਚਨਾ ਕੀਤੀ। ਇਸ ਤੋਂ ਪਿੱਛੋਂ ਦੇ ਵੀ ਉਪਨਿਸ਼ਦ ਮਿਲਦੇ ਹਨ।



Downloaded from https:// www.studiestoday.com

Downloaded from https:// www.studiestoday.com

### ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

1. 'ਉਪਨਿਸ਼ਦ' ਸ਼ਬਦ ਦੀ ਵਿਉਤਪਤੀ ਬਾਰੇ ਜਾਣਕਾਰੀ ਦਿਉ।
2. ਉਪਨਿਸ਼ਦਾਂ ਨੂੰ 'ਵੇਦਾਂਤ' ਕਿਉਂ ਆਖਿਆ ਜਾਂਦਾ ਹੈ।
3. ਉਪਨਿਸ਼ਦਾਂ ਨੂੰ ਅਧਿਆਤਮਕ ਮਾਨ ਸਰੋਵਰ ਕਿਉਂ ਆਖਿਆ ਜਾਂਦਾ ਹੈ?
4. ਉਪਨਿਸ਼ਦਾਂ ਦੀ ਗਿਣਤੀ ਕਿੰਨੀ ਹੈ?
5. ਬਾਰਾਂ ਪ੍ਰਮੁੱਖ ਉਪਨਿਸ਼ਦਾਂ ਦੇ ਨਾਂ ਦੱਸੋ ।
6. ਉਪਨਿਸ਼ਦਾਂ ਦੇ ਰਚਨਾਕਾਲ ਬਾਰੇ ਤੁਸੀਂ ਕੀ ਜਾਣਦੇ ਹੋ ?

**ਪ੍ਰਮੁੱਖ ਉਪਨਿਸ਼ਦ:** ਵੇਦਾਂ ਨਾਲ ਉਹਨਾਂ ਦੇ ਉਪਨਿਸ਼ਦ ਜੁੜੇ ਹੋਏ ਹਨ। ਇੱਥੇ ਅਸੀਂ ਚਾਰੇ ਵੇਦਾਂ ਨਾਲ ਜੁੜੇ ਕੇਵਲ ਮੁੱਖ ਉਪਨਿਸ਼ਦਾਂ ਸੰਬੰਧੀ ਚਰਚਾ ਕਰਾਂਗੇ-

### 1. ਰਿਗਵੇਦ ਦੇ ਉਪਨਿਸ਼ਦ

ੳ) **ਏਤਰੇਯ ਉਪਨਿਸ਼ਦ-** ਰਿਗਵੇਦ ਦੇ ਏਤਰੇਯ ਆਰਣਯਕ ਦੇ ਦੂਜੇ ਭਾਗ ਦੇ ਚੌਥੇ, ਪੰਜਵੇਂ ਅਤੇ ਛੇਵੇਂ ਅਧਿਆਇ ਨੂੰ ਬ੍ਰਹਮ ਵਿੱਦਿਆ ਦੀ ਪ੍ਰਧਾਨਤਾ ਮਿਲੀ ਹੈ। ਇਸੇ ਲਈ ਇਸ ਨੂੰ 'ਉਪਨਿਸ਼ਦ' ਮੰਨਿਆ ਗਿਆ ਹੈ। ਇਹ ਤਿੰਨੋ ਅਧਿਆਇ ਅਧਿਆਤਮਵਾਦ (ਭਾਵ ਆਤਮਾ - ਪ੍ਰਮਾਤਮਾ ਦੇ ਰਿਸ਼ਤੇ) ਨਾਲ ਸੰਬੰਧਿਤ ਹਨ। ਪਹਿਲੇ ਅਧਿਆਇ ਵਿੱਚ ਨਿਰਾਕਾਰ ਰੂਪ ਰਹਿਤ ਪ੍ਰਮਾਤਮਾ ਅਤੇ ਭਿੰਨ ਭਿੰਨ ਲੋਕਾਂ ਦੀ ਰਚਨਾ ਸੰਬੰਧੀ ਵਿਚਾਰ ਪ੍ਰਗਟ ਕੀਤੇ ਗਏ ਹਨ। ਦੂਜੇ ਅਧਿਆਇ ਵਿੱਚ ਮਨੁੱਖੀ ਸਰੀਰ ਦੇ ਭਿੰਨ-ਭਿੰਨ ਭਾਗਾਂ ਵਿੱਚ ਦੈਵੀ ਸ਼ਕਤੀਆਂ ਦੀ ਸਥਿਤੀ ਦਰਸਾਈ ਗਈ ਹੈ। ਤੀਜੇ ਅਧਿਆਇ ਵਿੱਚ ਇਹ ਦਰਸਾਇਆ ਗਿਆ ਹੈ ਕਿ ਅਸੀਂ ਜਿਸਦੀ ਉਪਾਸਨਾ ਕਰਦੇ ਹਾਂ ਉਹ ਕੌਣ ਹੈ?

ਅ) **ਮੁਦਗਲੇ ਉਪਨਿਸ਼ਦ :-** ਇਹ ਉਪਨਿਸ਼ਦ ਰਿਗਵੇਦ ਦੇ ਸਿਰਫ਼ ਇੱਕ ਵਿਸ਼ੇਸ਼ ਸੂਕਤ (ਪੁਰਸ਼ ਸੂਕਤ) ਉਤੇ ਆਧਾਰਿਤ ਹੈ। ਇਸ ਸੂਕਤ ਵਿੱਚ ਭਗਵਾਨ ਵਿਸ਼ਨੂੰ ਨੂੰ ਵਿਰਾਟ ਸਰੂਪ ਵਿੱਚ ਦਰਸਾਇਆ ਗਿਆ ਹੈ। ਇਸ ਉਪਨਿਸ਼ਦ ਵਿੱਚ ਵਰਣਨ ਕੀਤੇ ਗਏ ਪੁਰਸ਼ ਸੂਕਤ ਦਾ ਰੋਜ਼ਾਨਾਂ ਦੀ ਪੂਜਾ ਵਿੱਚ ਬਹੁਤ ਮਹੱਤਵ ਹੈ ਕਿਉਂਕਿ ਉਹ ਬ੍ਰਹਮ, ਜੀਵ ਅਤੇ ਬ੍ਰਹਮੰਡ ਵਿੱਚ ਇੱਕ ਆਪਸੀ ਸੰਬੰਧ ਸਥਾਪਿਤ ਕਰਦਾ ਹੈ।

ੲ) **ਕੋਸ਼ਤਕਿ ਉਪਨਿਸ਼ਦ :** ਕੋਸ਼ਤਕਿ ਉਪਨਿਸ਼ਦ ਵਿੱਚ ਚਾਰ ਅਧਿਆਇ ਮੌਜੂਦ ਹਨ। ਇਹਨਾਂ ਵਿੱਚ ਦੇਵਯਾਨ ਅਤੇ ਪਿਤਰ ਯਾਨ, ਪ੍ਰਾਣ ਦੀ ਮਹਿਮਾ ਧਨ ਦੀ ਪ੍ਰਾਪਤੀ ਵਸੀਕਰਣ, ਬ੍ਰਹਮ ਦੀਆਂ ਭਿੰਨ-ਭਿੰਨ ਸ਼ਕਤੀਆਂ, ਬ੍ਰਹਮ ਦੀ ਪਰਿਭਾਸ਼ਾ ਅਤੇ ਭਿੰਨ-ਭਿੰਨ ਬ੍ਰਹਿਮੰਡਾਂ ਦੀਆਂ ਸ਼ਕਤੀਆਂ, ਹਿਰਦੇ ਵਿੱਚ ਬ੍ਰਹਮ ਦਾ ਨਿਵਾਸ ਆਦਿ ਵਿਸ਼ਿਆਂ ਨੂੰ ਪ੍ਰਗਟਾਇਆ ਗਿਆ ਹੈ।

### 2. ਸਾਮਵੇਦ ਦੇ ਉਪਨਿਸ਼ਦ

'ਸਾਮਵੇਦ' ਦੂਜਾ ਵੇਦ ਹੈ। ਇਸ ਵੇਦ ਦੇ ਮੁੱਖ ਉਪਨਿਸ਼ਦ ਹੇਠ ਲਿਖੇ ਅਨੁਸਾਰ ਹਨ ।

ੳ) **ਛਾਦੋਗਯ ਉਪਨਿਸ਼ਦ:** ਇਹ ਉਪਨਿਸ਼ਦ, ਛਾਦੋਗਯ ਬ੍ਰਾਹਮਣ ਗ੍ਰੰਥ ਦਾ ਹੀ ਵਿਸਥਾਰ ਹੈ। ਇਹਨਾਂ ਗ੍ਰੰਥਾਂ ਦੇ 10 ਅਧਿਆਵਾਂ ਵਿੱਚੋਂ 8 ਅਧਿਆਇ ਛਾਦੋਗਯ ਉਪਨਿਸ਼ਦ ਅਧੀਨ ਵਿਚਾਰੇ ਗਏ ਹਨ। ਇਸ ਵਿੱਚ ਕੁਲ 630 ਮੰਤਰ ਹਨ। ਇਨ੍ਹਾਂ ਮੰਤਰਾ ਵਿੱਚ ਅਮ ਸ਼ਬਦ ਦੀ ਵਿਆਖਿਆ ਉਪਾਸਨਾ ਅੰਕਾਰ ਦਾ ਬਾਣੀ ਨਾਲ ਅਤੇ ਹੋਰ ਸ਼ਬਦਾਂ ਨਾਲ ਸੰਬੰਧ, ਪ੍ਰਾਣ ਅਤੇ ਸੂਰਜ ਦੀ ਅੰਕਾਰ ਦੇ ਰੂਪ ਵਿੱਚ ਉਪਾਸਨਾ, ਸੂਰਜ ਦੀ ਉਪਾਸਨਾ, ਵਾਯੂ ਅਤੇ ਪ੍ਰਾਣ ਦੀ ਉਤਮਤਾ ਆਦਿ ਵਿਸ਼ਿਆਂ ਨੂੰ ਨਿਭਾਇਆ ਗਿਆ ਹੈ। ਅ) **ਮਹੋ ਉਪਨਿਸ਼ਦ:** ਵੀ ਸਾਮਵੇਦ ਦਾ ਉਪਨਿਸ਼ਦ ਹੈ। ਇਸ ਦੇ ਛੇ ਅਧਿਆਇ ਹਨ। ਇਨ੍ਹਾਂ ਅਧਿਆਇ ਵਿੱਚ ਇੱਕ ਨਾਰਾਇਣ ਦੁਆਰਾ ਸ੍ਰਿਸ਼ਟੀ ਦੀ ਉਤਪਤੀ, ਆਤਮਾ, ਜੀਵਨ ਮੁਕਤੀ, ਵਿਦੇਹ ਮੁਕਤੀ, ਵੈਰਾਗ, ਮੋਖ ਦੇ ਦੁਆਰ, ਪੁਰਸ਼ ਦੇ ਚਾਰ ਪ੍ਰਕਾਰ ਦੇ ਨਿਸਚਿਆਂ ਨੂੰ ਵਿਸ਼ਾ ਬਣਾਇਆ ਗਿਆ ਹੈ।



Downloaded from https:// www.studiestoday.com

Downloaded from https:// www.studiestoday.com

### 3. ਯਜੁਰਵੇਦ (ਸ਼ੁਕਲ) ਦੇ ਉਪਨਿਸ਼ਦ

ਯਜੁਰਵੇਦ ਦੇ ਭਾਗ ਦੋ ਹਨ ਪਹਿਲਾ ਭਾਗ ਯਜੁਰ ਵੇਦ (ਸ਼ੁਕਲ) ਅਤੇ ਦੂਜਾ ਯਜੁਰਵੇਦ (ਕ੍ਰਿਸ਼ਨ) ਇੱਥੇ ਅਸੀਂ ਸਭ ਤੋਂ ਪਹਿਲਾ ਯਜੁਰਵੇਦ (ਸ਼ੁਕਲ) ਦੇ ਉਪਨਿਸ਼ਦ ਦੀ ਚਰਚਾ ਕਰਦੇ ਹਾਂ।

ੳ) **ਬ੍ਰਹਦਾਰ ਣਯਕ ਉਪਨਿਸ਼ਦ:** ਇਹ ਆਪਣੇ ਆਪ ਵਿੱਚ ਇੱਕ ਵਿਸ਼ਾਲ ਉਪਨਿਸ਼ਦ ਹੈ ਅਤੇ ਤਿੰਨ ਕਾਂਡਾਂ ਵਿੱਚ ਵੰਡਿਆ ਹੋਇਆ ਹੈ। ਇਸਦੇ ਪ੍ਰਮੁੱਖ ਵਿਸ਼ੇ ਹਨ ਵਿਸ਼ਵ ਦੀ ਯੱਗ ਦੇ ਅਸ਼ਵ (ਘੋੜੇ) ਦੇ ਰੂਪ ਵਿੱਚ ਕਲਪਨਾ ਪ੍ਰਾਣਾਂ ਦੀ ਮਹੱਤਤਾ ਅਤੇ ਪਾਪ ਤੇ ਪੁੰਨ ਦਾ ਦੇਵਤਿਆਂ ਅਤੇ ਦੈਂਤਾ ਨਾਲ ਸੰਬੰਧ ਆਤਮਾ ਦਾ ਸਰੂਪ, ਪਰਮਾਤਮਾ ਤੱਤ, ਜੋ ਬ੍ਰਹਿਮੰਡ ਵਿੱਚ ਵਿਕਸਤ ਹੈ ਉਹ ਸਭ ਕੁਝ ਸੂਖਮ ਰੂਪ ਵਿੱਚ ਸਰੀਰ ਵਿੱਚ ਮੌਜੂਦ ਹੈ। ਮਨੁੱਖ (ਜੀਵ) ਦੇ ਪੰਜ ਤੱਤ ਆਦਿ, ਇਸ ਤੋਂ ਬਿਨਾਂ ਇਸ ਉਪਨਿਸ਼ਦ ਵਿੱਚ ਮੌਤ, ਸ੍ਰਿਸ਼ਟੀ ਲੋਕ, ਪਰਲੋਕ ਆਦਿ ਨੂੰ ਪ੍ਰਸ਼ਨ-ਉਤਰ ਦੇ ਮਾਧਿਅਮ ਦੁਆਰਾ ਸਮਝਾਇਆ ਗਿਆ ਹੈ।

ਅ) **ਹੰਸ ਉਪਨਿਸ਼ਦ:** ਇਸ ਉਪਨਿਸ਼ਦ ਵਿੱਚ ਸਨੰਤ ਕੁਮਾਰ ਨੇ ਆਪਣੇ ਸਿਸ਼ ਗੌਤਮ ਨੂੰ ਯੋਗ ਦੀ ਵਿਦਿਆ ਬਾਰੇ ਜਾਣਕਾਰੀ ਦਿੱਤੀ ਹੈ। ਇਸ ਉਪਨਿਸ਼ਦ ਅਨੁਸਾਰ ਜਿਵੇਂ ਲੱਕੜੀ ਵਿੱਚ ਅਗਨੀ ਹੁੰਦੀ ਹੈ ਅਤੇ ਤਿਲ ਵਿੱਚ ਤੇਲ ਹੁੰਦਾ ਹੈ, ਉਸੇ ਪ੍ਰਕਾਰ ਸਰੀਰ ਵਿੱਚ ਹੰਸ ਹੁੰਦਾ ਹੈ। ਵੱਖ-ਵੱਖ ਚੀਜਾਂ ਇਸ ਹੰਸ ਦੇ ਅੰਗ ਹਨ। ਅੰਤਲੇ ਭਾਗ ਵਿੱਚ ਪਾਰਬ੍ਰਹਮ ਦੀ ਪ੍ਰਾਪਤੀ ਦਰਸਾਈ ਗਈ ਹੈ। ਇਸ ਉਪਨਿਸ਼ਦ ਦੀ ਭਾਸ਼ਾ ਕਾਫ਼ੀ ਗੂੜ੍ਹ ਹੈ।

### 3. ਯਜੁਰਵੇਦ (ਕ੍ਰਿਸ਼ਨ) ਦੇ ਉਪਨਿਸ਼ਦ

ੳ) **ਤੈਤ੍ਰੀਯ ਉਪਨਿਸ਼ਦ :** ਇਹ ਉਪਨਿਸ਼ਦ ਵਿੱਚ 63 ਸਲੋਕਾਂ ਨਾਲ ਜੁੜੀ ਗੱਦ ਰਚਨਾ ਹੈ। ਇਸਦੇ ਤਿੰਨ ਭਾਗ ਹਨ-ਸਿੱਖਿਆ ਬੱਲੀ, ਬ੍ਰਹਮਾਨੰਦ ਬੱਲੀ, ਅਤੇ ਭ੍ਰਿਗੂ ਬਲੀ। ਇਸ ਦੇ ਪ੍ਰਮੁੱਖ ਵਿਸ਼ੇ ਹਨ ਗੁਰੂ ਸ਼ਿਸ ਸੰਬੰਧ, ਅੰਕਾਰ ਦੁਆਰਾ ਪ੍ਰਾਰਥਨਾ ਦੇ ਭਿੰਨ-ਭਿੰਨ ਮੰਤਰ, ਮਨੁੱਖੀ ਸਰੀਰ ਦੀ ਯੋਗਮਈ ਸਰੂਪ ਦੀ ਵਿਆਖਿਆ, ਉਸ ਦੀ ਮਹੱਤਤਾ, ਬ੍ਰਹਮ ਅਤੇ ਪੰਜ ਤੱਤਾਂ ਦਾ ਕ੍ਰਮਿਕ ਵਿਕਾਸ, 'ਮਨ' ਦਾ ਵਰਣਨ, ਅਨੰਦਮਈ ਸਰੀਰ ਦਾ ਵਰਣਨ, ਬ੍ਰਹਮ-ਅਨੰਦ ਅਤੇ ਸੰਸਾਰਕ ਅਨੰਦ ਦੀ ਤੁਲਨਾ ਆਦਿ।

ਅ) **ਕਠੋ ਉਪਨਿਸ਼ਦ** - ਇਹ ਉਪਨਿਸ਼ਦ ਹਰਮਨ ਪਿਆਰੇ ਉਪਨਿਸਦਾਂ ਵਿੱਚੋਂ ਇੱਕ ਹੈ। ਇਸ ਵਿੱਚ ਨਚਿਕੇਤਾ ਦੀ ਕਥਾ ਸ਼ਾਮਿਲ ਹੈ। ਇਸ ਉਪਨਿਸ਼ਦ ਦੇ 189 ਸਲੋਕਾਂ ਵਿੱਚ ਯਮਰਾਜ ਦੁਆਰਾ ਨਚਿਕੇਤਾ ਨੂੰ ਦਿੱਤਾ ਗਿਆ ਉਪਦੇਸ਼ ਸ਼ਾਮਿਲ ਹੈ।

ਸਵੇਤਾ ਸ਼ਵਤਰ ਉਪਨਿਸ਼ਦ ਅਤੇ ਮੈਤ੍ਰਾਣੀ ਉਪਨਿਸ਼ਦ ਇਸ ਵੇਦ ਦੇ ਦੋ ਹੋਰ ਪ੍ਰਸਿੱਧ ਉਪਨਿਸ਼ਦ ਹਨ।

### ਅਥਰਵੇਦ ਦੇ ਉਪਨਿਸ਼ਦ

ਅਥਰਵੇਦ ਵੇਦ ਉਤੇ ਅਧਾਰਿਤ ਕਈ ਉਪਨਿਸ਼ਦ ਮਿਲਦੇ ਹਨ। ਇੱਥੇ ਅਸੀਂ ਇਸ ਦੇ ਕੁਝ ਪ੍ਰਮੁੱਖ ਉਪਨਿਸ਼ਦਾਂ ਦੀ ਹੀ ਚਰਚਾ ਕਰ ਰਹੇ ਹਾਂ।

ੳ) **ਪ੍ਰਸ਼ਨੋ ਉਪਨਿਸ਼ਦ-** ਗੱਦ ਵਿੱਚ ਲਿਖਿਆ ਇਹ ਉਪਨਿਸ਼ਦ ਰਿਸ਼ੀਆਂ ਦੁਆਰਾ ਬ੍ਰਹਮ ਗਿਆਨ ਬਾਰੇ ਪੁਛੇ ਛੇ ਪ੍ਰਸ਼ਨਾਂ ਅਤੇ ਉਹਨਾਂ ਦੇ ਕ੍ਰਮ ਅਨੁਸਾਰ ਦਿੱਤੇ ਉੱਤਰਾਂ ਉਤੇ ਅਧਾਰਿਤ ਹੈ। ਇਸੇ ਲਈ ਇਹ ਉਪਨਿਸ਼ਦ ਪ੍ਰਸ਼ਨ ਉਪਨਿਸ਼ਦ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਵਿੱਚ ਪੁੱਛੇ ਗਏ ਪ੍ਰਸ਼ਨ ਵੱਖ-ਵੱਖ ਜੀਵਾ ਨੂੰ ਜਨਮ ਦੇਣ ਦਾ ਕਾਰਣ ਕੌਣ ਹੈ? ਦਾ ਉਤਰ ਹੈ ਕਿ ਸ੍ਰਿਸ਼ਟੀ ਦੀ ਉਤਪਤੀ ਸਮੇਂ ਜਦੋਂ ਪ੍ਰਜਾਪਤੀ ਦੇ ਮਨ ਵਿੱਚ ਸਿਰਜਣ ਦੀ ਇੱਛਾ ਹੋਈ ਤਾਂ ਉਸਨੇ ਸੰਕਲਪ ਕੀਤਾ ਅਤੇ ਉਸਦੇ ਸਿੱਟੇ ਵਜੋਂ ਸੂਰਜ (ਰਵੀ) ਅਤੇ ਪ੍ਰਾਣ ਨਾਂ ਦਾ ਜੋੜਾ ਪੈਦਾ ਹੋਇਆ। ਇਸ ਜੋੜੇ ਦੁਆਰਾ ਹੀ ਸ੍ਰਿਸ਼ਟੀ ਅੱਗੇ ਵਧੀ ਹੈ।

ਅ) **ਮੁੰਡਕ ਉਪਨਿਸ਼ਦ:** ਇਸ ਉਪਨਿਸ਼ਦ ਦਾ ਨਾਂ 'ਮੁੰਡ' ਧਾਤੂ ਤੋਂ ਬਣਿਆ ਹੈ ਜਿਸ ਦਾ ਭਾਵ ਹੈ ਮੁੰਡਨ ਜਾਂ ਸਿਰ ਦੇ ਕੇਸਾਂ ਨੂੰ ਉਤਰਵਾਉਣਾ ਇਸ ਦੀ ਸ਼ਬਦ ਦੀ ਇੱਕ ਹੋਰ ਵਿਆਖਿਆ ਮਿਲਦੀ ਹੈ । ਇਸ ਵਿਆਖਿਆ ਅਨੁਸਾਰ ਜਿਵੇਂ ਮੁੰਡਨ ਨਾਲ ਕੇਸਾਂ ਦਾ ਪਰਦਾ ਖਤਮ ਹੋ ਜਾਂਦਾ ਹੈ, ਉਸੇ ਪ੍ਰਕਾਰ ਇਸ ਉਪਨਿਸ਼ਦ ਦੇ ਬ੍ਰਹਮ ਗਿਆਨ ਦੁਆਰਾ ਅਗਿਆਨ ਦਾ ਪਰਦਾ ਸਮਾਪਤ ਹੋ ਜਾਂਦਾ ਹੈ। ਇਸ ਉਪਨਿਸ਼ਦ ਦੇ ਮੁੱਖ ਵਿਸ਼ੇ ਹਨ- ਪਰਾ ਤੇ ਅਪਰਾ ਵਿੱਦਿਆ, ਯੱਗ ਨਾਲ ਬ੍ਰਹਮ ਦੀ ਪ੍ਰਾਪਤੀ, ਨਿਰਾਕਾਰ ਬ੍ਰਹਮ ਦਾ ਸਰੂਪ, ਜੀਵ ਅਤੇ ਬ੍ਰਹਮ ਦੇ ਸੰਬੰਧ , ਨਿਸ਼ਕਾਮ ਭਾਵ, ਆਦਿ।



Downloaded from https:// www.studiestoday.com

Downloaded from https:// www.studiestoday.com

## ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

1. ਰਿਗਵੇਦ ਦੇ ਕਿਹੜੇ ਕਿਹੜੇ ਪ੍ਰਮੁੱਖ ਉਪਨਿਸ਼ਦ ਹਨ?
2. ਏਤਰੇਯ ਉਪਨਿਸ਼ਦ ਬਾਰੇ ਤੁਸੀਂ ਕੀ ਜਾਣਦੇ ਹੋ?ਮ
3. ਸਾਮਵੇਦ ਦੇ ਮੁੱਖ ਉਪਨਿਸ਼ਦਾਂ ਦੇ ਨਾਂ ਦੱਸੋ ।
4. 'ਛਾਂਦੋਗਯ' ਉਪਨਿਸ਼ਦ ਵਿੱਚ ਕਿਹੜੇ ਕਿਹੜੇ ਦੋ ਵਿਸ਼ੇ ਪ੍ਰਗਟਾਏ ਗਏ ਹਨ?
5. ਤੈਤ੍ਰੀਯ ਉਪਨਿਸ਼ਦ ਕਿਹੜੇ ਵੇਦ ਉਤੇ ਅਧਾਰਿਤ ਹੈ ਅਤੇ ਉਸ ਵਿੱਚ ਕੀ ਕਿਹਾ ਗਿਆ ਹੈ?

## ਉਪਨਿਸ਼ਦਾਂ ਦਾ ਵਿਸ਼ਾ ਵਸਤੂ

ਉਪਨਿਸ਼ਦਾਂ ਵਿੱਚ ਕੋਈ ਇੱਕ ਵਿਸ਼ਾ ਨਹੀਂ ਪ੍ਰਗਟਾਇਆ ਗਿਆ, ਸਗੋਂ ਉਪਨਿਸ਼ਦ ਵੱਖ-ਵੱਖ ਵਿਸ਼ਿਆਂ ਵਾਲਾ ਮਾਨਸਰੋਵਰ ਹੈ ਜਿਨ੍ਹਾਂ ਵਿੱਚੋਂ ਕਈ ਪ੍ਰਕਾਰ ਦੀਆਂ ਨਦੀਆਂ ਨਿਕਲਦੀਆਂ ਹਨ। ਅਧੁਨਿਕ ਯੁੱਗ ਵਿੱਚ ਜੋ ਸਥਾਨ ਈਸਾਈ ਧਰਮ ਵਿੱਚ ਨਿਊ ਟੈਸਟਾਮੈਂਟ ਨੂੰ ਮਿਲਿਆ ਹੈ, ਉਹ ਸਥਾਨ ਭਾਰਤ ਵਿੱਚ ਉਪਨਿਸ਼ਦਾਂ ਨੂੰ ਪ੍ਰਾਪਤ ਹੈ। ਉਪਨਿਸ਼ਦਾਂ ਵਿੱਚ ਵਧੇਰੇ ਦਾਰਸ਼ਨਿਕ ਵਿਸ਼ੇ ਹੀ ਪ੍ਰਗਟਾਏ ਗਏ ਹਨ। ਉਪਨਿਸ਼ਦਾਂ ਦਾ ਉਦੇਸ਼ ਸੱਚ ਦੀ ਖੋਜ ਅਤੇ ਬ੍ਰਹਮ ਦੀ ਪਹਿਚਾਣ, ਆਤਮਾ ਤੇ ਪ੍ਰਮਾਤਮਾ ਦੇ ਸੰਬੰਧ ਨਾਲ ਸੰਬੰਧਿਤ ਹੈ।

**ਮੁੱਖ ਵਿਸ਼ੇ:** ਉਪਨਿਸ਼ਦਾਂ ਵਿੱਚ ਵੇਦਾਂ ਦੇ ਤਿੰਨ ਭਾਗਾਂ ਕਰਮ, ਉਪਾਸਨਾਂ ਅਤੇ ਗਿਆਨ ਵਿੱਚ ਗਿਆਨ ਭਾਗ ਨੂੰ ਲਿਆ ਗਿਆ ਹੈ। ਵੇਦਾਂਤ ਦਰਸ਼ਨ ਅਨੁਸਾਰ ਵਰਣਨ ਕੀਤੀ 'ਪਰਾ' ਅਤੇ ਅਪਰਾ' ਵਿੱਦਿਆ ਵਿੱਚੋਂ ਪਰਾ ਵਿੱਦਿਆ ਨੂੰ ਆਧਾਰ ਬਣਾਇਆ ਗਿਆ ਹੈ। ਇਹਨਾਂ ਵਿੱਚ ਬ੍ਰਹਮ ਉਸ ਬ੍ਰਹਮ ਦੀ ਗੁੜਤਾ ਆਤਮਾ, ਅਤਮਾ ਦੀ ਅਖੰਡਤਾ, ਆਤਮਾ ਦੇ ਆਉਣ ਅਤੇ ਜਾਣ ਦਾ ਸਿਧਾਂਤ ਸ੍ਰਿਸ਼ਟੀ ਦੀ ਸਿਰਜਣਾ, ਪ੍ਰਕਿਰਤੀ ਪੁਰਸ਼ ਅਤੇ ਪ੍ਰਮਾਤਮਾ ਦਾ ਵਿਵੇਕ ਆਦਿ ਨੂੰ ਮੁੱਖ ਰੂਪ ਵਿਸ਼ਾ ਬਣਾਇਆ ਗਿਆ ਹੈ।

**ਬ੍ਰਹਮ ਜਾਂ ਪ੍ਰਮਾਤਮਾ :-** ਉਪਨਿਸ਼ਦਾਂ ਵਿੱਚ ਬ੍ਰਹਮ ਦੇ ਸੰਕਲਪ ਨੂੰ ਵੱਖ ਵੱਖ ਢੰਗ ਨਾਲ ਵਿਚਾਰਿਆ ਗਿਆ ਹੈ। ਉਪਨਿਸ਼ਦਾਂ ਅਨੁਸਾਰ ਬ੍ਰਹਮ ਨਿਰਗੁਣ ਵੀ ਹੈ ਅਤੇ ਸਰਗੁਣ ਵੀ ਜਦੋਂ ਉਹ ਸਰਗੁਣ ਰੂਪ ਵਿੱਚ ਹੁੰਦਾ ਹੈ, ਤਦ ਉਸਨੂੰ ਈਸ਼ਵਰ, ਪ੍ਰਮਾਤਮਾ ਜਾਂ ਭਗਵਾਨ ਆਖਦੇ ਹਨ। ਇਹੋ ਬ੍ਰਹਮ ਪਰਮ ਸੱਤ ਹੈ। 'ਪੁਰਸ਼' ਵਿਰਾਟ ਸੱਤਾ ਹੈ, ਜਿਸ ਤੋਂ ਤਿੰਨ ਲੋਕ, ਤਿੰਨ ਕਾਲ, ਦੇਵਤੇ ਮਨੁੱਖ ਪਸ਼ੂ ਜੜ੍ਹ ਚੇਤਨ ਆਦਿ ਉਪਜੇ ਹਨ। ਇਸ ਨੂੰ ਉਪਨਿਸ਼ਦਾਂ ਵਿੱਚ ਬ੍ਰਹਮ ਆਖਿਆ ਗਿਆ ਹੈ। ਛਾਂਦੋਗਾ ਉਪਨਿਸ਼ਦ ਅਨੁਸਾਰ 'ਬ੍ਰਹਮ' ਉਹ ਹੈ ਜਿਸ ਤੋਂ ਸਾਰੀਆਂ ਵਸਤਾਂ ਦੀ ਉਤਪਤੀ ਹੁੰਦੀ ਹੈ ਅਤੇ ਜਿਸਦੇ ਆਧਾਰ ਉਤੇ ਉਹ ਸਾਰੀਆਂ ਹੋਂਦ ਵਿੱਚ ਰਹਿੰਦੀਆਂ ਹਨ ਅਤੇ ਅੰਤ ਵਿੱਚ ਜਿਸ ਅੰਦਰ ਮੁੜ ਸਮਾ ਜਾਂਦੀਆਂ ਹਨ। ਉਪਨਿਸ਼ਦਾਂ ਵਿੱਚ ਬ੍ਰਹਮ ਦਾ ਸਰੂਪ ਵੀ ਵਰਣਿਤ ਕੀਤਾ ਮਿਲਦਾ ਹੈ।

**ਆਤਮਾ :** ਉਪਨਿਸ਼ਦ ਅਨੁਸਾਰ 'ਆਤਮਾ' ਇੱਕ ਨਿਸਚਿਤ ਸਤਾ ਹੈ ਅਤੇ ਇਸ ਦੀ ਹੋਂਦ ਬਾਰੇ ਬਿਲਕੁਲ ਸ਼ੱਕ ਨਹੀਂ ਕੀਤਾ ਜਾ ਸਕਦਾ, ਆਤਮਾ, ਅਨੁਭਵ ਕਰਨ ਦੀ ਪ੍ਰਕਿਰਿਆ ਦਾ ਪੂਰਣ ਪ੍ਰਮਾਣ ਹੈ। ਆਤਮਾ ਨਿੱਤ ਹੈ। ਉਪਨਿਸ਼ਦਾਂ ਵਿੱਚ ਆਤਮਾ ਦਾ ਤੱਤ ਸਾਰ ਸੂਖਮ ਤੋਂ ਸੂਖਮ ਮੰਨਿਆ ਗਿਆ ਹੈ। ਤੈਤ੍ਰੀਯ ਉਪਨਿਸ਼ਦ ਵਿੱਚ ਪੰਜ ਕੋਸ਼ਾਂ ਦਾ ਸਿਧਾਂਤ ਦਿੱਤਾ ਗਿਆ ਹੈ। ਇਹ ਕੋਸ਼ ਹਨ ਅੰਨ ਮਈ ਕੋਸ਼, ਪ੍ਰਾਣਮਈ ਕੋਸ਼, ਮਨੋਮਈ ਕੋਸ਼, ਵਿਗਿਆਨ ਮਈ ਕੋਸ਼ ਅਤੇ ਅਨੰਦ ਮਈ ਕੋਸ਼। ਮਾਡੂਕਾ ਉਪਨਿਸ਼ਦ ਵਿੱਚ ਆਤਮਾ ਦੇ ਤੱਤ ਸਾਰ ਨੂੰ ਸਿਧ ਕਰਨ ਲਈ ਚੇਤਨ ਤੱਤ ਦਾ ਇੱਕ ਸੂਖਮ ਵਿਸ਼ਲੇਸ਼ਣ ਦਿੱਤਾ ਗਿਆ ਹੈ। ਚੇਤਨਾ ਦੇ ਚਾਰ ਪੱਧਰ ਹਨ 1 ਜਾਗ੍ਰਿਤ ਅਵਸਥਾ, 2. ਸੁਪਨ ਅਵਸਥਾ, 3. ਸੁਸ਼ੁਪਤਾ ਅਵਸਥਾ (ਜਿਸ ਵਿੱਚ ਚਿਤ ਦੀਆਂ ਵਸਤਾਂ ਪੈਦਾ ਨਹੀਂ ਹੁੰਦੀਆਂ) (4) ਤੁਰੀਯ ਅਵਸਥਾ (ਜਦੋ ਅਗਿਆਨ ਨਸ਼ਟ ਹੋ ਜਾਂਦਾ ਹੈ)।

**ਬ੍ਰਹਮ ਤੇ ਆਤਮਾ ਦੇ ਸੰਬੰਧ :** ਉਪਨਿਸ਼ਦ ਵਿੱਚ ਬ੍ਰਹਮ ਅਤੇ ਆਤਮਾ ਦੇ ਸੰਬਧਾਂ ਨੂੰ ਵੀ ਵਿਸ਼ਾ ਬਣਾਇਆ ਗਿਆ ਹੈ। ਇਸ ਅਨੁਸਾਰ ਆਤਮਾ ਪਰਮਜੋਤ ਨਾਲ ਅਭੇਦ ਹੋਣਾ ਚਾਹੁੰਦੀ ਹੈ ਇਸ ਲਈ ਬ੍ਰਹਮ ਨੂੰ ਜਾਨਣ ਦੀ ਲੋੜ ਹੈ। ਉਪਨਿਸ਼ਦਾਂ ਵਿੱਚ ਬ੍ਰਹਮ ਅਤੇ ਆਤਮਾ ਅਭੇਦ ਹਨ। ਉਪਨਿਸ਼ਦਾਂ ਵਿੱਚ ਲਿਖਿਆ ਹੈ, ਇਹ ਆਤਮਾ ਜੋ ਮੇਰਾ ਅੰਤਹਕਰਣ ਹੈ, ਬ੍ਰਹਮ ਹੀ ਹੈ। ਉਹ ਨਾ



Downloaded from https:// www.studiestoday.com

Downloaded from https:// www.studiestoday.com

ਬੋਲਦਾ ਹੈ, ਨਾ ਕੋਈ ਕਾਮਨਾ ਕਰਦਾ ਹੈ। ਮੌਤ ਸਮੇਂ ਮੈਂ ਆਪਣੇ ਛੋਟੇ ਪਣ ਤੋਂ ਮੁਕਤ ਹੋਣਾ ਹੈ ਅਤੇ ਅਨੰਤ ਵਿੱਚ ਸਮਾ ਜਾਣਾ ਹੈ। ਮੇਰਾ ਅੰਤ ਬਿੰਦੂ (ਆਤਮਾ) ਧਰਤੀ ਤੋਂ ਵੱਡਾ ਹੈ, ਆਕਾਸ਼ ਤੋਂ ਵੀ। ਉਪਨਿਸ਼ਦਾਂ ਵਿੱਚ ਤਾਂ ਇੱਥੋਂ ਤਕ ਆਖਿਆ ਗਿਆ ਹੈ ਕਿ ਬ੍ਰਹਮ ਦਾ ਨਾਂਮ ਓਮ ਹੈ ਅਤੇ ਮੈਂ ਹੀ ਬ੍ਰਹਮ ਹਾਂ। ਸੋ ਆਤਮਾ ਅਤੇ ਪ੍ਰਮਾਤਮਾ ਦੀ ਅਭੇਦਤਾ ਦੇ ਮੁੱਢਲੇ ਰੂਪ ਉਪਨਿਸ਼ਦਾਂ ਵਿੱਚ ਮਿਲਦੇ ਹਨ ਜਿਨ੍ਹਾਂ ਦੀ ਮਗਰੋ ਸੰਕਰਾਚਾਰੀਆਂ ਨੇ ਵਿਆਖਿਆ ਕੀਤੀ ਹੈ।

ਅਮਰ ਪ੍ਰਾਣੀ :- ਉਪਨਿਸ਼ਦਾਂ ਵਿੱਚ ਅਮਰ (ਮੁਕਤੀ ਪ੍ਰਾਪਤੀ) ਪ੍ਰਾਣੀ ਸੰਬੰਧੀ ਵੀ ਚਰਚਾ ਹੋਣੀ ਹੈ। ਉਪਨਿਸ਼ਦਾਂ ਅਨੁਸਾਰ ਜਦੋਂ ਮਨੁੱਖ ਆਪਣੇ ਅੰਦਰੋਂ ਪੈਦਾ ਹੋਣ ਵਾਲੀਆਂ ਲਾਲਸਾਵਾਂ ਅਤੇ ਕਾਮਨਾਂਵਾ ਤੋਂ ਛੁਟਕਾਰਾ ਪਾ ਲੈਂਦਾ ਹੈ, ਤਦ ਉਹ ਅਮਰ ਹੋ ਜਾਂਦਾ ਹੈ। ਅਜਿਹਾ ਪ੍ਰਾਣੀ ਬ੍ਰਹਮ ਨੂੰ ਪ੍ਰਾਪਤ ਕਰ ਲੈਦਾ ਹੈ। ਪ੍ਰੰਤੂ ਇਸ ਪਦ ਤਕ ਪਹੁੰਚਣਾ ਕੋਈ ਆਸਾਨ ਕੰਮ ਨਹੀਂ ਹੈ।

ਗਿਆਨ ਦਾ ਮਹੱਤਵ : ਉਪਨਿਸ਼ਦਾਂ ਦੀ ਵਿੱਦਿਆ ਨੂੰ ਤਿੰਨ ਖੰਡਾਂ ਵਿੱਚ ਵੰਡਿਆਂ ਜਾਂ ਸਕਦਾ ਹੈ (1) ਬ੍ਰਹਮ ਵਿੱਦਿਆ (2) ਗਿਆਨ ਖੰਡ (3) ਸਾਧਨਾਂ ਖੰਡ । ਉਪਨਿਸ਼ਦਾਂ ਵਿੱਚ ਯੱਗ ਆਦਿ ਕਰਮ ਕਾਂਡਾਂ ਦੀ ਥਾਂ ਗਿਆਨ ਪ੍ਰਾਪਤੀ ਉਤੇ ਜ਼ੋਰ ਦਿੱਤਾ ਗਿਆ ਹੈ। ਉਪਨਿਸ਼ਦਾਂ ਅਨੁਸਾਰ ਮੁਕਤੀ ਕੇਵਲ ਗਿਆਨ ਰਾਹੀਂ ਪ੍ਰਾਪਤ ਹੁੰਦੀ ਹੈ। ਉਪਨਿਸ਼ਦ ਵਿੱਚ ਜਦੋਂ ਨਾ ਚਿਕੇਤਾ ਯਮਰਾਜ ਤੋਂ ਅਮਰ ਹੋਣ ਦਾ ਸਾਧਨ ਪੁੱਛਦਾ ਹੈ ਤਦ ਪਹਿਲਾਂ ਤਾਂ ਯਮ ਉਸਨੂੰ ਤਰ੍ਹਾਂ ਤਰ੍ਹਾਂ ਦੇ ਲਾਲਚ ਦਿੰਦਾ ਹੈ, ਪਰ ਜਦੋਂ ਨਾ ਚੀਕੇਤਾ ਲਾਲਚ ਵਲ ਧਿਆਨ ਨਾ ਦੇ ਕੇ ਕੇਵਲ ਆਪਣੇ ਪ੍ਰਸ਼ਨ ਉਤੇ ਡੱਟਿਆਂ ਰਹਿੰਦਾ ਹੈ ਤਦ ਉਸ ਤੋਂ ਪ੍ਰਸੰਨ ਹੋ ਕੇ ਯਮ ਉਸਨੂੰ ਆਤਮ-ਗਿਆਨ ਦਾ ਮਹਾਤਮ ਪ੍ਰਦਾਨ ਕਰਦਾ ਹੈ। ਇੱਕ ਪੱਛਮੀ ਵਿਦਵਾਨ (ਸ਼ਾਪਨਹਾਰ) ਨੇ ਵੀ ਆਖਿਆ ਹੈ ਕਿ ਉਪਨਿਸ਼ਦਾਂ ਦੀ ਰਚਨਾ ਵਿੱਚ ਮਾਨਵੀ ਚੇਤਨਾਂ ਦਾ ਸੱਭ ਤੋਂ ਵਧੀਆ ਗਿਆਨ ਮੌਜੂਦ ਹੈ।

ਮਹੱਤਤਾ ਅਤੇ ਪ੍ਰਭਾਵ : ਪੁਰਾਤਨ ਭਾਰਤੀ ਦਰਸ਼ਨ ਨੂੰ ਉਪਨਿਸ਼ਦਾਂ ਦੀ ਵੱਡੀ ਦੇਣ ਹੈ। ਸ਼ਾਇਦ ਹੀ ਕੋਈ ਅਜਿਹਾ ਦਾਰਸ਼ਨਿਕ ਵਿਸ਼ਾ ਹੋਵੇ ਜੋ ਉਪਨਿਸ਼ਦਾਂ ਵਿੱਚ ਵਿਚਾਰਿਆ ਨਾ ਗਿਆ ਹੋਵੇ। ਉਪਨਿਸ਼ਦ ਮਗਰਲੇ ਭਾਰਤੀ ਦਰਸ਼ਨ ਲਈ ਵੀ ਆਧਾਰ ਹੋ ਨਿਬੜੇ ਹਨ। ਸੰਕਰਾਚਾਰੀਆ ਦੇ ਅਦਵੈਤਵਾਦ ਦਾ ਮੂਲ ਆਧਾਰ ਉਪਨਿਸ਼ਦ ਹੀ ਹਨ। ਇੱਥੇ ਹੀ ਬਸ ਨਹੀਂ ਉਪਨਿਸ਼ਦਾਂ ਨੇ ਪੰਜਾਬੀ ਸੂਫੀ ਕਾਵਿ ਅਤੇ ਅਧੁਨਿਕ ਪੰਜਾਬੀ ਅਧਿਆਤਮਵਾਦੀ ਅਤੇ ਰਹੱਸਵਾਦੀ ਕਾਵਿ ਨੂੰ ਵੀ ਪ੍ਰਭਾਵਿਤ ਕੀਤਾ ਹੈ।

### ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

1. ਉਪਨਿਸ਼ਦਾਂ ਤੋਂ ਪਹਿਲਾਂ ਵੇਦਾਂ ਦੇ ਤਿੰਨ ਭਾਗ ਕਿਹੜੇ ਕਿਹੜੇ ਹਨ?
2. ਉਪਨਿਸ਼ਦਾਂ ਵਿੱਚ ਬ੍ਰਹਮ ਬਾਰੇ ਕੀ ਆਖਿਆ ਗਿਆ ਹੈ?
3. 'ਆਤਮਾ' ਬਾਰੇ ਉਪਨਿਸ਼ਦਾਂ ਵਿੱਚ ਕੀ ਕਿਹਾ ਗਿਆ ਹੈ? ਇਕ ਵਾਕ ਵਿਚ ਉੱਤਰ ਦਿਓ ।
4. ਉਪਨਿਸ਼ਦਾਂ ਅਨੁਸਾਰ 'ਅਮਰਪ੍ਰਾਣੀ' ਕੌਣ ਹੈ?
5. ਉਪਨਿਸ਼ਦਾਂ ਅਨੁਸਾਰ ਗਿਆਨ ਦਾ ਕੀ ਮਹੱਤਵ ਹੈ।

## ਧਰਮ ਸ਼ਾਸ਼ਤਰ

ਧਰਮ ਸ਼ਾਸਤਰ ਤੋਂ ਭਾਵ : 'ਧਰਮ ਸ਼ਾਸਤਰ' ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ ਧਰਮ+ਸ਼ਾਸਤਰ। ਵੇਦ ਵਿੱਚ 'ਧਰਮ' ਸ਼ਬਦ ਕਿਧਰੇ ਪਾਲਣਾ ਕਰਨ ਵਾਲਾ, ਕਿਧਰੇ ਨੈਤਿਕ ਨਿਯਮ ਜਾਂ ਆਧਾਰ ਦੇ ਰੂਪ ਵਿੱਚ ਆਇਆ ਹੈ। 'ਮਹਾਭਾਰਤ' ਅਨੁਸਾਰ ਪ੍ਰਾਣੀਆਂ ਦੇ ਕਲਿਆਣ ਲਈ ਹੀ ਧਰਮ ਦਾ ਪ੍ਰਵਚਨ ਕੀਤਾ ਜਾਂਦਾ ਹੈ। ਉਪਨਿਸ਼ਦਾਂ ਵਿੱਚ ਆਖਿਆ ਗਿਆ ਹੈ ਧਰਮ ਸੰਸਾਰ ਦੀ ਸਥਿਤੀ ਦਾ ਮੂਲ ਹੈ। ਜਿਸ ਵਿੱਚ ਪ੍ਰਵਿਰਤੀ, ਨਿਵਰਿਤੀ ਅਤੇ ਮਨੁੱਖ ਦਾ ਧਰਮ ਵਿਦਮਾਨ ਹੋਵੇ ਉਸਨੂੰ ਵਿਦਵਾਨਾਂ ਨੇ ਸ਼ਾਸਤਰ ਆਖਿਆ ਹੈ। ਸ੍ਰੀਮਦ ਭਗਵਤ ਗੀਤਾ ਅਨੁਸਾਰ ਚੰਗੇ ਕੰਮ ਅਤੇ ਭੈੜੇ ਕੰਮ ਦਾ ਨਿਰਣਾ ਕਰਨ ਵਿੱਚ ਸ਼ਾਸ਼ਤਰ ਹੀ ਸਹਾਇਕ ਹੈ।

ਸਮ੍ਰਿਤੀ ਸਾਹਿਤ ਦਾ ਅੰਗ : ਵੇਦ ਦੇ ਚਾਰ ਉਪ-ਭਾਗਾਂ ਵਿੱਚੋਂ ਧਰਮ ਸ਼ਾਸ਼ਤਰ ਇੱਕ ਹੈ। ਧਰਮ ਸ਼ਾਸ਼ਤਰ ਸਮ੍ਰਿਤੀ ਸਾਹਿਤ ਨਾਲ ਸੰਬੰਧ ਰਖਦੇ ਹਨ। 'ਸਮ੍ਰਿਤੀ ਸਾਹਿਤ' ਤੋਂ ਉਨ੍ਹਾਂ ਗ੍ਰੰਥਾਂ ਸੰਬੰਧੀ ਜਾਣਕਾਰੀ ਮਿਲਦੀ ਹੈ, ਜਿਨਾਂ ਵਿੱਚ ਸੰਸਾਰਕ ਲੋਕਾਂ ਲਈ ਢੁਕਵਾਂ ਆਚਾਰ ਵਿਹਾਰ ਅਤੇ ਸਮਾਜ ਦੇ ਨੀਤੀ ਤੇ ਸਦਾਚਾਰ ਅਤੇ ਸ਼ਾਸ਼ਨ ਸੰਬੰਧੀ ਨੇਮ ਸਪਸ਼ਟ ਰੂਪ ਵਿੱਚ ਵਰਣਿਤ ਹੋਣ। ਮਨੁੱਖ ਧਰਮ ਦਾ ਰਹੱਸ ਸਮਝ ਸਕੇ, ਸ਼ੁੱਧ ਆਚਰਣ ਦਾ ਮਹੱਤਵ ਜਾਣ ਸਕੇ, ਪਾਪ-ਪੁੰਨ, ਨੀਤੀ-ਅਨੀਤੀ ਨੂੰ ਪਹਿਚਾਣ ਸਕਣ



Downloaded from https:// www.studiestoday.com

Downloaded from https:// www.studiestoday.com

ਦੇ ਸਮਰਥ ਹੋ ਸਕੇ ਅਤੇ ਦੇਵ, ਪਿਤਰ ਅਤਿਥੀ (ਪ੍ਰਾਹੁਣਾ) ਗੁਰੂ ਆਦਿ ਪ੍ਰਤਿ ਆਪਣੇ ਕਰਤਵ ਨੂੰ ਸਮਝੇ, ਇਹੋ ਹੀ ਸਮ੍ਰਿਤੀ ਗ੍ਰੰਥਾਂ ਦਾ ਮੂਲ ਉਦੇਸ਼ ਹੈ।

**ਧਰਮ ਸ਼ਾਸਤਰਾਂ ਦਾ ਵੇਰਵਾ :** ਧਰਮ ਸ਼ਾਸਤਰ ਵਿੱਚ ਕਈ ਚੀਜ਼ਾ ਸ਼ਾਮਿਲ ਹਨ ਜਿਨ੍ਹਾਂ 'ਚ ਪ੍ਰਮੁੱਖ ਹਨ ਧਰਮ ਸੂਤਰ, ਸਮ੍ਰਿਤੀ, ਨਿਬੰਧ ਆਦਿ।

**ਧਰਮ ਸੂਤਰ:** ਸੂਤਰ ਸਾਹਿਤ ਵਿੱਚ ਸ੍ਰੌਤ ਸੂਤਰ, ਗ੍ਰਹਮ ਸੂਤਰ ਅਤੇ ਸ਼ੁਲਭ ਸੂਤਰ ਆਦਿ ਗ੍ਰੰਥਾਂ ਦੀ ਪ੍ਰਧਾਨਤਾ ਹੈ। ਧਰਮਸੂਤਰ ਅਤੇ ਗ੍ਰਹਮਸੂਤਰ, ਸਿਮਰਤੀਆਂ ਦੇ ਪੂਰਵ-ਕਥਨ (ਭੂਮਿਕਾ) ਦੇ ਰੂਪ ਵਿੱਚ ਜਾਣੇ ਜਾਂਦੇ ਹਨ। ਇਸੇ ਪ੍ਰਕਾਰ ਧਰਮ ਸੂਤਰਾਂ ਵਿੱਚ ਗੌਤਮ, ਵਸ਼ਿਸ਼ਟ, ਬੋਧਯਾਨ, ਵਿਰਣਕਸ਼ੀ, ਹਾਰਿਤ, ਵੈਖਾਨਸ ਅਤੇ ਸੰਖ ਲਿਖਤ ਧਰਮ ਸੂਤਰ ਵਧੇਰੇ ਪ੍ਰਸਿੱਧ ਹਨ। ਇਹਨਾਂ ਧਰਮ ਸੂਤਰਾਂ ਵਿੱਚ ਅੱਡ-ਅੱਡ, ਆਚਾਰ-ਵਿਹਾਰ, ਕਰਮ, ਕਰਤੱਵ ਆਦਿ ਦੀ ਵਿਆਖਿਆ ਅਤੇ ਮਹੱਤਤਾ ਦਰਸਾਈ ਗਈ ਹੈ। ਇਸੇ ਪ੍ਰਕਾਰ ਇਹਨਾਂ ਵਿੱਚ ਚਾਰੇ ਵਰਣਾਂ ਦੇ ਕਰਤੱਵ, ਵਰਤ-ਵਤੀਰਾ ਦੇ ਨਾਲ ਨਾਲ ਰਾਜ ਧਰਮ ਬਾਰੇ ਵੀ ਮੁੱਖ ਤੌਰ ਉਤੇ ਜਾਣਕਾਰੀ ਦਿੱਤੀ ਗਈ ਹੈ। ਰਾਜੇ ਦਾ ਕੀ ਕਰਤੱਵ ਹੈ, ਉਸਦੇ ਵਜੀਰਾਂ ਅਤੇ ਪਰਜਾ ਨਾਲ ਕਿਹੋ ਜਿਹੇ ਸੰਬੰਧ ਹੋਣੇ ਚਾਹੀਦੇ ਹਨ, ਆਦਿ ਵੀ ਧਰਮ ਸੂਤਰਾਂ ਵਿੱਚ ਵਰਜਿਤ ਹਨ। ਇੱਥੇ ਹੀ ਬਸ ਨਹੀਂ, ਅਪਰਾਧ ਦੇ ਨਿਯਮ, ਵਿਆਹ ਦੇ ਨਿਯਮ ਵਿਧੀਆਂ, ਉਤਰਾਧਿਕਾਰ, ਮੌਤ ਨਾਲ ਸੰਬੰਧਿਤ ਕਿਰਿਆ ਕਰਮ ਆਦਿ ਵੀ ਧਰਮ ਸੂਤਰਾਂ ਦੇ ਵਿਸ਼ੇ ਹਨ।

ਆਰੰਭ ਵਿੱਚ ਵਿਸ਼ੇਸ਼ ਧਰਮ ਸੂਤਰਾਂ ਦੀ ਵਰਤੋਂ ਸਮਾਜ ਦੇ ਵੱਖ-ਵੱਖ ਵਰਗ ਆਪੋ ਆਪਣੇ ਲਈ ਕਰਦੇ ਪ੍ਰਤੀਤ ਹੁੰਦੇ ਹਨ। ਪਿੱਛੋਂ ਜਾਂ ਕੇ ਉਹਨਾਂ ਵਿੱਚੋਂ ਕੁਝ ਧਰਮ ਸੂਤਰਾਂ ਦੀ ਵਰਤੋਂ ਸਾਰਿਆਂ ਵਰਗਾਂ ਦੁਆਰਾ ਹੋਣ ਲਗ ਪਈ। ਧਰਮ ਸੂਤਰਾਂ ਵਿੱਚ ਕੁਝ ਗੱਲਾਂ ਵਰਣ ਅਵਸਥਾ ਨੂੰ ਆਧਾਰ ਬਣਾ ਕੇ ਲਿਖੀਆਂ ਮਿਲਦੀਆਂ ਹਨ ਜਿਵੇਂ ਵੱਖ ਵੱਖ ਜਾਤਾਂ ਲਈ ਵੱਖ-ਵੱਖ ਸਜ਼ਾਵਾਂ ਲਿਖੀਆਂ ਮਿਲਦੀਆਂ ਹਨ। ਉਦਾਹਰਣ ਵਜੋਂ ਅਪਰਾਧ ਕਰਨ ਉਤੇ ਬ੍ਰਾਹਮਣ ਦੇ ਮੁਕਾਬਲੇ ਅਖੌਤੀ ਨੀਵੇਂ ਵਰਣ ਦੇ ਲੋਕਾਂ ਨੂੰ ਸਖਤ ਸਜ਼ਾਵਾਂ ਲਿਖੀਆਂ ਹੋਈਆਂ ਹਨ। ਇਸ ਤੋਂ ਇਹ ਵੀ ਸ਼ਕ ਪੈਂਦਾ ਹੈ ਕਿ ਕੁਝ ਲੋਕਾਂ ਨੇ ਧਰਮ ਸ਼ਾਸਤਰਾਂ ਨੂੰ ਆਪਣੇ ਨਿੱਜੀ ਲਾਭ ਹਿੱਤ ਵਰਤਿਆ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਧਰਮ ਤੋਂ ਕੀ ਭਾਵ ਹੈ?
2. 'ਸ਼ਾਸ਼ਤਰ' ਕਿਸਨੂੰ ਆਖਦੇ ਹਨ?
3. ਧਰਮ ਸ਼ਾਸ਼ਤਰ ਕਿਹੜੇ ਸਾਹਿਤ ਨਾਲ ਸੰਬੰਧ ਰਖਦਾ ਹੈ?
4. 'ਧ਼ਰਮ ਸ਼ਾਸ਼ਤਰ' ਦਾ ਵਿਸ਼ਾ ਕੀ ਹੈ?
5. ਸੂਤਰ ਸਾਹਿਤ ਵਿੱਚ ਕਿੰਨ੍ਹਾਂ ਗ੍ਰੰਥਾਂ ਦੀ ਪ੍ਰਧਾਨਤਾ ਹੈ?
6. ਕਿਹੜੇ ਕਿਹੜੇ ਧਰਮ-ਸੂਤਰ ਸਿਮਰਤੀਆਂ ਦੇ ਪੂਰਵ ਕਥਨ ਜਾਂ ਭੂਮਿਕਾ ਦੇ ਰੂਪ ਵਿੱਚ ਜਾਣੇ ਜਾਂਦੇ ਹਨ?
7. ਤਿੰਨ ਧਰਮ ਸੂਤਰ ਗ੍ਰੰਥਾਂ ਦੇ ਨਾਮ ਲਿਖੋ।
8. ਆਰੰਭ ਵਿੱਚ ਸਮਾਜ ਵਿੱਚ ਧਰਮ ਸੂਤਰਾਂ ਦੀ ਵਰਤੋਂ ਕਿਵੇਂ ਹੁੰਦੀ ਸੀ ?
9. ਧਰਮ ਸੂਤਰਾਂ ਦੇ ਆਧਾਰ ਉਤੇ ਅਪਰਾਧ ਸੰਬੰਧੀ ਦੋ ਨੇਮਾ ਬਾਰੇ ਲਿਖੋ ।

**ਸਮ੍ਰਿਤੀਆਂ:** ਧਰਮ ਸ਼ਾਸਤਰਾਂ ਦਾ ਦੂਜਾ ਅੰਗ ਸਮ੍ਰਿਤੀਆਂ ਹਨ। ਇਹਨਾਂ ਸਮ੍ਰਿਤੀਆਂ ਵਿੱਚੋਂ ਮੁੱਖ ਹਨ - ਮਨੂ ਸਮ੍ਰਿਤੀ, ਯਾਗਵਲਕਯ ਸਮ੍ਰਿਤੀ ਵਿਸ਼ਨੂੰ ਸਮ੍ਰਿਤੀ, ਨਾਰਦ ਸਮ੍ਰਿਤੀ ਆਦਿ।

ੳ) **ਮਨੂ ਸਮ੍ਰਿਤੀ-** ਸਾਡੇ ਤੱਕ ਪੁੱਜਣ ਵਾਲੀਆਂ ਸਮ੍ਰਿਤੀਆਂ ਵਿੱਚੋਂ ਮਨੁ ਸਮ੍ਰਿਤੀ ਬਹੁਤ ਪ੍ਰਸਿੱਧ ਹੈ। ਮਨੂ ਸਮ੍ਰਿਤੀ ਦਾ ਸੰਕਲਨ ਮਹਾਰਿਸ਼ੀ ਭ੍ਰਿਗੂ ਦੁਆਰਾ ਕੀਤਾ ਦੱਸਿਆ ਜਾਂਦਾ ਹੈ। ਇਸ ਸਮ੍ਰਿਤੀ ਵਿੱਚ ਵਰਣ ਵਿਵਸਥਾ, ਵੱਖ-ਵੱਖ ਵਰਣਾਂ ਦੇ ਕੰਮ, ਇਸਤਰੀਆਂ ਦੇ ਫਰਜ ਅਤੇ ਉਨ੍ਹਾਂ ਸੰਬੰਧੀ ਨਿਯਮ, ਆਰੀਆ ਅਤੇ ਅਨਆਰੀਆ ਦੀਆਂ ਵਖਰਤਾਵਾਂ ਆਦਿ ਬਾਰੇ ਵਿਚਾਰ ਪ੍ਰਗਟਾਏ ਮਿਲਦੇ ਹਨ। ਇਸ ਗ੍ਰੰਥ ਵਿੱਚ ਧਰਮ, ਅਰਥ, ਕਾਮ, ਮੋਖ ਇਹਨਾਂ ਚਾਰ ਪੁਰਸ਼ਾਰਥਾ ਦੀ ਸੁੰਦਰ ਵਿਆਖਿਆ ਕੀਤੀ ਮਿਲਦੀ ਹੈ। ਮਨੂਸਮ੍ਰਿਤੀ ਵਿੱਚ ਧਰਮ ਅਧੀਨ ਹੀ ਕਾਮ ਅਤੇ ਅਰਥ ਨੂੰ ਪਰਮਾਰਥ ਮੰਨਿਆ ਗਿਆ ਹੈ। ਇਸ ਸਮ੍ਰਿਤੀ ਦੇ ਹੋਰ ਵਿਸ਼ੇ ਹਨ- ਪਰਲੋ ਪਿੱਛੋਂ ਸ੍ਰਿਸ਼ਟੀ ਦਾ ਆਰੰਭ, ਪਰਮਾਤਮਾ ਦੁਆਰਾ ਸਰੀਰਕ ਭੂਤਾਂ ਦੀ ਸਿਰਜਣਾ, ਬ੍ਰਹਿਮੰਡ ਦੀ ਸਿਰਜਣਾ, ਚਾਰ ਪ੍ਰਕਾਰ ਦੇ ਪ੍ਰਾਣੀ, ਯੁਗ ਅਨੁਸਾਰ ਧਰਮ, ਵਰਣਾਂ ਅਨੁਸਾਰ ਕੰਮ ਦੀ ਵੰਡ, ਧਰਮ ਦੇ ਲੱਛਣ, ਭੋਜਨ ਦੀ ਵਿਧੀ, ਇਸਤਰੀਆਂ ਦੇ ਸੰਸਕਾਰ ਜਨੇਊ ਪਹਿਨਣ ਪਿੱਛੋਂ ਦੇ ਕੰਮ, ਸੰਧਿਆਂ ਦੀ ਪ੍ਰਕਿਰਿਆ, ਬ੍ਰਹਮਚਾਰੀ ਦੇ ਕਰਤਵ ਆਦਿ। ਇਸ ਗ੍ਰੰਥ ਦੇ ਇੱਕ



Downloaded from https:// www.studiestoday.com

Downloaded from https:// www.studiestoday.com

ਅਧਿਆਇ ਵਿੱਚ ਰਾਜੇ ਦਾ ਧਰਮ, ਸਜਾ ਦੀਆਂ ਵਿਧੀਆਂ, ਅਧਰਮ ਪੂਰਣ ਸਜਾ ਦੇਣ ਦਾ ਦੋਸ਼, ਅਨਿਆਂ ਕਰਨ ਵਾਲੇ ਰਾਜੇ ਦੀ ਨਿੰਦਿਆਂ ਆਦਿ ਵੀ ਕੀਤੀ ਮਿਲਦੀ ਹੈ। ਇਸ ਗ੍ਰੰਥ ਵਿੱਚ ਇਹ ਵੀ ਲਿਖਿਆ ਹੈ ਕਿ ਅਪਰਾਧ ਕਰਨ ਉਤੇ ਬ੍ਰਾਹਮਣਾਂ ਨੂੰ ਮੌਤ ਦੀ ਸਜਾ ਨਹੀਂ ਮਿਲਣੀ ਚਾਹੀਦੀ।

ਅ) **ਨਾਰਦ ਸਮ੍ਰਿਤੀ:** ਨਾਰਦ ਸਮ੍ਰਿਤੀ ਦਾ ਸੰਕਲਨ ਮਹਾਰਿਸ਼ੀ ਨਾਰਦ ਦੁਆਰਾ ਕੀਤਾ ਦੱਸਿਆ ਜਾਂਦਾ ਹੈ। ਇਸ ਗ੍ਰੰਥ ਦੀ ਰਚਨਾ, ਮਨੂ ਸਮ੍ਰਿਤੀ ਤੋਂ ਪਿੱਛੋਂ ਹੋਈ ਹੈ। ਦੋਨਾਂ ਵਿੱਚ ਕੁਝ ਸਮਾਨਤਾਵਾ ਵੀ ਵੇਖਣ ਨੂੰ ਮਿਲਦੀਆਂ ਹਨ। ਪਰੰਤੂ ਦੋਵਾਂ ਵਿੱਚ ਕੁਝ ਅੰਤਰ ਵੀ ਹਨ। ਜਿੱਥੇ ਮਨੂੰ ਸਮ੍ਰਿਤੀ ਨਿਯੋਗ ਅਤੇ ਇਸਤਰੀਆਂ ਦੇ ਦੁਬਾਰਾ ਵਿਆਹ ਦਾ ਵਿਰੋਧ ਕਰਦੀ ਹੈ ਉਥੇ ਨਾਰਦ ਸਮ੍ਰਿਤੀ ਵਿੱਚ ਅਜਿਹੀਆਂ ਮਨਾਹੀਆਂ ਨਹੀਂ ਹਨ। ਇਸ ਸਮ੍ਰਿਤੀ ਵਿੱਚ ਵਿਦਿਆਰਥੀਆਂ ਦੇ ਅਨੁਸਾਸ਼ਨ ਸੰਬੰਧੀ ਵੀ ਕਈ ਗੱਲਾਂ ਲਿਖੀਆਂ ਹੋਈਆਂ ਹਨ। ਇਸ ਤੋਂ ਇਲਾਵਾ ਇਸ ਗ੍ਰੰਥ ਵਿੱਚ ਇਹ ਵੀ ਲਿਖਿਆ ਹੋਇਆ ਹੈ ਕਿ ਵਿਧਵਾ ਇਸਤਰੀ ਨੂੰ ਆਪਣੇ ਪਤੀ ਦੀ ਸੰਪਤੀ ਦਾ ਉਤਰਾਅਧਿਕਾਰ ਨਹੀਂ ਮਿਲਣਾ ਚਾਹੀਦਾ।

ੲ) **ਯਾਗਵਲਕਯ ਸਮ੍ਰਿਤੀ :** ਇਸ ਸਮ੍ਰਿਤੀ ਦਾ ਕਰਤਾ ਯਾਗਵਲਕਯ ਰਿਸ਼ੀ ਦੱਸਿਆ ਜਾਂਦਾ ਹੈ। ਇਸ ਦੇ ਵਿਸ਼ੇ ਹੋਰਨਾਂ ਸਮ੍ਰਿਤੀਆਂ ਨਾਲੋਂ ਕੁਝ ਅੱਡ ਹਨ। ਇਸ ਵਿੱਚ ਵੀ ਵਰਣ ਵਖਰੇਵੇਂ ਉੱਤੇ ਜੋਰ ਦਿੱਤਾ ਗਿਆ ਹੈ ਜਿਵੇਂ ਬ੍ਰਾਹਮਣ ਪੁਰਸ਼ ਨੂੰ ਸੂਦਰ ਕੰਨਿਆ ਨਾਲ ਵਿਆਹ ਕਰਾਉਣ ਦੀ ਇਜਾਜ਼ਤ ਨਹੀਂ ਹੈ। ਪਰੰਤੂ ਇਸ ਵਿੱਚ ਇਹ ਵੀ ਲਿਖਿਆ ਹੈ ਕਿ ਪੁੱਤਰ ਦੀ ਪ੍ਰਾਪਤੀ ਲਈ ਇਸਤਰੀ ਨੂੰ ਦਿਉਰ ਨਾਲ ਵਿਆਹ ਕਰਵਾਉਣ ਦੀ ਇਜਾਜ਼ਤ ਹੈ ਅਤੇ ਇਸ ਕਦਮ ਦੀ ਪ੍ਰਸੰਸਾ ਕੀਤੀ ਗਈ ਹੈ।

ਸ) **ਵਿਸ਼ਨੂੰ ਸਮ੍ਰਿਤੀ:** ਵਿਸ਼ਨੂੰ ਸਮ੍ਰਿਤੀ ਵਿੱਚ ਛੋਟੇ ਵੱਡੇ 100 ਅਧਿਆਇ ਹਨ। ਇਸ ਅੰਦਰ ਮਨੂ ਸਮ੍ਰਿਤੀ, ਭਗਵਤ ਗੀਤਾ, ਗਰੁੜ ਪੁਰਾਣ ਦੇ ਬਹੁਤ ਸਾਰੇ ਬਚਨ ਵੇਖਣ ਨੂੰ ਮਿਲਦੇ ਹਨ। ਇਸਦਾ ਸਬੰਧ ਬ੍ਰਹਮ ਪੁਰਾਣ ਨਾਲ ਵੀ ਹੈ। ਇਸ ਤੋਂ ਬਿਨਾਂ ਇਸ ਦੇ ਮੁੱਖ ਵਿਸ਼ੇ ਹਨ-ਵਰਣ ਆਸ਼ਰਮ ਧਰਮ, ਰਾਜ ਧਰਮ, ਦੰਡ ਪ੍ਰਕਿਰਿਆ, ਬਾਰਾਂ ਪ੍ਰਕਾਰ ਦੇ ਪੁੱਤਰ ਅਤੇ ਪੁੱਤਰ ਪ੍ਰਸੰਸਾ, ਪਿਤਾ ਦੀ ਸੰਪਤੀ ਦੀ ਵੰਡ, ਵਿਆਹ ਵਿਧੀ, ਇਸਤਰੀ ਧਰਮ, ਵੱਖ-ਵੱਖ ਸੰਸਕਾਰ, ਵਰਤ, ਸਰਾਧ ਆਦਿ।

ਅ) **ਕੁਝ ਹੋਰ ਸਮ੍ਰਿਤੀਆਂ:** ਹਿੰਦੂ ਧਰਮ ਸ਼ਾਸਤਰਾਂ ਵਿੱਚ ਕੁਝ ਹੋਰ ਸਮ੍ਰਿਤੀਆਂ ਵੀ ਸ਼ਾਮਿਲ ਹਨ ਜਿਵੇਂ ਵਿਆਸ ਸਮ੍ਰਿਤੀ, ਲਘੁ ਵਿਸ਼ਨੂੰ ਸਮ੍ਰਿਤੀ ਵਸਿਸ਼ਟ ਸਮ੍ਰਿਤੀ, ਸੰਖ ਸਮ੍ਰਿਤੀ, ਪਰਾਸ਼ਰ ਸਮ੍ਰਿਤੀ, ਅਤਰੀ ਸਮ੍ਰਿਤੀ, ਯਮ ਸਮ੍ਰਿਤੀ ਆਦਿ

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਮੁੱਖ ਸਮ੍ਰਿਤੀਆਂ ਦੇ ਨਾਂ ਦੱਸੋ।
2. ਮਨੂ ਸਮ੍ਰਿਤੀ ਦਾ ਸੰਕਲਨ ਕਿਸ ਰਿਸ਼ੀ ਦੁਆਰਾ ਕੀਤਾ ਦੱਸਿਆ ਜਾਂਦਾ ਹੈ?
3. ਮਨੂ ਸਮ੍ਰਿਤੀ ਦੇ ਮੁੱਖ ਵਿਸ਼ੇ ਦੱਸੋ ।
4. ਨਾਰਦ ਸਮ੍ਰਿਤੀ ਦੀ ਰਚਨਾ ਕਿਸ ਨੇ ਕੀਤੀ ਹੈ?
5. ਨਾਰਦ ਸਮ੍ਰਿਤੀ ਵਿੱਚ ਮੁੱਖ ਤੌਰ ਉਤੇ ਕਿਹੜੇ ਕਿਹੜੇ ਵਿਸ਼ੇ ਨਿਭਾਏ ਗਏ ਹਨ।

3. **ਨਿਬੰਧ ਗ੍ਰੰਥ:** ਬਹੁਤ ਸਾਰੇ ਨਿਬੰਧ ਗ੍ਰੰਥ ਵੀ ਹਿੰਦੂ ਧਰਮ ਸ਼ਾਸਤਰਾਂ ਦਾ ਅੰਗ ਹਨ। ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਭਿੰਨ-ਭਿੰਨ ਸਮ੍ਰਿਤੀ ਗ੍ਰੰਥ ਉਹਨਾਂ ਦੇ ਆਧਾਰ ਹਨ। ਇਹਨਾਂ ਦਾ ਰਚਨਾ ਕਾਲ 800ਈ: ਤੋਂ 1700 ਈ: ਤਕ ਮੰਨਿਆ ਜਾਂਦਾ ਹੈ। ਪ੍ਰਮੁੱਖ ਨਿਬੰਧ ਗ੍ਰੰਥਾਂ ਵਿੱਚ ਸ਼ਾਮਿਲ ਹਨ ਸਮ੍ਰਿਤੀ ਚੰਦ੍ਰਕਾ, ਹਾਰਲਤਾ, ਦਾਨ ਸਾਗਰ, ਦੰਡੇ-ਸ਼ਵਰ ਦਾ ਵਿਵਾਦ, ਰਤਨਾਕਰ ਸਮ੍ਰਿਤ ਯਥਾਰਥਸਾਰ, ਵਿਗਿਆਨੇਸ਼ਵਰ ਦਾ ਮਿਤਾਕਸ਼ਰਾ, ਵਾਚਸਪਤੀ ਵਿਵਾਦ ਚਿੰਤਾਮਣੀ। ਇਹਨਾਂ ਚੋਂ ਕਈ ਗ੍ਰੰਥ ਵੱਡੇ ਵੱਡੇ ਭਾਗਾਂ ਵਿੱਚ ਵੰਡੇ ਗਏ ਹਨ। ਕਈ ਗ੍ਰੰਥ ਖੰਡਾਂ ਵਿੱਚ ਵੰਡੇ ਗਏ ਹਨ ।

**ਸੰਖੇਪ ਉੱਤਰਾਂ ਵਾਲਾ ਵਿਸ਼ਾ**

1. ਪੁਰਾਣ-ਸ਼ਬਦ ਦੇ ਕੀ ਅਰਥ ਹਨ? ਪੁਰਾਣ ਦੀ ਪਰਿਭਾਸ਼ਾ ਦਿੰਦਿਆਂ ਦੱਸੋ ਕਿ ਇਹ ਕਿੰਨੇ ਕੁ ਪੁਰਾਣੇ ਹਨ?
2. ਗਿਣਤੀ ਪੱਖੋਂ ਪੁਰਾਣ ਕਿੰਨੇ ਹਨ ਅਤੇ ਇਹਨਾਂ ਦੇ ਨਾਂ ਵੀ ਲਿਖੋ।
3. ਪੁਰਾਣਾ ਦਾ ਵਿਸ਼ਾ ਵਸਤੂ ਕੀ ਹੈ?
4. ਪੁਰਾਣਾ ਦੀਆਂ ਮੁੱਖ ਪ੍ਰਵਿਰਤੀਆਂ ਲਿਖੋ।
5. ਪੁਰਾਣ ਸਾਹਿਤ ਦਾ ਦਾਰਸ਼ਨਿਕ ਮਹੱਤਵ ਕੀ ਹੈ?



Downloaded from https:// www.studiestoday.com

Downloaded from https:// www.studiestoday.com

6. ਰਿਗਵੇਦ ਦੇ ਉਪਨਿਸ਼ਦ ਕਿੰਨੇ ਹਨ ਕਿਸੇ ਦੋ ਦਾ ਪ੍ਰੀਚੈ ਕਰਵਾਓ?
7. ਅਥਰਵੇਦ ਦੇ ਉਪਨਿਸ਼ਦਾਂ ਬਾਰੇ ਸੰਖੇਪ ਜਾਣਕਾਰੀ ਦਿਓ।
8. ਸਾਮ ਵੇਦ ਦੇ ਉਪਨਿਸ਼ਦਾਂ ਬਾਰੇ ਤੁਸੀਂ ਕੀ ਜਾਣਦੇ ਹੋ?
9. ਯਜੁਰਵੇਦ (ਸ਼ੁਕਲ) ਦੇ ਉਪਨਿਸ਼ਦਾਂ ਬਾਰੇ ਜਾਣਕਾਰੀ ਦਿਓ?
10. ਯਜੁਰਵੇਦ ਦੇ (ਕ੍ਰਿਸ਼ਨ) ਦੇ ਉਪਨਿਸ਼ਦ ਬਾਰੇ ਤੁਸੀਂ ਜਾਣਦੇ ਹੋ?
11. ਸ਼ਾਸਤਰ ਤੋਂ ਕੀ ਭਾਵ ਹੈ?
12. ਨਾਰਦ ਸਮ੍ਰਿਤੀ ਬਾਰੇ ਤੁਸੀਂ ਕੀ ਜਾਣਦੇ ਹੋ?

ਨਿਬੰਧਾਤਮਕ ਪ੍ਰਸ਼ਨਾਂ ਦੇ ਉੱਤਰ

1. ਪੁਰਾਣਾ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਵਿਚਲੇ ਵਿਸ਼ੇ-ਵਸਤੂ ਤੇ ਵਿਚਾਰ ਕਰੋ।
2. ਪੁਰਾਣਾ ਦਾ ਕੀ ਉਦੇਸ਼ ਹੈ ਉਹ ਸਾਨੂੰ ਕਿਸ ਕਿਸ ਪ੍ਰਕਾਰ ਦੀ ਜਾਣਕਾਰੀ ਦਿੰਦੇ ਹਨ।
3. ਪੁਰਾਣਾ ਦੇ ਅਰਥ, ਪਰਿਭਾਸ਼ਾ, ਰਚਨਾਕਾਲ ਅਤੇ ਪ੍ਰਮੁੱਖ ਵਿਸ਼ਿਆਂ ਬਾਰੇ ਤੁਸੀਂ ਕੀ ਜਾਣਦੇ ਹੋ?
4. ਉਪਨਿਸ਼ਦਾਂ ਨਾਲ ਜਾਣ-ਪਛਾਣ ਕਰਵਾਓ।
5. ਉਪਨਿਸ਼ਦਾਂ ਦਾ ਵਿਸ਼ਾ-ਵਸਤੂ ਕੀ ਹੈ?
6. ਹਿੰਦੂ ਧਰਮ ਸ਼ਾਸ਼ਤਰਾਂ ਨਾਲ ਪ੍ਰੀਚੈ ਕਰਵਾਓ।



Downloaded from https:// www.studiestoday.com

Downloaded from https:// www.studiestoday.com

## ਪਾਠ-9
## "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ"

**ਭੂਮਿਕਾ**

ਧਰਮ ਗ੍ਰੰਥ ਤੋਂ ਬਿਨਾਂ ਕਿਸੇ ਵੀ ਧਰਮ ਦੀ ਹੋਂਦ ਸੰਭਵ ਨਹੀ। ਧਰਮ ਗ੍ਰੰਥ ਹੀ ਧਰਮ ਦਾ ਕੇਂਦਰੀ ਸਰੋਕਾਰ ਅਤੇ ਧਰਮ ਦੇ ਸਿਧਾਤਾਂ ਦੀ ਜਿੰਦ ਜਾਨ ਹੁੰਦਾ ਹੈ ਕਿਉਂਕਿ ਇਸ ਰਾਹੀਂ ਹੀ ਕੋਈ ਧਰਮ ਆਪਣੇ ਪੈਗੰਬਰਾਂ ਜਾਂ ਗੁਰੂਆਂ-ਪੀਰਾਂ ਵੱਲੋਂ ਦਿਤੇ ਉਪਦੇਸ਼ ਤੇ ਸਥਾਪਤ ਕੀਤੇ ਸਿਧਾਤਾਂ ਨਾਲ ਆਪਣੇ ਪੈਰੋਕਾਰਾਂ ਨੂੰ ਜੋੜਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਧਰਮ ਗ੍ਰੰਥ ਥੱਕੇ-ਟੁੱਟੇ ਮੁਸਾਫਰਾਂ ਦੀ ਤਪਸ਼ ਨੂੰ ਸਹਾਰਦੇ ਲੋਕਾਂ ਲਈ ਸੰਘਣੀਆਂ ਛਾਵਾਂ ਹੁੰਦੇ ਹਨ। ਧਰਮ ਤੇ ਗ੍ਰੰਥ ਦਾ ਰਿਸ਼ਤਾ ਰੂਹ ਤੇ ਸਰੀਰ ਵਾਲਾ ਹੈ ਜਿਸ ਵਿਚ ਇਕ ਤੋਂ ਬਿਨਾਂ ਦੂਜੇ ਦੀ ਹੋਂਦ ਸੰਭਵ ਨਹੀਂ।

ਹਰ ਧਰਮ ਦਾ ਆਪਣਾ ਧਰਮ ਗ੍ਰੰਥ ਹੁੰਦਾ ਹੈ ਜਿਵੇਂ ਹਿੰਦੂ ਧਰਮ ਦੇ ਵੇਦ, ਇਸਾਈਆਂ ਦੀ ਬਾਈਬਲ, ਯਹੂਦੀਆਂ ਦੀ ਤੌਰੈਤ, ਇਸਲਾਮ ਦੀ ਕੁਰਾਨ, ਜੈਨ ਧਰਮ ਦੇ ਅੰਗ, ਬੁਧ ਧਰਮ ਦਾ ਤ੍ਰਿਪਿਟਕ ਪਵਿੱਤਰ ਗ੍ਰੰਥ ਹਨ ਇਵੇਂ ਹੀ ਸਿੱਖ ਧਰਮ ਦਾ ਪਵਿੱਤਰ ਗ੍ਰੰਥ ਜਿਸਨੂੰ ਗੁਰੂ ਸਾਹਿਬਾਨ ਨੇ 'ਧੁਰ ਕੀ ਬਾਣੀ' ਆਖਿਆ।

**ਵਿਲਖਣਤਾ:**

ਧਰਮ ਗ੍ਰੰਥਾਂ ਦੇ ਸੰਦਰਭ ਵਿਚ ਜੇਕਰ ਵੇਖਿਆ ਜਾਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਇਕ ਬਹੁਤ ਹੀ ਵਿੱਲਖਣ ਕਾਰਜ ਹੈ ਕਿਉਂਕਿ-

1 ਇਹ ਧਰਮ ਗ੍ਰੰਥ ਭਾਰਤ ਦੇ ਅਧਿਆਤਮਿਕ ਸਾਹਿੱਤ ਦਾ ਇਕ ਅੱਦੁਤੀ ਖਜਾਨਾ ਹੈ ਕਿਉਂਕਿ ਇਸ ਵਿਚ 500 ਸਾਲਾਂ (12ਵੀਂ ਤੋਂ 17ਵੀਂ ਸਦੀ) ਦੇ ਧਰਮ ਸਾਧਕਾਂ ਦੇ ਅਨੁਭਵ ਉਨ੍ਹਾਂ ਦੇ ਆਪਣੇ ਹੀ ਬੋਲਾਂ ਰਾਹੀਂ ਪ੍ਰਮਾਣਿਕ ਰੂਪ ਵਿਚ ਸੰਕਲਿਤ ਹੋਏ ਹਨ।

2. ਧਰਮਾਂ ਦੇ ਇਤਿਹਾਸ ਵਿਚ ਇਹ ਇਕੋ-ਇਕ ਅਜਿਹਾ ਧਰਮ ਗ੍ਰੰਥ ਹੈ ਜਿਸਨੂੰ ਗੁਰੂ ਰੂਪ ਵਿਚ ਪ੍ਰਵਾਨ ਕੀਤਾ ਗਿਆ ਹੈ।

3. ਇਹ ਗ੍ਰੰਥ ਨਿਰੋਲ ਬਾਣੀ (ਧੁਰ ਕੀ ਬਾਣੀ) ਅਧਾਰਿਤ ਹੈ ਜਿਸ ਵਿਚ ਕਿਧਰੇ ਵੀ ਇਸ ਧਰਮ ਦੇ ਬਾਨੀਆਂ ਦੀਆਂ ਕਥਾ-ਕਹਾਣੀਆਂ ਨੂੰ ਚਮਤਕਾਰੀ ਰੂਪ ਵਿਚ ਪੇਸ਼ ਨਹੀਂ ਕੀਤਾ ਗਿਆ।

4. ਇਹ ਇਕੋ-ਇਕ ਅਜਿਹਾ ਧਰਮ ਗ੍ਰੰਥ ਹੈ ਜਿਸ ਦੀ ਸੰਪਾਦਨਾ ਇਸ ਧਰਮ ਦੇ ਬਾਨੀਆਂ ਵਲੋਂ ਖੁਦ ਆਪ ਕੀਤੀ ਗਈ ਹੈ ਜਿਸ ਕਰਕੇ ਇਹ ਗ੍ਰੰਥ ਕਿਸੇ ਪ੍ਰਕਾਰ ਦੇ ਵੀ ਸ਼ੰਕਿਆਂ ਅਤੇ ਕਿੰਤੂਆਂ- ਪ੍ਰੰਤੂਆਂ ਤੋਂ ਮੁਕਤ ਹੈ।

5. ਇਸ ਵਿਚਲਾ ਚਿੰਤਨ ਮਾਨਵ-ਮੁਕਤੀ ਦੇ ਦਰਵਾਜੇ ਖੋਲ੍ਹਦਾ ਹੋਇਆ ਇਕ ਅਜਿਹੇ ਮਨੁੱਖ (ਗੁਰਮੁਖ) ਦੀ ਤਸਵੀਰ ਸਿਰਜਦਾ ਹੈ ਜੋ ਮਨੁੱਖਤਾ ਦੀ 'ਬੰਦ-ਖਲਾਸੀ' ਅਤੇ 'ਪਤਿ ਸੇਤੀ' ਜੀਵਨ ਲਈ ਜਿੰਦਗੀ ਤੇ ਮੌਤ ਨੂੰ ਇਕੋ ਜਿਹਾ ਸਮਝਦਾ ਹੈ।

6. ਇਹ ਧਰਮ ਗ੍ਰੰਥ ਭਾਰਤੀ ਸਭਿਆਚਾਰ, ਆਰੀਆਈ ਤੇ ਸਾਮੀ ਧਰਮ ਪਰੰਪਰਾਵਾਂ, ਨਵੀਨ ਯੁਗ ਬੋਧ, ਸਾਂਝੀਵਾਲਤਾ, ਮਾਨਵਕਲਿਆਣ ਆਦਿ ਮਹਤਵਪੂਰਨ ਪੱਖਾਂ ਦੀ ਸੋਝੀ ਕਰਵਾਉਂਦਾ ਭਾਵਨਾਤਮਕ ਏਕਤਾ 'ਉਪਦੇਸ਼ ਚਹੁ ਵਰਨਾ ਕੋ ਸਾਝਾ' ਦੇਣ ਵਾਲਾ ਨਿਰਮਲ ਤੇ ਅੰਮ੍ਰਿਤਬਾਣੀ ਦਾ ਪਰੋਸਿਆ ਥਾਲ ਹੈ।

**ਸੰਪਾਦਨਾ ਕਾਰਜ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਗੁਰੂ ਅਰਜਨ ਦੇਵ ਜੀ ਦੁਆਰਾ ਸੰਪੂਰਨ ਹੁੰਦਾ ਹੈ। ਪਹਿਲਾਂ ਸਾਰੀ ਬਾਣੀ ਨੂੰ ਇਕੱਤਰ ਕੀਤਾ ਗਿਆ। ਇਸ ਸੰਪਾਦਨਾ ਦੇ ਕਾਰਜ ਲਈ ਅੰਮ੍ਰਿਤਸਰ ਦੇ ਬਿਲਕੁਲ ਨਜ਼ਦੀਕ (ਹੁਣ ਅੰਮ੍ਰਿਤਸਰ ਸ਼ਹਿਰ ਵਿਚ) ਰਾਮਸਰ ਦੇ ਰਮਣੀਕ ਸਥਾਨ ਦੀ ਚੋਣ ਕੀਤੀ ਗਈ। ਸੰਪਾਦਨਾ ਦਾ ਇਹ ਕਾਰਜ 1604 ਈ: ਵਿਚ ਸੰਪੰਨ ਹੋਇਆ। ਇਸ ਉਪਰੰਤ ਇਸ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ ਅਤੇ ਬਾਬਾ ਬੁੱਢਾ ਜੀ ਨੂੰ ਇਸਦੇ ਪਹਿਲੇ ਗ੍ਰੰਥੀ ਵਜੋਂ ਥਾਪਿਆ ਗਿਆ।



Downloaded from https:// www.studiestoday.com

Downloaded from https:// www.studiestoday.com

ਦੁਹਰਾਈ ਲਈ ਪ੍ਰਸ਼ਨ

1. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਕਦੋਂ ਹੋਈ?
2. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਕਿਥੇ ਹੋਈ?
3. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਕਿਸ ਨੇ ਕੀਤੀ?
4. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁੱਲ ਕਿੰਨੇ ਪੰਨੇ ਹਨ?
5. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਗ੍ਰੰਥੀ ਕਿਸ ਨੂੰ ਥਾਪਿਆ ਹੈ?

**ਸੰਪਾਦਨਾ ਦਾ ਕਾਰਨ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਦਨਾ ਦੇ ਪ੍ਰਮੁਖ ਕਾਰਣ ਇਸ ਪ੍ਰਕਾਰ ਹਨ:-

**(ੳ) ਅੰਤਰ ਧਰਮ ਸੰਵਾਦ :-**

ਸਿੱਖ ਧਰਮ ਦੀ ਆਮਦ ਵੇਲੇ ਹਿੰਦੁਸਤਾਨ ਦੀ ਧਰਤੀ ਉਪਰ ਦੋ ਕੌਮਾਂ ਦਾ ਵਿਧਾਨ ਕੰਮ ਕਰ ਰਿਹਾ ਸੀ: ਹਿੰਦੂ (ਆਰੀਆਈ) ਦੇ ਇਸਲਾਮ (ਸਾਮੀ)। ਇਹ ਦੋਵੇਂ ਇਕ ਦੂਜੇ ਨੂੰ ਨਫਰਤ ਕਰਦੇ ਸਨ। ਹਿੰਦੂਆਂ ਲਈ ਮੁਸਲਮਾਨ ਮਲੇਛ ਸਨ ਤੇ ਮੁਸਲਮਾਨਾਂ ਲਈ ਹਿੰਦੂ ਕਾਫਰ। ਇਹ ਨਫਰਤ ਏਨੀ ਵਧ ਗਈ ਸੀ ਜਿਸਨੇ ਈਰਖਾ ਬਖੀਲੀ ਨੂੰ ਜਨਮ ਹੀ ਨਹੀਂ ਦਿਤਾ ਸਗੋਂ ਹਿੰਦੂ ਧਰਮ ਦੇ ਕਿਸੇ ਅਨੁਆਈ ਦਾ ਹਿੰਦੂ-ਕੁਸ਼ ਪਰਬਤ ਤੋਂ ਪਾਰ ਜਾਣਾ ਘੋਰ ਅਪਰਾਧ ਸਮਝਿਆ ਜਾਂਦਾ ਸੀ। ਹਿੰਦੂ ਧਰਮ ਦੀ ਸੰਕੀਰਣ ਬਿਰਤੀ ਨੇ ਕੇਵਲ ਇਸਲਾਮ ਜਾਂ ਮੁਸਲਮਾਨਾਂ ਨਾਲ ਹੀ ਨਫ਼ਰਤ ਨਹੀਂ ਕੀਤੀ ਸਗੋਂ ਇਨ੍ਹਾਂ ਨੇ ਆਪਣੇ ਸਮਾਜ ਦੀ ਅਜਿਹੀ ਅਨੈਤਿਕ ਵੰਡ ਕੀਤੀ ਹੋਈ ਸੀ ਕਿ ਬੰਦੇ ਨੂੰ ਬੰਦੇ ਦੇ ਰੂਪ ਵਿਚ ਨਹੀਂ ਵੇਖਿਆ ਜਾਂਦਾ ਸੀ ਸਗੋਂ ਉਸਦੀ ਪਛਾਣ ਜਾਤ-ਵਰਣ ਕਰਕੇ ਸੀ। ਇਸ ਧਾਰਮਿਕ ਸੰਕੀਰਨਤਾ ਦੇ ਕਾਰਨ ਪੈਦਾ ਹੋਈਆਂ ਦੀਵਾਰਾਂ ਨੂੰ ਤੋੜਨ ਲਈ ਕਿਸੇ ਅੰਤਰ ਧਰਮ ਸੰਵਾਦ ਦੀ ਲੋੜ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਸਾਰ ਪੱਧਰ ਤੇ ਧਰਮ ਦੇ ਨਾਮ ਤੇ ਫੈਲੀਆਂ ਅਜਿਹੀਆਂ ਵਿੱਥਾਂ ਨੂੰ ਮੇਟਣ ਲਈ ਅਤੇ "ਸਭਸੈ ਲਏ ਮਿਲਾਇ" ਦੀ ਧਾਰਨਾਂ ਨੂੰ ਉਜਾਗਰ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਜਿਸਦਾ ਹਰ ਬਾਣੀਕਾਰ ਅੰਤਰ ਧਰਮ ਸੰਵਾਦ ਰਾਹੀਂ ਬੰਦੇ ਨੂੰ ਰੱਬ ਨਾਲ ਜੋੜਨ ਦਾ ਰਾਹ ਪਧਰਾ ਕਰਦਾ ਹੈ ਅਤੇ ਇਸਨੂੰ ਡੱਬੀ ਬੰਦ ਧਰਮ ਪਰਵਿਰਤੀ ਤੋਂ ਬਾਹਰ ਨਿਕਲਣ ਦੀ ਬੰਦ-ਖਲਾਸੀ ਦਿੰਦਾ ਹੈ।

**(2) ਕੱਚੀ ਬਾਣੀ ਤੋਂ ਸੱਚੀ ਬਾਣੀ ਨੂੰ ਨਿਖੇੜਨ ਲਈ:-**

ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਨਾਨਕ ਨਾਮ ਅਧੀਨ ਬਹੁਤ ਸਾਰੀ ਕਚੀ ਬਾਣੀ ਲਿਖੀ ਜਾਣ ਲਗ ਪਈ ਸੀ ਜੋ ਗੁਰੂ ਪਦਵੀ ਦੇ ਸ਼ਰੀਕੇ ਵਜੋਂ ਹੋਂਦ ਵਿਚ ਆ ਰਹੀ ਸੀ। ਗੁਰੂ ਅਰਜਨ ਦੇਵ ਜੀ ਨੇ ਕੱਚੀ ਬਾਣੀ ਤੋਂ ਸੱਚੀ ਬਾਣੀ ਦਾ ਨਿਖੇੜਾ ਕਰਕੇ ਇਸ ਨੂੰ ਗ੍ਰੰਥ ਸਾਹਿਬ ਵਿਚ ਸੰਕਲਿਤ ਕਰ ਦਿੱਤਾ ਤਾਂ ਕਿ ਆਉਂਦੇ ਭੱਵਿਖ ਵਿਚ ਇਸ ਵਿਚ ਕੋਈ ਰੌਲਾ ਨਾ ਪਾ ਸਕੇ।

**(3) ਸਿੱਖ ਧਰਮ ਦੀ ਵੱਖਰੀ ਹੋਂਦ ਲਈ:-**

ਸਿੱਖ ਧਰਮ ਕੋਈ ਸਾਧਾਰਣ ਲਹਿਰ ਨਹੀਂ ਸੀ। ਗੁਰੂ ਨਾਨਕ ਦੇਵ ਜੀ ਨੇ ਪਰੰਪਰਾਗਤ ਧਰਮਾਂ ਨਾਲੋਂ ਸਿਧਾਂਤਕ ਰੂਪ ਆਪਣੇ ਧਰਮ ਨੂੰ ਨਿਖੇੜ ਕੇ ਰੱਖਿਆ ਹੋਇਆ ਸੀ। ਇਸ ਵੱਖਰੀ ਹੋਂਦ ਲਈ ਸਿਰਜੀ ਗਈ ਬਾਣੀ ਜਿਸ ਵਿਚ ਸਿੱਖ ਗ੍ਰੰਥ ਵਿਚ ਸਾਂਭਣ ਦੀ ਲੋੜ ਸੀ। ਕਿਸੇ ਵੀ ਧਰਮ ਦੀ ਵੱਖਰੀ ਹੋਂਦ ਲਈ ਪੰਜ ਗੱਲਾਂ ਦੀ ਲੋੜ ਹੁੰਦੀ ਹੈ: (1) ਪੈਗੰਬਰ, (2) ਲਿਪੀ, (3) ਸਭਿਆਚਾਰ, (4) ਸਰੂਪ, (5) ਧਰਮ ਗ੍ਰੰਥ।

ਗੁਰੂ ਅਰਜਨ ਦੇਵ ਜੀ ਤਕ ਪਹੁੰਚਦੇ ਹੋਏ ਸਿੱਖ ਧਰਮ ਦੇ ਉਪਰੋਕਤ ਚਾਰ ਪਛਾਣ ਚਿੰਨ ਹੋਂਦ ਵਿਚ ਆ ਗਏ ਸਨ ਤੇ ਕੇਵਲ ਧਰਮ ਗ੍ਰੰਥ ਸਿਰਜਣ ਤੇ ਸਥਾਪਤ ਕਰਨ ਦੀ ਲੋੜ ਸੀ। ਇਸ ਲਈ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਗਈ।

**ਪੋਥੀ ਪਰਮੇਸਰ ਦਾ ਥਾਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਤਕ ਦਾ ਸਫਰ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ, ਬਾਣੀ ਸੰਕਲਿਤ ਕਰਨਾ ਤੇ ਇਸ ਨੂੰ ਗੁਰੂ ਰੂਪ ਵਿਚ ਪ੍ਰਵਾਨ ਕਰਨ ਦਾ ਆਪਣਾ ਹੀ ਇਤਿਹਾਸ ਹੈ। ਸਭ ਤੋਂ ਪਹਿਲਾਂ ਇਸਦੀ ਸੰਪਾਦਨਾ ਤੋਂ ਪੂਰਬਲੀ ਅਵਸਥਾ ਹੈ ਜਿਸਦਾ ਸੰਬੰਧ ਬਾਣੀ ਲਿਖਣ ਤੇ ਇਕੱਤਰ ਕਰਨ ਨਾਲ ਹੈ। ਗੁਰਬਾਣੀ ਦੀ ਰਚਨਾ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੁੰਦੀ ਹੈ। ਉਹ ਜਿੱਥੇ ਜਿੱਥੇ ਵੀ ਗਏ ਉਥੋਂ ਗੁਰਮਤਿ ਵਿਚਾਰਧਾਰਾ ਨਾਲ ਮੇਲ ਖਾਂਦੇ ਭਗਤ ਜਨ ਤੇ ਉਨ੍ਹਾਂ ਦੇ ਅਨੁਆਈਆਂ ਨਾਲ ਅੰਤਰ ਸੰਵਾਦ ਰਚਾਉਂਦੇ ਉਨ੍ਹਾਂ ਦੀ ਗੁਰਮਤਿ ਆਸ਼ੇ



Downloaded from https:// www.studiestoday.com

Downloaded from https:// www.studiestoday.com

ਵਾਲੀ ਬਾਣੀ ਵੀ ਇਕੱਤਰ ਕਰਦੇ ਹਨ। ਇਸ ਦੀ ਗਵਾਹੀ ਭਾਈ ਗੁਰਦਾਸ ਜੀ 'ਆਸਾ ਹਥ ਕਿਤਾਬ ਕਛ'ਕਹਿ ਕੇ ਦਿੰਦੇ ਹਨ। ਇਵੇਂ ਬਾਣੀ ਦੀ ਪੋਥੀ ਤਿਆਰ ਹੋ ਗਈ ਜਦ ਗੁਰ ਗੱਦੀ ਗੁਰੂ ਅੰਗਦ ਦੇਵ ਜੀ ਨੂੰ ਦਿਤੀ ਗਈ ਤਾਂ ਪੁਰਾਤਨ ਜਨਮ ਸਾਖੀ ਵਿਚ ਆਉਂਦਾ ਕਿ ਬਾਣੀ (ਜ਼ਬਾਨ) ਦੀ ਪੋਥੀ ਦੀ ਦਿਤੀ ਗਈ-'ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ'।

ਅਗਲੇ ਗੁਰੂ ਸਾਹਿਬ ਇਸ ਬਾਣੀ ਨੂੰ ਇਸੇ ਢੰਗ ਨਾਲ ਇਕਤਰ ਵੀ ਕਰਦੇ ਗਏ ਤੇ ਆਪਣੀ ਰਚੀ ਬਾਣੀ ਵੀ ਇਸ ਵਿੱਚ ਦਰਜ ਕੀਤੀ ਜਾਂਦੀ ਰਹੀ। ਗੁਰੂ ਅਮਰਦਾਸ ਤਕ ਪਹੁੰਚਦੇ ਹੋਏ ਇਸ ਦੀਆਂ ਦੋ ਪੋਥੀਆਂ ਤਿਆਰ ਹੋ ਗਈਆਂ। ਸਿੱਖ ਇਤਿਹਾਸ ਵਿਚ ਇਹ ਵੀ ਜ਼ਿਕਰ ਆਉਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਇਹੀ ਪੋਥੀਆਂ ਬਾਬੇ ਮੋਹਨ ਪਾਸੋਂ ਪ੍ਰਾਪਤ ਕਰਨ ਲਈ ਸਿੱਖਾਂ ਨੂੰ ਭੇਜਿਆ ਸੀ। ਜਦ ਸਫਲਤਾ ਨਾ ਮਿਲੀ ਤਾਂ ਆਪ ਖੁਦ ਚਲ ਕੇ ਗਏ ਸਨ। ਇਹਨਾਂ ਪੋਥੀਆਂ ਨੂੰ ਪਵਿੱਤਰ ਬਾਣੀ ਕਰਕੇ 'ਪੋਥੀ ਪਰਮੇਸ਼ਰ ਦਾ ਥਾਨ' ਕਹਿ ਕੇ ਯਾਦ ਕੀਤਾ ਜਾਂਦਾ ਰਿਹਾ ਹੈ।

ਜਦ ਇਹਨਾਂ ਪੋਥੀਆਂ ਤੇ ਹੋਰ ਸਾਰੇ ਵਸੀਲਿਆਂ ਤੋਂ ਬਾਣੀ ਇੱਕਤਰ ਹੋਕੇ ਇਕ ਜਿਲਦ ਵਿਚ ਸੰਪਾਦਤ ਕਰ ਦਿਤੀ ਤਾਂ ਇਹ 'ਗ੍ਰੰਥ ਸਾਹਿਬ' ਬਣ ਗਿਆ। ਗ੍ਰੰਥ ਦਾ ਅਰਥ ਨੱਥੀ ਕਰਨਾ ਜਾਂ ਇਕੱਤਰ ਕਰਨਾ। ਗੁਰੂ ਅਰਜਨ ਦੇਵ ਜੀ ਨੇ ਗ੍ਰੰਥ ਸਾਹਿਬ ਤਿਆਰ ਕਰਕੇ ਇਸਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਚ ਕਰਵਾ ਦਿਤਾ। ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ, ਦਮਦਮਾ ਸਾਹਿਬ ਦੇ ਸਥਾਨ ਸਾਬੋ ਦੀ ਤਲਵੰਡੀ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਦੁਬਾਰਾ ਬੀੜ ਤਿਆਰ ਕਰਵਾਈ ਤੇ ਇਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਦਰਜ ਕੀਤੀ ਗਈ। ਜਦ ਗੁਰੂ ਗੋਬਿੰਦ ਸਿੰਘ ਜੀ ਜੋਤੀ-ਜੋਤਿ ਸਮਾਉਂਦੇ ਹਨ ਤਾਂ 7 ਅਕਤੂਬਰ 1708 ਈ: ਇਸੇ ਗ੍ਰੰਥ ਸਾਹਿਬ ਨੂੰ ਆਪ ਨੇ ਗੁਰੂ ਪਦ ਪ੍ਰਦਾਨ ਕਰਕੇ ਸਰੀਰਧਾਰੀ ਗੁਰੂ ਸੰਸਥਾ ਸਮਾਪਤ ਕਰ ਦਿਤੀ।

ਇਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਹੁਣ ਸਿੱਖ ਧਰਮ ਦਾ ਗ੍ਰੰਥ ਹੀ ਨਹੀਂ ਸਗੋਂ ਜਾਹਰਾ ਜਹੂਰ ਗੁਰੂ ਵੀ ਹੈ ਦਾ ਸਫਰ ਪੋਥੀ ਪਰਮੇਸਰ ਦਾ ਥਾਨ ਤੋਂ ਸ਼ੁਰੂ ਹੋ ਕੇ ਗ੍ਰੰਥ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤਕ ਚਲਦਾ ਹੈ ਤੇ ਇਹੀ ਇਸਦਾ ਮੌਜੂਦਾ ਸਰੂਪ ਹੈ।

**ਬਾਣੀ ਸੰਪਾਦਨ ਜੁਗਤਿ :-**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ ਵੱਖ ਬਾਣੀਆਂ ਨੂੰ ਸੰਪਾਦਨ ਕਰਦੀ ਜੁਗਤ ਤਿੰਨ ਹਿੱਸਿਆਂ ਵਿਚ ਵੰਡੀ ਹੋਈ ਹੈ

(ੳ) ਨਿਤ ਨੇਮ ਦੀ ਬਾਣੀ (ਪੰਨਾ 1 ਤੋਂ 13 ਤਕ)

(ਅ) ਰਾਗ ਬੱਧ ਬਾਣੀ (ਪੰਨਾ 14 ਤੋਂ 1352 ਤਕ)

(ੲ) ਰਾਗ ਮੁਕਤ ਬਾਣੀ (ਪੰਨਾ 1353 ਤੋਂ 1430 ਤਕ)

**(ੳ) ਨਿਤਨੇਮ ਦੀਆਂ ਬਾਣੀਆਂ:-**

ਇਹ ਭਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਾਰੰਭ ਵਿਚ ਹੈ ਜਿਸ ਅਧੀਨ ਜਪੁ, ਸੋਦਰ ਤੇ ਸੋਹਿਲਾ ਦੀਆਂ ਤਿੰਨ ਬਾਣੀਆਂ ਹਨ। ਆਮ ਸਿੱਖਾਂ ਵਿਚ ਇਹਨਾਂ ਨੂੰ ਜਪੁਜੀ, ਰਹਿਰਾਸ ਤੇ ਕੀਰਤਨ-ਸੋਹਿਲਾ ਕਿਹਾ ਜਾਂਦਾ ਹੈ। ਜਪੁਜੀ ਦਾ ਸਰੂਪ ਗੁਰੂ ਨਾਨਕ ਦੇਵ ਜੀ ਨੇ ਨਿਸ਼ਚਿਤ ਕੀਤਾ ਹੈ ਅਤੇ ਬਾਕੀ ਦੋਹਾਂ ਦੀ ਸ਼ਬਦ-ਚੋਣ ਗੁਰੂ ਅਰਜਨ ਦੇਵ ਜੀ ਨੇ ਕੀਤੀ ਹੈ। ਇਹਨਾਂ ਤਿੰਨਾਂ ਬਾਣੀਆਂ ਦੇ ਪੜਨ ਦਾ ਸਮਾਂ ਵੀ ਸਿੱਖ ਰਵਾਇਤਾਂ ਵਿਚ ਨਿਸਚਿਤ ਕੀਤਾ ਗਿਆ ਹੈ ਜਿਵੇਂ ਜਪੁਜੀ ਸਵੇਰ ਵੇਲੇ, ਰਹਿਰਾਸ ਸ਼ਾਮ (ਤ੍ਰਿਕਾਲ) ਵੇਲੇ ਤੇ ਕੀਰਤਨ-ਸੋਹਿਲਾ ਸੌਣ ਵੇਲੇ।

**ਮੂਲ ਮੰਤ੍ਰ:-**

ਇਹ ਜਪੁਜੀ ਦੇ ਆਰੰਭ ਵਿਚ ਆਉਂਦਾ ਹੈ। ਇਹ ਜਪੁਜੀ ਦਾ ਕੋਈ ਹਿੱਸਾ ਨਹੀਂ ਸਗੋਂ ਮੰਗਲਾਚਰਣ ਜਾਂ ਮੰਤਰ ਰੂਪ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ 567 ਵਾਰ ਆਇਆ ਹੈ।

**ਜਪੁਜੀ:-**

ਇਸ ਰਚਨਾ ਦੀਆਂ ਕੁਲ 38 ਪਉੜੀਆਂ ਹਨ। ਆਦਿ ਤੇ ਅੰਤ ਵਿਚ ਇਕ ਇਕ ਸਲੋਕ ਆਇਆ ਹੈ।

**ਸੋਦਰ:-**

ਇਸ ਸਿਰਲੇਖ ਅਧੀਨ ਦੋ ਸ਼ਬਦ-ਜੁੱਟ ਸੰਕਲਿਤ ਹਨ। ਇਕ ਦਾ ਨਾਮ 'ਸੋਦਰ' ਹੈ ਤੇ ਦੂਜੇ ਦਾ 'ਸੋ ਪੁਰਖ'। ਇਹਨਾਂ ਵਿਚ ਕ੍ਰਮਵਾਰ ਪੰਜ ਅਤੇ ਚਾਰ ਸ਼ਬਦ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਬਾਣੀਆਂ ਦੇ ਸ਼ਬਦ ਬਾਅਦ ਵਿਚ ਵੱਖ ਵੱਖ ਰਾਗਾਂ ਵਿਚ ਵੀ ਆਏ ਹਨ।



Downloaded from https:// www.studiestoday.com

Downloaded from https:// www.studiestoday.com

ਸੋਹਿਲਾ:-

ਇਸ ਸਿਰਲੇਖ ਅਧੀਨ ਪੰਜ ਸ਼ਬਦ ਹਨ। ਇਸ ਸ਼ਬਦ-ਸਮੂੰਹ ਨੂੰ ਇਹ ਨਾਮ ਗੁਰ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਦਿਤਾ ਹੈ। ਅਜੋਕੇ ਨਿੱਤ ਨੇਮ ਦੇ ਗੁਟਕਿਆਂ ਵਿਚ ਇਸਦਾ ਨਾਮ 'ਕੀਰਤਨ ਸੋਹਿਲਾ' ਦਿਤਾ ਗਿਆ ਹੈ। ਇਸ ਵਿਚ ਪਹਿਲੇ ਤਿੰਨ ਸ਼ਬਦ ਗੁਰੂ ਨਾਨਕ ਦੇਵ ਜੀ ਦੇ ਹਨ, ਚੌਥਾ ਗੁਰੂ ਰਾਮਦਾਸ ਜੀ ਦਾ ਤੇ ਪੰਜਵਾਂ ਗੁਰੂ ਅਰਜਨ ਦੇਵ ਜੀ ਦਾ ਹੈ।

(ਅ) ਰਾਗ ਬੱਧ ਬਾਣੀਆਂ:-

ਇਹ ਬਾਣੀਆਂ ਗੁਰੂ ਗ੍ਰੰਥ ਸਾਹਿਬ ਜੀ ਦਾ ਵੱਡਾ ਭਾਗ ਹੈ। ਗੁਰੂ ਅਰਜਨ ਦੇਵ ਜੀ ਨੇ ਜਦੋਂ ਪਹਿਲੀ ਬੀੜ ਤਿਆਰ ਕੀਤੀ ਸੀ ਤਾਂ ਇਸ ਵਿਚ ਕੁਲ 30 ਰਾਗਾਂ ਵਿਚ ਬਾਣੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇਸ ਵਿਚ ਸੰਕਲਿਤ ਕੀਤੀ ਸੀ ਰਾਗਾਂ ਦੀ ਗਿਣਤੀ 31 ਹੋ ਗਈ ਕਿਉਂਕਿ ਜੈਜਾਵੰਤੀ ਰਾਗ ਵਿਚ ਬਾਣੀ ਕੇਵਲ ਗੁਰੂ ਤੇਗ ਬਹਾਦਰ ਜੀ ਨੇ ਹੀ ਰਚੀ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

1. ਪੁਰਾਤਨ ਜਨਮ ਸਾਖੀ ਵਿੱਚ ਗੁਰੂ ਅੰਗਦ ਦੇਵ ਜੀ ਨੂੰ ਬਾਣੀ ਦੇਣ ਬਾਰੇ ਕੀ ਸ਼ਬਦ ਲਿਖੇ ਹਨ?
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਪਦ ਕਿਹੜੇ ਗੁਰੂ ਜੀ ਨੇ ਪ੍ਰਦਾਨ ਕੀਤਾ?
3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਨਿੱਤਨੇਮ ਦੀਆਂ ਬਾਣੀਆਂ ਕਿਨ੍ਹਾਂ ਨੂੰ ਮੰਨਿਆ ਗਿਆ ਹੈ?
4. ਜਪੁਜੀ ਸਾਹਿਬ ਦੇ ਅੰਤ ਵਿੱਚ ਦਿੱਤੇ ਦੋ ਸ਼ਬਦ ਜੁੱਟਾਂ ਨੂੰ ਕੀ ਨਾਮ ਦਿੱਤਾ ਗਿਆ ਹੈ?

ਰਾਗਾਂ ਦੀ ਤਰਤੀਬ:-

ਰਾਗ ਸੰਗੀਤ ਦੀ ਬੁਨਿਆਦ ਹਨ। ਇਹ ਬਾਣੀਆਂ ਗਾਉਣ ਦੇ ਨਜ਼ਰੀਏ ਨਾਲ ਸੰਗੀਤ ਬੱਧ ਕੀਤੀਆਂ ਗਈਆਂ। ਹਰ ਰਾਗ ਦੇ ਗਾਉਣ ਦਾ ਇਕ ਨਿਸ਼ਚਿਤ ਸਮਾਂ ਹੈ। ਇਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਰਾਗਾਂ ਦਾ ਬਹੁਤ ਮਹੱਤਵ ਹੈ। ਸੰਪਦਾਨ ਜੁਗਤ ਵਿਚ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀ ਤਰਤੀਬ ਇਸ ਪ੍ਰਕਾਰ ਹੈ-

ਰਾਗ

1. ਸਿਰੀ ਰਾਗੁ
2. ਮਾਝ
3. ਗਉੜੀ
4. ਆਸਾ
5. ਗੂਜਰੀ
6. ਦੇਵ ਗੰਧਾਰੀ
7. ਬਿਹਾਗੜਾ
8. ਵਡਹੰਸ
9. ਸੋਰਠਿ
10. ਧਨਾਸਰੀ
11. ਜੈਤਸਰੀ
12. ਟੋਡੀ
13. ਬੈਰਾੜੀ
14. ਤਿਲੰਗ
15. ਸੂਹੀ
16. ਬਿਲਾਵਲ
17. ਗੌਂਡ
18. ਰਾਮਕਲੀ
19. ਨਟ ਨਰਾਇਨ
20. ਮਾਲੀ ਗਉੜਾ
21. ਮਾਰੂ
22. ਤੁਖਾਰੀ
23. ਕੇਦਾਰਾ
24. ਭੈਰਉ
25. ਬਸੰਤ
26. ਸਾਰੰਗ
27. ਮਲਾਰ
28. ਕਾਨੜਾ
29. ਕਲਿਆਨ
30. ਪ੍ਰਭਾਤੀ
31. ਜੈਜਾਵੰਤੀ



Downloaded from https:// www.studiestoday.com

Downloaded from https:// www.studiestoday.com

ਰਾਗਾਂ ਅਨੁਸਾਰ ਬਾਣੀ:-

ਉਪਰੋਕਤ 31 ਰਾਗਾਂ ਵਿਚ ਕੁਲ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ :

1. ਸਿਰੀ ਰਾਗ :-

ਇਸ ਰਾਗ ਵਿਚ ਕੁਲ 100 ਚਉਪਦੇ 29 ਅਸ਼ਟਪਦੀਆਂ, 4 ਪਹਿਰੇ, 3 ਛੰਦ, 1 ਵਣਜਾਰਾ ਅਤੇ ਇਕ ਵਾਰ ਮਹਲਾ ਚੋਥਾ ਦੀ ਦਰਜ ਹੈ। ਇਸ ਤੋਂ ਪਿਛੋਂ ਪੰਜ ਸ਼ਬਦ ਭਗਤਾਂ ਦੇ ਹਨ ਜਿਨ੍ਹਾਂ ਵਿਚ ਪਹਿਲਾ ਕਬੀਰ ਦਾ, ਦੂਜਾ ਤ੍ਰਿਲੋਚਨ ਦਾ, ਤੀਜਾ ਕਬੀਰ ਦਾ, ਚੋਥਾ ਬੈਣੀ ਤੇ ਪੰਜਵਾਂ ਰਵਿਦਾਸ ਦਾ ਹੈ।

2. ਮਾਝ ਰਾਗ:-

ਇਸ ਰਾਗ ਵਿਚ 50 ਚਉਪਦੇ, 39 ਅਸ਼ਟਪਦੀਆਂ, ਇਕ ਬਾਰਹਮਾਹ, ਇਕ ਦਿਨ-ਰੈਣੀ ਤੇ ਇਕ ਵਾਰ ਦਰਜ ਹੈ।

3. ਗਉੜੀ ਰਾਗ:-

ਇਸ ਰਾਗ ਵਿਚ 251 ਚਉਪਦੇ, 44 ਅਸ਼ਟਪਦੀਆਂ, 11 ਛੰਦ, ਇਕ ਬਾਵਨ ਅਖਰ, ਇਕ ਸੁਖਮਨੀ, ਇਕ ਥਿਤੀ, ਇਕ ਵਾਰ ਮਹਲਾ ਚੋਥਾ ਦੀ ਤੇ ਇਕ ਵਾਰ ਮਹਲਾ ਪੰਜਵਾਂ ਦੀ ਹੈ। ਭਗਤ ਬਾਣੀ ਵਿਚ ਕਬੀਰ ਦੇ 74 ਪਦੇ, ਇਕ ਬਾਵਨ ਅਖਰੀ, ਇਕ ਥਿਤੀ, ਇਕ ਵਾਰ (ਸਤ), ਨਾਮਦੇਵ ਦਾ ਇਕ ਪਦਾ ਤੇ ਰਵਿਦਾਸ ਦੇ 5 ਪਦੇ ਹਨ।

4. ਆਸਾ ਰਾਗ:-

ਇਸ ਰਾਗ ਦੇ ਆਰੰਭ ਵਿਚ 'ਸੋਦਰ' ਦਾ ਅਤੇ 'ਸੋ ਪੁਰਖ' ਦਾ ਸ਼ਬਦ ਹੈ । ਇਸ ਪਿਛੋਂ 231 ਚਉਪਦੇ, 39 ਅਸ਼ਟਪਦੀਆਂ, ਤਿੰਨ ਬਿਰਹੜੇ, ਦੋ ਪਟੀਆਂ, 35 ਛੰਦ, ਅਤੇ ਇਕ ਵਾਰ ਹੈ। ਭਗਤ ਬਾਣੀ ਅਧੀਨ 37 ਸ਼ਬਦ ਕਬੀਰ ਦੇ, 5 ਨਾਮਦੇਵ ਦੇ, 6 ਰਵਿਦਾਸ ਦੇ ਤਿੰਨ, ਧੰਨੇ ਦੇ (ਇਨ੍ਹਾਂ ਵਿਚੋਂ ਦੂਜਾ ਮਹਲੇ ਪੰਜਵੇਂ ਦਾ ਹੈ) ਅਤੇ ਦੋ ਸ਼ਬਦ ਸ਼ੇਖ ਫਰੀਦ ਦੇ ਹਨ।

5. ਗੂਜਰੀ ਰਾਗ:-

ਇਸ ਰਾਗ ਵਿਚ ਕੁਲ 48 ਚਉਪਦੇ 9 ਅਸ਼ਟਪਦੀਆਂ ਅਤੇ ਦੋ ਵਾਰਾਂ ਵਿਚ ਮਹਲੇ ਤੀਜੇ ਦੀ ਤੇ ਦੂਜੇ ਮਹਲੇ ਪੰਜਵੇਂ ਦੀ ਦਰਜ ਹਨ। ਇਸ ਤੋਂ ਬਿਨਾਂ 8 ਸ਼ਬਦ ਭਗਤ ਬਾਣੀ ਦੇ ਹਨ (ਦੋ ਕਬੀਰ+ਇਕ ਰਵਿਦਾਸ+ਦੋ ਤ੍ਰਿਲੋਚਨ+ਦੋ ਨਾਮਦੇਵ+ਇਕ ਜੈਦੇਵ)

6. ਦੇਵ ਗੰਧਾਰੀ ਰਾਗ:

ਇਸ ਰਾਗ ਵਿਚ ਕੁਲ 47 ਚਉਪਦੇ ਹਨ ਜਿਨਾਂ ਵਿਚੋਂ 6 ਗੁਰੂ ਰਾਮਦਾਸ ਤੇ 38 ਗੁਰੂ ਅਰਜਨ ਦੇਵ ਜੀ ਦੇ ਹਨ।

7.ਬਿਹਾਗਾੜਾ ਰਾਗ:

ਇਸ ਰਾਗ ਵਿਚ ਦੋ ਚਉਪਦੇ, 15 ਛੰਦ ਅਤੇ ਇਕ ਵਾਰ ਮਹਲਾ ਚੋਥੇ ਦੀ ਹੈ।

8. ਵਡਹੰਸ ਰਾਗ:-

ਇਸ ਰਾਗ ਵਿਚ 24 ਚਉਪਦੇ, ਦੋ ਅਸ਼ਟਪਦੀਆਂ, 17 ਛੰਦ (ਦੋ ਘੋੜੀਆਂ ਦੇ) ਨੌ ਅਲਾਹਣੀਆਂ ਅਤੇ ਇਕ ਵਾਰ ਮਹਲਾ ਚੋਥਾ ਵੀ ਹੈ।

9. ਸੋਰਠਿ ਰਾਗ:

ਇਸ ਰਾਗ ਵਿਚ ਕੁਲ 139 ਚਉਪਦੇ, 10 ਅਸ਼ਟਪਦੀਆਂ ਅਤੇ ਇਕ ਵਾਰ ਮਹਲਾ ਚੋਥਾ ਦੀ ਹੈ। ਭਗਤ ਬਾਣੀ ਵਿਚ 23 ਸ਼ਬਦ ਹਨ ਜਿਹਨਾਂ ਵਿਚੋਂ 11 ਕਬੀਰ ਦੇ, 3 ਨਾਮਦੇਵ ਦੇ, 7 ਰਵਿਦਾਸ ਅਤੇ 2 ਭੀਖਣ ਦੇ ਹਨ।

10. ਧਨਾਸਰੀ ਰਾਗ:-

ਇਸ ਰਾਗ ਵਿਚ 93 ਚਉਪਦੇ, 3 ਅਸ਼ਟਪਦੀਆਂ, 5 ਛੰਦ ਹਨ। ਭਗਤ ਬਾਣੀ ਅਧੀਨ 17 ਸ਼ਬਦ ਹਨ ਜਿਨ੍ਹਾਂ ਵਿਚੋਂ 5 ਕਬੀਰ ਦੇ, 5 ਨਾਮਦੇਵ ਦੇ, ਤਿੰਨ ਰਵਿਦਾਸ ਦੇ ਤੇ ਇਕ ਇਕ ਤ੍ਰਿਲੋਚਨ, ਸੈਣ, ਪੀਪਾ ਤੇ ਧੰਨਾ ਦੇ ਹਨ।

11. ਜੈਤਸਰੀ ਰਾਗ:-

ਇਸ ਰਾਗ ਦੇ ਕੁਲ 27 ਚਉਪਦੇ, ਤਿੰਨ ਛੰਤ ਅਤੇ ਇਕ ਵਾਰ ਮਹਲਾ ਪੰਜਵਾਂ ਦੀ ਹੈ। ਭਗਤ ਬਾਣੀ ਵਿਚ ਇਕ ਰਵਿਦਾਸ ਦਾ ਸ਼ਬਦ ਹੈ।



Downloaded from https:// www.studiestoday.com

Downloaded from https:// www.studiestoday.com

12. ਟੋਡੀ ਰਾਗ:-

ਇਸ ਰਾਗ ਵਿਚ 32 ਚਉਪਦੇ ਹਨ। ਭਗਤ ਬਾਣੀ ਅਧੀਨ ਨਾਮਦੇਵ ਦੇ ਤਿੰਨ ਸ਼ਬਦ ਹਨ।

13. ਬੈਰਾੜੀ ਰਾਗ:-

ਇਸ ਰਾਗ ਵਿਚ ਕੁਲ 7 ਚਉਪਦੇ ਹਨ ਜਿਹਨਾਂ ਵਿਚ 6 ਗੁਰੂ ਰਾਮਦਾਸ ਦੇ ਤੇ ਇਕ ਗੁਰੂ ਅਰਜਨ ਦੇਵ ਦਾ ਹੈ।

14. ਤਿਲੰਗ ਰਾਗ:-

ਇਸ ਰਾਗ ਵਿਚ 12 ਚਉਪਦੇ, 5 ਅਸ਼ਟਪਦੀਆਂ, (ਪਰ ਇਹਨਾਂ ਦੋਹਾਂ ਦੇ ਸਿਰਲੇਖ ਨਹੀਂ) ਤੇ ਭਗਤ ਬਾਣੀ ਵਿਚ ਇਕ ਸ਼ਬਦ ਕਬੀਰ ਦਾ ਤੇ ਦੋ ਨਾਮਦੇਵ ਦੇ ਹਨ।

15. ਸੂਹੀ ਰਾਗ:-

ਇਸ ਵਿਚ ਕੁਲ 82 ਚਉਪਦੇ, 16 ਅਸ਼ਟਪਦੀਆਂ, 3 ਕੁਚਜੀ, ਸੁਚਜੀ ਤੇ ਗੁਣਵੰਤੀ, 29 ਛੰਦ ਤੇ ਇਕ ਵਾਰ ਮਹਲਾ ਤੀਜੇ ਦੀ ਹੈ। ਭਗਤ ਬਾਣੀ ਵਿਚ 10 ਸ਼ਬਦ ਹਨ ਪੰਜ ਕਬੀਰ ਦੇ, ਤਿੰਨ ਰਵਿਦਾਸ ਦੇ ਤੇ ਦੋ ਸ਼ੇਖ ਫਰੀਦ ਦੇ।

16 ਬਿਲਾਵਲ ਰਾਗ:-

ਇਸ ਰਾਗ ਵਿਚ ਕੁਲ 149 ਚਉਪਦੇ 11 ਅਸ਼ਟਪਦੀਆਂ, ਇਕ ਥਿਤੀ, ਦੋ ਵਾਰ ਸਤ, 9 ਛੰਦ, ਇਕ ਵਾਰ ਮਹਲਾ ਚੋਥਾ ਦੀ ਹੈ। ਭਗਤ ਬਾਣੀ ਵਿਚ 16 ਸ਼ਬਦ ਹਨ ਜਿਹਨਾਂ ਵਿਚ 12 ਕਬੀਰ ਦੇ, ਇਕ ਨਾਮਦੇਵ, 2 ਰਵਿਦਾਸ ਤੇ 1 ਸਧਨਾ ਦਾ ਹੈ।

17. ਗੋਂਡ ਰਾਗ:-

ਇਸ ਰਾਗ ਵਿਚ ਕੁਲ 28 ਚਉਪਦੇ ਤੇ ਇਕ ਅਸ਼ਟਪਦੀ ਹੈ। ਭਗਤ-ਬਾਣੀ ਵਿਚ 20 ਸ਼ਬਦ ਹਨ ਜਿਨ੍ਹਾਂ ਵਿਚੋਂ 11 ਭਗਤ ਕਬੀਰ ਦੇ, 7 ਨਾਮਦੇਵ ਦੇ ਤੇ 2 ਰਵਿਦਾਸ ਦੇ ਹਨ।

18. ਰਾਮਕਲੀ ਰਾਗ:-

ਇਸ ਰਾਗ ਵਿਚ ਕੁਲ 81 ਚਉਪਦੇ 22 ਅਸ਼ਟਪਦੀਆਂ, ਇਕ ਅਨੰਦ ਸਾਹਿਬ ਮਹਲਾ ਤੀਜਾ, ਇਕ ਸਦ, ਛੇ ਛੰਦ (ਰੁਤੀ ਸਮੇਤ), ਇਕ ਓਅੰਕਾਰ ਮਹਲਾ 1, ਸਿਧ ਗੋਸਟਿ ਮਲਾ" , ਦੋ ਵਾਰਾਂ (ਮਹਲਾ ਤੀਜਾ ਤੇ ਮਹਲਾ ਪੰਜਵੇਂ ਦੀ) ਇਕ ਵਾਰ ਸਤੇ ਬਲਵੰਡ ਦੀ ਹੈ। ਭਗਤ ਬਾਣੀ ਵਿਚ 18 ਸ਼ਬਦ ਹਨ ਜਿਹਨਾਂ ਵਿਚੋਂ 12 ਕਬੀਰ ਦੇ, 4 ਨਾਮਦੇਵ ਦੇ, ਇਕ ਰਵਿਦਾਸ ਤੇ ਇਕ ਬੇਣੀ ਦਾ ਹੈ।

19. ਨਟ ਨਾਰਾਇਨ ਰਾਗ:-

ਇਸ ਰਾਗ ਵਿਚ ਬਿਨਾਂ ਉਪਸਿਰਲੇਖ ਦੇ 19 ਚਉਪਦੇ ਅਤੇ 6 ਅਸ਼ਟਪਦੀਆਂ ਹਨ।

20. ਮਾਲੀ ਗਉੜਾ ਰਾਗ:-

ਇਸ ਰਾਗ ਵਿਚ ਬਿਨਾਂ ਸਿਰਲੇਖ ਦੇ 14 ਚਉਪਦੇ ਦਰਜ ਹਨ। ਭਗਤ ਬਾਣੀ ਵਿਚ ਤਿੰਨ ਸ਼ਬਦ ਨਾਮਦੇਵ ਜੀ ਦੇ ਹਨ।

21. ਮਾਰੂ ਰਾਗ:

ਇਸ ਰਾਗ ਵਿਚ ਕੁਲ 60 ਚਉਪਦੇ, 20 ਅਸ਼ਟਪਦੀਆਂ, 62 ਸੋਲਹੇ, ਇਕ ਵਾਰ ਮਹਲਾ ਤੀਜਾ ਤੇ ਇਕ ਵਾਰ ਮਹਲਾ ਪੰਜਵਾ ਦੀ ਹੈ। ਭਗਤ ਬਾਣੀ ਵਿਚ ਕੁਲ 16 ਸ਼ਬਦ ਹਨ ਜਿਨ੍ਹਾਂ ਵਿਚ 12 ਕਬੀਰ ਦੇ, ਇਕ ਨਾਮਦੇਵ, ਇਕ ਜੈ ਦੇਵ ਅਤੇ ਦੋ ਰਵਿਦਾਸ ਜੀ ਦੇ ਹਨ।

22. ਤੁਖਾਰੀ ਰਾਗ:

ਇਸ ਰਾਗ ਵਿਚ ਕੁਲ 11 ਛੰਦ ਹਨ। ਗੁਰੂ ਨਾਨਕ ਦੇਵ ਜੀ ਦਾ ਬਾਹਰਮਾਹ ਇਸੇ ਮਗ ਵਿੱਚ ਹੈ।

23. ਕੇਦਾਰਾ ਰਾਗ:

ਇਸ ਰਾਗ ਵਿਚ 17 ਚਉਪਦੇ ਅਤੇ ਇਕ ਛੰਦ ਹੈ। ਭਗਤ ਬਾਣੀ ਅਧੀਨ 7 ਸ਼ਬਦ ਹਨ, ਛੇ ਕਬੀਰ ਦੇ ਤੇ ਇਕ ਰਵਿਦਾਸ ਜੀ ਦਾ।

Downloaded from https:// www.studiestoday.com

Downloaded from https:// www.studiestoday.com

24. ਭੈਰਉ ਰਾਗ:

ਇਸ ਰਾਗ ਵਿਚ ਕੁਲ 99 ਚਉਪਦੇ ਤੇ 6 ਅਸ਼ਟਪਦੀਆਂ ਹਨ। ਭਗਤ ਬਾਣੀ ਵਿਚ 33 ਸ਼ਬਦ ਹਨ ਜਿਹਨਾਂ ਵਿਚੋਂ 20 ਕਬੀਰ ਦੇ (ਇਹਨਾਂ ਵਿਚ ਇਕ ਗੁਰੂ ਅਰਜਨ ਦੇਵ ਜੀ ਦਾ), 12 ਨਾਮਦੇਵ ਦੇ ਤੇ ਇਕ ਰਵਿਦਾਸ ਜੀ ਦਾ ਹੈ।

25. ਬਸੰਤ ਰਾਗ:

ਇਸ ਰਾਗ ਵਿਚ 63 ਚਉਪਦੇ, 11 ਅਸ਼ਟਪਦੀਆਂ ਅਤੇ ਇਕ ਵਾਰ ਮਹਲਾ ਪੰਜਵਾਂ ਦੀ ਹੈ। ਭਗਤ ਬਾਣੀ ਵਿਚ ਕੁਲ 13 ਸ਼ਬਦ ਹਨ ਜਿਹਨਾਂ ਵਿਚ 8 ਕਬੀਰ ਦੇ, ਇਕ ਰਾਮਾ ਨੰਦ, ਤਿੰਨ ਨਾਮਦੇਵ ਦੇ ਤੇ ਇਕ ਰਵਿਦਾਸ ਦਾ ਹੈ।

26. ਸਾਰੰਗ ਰਾਗ:-

ਇਸ ਰਾਗ ਵਿਚ 159 ਚਉਪਦੇ, 7 ਅਸ਼ਟਪਦੀਆਂ, ਇਕ ਛੰਦ ਅਤੇ ਇਕ ਵਾਰ ਮਹਲਾ ਚੌਥਾ ਦੀ ਦਰਜ ਹੈ। ਭਗਤ ਬਾਣੀ ਵਿਚ ਨੌਂ ਸ਼ਬਦ ਹਨ ਜਿਹਨਾਂ ਵਿਚੋਂ 3 ਕਬੀਰ ਦੇ, 3 ਨਾਮਦੇਵ ਦੇ, ਇਕ ਪਰਮਾਨੰਦ, ਇਕ ਤੁਕ ਸੂਰਦਾਸ ਦੀ ਜਿਸ ਨਾਲ ਸ਼ਬਦ ਗੁਰੂ ਅਰਜਨ ਦੇਵ ਦਾ ਹੈ।

27. ਮਲਾਰ ਰਾਗ:

ਇਸ ਰਾਗ ਵਿਚ 61 ਚਉਪਦੇ, 8 ਅਸ਼ਟਪਦੀਆਂ, ਇਕ ਛੰਦ ਅਤੇ ਇਕ ਵਾਰ ਮਹਲੇ ਪਹਿਲੇ ਦੀ ਹੈ। ਭਗਤ ਬਾਣੀ ਵਿਚ ਪੰਜ ਸ਼ਬਦ ਹਨ, ਦੋ ਨਾਮਦੇਵ ਦੇ ਤੇ ਤਿੰਨ ਰਵਿਦਾਸ ਜੀ ਦੇ ਹਨ।

28. ਕਾਨੜਾ ਰਾਗ:

ਇਸ ਰਾਗ ਵਿਚ ਕੁਲ 62 ਚਉਪਦੇ, 6 ਅਸ਼ਟਪਦੀਆਂ, ਇਕ ਛੰਦ ਤੇ ਇਕ ਵਾਰ ਮਹਲਾ ਚੌਥਾ ਦੀ ਹੈ। ਭਗਤ ਬਾਣੀ ਵਿਚ ਨਾਮਦੇਵ ਜੀ ਦਾ ਇਕ ਸ਼ਬਦ ਹੈ।

29. ਕਲਿਆਣ ਰਾਗ:

ਇਸ ਰਾਗ ਵਿਚ ਕੁਲ 17 ਚਉਪਦੇ ਅਤੇ 6 ਅਸ਼ਟਪਦੀਆਂ ਹਨ।

30.ਪ੍ਰਭਾਤੀ ਰਾਗ:

ਇਸ ਰਾਗ ਵਿਚ ਕੁਲ 46 ਚਉਪਦੇ, 12 ਅਸ਼ਟਪਦੀਆਂ ਹਨ। ਭਗਤ ਬਾਣੀ ਅਧੀਨ 9 ਸ਼ਬਦ ਹਨ ਜਿਨ੍ਹਾਂ ਵਿਚੋਂ 5 ਕਬੀਰ ਦੇ, 3 ਨਾਮਦੇਵ ਦੇ ਇਕ ਬੇਣੀ ਦਾ ਹੈ।

31. ਜੈਜਾਵੰਤੀ ਰਾਗ:

ਇਸ ਰਾਗ ਵਿਚ ਕੇਵਲ ਗੁਰੂ ਤੇਗ ਬਹਾਦਰ ਦੇ ਚਾਰ ਚਉਪਦੇ ਹਨ।

(ੲ) ਰਾਗ ਮੁਕਤ ਬਾਣੀਆਂ

ਜੋ ਬਾਣੀਆਂ ਕਿਸੇ ਰਾਗ ਅਧੀਨ ਨਹੀਂ ਆਈਆਂ ਉਹ ਰਾਗ ਮੁਕਤ ਬਾਣੀਆਂ ਹਨ। ਇਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਸਲੋਕ ਸਹਸਕ੍ਰਿਤੀ
2. ਗਾਥਾ ਮਹਲਾ 5
3. ਫੁਨਹੇ ਮਹਲਾ 5
4. ਚਉਬੋਲੇ ਮਹਲਾ 5
5. ਸਲੋਕ ਭਗਤ ਕਬੀਰ ਜੀਉ ਕੇ
6. ਸਲੋਕ ਸ਼ੇਖ ਫ਼ਰੀਦ ਕੇ
7. ਸਵਯੇ ਸ੍ਰੀ ਮੁਖ ਬਾਕ ਮਹਲਾ 5
8. ਸਵਈਏ ਭਟਾਂ ਕੇ
9. ਸਲੋਕ ਵਾਰਾਂ ਤੋਂ ਵਧੀਕ
10. ਮੁਦਾਵਣੀ ਮਹਲਾ 5
11. ਰਾਗ ਮਾਲਾ



Downloaded from https:// www.studiestoday.com

Downloaded from https:// www.studiestoday.com

**ਕਾਵਿ ਰੂਪ ਦੀ ਤਰਤੀਬ:**

ਕਾਵਿ ਰੂਪਾਂ ਵਿਚ ਗੁਰੂ ਸਾਹਿਬਾਨ ਨੇ ਜਿਹੜੇ ਕਾਵਿ-ਰੂਪ ਵਰਤੇ ਹਨ ਤੇ ਇਹਨਾਂ ਦੀ ਤਰਤੀਬ ਗੁਰੂ ਅਰਜਨ ਦੇਵ ਜੀ ਨੇ ਲਗਭਗ ਹਰੇਕ ਵਾਰ ਦੀ ਪਉੜੀ ਨਾਲ ਸੰਬੰਧਿਤ ਸਲੋਕਾਂ ਨੂੰ ਥਾਂ ਦਿਤੀ ਹੈ। ਜੋ ਸਲੋਕ, ਵਾਰਾਂ ਤੋਂ ਵਧ ਗਏ ਉਹ ਅੰਤ ਵਿਚ 'ਸਲੋਕ ਵਾਰਾਂ ਤੋਂ ਵਧੀਕ' ਸਿਰਲੇਖ ਅਧੀਨ ਆਏ ਹਨ। ਇਸ ਤੋਂ ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਅਸ਼ਟਪਦੀਆਂ, ਫਿਰ ਛੰਦ ਤੇ ਬਾਅਦ ਵਿਚ ਲੰਮੇਰੀਆਂ ਬਾਣੀਆਂ ਦਿਤੀਆਂ ਹਨ। ਅਖੀਰ ਤੇ ਰਾਗ ਮੁਕਤ ਬਾਣੀਆਂ ਦਰਜ ਹਨ। ਹਰ ਬਾਣੀ ਦੀ ਗਿਣਤੀ ਹਿੰਦਸਿਆਂ ਨਾਲ ਕੀਤੀ ਹੈ। ਇਸ ਗਣਿਤ ਵਿਧੀ ਨਾਲ ਗੁਰਬਾਣੀ ਨੂੰ ਹਮੇਸ਼ਾ ਹਮੇਸ਼ਾ ਲਈ ਸ਼ੁੱਧ ਰਖਣ ਤੇ ਮੋਹਰ ਲਾ ਦਿਤੀ ਗਈ ਹੈ ਤਾਂਕਿ ਕੋਈ ਸ਼ਬਦ ਘਟਾਇਆ ਵਧਾਇਆ ਨਾ ਜਾਵੇ। ਗੁਰੂ ਅਰਜਨ ਦੇਵ ਜੀ ਸੰਪਾਦਨ ਵਿਧੀ ਦੇ ਇਨਾਂ ਅਨੋਖੇ ਝਲਕਾਰਿਆਂ ਵਿਚੋਂ ਇਹ ਗੱਲ ਰੂਪਮਾਨ ਹੁੰਦੀ ਹੈ ਕਿ ਗੁਰੂ ਸਾਹਿਬ ਬਾਣੀ ਦੀ ਸ਼ੁੱਧਤਾ ਤੇ ਪ੍ਰਮਾਣਿਕਤਾ ਲਈ ਕਿੰਨੇ ਚੇਤਨ ਸਨ।

**ਕੁਲ ਬਾਣੀਕਾਰ:**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਝ 36 ਮਹਾਪੁਰਖਾਂ ਦੀ ਬਾਣੀ ਦਰਜ ਹੈ ਜਿਸਦੀ ਤਰਤੀਬ ਇਸ ਪ੍ਰਕਾਰ ਹੈ:

(ੳ) ਗੁਰੂ ਸਾਹਿਬਾਨ: ਕੁਲ ਗਿਣਤੀ 6 (ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ)

(ਅ) ਭਗਤ ਸਾਹਿਬਾਨ:- ਕੁਲ ਗਿਣਤੀ 15 (ਭਗਤ ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਰਾਮਾਨੰਦ ਜੀ, ਜੈ ਦੇਵ ਜੀ, ਤ੍ਰਿਲੋਚਨ ਜੀ, ਧੰਨਾ ਜੀ, ਸੈਣ ਜੀ, ਪੀਪਾ ਜੀ, ਭੀਖਨ ਜੀ, ਸਧਨਾ ਜੀ, ਪਰਮਾਨੰਦ ਜੀ, ਸੁਰਦਾਸ ਜੀ, ਬੇਣੀ ਜੀ, ਸ਼ੇਖ ਫਰੀਦ ਜੀ।

(ੲ) ਭੱਟ ਕਵੀ:- ਕੁਲ ਗਿਣਤੀ 11 (ਕਲਸਹਾਰ, ਜਾਲਪ, ਕੀਰਤ, ਭਿੱਖਾ, ਸਲ੍ਹ, ਭਲ੍ਹ, ਨਲ੍ਹ, ਗਯੰਦ, ਮਥੁਰਾ, ਬਲ ਤੇ ਹਰਿਬੰਸ) ।

(ਸ) ਗੁਰਸਿੱਖ: ਕੁਲ ਗਿਣਤੀ 4 (ਭਾਈ ਮਰਦਾਨਾ, ਰਾਇ ਬਲਵੰਡ, ਭਾਈ ਸਤਾ ਤੇ ਬਾਬਾ ਸੁੰਦਰ ਜੀ)।

**ਬਾਣੀ ਕਾਰਾਂ ਦੀ ਤਰਤੀਬ :**

ਬਾਣੀ ਕਾਰਾਂ ਦੀ ਤਰਤੀਬ ਹਰੇਕ ਰਾਗ ਸ਼ੁਰੂ ਹੋਣ ਤੇ ਇਕ ਕ੍ਰਮ ਵਿਚ ਹੈ ਜੋ ਇਸ ਪ੍ਰਕਾਰ ਹੈ :-

1. ਪਹਿਲਾਂ ਗੁਰੂ ਸਾਹਿਬਾਨ ਮਹਲਾ ਵਾਰ ਤਰਤੀਬ
2. ਭਗਤ ਬਾਣੀ
3. ਭਟਾਂ ਦੀ ਬਾਣੀ
4. ਹੋਰ ਬਾਣੀਕਾਰਾਂ ਦੀ ਰਚਨਾ

**ਸਾਰੀ ਬਾਣੀ ਦਾ ਬਿਉਰਾ:**

ਸਾਰੀ ਬਾਣੀ ਦਾ ਬਿਓਰਾ ਇਸਦੇ ਬਾਣੀਕਾਰਾਂ ਅਨੁਸਾਰ ਇਸ ਪ੍ਰਕਾਰ ਹੈ:

**ਗੁਰੂ ਸਾਹਿਬਾਨ:-**

(ੳ) ਗੁਰੂ ਨਾਨਕ ਦੇਵ ਜੀ :- ਮਹਲਾ 1, ਕੁਝ 974 ਸ਼ਬਦ 19 ਰਾਗਾਂ ਵਿਚ।

(ਅ) ਗੁਰੂ ਅੰਗਦ ਦੇਵ ਜੀ : ਮਹਲਾ 2, 63 ਸਲੋਕ।

(ੲ) ਗੁਰੂ ਅਮਰਦਾਸ ਜੀ : ਮਹਲਾ 3, ਕੁਝ 869 ਸ਼ਬਦ 17 ਰਾਗਾਂ ਵਿਚ।

(ਸ) ਗੁਰੂ ਰਾਮਦਾਸ ਜੀ : ਮਹਲਾ 4, ਕੁਝ 638 ਸ਼ਬਦ 30 ਰਾਗਾਂ ਵਿਚ।

(ਹ) ਗੁਰੂ ਅਰਜਨ ਦੇਵ ਜੀ: ਮਹਲਾ 5, ਕੁਝ 2312 ਸ਼ਬਦ 30 ਰਾਗਾਂ ਵਿਚ।

(ਕ) ਗੁਰੂ ਤੇਗਬਹਾਦਰ ਜੀ: ਮਹਲਾ 6, ਕੁਝ 115 ਸ਼ਬਦ 15 ਰਾਗਾਂ ਵਿਚ।

**ਭਗਤ ਬਾਣੀ:-**

(ੳ) ਕਬੀਰ ਜੀ : 532 ਸ਼ਬਦ 16 ਰਾਗਾਂ ਵਿਚ।

(ਅ) ਨਾਮਦੇਵ ਜੀ : 61 ਸ਼ਬਦ 18 ਰਾਗਾਂ ਵਿਚ।



Downloaded from https:// www.studiestoday.com

Downloaded from https:// www.studiestoday.com

(ੲ) ਰਵਿਦਾਸ ਜੀ : 40 ਸ਼ਬਦ 16 ਰਾਗਾਂ ਵਿਚ।

(ਸ) ਰਾਮਾ ਨੰਦ ਜੀ : 1 ਸ਼ਬਦ, ਬਸੰਤ ਰਾਗ ਵਿਚ।

(ਹ) ਜੈ ਦੇਵ ਜੀ : 2 ਸ਼ਬਦ, 2 ਰਾਗਾਂ ਵਿਚ

(ਕ) ਤ੍ਰਿਲੋਚਨ ਜੀ : 4 ਸ਼ਬਦ, 3 ਰਾਗਾਂ ਵਿਚ

(ਖ) ਧੰਨਾ ਜੀ: 3 ਸ਼ਬਦ, ਰਾਗਾਂ ਵਿਚ।

(ਗ) ਸੈਣ ਜੀ : 1 ਸ਼ਬਦ, ਧਨਾਸਰੀ ਰਾਗ ਵਿਚ।

(ਘ) ਪੀਪਾ ਜੀ : 1 ਸ਼ਬਦ, ਧਨਾਸਰੀ ਰਾਗ ਵਿਚ।

(ਙ) ਭੀਖਣ ਜੀ: 2 ਸ਼ਬਦ, ਸੋਰਠਿ ਰਾਗ ਵਿਚ।

(ਚ) ਸਧਨਾ ਜੀ: 1 ਸ਼ਬਦ, ਬਿਲਾਵਲ ਰਾਗ ਵਿਚ।

(ਛ) ਪਰਮਾਨੰਦ ਜੀ: 1 ਸ਼ਬਦ, ਸਾਰੰਗ ਰਾਗ ਵਿਚ।

(ਜ) ਸੂਰਦਾਸ ਜੀ: 1 ਸ਼ਬਦ, ਸਾਰੰਗ ਰਾਗ ਵਿਚ।

(ਝ) ਬੇਣੀ ਜੀ : 3 ਸ਼ਬਦ, 3 ਰਾਗਾਂ ਵਿਚ।

(ਞ) ਸ਼ੇਖ ਫ਼ਰੀਦ ਜੀ:- 112 ਸਲੋਕ, 4 ਸ਼ਬਦ, 2 ਰਾਗਾਂ ਵਿਚ।

ਭਟਬਾਣੀ:- ਕੁਲ ਬਾਣੀ 123 ਸਵਈਏ

| | | |
|---|---|---|
| (ੳ)ਕਲਸਹਾਰ ਜੀ | ਸਵਈਏ ਮਹਲੇ ਪਹਿਲੇ ਕੇ | = 10 |
| | ਸਵਈਏ ਮਹਲੇ ਦੂਜੇ ਕੇ | = 10 |
| | ਸਵਈਏ ਮਹਲੇ ਤੀਜੇ ਕੇ | = 09 |
| | ਸਵਈਏ ਮਹਲੇ ਚੌਥੇ ਕੇ | = 13 |
| | ਸਵਈਏ ਮਹਲੇ ਪੰਜਵੇਂ ਕੇ | = 12 |
| | ਕੁਲ ਜੋੜ | = 54 |

(ਅ) ਜਾਲਪ ਜੀ: ਕੁਲ 5 ਸਵਈਏ, ਸਵਈਏ ਮਹਲੇ ਤੀਜੇ ਕੇ ਸਿਰਲੇਖ ਅਧੀਨ।

(ੲ) ਕੀਰਤ ਜੀ: ਕੁਲ ਸਵਈਏ 8, 4 ਮਹਲੇ ਤੀਜੇ ਕੇ ਤੇ 4 ਮਹਲੇ ਚੌਥੇ ਕੇ ਸਿਰਲੇਖ ਅਧੀਨ।

(ਸ) ਭਿਖਜੀ: ਕੁਲ 2 ਸਵਈਏ, ਸਵਈਏ ਮਹਲੇ ਤੀਜੇ ਕੇ ਸਿਰਲੇਖ ਅਧੀਨ।

(ਹ) ਸਲ੍ਹ ਜੀ: ਕੁਲ 3 ਸਵਈਏ, 1 ਸਵਈਏ ਮਹਲੇ ਤੀਜੇ ਕੇ, 2 ਸਵਈਏ ਮਹਲੇ ਚੌਥੇ ਕੇ ਸਿਰਲੇਖ ਅਧੀਨ।

(ਕ) ਭਲ੍ਹ ਜੀ: ਇਕ ਸਵਈਆ, ਸਵਈਏ ਮਹਲੇ ਤੀਜੇ ਕੇ ਸਿਰਲੇਖ ਅਧੀਨ।

(ਖ) ਨਲ੍ਹ ਜੀ: ਕੁਲ 16 ਸਵਈਏ, ਸਵਈਏ ਮਹਲੇ ਚੌਥੇ ਦੇ ਸਿਰਲੇਖ ਅਧੀਨ।

(ਗ) ਗੰਯਦ ਜੀ : ਕੁਲ 13 ਸਵਈਏ, ਸਵਈਏ ਮਹਲੇ ਚੌਥੇ ਕੇ ਸਿਰਲੇਖ ਅਧੀਨ।

(ਘ) ਮਥੁਰਾ ਜੀ: ਕੁਲ 14 ਸਵਈਏ, 7 ਸਵਈਏ ਮਹਲੇ ਚੌਥੇ ਕੇ ਤੇ 7 ਸਵਈਏ ਮਹਲੇ ਪੰਜਵੇਂ ਕੇ ਵਿਚ।

(ਙ) ਹਰਬੰਸ ਜੀ: ਕੁਲ 2 ਸਵਈਏ, ਸਵਈਏ ਮਹਲੇ ਪੰਜਵੇਂ ਕੇ ਸਿਰਲੇਖ ਅਧੀਨ।

ਹੋਰ ਬਾਣੀ ਕਾਰ:-

(ੳ) ਭਾਈ ਮਰਦਾਨਾ ਜੀ:- 3 ਸਲੋਕ ਬਿਹਾਗੜਾ ਰਾਗ ਵਿਚ

(ਅ) ਰਾਇ ਬਲਵੰਡ ਜੀ:- ਰਾਮਕਲੀ ਦੀ ਵਾਰ ਵਿਚ ਪਹਿਲੀਆਂ ਪੰਜ ਪਉੜੀਆਂ।

(ੲ) ਭਾਈ ਸਤਾ ਜੀ:- ਰਾਮਕਲੀ ਦੀ ਵਾਰ ਵਿਚ ਅੰਤਲੀਆਂ 3 ਪਉੜੀਆਂ।

(ਸ) ਬਾਬਾ ਸੁੰਦਰ ਜੀ:- ਰਾਮ ਕਲੀ ਰਾਗ ਵਿਚ ਸਦੁ।



Downloaded from https:// www.studiestoday.com

Downloaded from https:// www.studiestoday.com

ਸਾਰੰਸ਼:-

ਸਮੁੱਚੇ ਰੂਪ ਵਿਚ ਵੇਖਿਆ ਜਾਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਭਾਰਤੀ ਤੇ ਵਿਸ਼ਵ ਸਾਹਿਤ ਵਿਚ ਇਕ ਉਹ ਮਹਾਨ ਕ੍ਰਿਤ ਹੈ ਜਿਸਦੀ ਸੰਪਾਦਨ ਕਲਾ ਆਪਣੀ ਜੁਗਤ ਕਰਕੇ ਅਤੇ ਬਾਣੀ ਆਪਣੇ ਧੁਰ ਨਾਲ ਜੁੜੀ ਹੋਣ ਕਰਕੇ ਜੁਗੋ ਜੁਗ ਅਟਲ ਰਹਿਣ ਵਾਲੀ ਰਚਨਾ ਹੈ।

## ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

1. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ ਕਿੰਨੇ ਰਾਗ ਹਨ?
2. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਪਹਿਲੇ ਅਤੇ ਆਖਰੀ ਰਾਗ ਦੇ ਨਾਂ ਲਿਖੋ?
3. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਿਸੇ ਦੋ ਰਾਗ ਮੁਕਤ ਬਾਣੀਆਂ ਦੇ ਨਾਂ ਲਿਖੋ?
4. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਸ਼ਾਮਿਲ ਹੈ?
5. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਮਹਾਨ ਭਗਤਾਂ ਦੀ ਬਾਣੀ ਸ਼ਾਮਿਲ ਹੈ?
6. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭੱਟ ਕਵੀਆਂ ਦੀ ਕੁੱਲ ਗਿਣਤੀ ਕਿੰਨੀ ਹੈ?

## ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਿਉਂ ਜ਼ਰੂਰੀ ਸੀ?
2. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਇਕ ਵਿਲੱਖਣ ਕਾਰਜ ਕਿਵੇਂ ਹੈ?
3. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਸੰਗ ਵਿੱਚ ਅੰਤਰ ਧਰਮ ਸੰਵਾਦ ਤੋਂ ਕੀ ਭਾਵ ਹੈ?
4. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਿੱਤਨੇਮ ਦੀਆਂ ਕਿਹੜੀਆਂ ਕਿਹੜੀਆਂ ਬਾਣੀਆਂ ਸ਼ਾਮਿਲ ਹਨ? ਅਤੇ ਕਿਸੇ ਇਕ ਨਾਲ ਜਾਣ ਪਛਾਣ ਕਰਵਾਓ।
5. ਸਿਰੀ ਰਾਗ ਅਤੇ ਮਾਲ ਰਾਗ ਵਿੱਚ ਕਿਹੜੀਆਂ ਕਿਹੜੀਆਂ ਬਾਣੀਆਂ ਦਰਜ ਹਨ?
6. ਸ੍ਰੀ ਗ੍ਰੰਥ ਸਾਹਿਬ ਵਿੱਚ ਜਿਨ੍ਹਾਂ ਭਗਤਾਂ ਦੀ ਬਾਣੀ ਦਰਜ ਹੈ ਉਨ੍ਹਾਂ 'ਚੋਂ ਕਿਸੇ ਪੰਜ ਦੇ ਵੇਰਵੇ ਦਿਓ।
7. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਧਰਮ ਗ੍ਰੰਥਾਂ ਦੇ ਪ੍ਰਸੰਗ ਵਿੱਚ ਕੀ ਵਿਲੱਖਣਤਾ ਹੈ?
8. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਸਾਹਿਤ ਦੀ ਮਹਾਨ ਰਚਨਾ ਕਿਵੇਂ ਹੈ?
9. ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਰੂਪ ਕਿਉਂ ਜਾਣਿਆ ਜਾਂਦਾ ਹੈ?
10. ਆਦਿ ਗ੍ਰੰਥ ਵਿੱਚ ਦਰਜ ਗੁਰੂ ਸਾਹਿਬਾਨ ਦੀ ਬਾਣੀ ਉੱਤੇ ਸੰਖੇਪ ਨੋਟ ਲਿਖੋ।

## ਨਿਬੰਧਾਤਮਕ ਉੱਤਰਾਂ ਵਾਲੇ ਪ੍ਰਸ਼ਨ

1. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਦੀ ਲੋੜ, ਸੰਕਲਨ ਅਤੇ ਬਾਣੀਕਾਰਾਂ ਬਾਰੇ ਜਾਣਕਾਰੀ ਦਿਓ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਬਾਰੇ ਤੁਸੀਂ ਕੀ ਜਾਣਦੇ ਹੋ?
3. ਸੰਪਾਦਨ ਦੇ ਦ੍ਰਿਸ਼ਟੀਕੋਣ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਵਿਲੱਖਣ ਗ੍ਰੰਥ ਹੈ। ਵਿਚਾਰ ਕਰੋ।



Downloaded from https:// www.studiestoday.com

Downloaded from https:// www.studiestoday.com

# ਪਾਠ-10
# ਬੁੱਧ ਧਰਮ ਦਾ ਅਸ਼ਟਾਂਗ ਮਾਰਗ

**ਵਿਸ਼ਾ ਪ੍ਰਵੇਸ਼ :-**

ਮਹਾਤਮਾ ਬੁੱਧ ਜੀ ਨੇ ਕਠਨ ਤਪੱਸਿਆ ਪਿੱਛੋਂ ਪਰਮ ਗਿਆਨ ਦੀ ਪ੍ਰਾਪਤੀ ਕੀਤੀ ਸੀ। ਇਸ ਗਿਆਨ ਨੂੰ ਲੋਕਾਈ ਨਾਲ ਸਾਂਝਾ ਕਰਨ ਲਈ ਆਪ ਨੇ ਬਹੁਤ ਹੀ ਸਰਲ ਅਤੇ ਸਪਸ਼ਟ ਸ਼ਬਦਾਂ ਵਿੱਚ ਆਪਣੇ ਪ੍ਰਵਚਨ ਦਿੱਤੇ ਸਨ। ਸਿਧਾਰਥ ਗੌਤਮ (ਮਹਾਤਮਾ ਬੁੱਧ) ਦੇ ਸਮੇਂ ਮੁਕਤੀ ਦੀ ਪ੍ਰਾਪਤੀ ਲਈ ਕਠੋਰ ਸਾਧਨਾ ਨੂੰ ਅਪਣਾਇਆ ਜਾਂਦਾ ਸੀ। ਇਸੇ ਲਈ ਬੁੱਧ ਨੇ ਵੀ ਤਕਰੀਬਨ $6^{1/2}$ ਸਾਲ ਕਠਨ ਤਪੱਸਿਆ ਕੀਤੀ ਸੀ। ਉਨ੍ਹਾਂ ਨੇ ਆਪਣੇ ਇਸ ਅਨੁਭਵ ਤੋਂ ਇਹ ਸਿੱਟਾ ਕੱਢਿਆ ਸੀ ਕਿ ਦੁੱਖਾਂ ਤੋਂ ਛੁਟਕਾਰਾ (ਮੁਕਤੀ) ਪ੍ਰਾਪਤ ਕਰਨ ਲਈ ਹਿਰਦੇ ਅਤੇ ਸਰੀਰ ਨੂੰ ਕਸ਼ਟ ਦੇਣ ਵਾਲੀ ਕਠੋਰ ਤਪੱਸਿਆ ਉਤਨੀ ਹੀ ਹਾਨੀਕਾਰਕ ਹੈ ਜਿਤਨੀ ਕਿ ਵਿਸ਼ਿਆਂ ਤੋਂ ਉਤਪੰਨ ਸੁੱਖ ਦੀ ਲਾਲਸਾ। ਇਸ ਲਈ ਮਹਾਤਮਾ ਬੁੱਧ ਨੇ ਉਪਦੇਸ਼ ਦਿੱਤਾ ਕਿ ਨਿਰਵਾਣ ਦੀ ਪ੍ਰਾਪਤੀ ਲਈ ਨਾ ਤਾਂ ਅਤਿ ਦੀ ਕਠੋਰ ਸਾਧਨਾ ਦੀ ਲੋੜ ਹੈ ਅਤੇ ਨਾ ਹੀ ਆਪਣੀਆਂ ਲਾਲਸਾਵਾਂ ਦੇ ਵੱਸ ਹੋ ਕੇ ਮਾਇਆਵੀ ਜੀਵਨ ਦੀਆਂ ਖੁਸ਼ੀਆਂ ਮਾਨਣ ਦੀ ਲੋੜ ਹੈ। ਨਿਰਵਾਣ ਦੀ ਪ੍ਰਾਪਤੀ ਲਈ ਵਿਚਕਾਰਲਾ ਮਾਰਗ ਅਪਨਾਉਣ ਦੀ ਲੋੜ ਹੈ।

**ਮੱਧ ਮਾਰਗ ਦਾ ਅਨੁਭਵ**

ਮਹਾਤਮਾ ਬੁੱਧ ਜੀ ਦਾ ਇਹ ਅਨੁਭਵ ਉਸ ਸਮੇਂ ਦਾ ਹੈ ਜਦੋਂ ਜੰਗਲ ਵਿੱਚ ਕਠਿਨ ਤਪੱਸਿਆ ਕਰਦੇ ਹੋਏ ਉਸਦਾ ਸਰੀਰ ਸੁੱਕ ਕੇ ਤੀਲਾ ਹੋ ਗਿਆ ਸੀ। ਉਹ ਖੁਦ ਆਪਣੇ ਚੇਲਿਆਂ ਨੂੰ ਇਸ ਸਮੇਂ ਬਾਰੇ ਯਾਦ ਕਰਦਾ ਦੱਸਦਾ ਹੁੰਦਾ ਸੀ ਕਿ ਤੱਪ ਕਰ ਕਰ ਕੇ ਮੇਰੀ ਹਾਲਤ ਸੁੱਕੇ ਗੰਨੇ ਵਰਗੀ ਹੋ ਗਈ ਸੀ ਪਰ ਫਿਰ ਵੀ ਉਹ ਨਿਰੰਤਰ ਧਿਆਨ ਮਗਨ ਤੱਪ ਵਿੱਚ ਜੁਟਿਆ ਰਿਹਾ। ਇਸੇ ਸਮੇਂ ਸੁਜਾਤਾ ਨਾਂ ਦੀ ਇਸਤਰੀ ਖੀਰ ਦਾ ਕਟੋਰਾ ਲੈ ਕੇ ਆਈ ਸੀ। ਸਿਧਾਰਥ (ਮਹਾਤਮਾ ਬੁੱਧ) ਨੇ ਥੋੜ੍ਹੀ ਕੁ ਖੀਰ ਖਾਣ ਲਈ ਹਮੇਸ਼ਾਂ ਵਾਂਗ ਆਪਣਾ ਖੱਬਾ ਹੱਥ ਅੱਗੇ ਫੈਲਾਇਆ। ਇਸੇ ਸਮੇਂ ਕੋਈ ਗਾਵੰਦੀਆਂ ਦੀ ਟੋਲੀ ਉਸਦੇ ਨੇੜਿਓਂ ਦੀ ਲੰਘ ਰਹੀ ਸੀ ਅਤੇ ਗਾ ਰਹੀ ਸੀ-

> "ਆਪਣੀ ਸਿਤਾਰ ਦੀਆਂ ਤਾਰਾਂ ਨੂੰ ਇਨੀਆਂ ਢਿੱਲੀਆਂ ਨਾ ਛੱਡ ਕਿ ਸੰਗੀਤ ਪੈਦਾ ਹੀ ਨਾ ਹੋਵੇ।
> ਆਪਣੀ ਸਿਤਾਰ ਦੀਆਂ ਤਾਰਾਂ ਨੂੰ ਇਨੀਆਂ ਨਾ ਕੱਸ ਕਿ ਟੁੱਟ ਹੀ ਜਾਣ।"

ਇਹ ਅਨੁਭਵੀ ਸੰਦੇਸ਼ ਸੀ ਜਿਸ ਰਾਹੀਂ ਮਹਾਤਮਾ ਬੁੱਧ ਨੇ ਇਹ ਪ੍ਰਤੀਤੀ ਕੀਤੀ ਕਿ ਜੀਵਨ ਦਾ ਰਹੱਸ ਇਹ ਹੈ ਕਿ ਐਸ਼ਵਰਜ ਵਿੱਚ ਖਚਿਤ ਹੋਣ ਨਾਲ ਸੱਚ ਦੀ ਪ੍ਰਾਪਤੀ ਨਹੀਂ ਹੋਵੇਗੀ। ਨਾ ਇਹ ਪ੍ਰਾਪਤੀ ਫਾਕੇ ਕੱਟਣ ਨਾਲ ਹੋਵੇਗੀ। ਇਸ ਅਨੁਭਵ ਤੋਂ ਹੀ ਬੁੱਧ ਦੇ ਚਲਾਏ ਧਰਮ ਦਾ ਮਧ-ਮਾਰਗ ਦਾ ਸਿਧਾਂਤ ਪੈਦਾ ਹੁੰਦਾ ਹੈ। ਇਸ ਮਾਰਗ ਦੇ ਅੱਠ ਸਿਧਾਂਤ ਹਨ ਜਿਨ੍ਹਾਂ ਕਰਕੇ ਇਹ ਅਸ਼ਟ ਮਾਰਗ ਵੀ ਅਖਵਾਉਂਦਾ ਹੈ।

ਇਹ ਅਨੁਭਵ ਪ੍ਰਾਪਤ ਹੁੰਦੇ ਹੀ ਮਹਾਤਮਾ ਬੁੱਧ ਨੇ ਸੁਜਾਤਾ ਦੀ ਲਿਆਂਦੀ ਸਾਰੀ ਖੀਰ ਖਾ ਲਈ। ਉਹ ਫਿਰ ਬੰਦਗੀ ਵਿੱਚ ਅੰਤਰ ਧਿਆਨ ਹੋ ਗਿਆ। ਉਸ ਦੇ ਬਾਕੀ ਪੰਜਾਂ ਸਾਥੀਆਂ ਨੇ ਜਦ ਵੇਖਿਆ ਕਿ ਉਹ ਖਾਣ-ਪੀਣ ਲਗ ਪਿਆ ਹੈ ਤਾਂ ਉਹ ਉਸਦਾ ਸਾਥ ਛੱਡ ਕੇ ਚਲੇ ਗਏ। ਇਸ ਪਿੱਛੋਂ ਅਚਾਨਕ ਹੀ ਉਸਨੂੰ ਅੰਦਰ ਬਾਹਰ ਪ੍ਰਕਾਸ਼ ਦਾ ਅਨੁਭਵ ਹੋਇਆ ਅਤੇ ਨਿਰਵਾਣ ਦੀ ਪ੍ਰਾਪਤੀ ਹੋ ਗਈ। ਮਹਾਂ ਗਿਆਨ ਦੀ ਉਸ ਮੰਜ਼ਲ ਤੱਕ ਪਹੁੰਚ ਗਿਆ ਜਿਸਦੀ ਉਸਨੂੰ ਤਲਾਸ਼ ਸੀ। ਮਹਾਤਮਾ ਬੁੱਧ ਦਾ ਦਿਲ ਕੀਤਾ ਕਿ ਉਹ ਆਪਣੀ ਅਧਿਆਤਮਕ ਪ੍ਰਾਪਤੀ ਦੇ ਰਹੱਸ ਨੂੰ ਸਭ ਤੋਂ ਪਹਿਲਾਂ ਉਨ੍ਹਾਂ ਗੁਰੂਆਂ ਸਾਹਮਣੇ ਖੋਲ੍ਹੇ, ਜਿਨ੍ਹਾਂ ਤੋਂ ਉਸਨੇ ਸ਼ੁਰੂ ਵਿੱਚ ਗਿਆਨ ਪ੍ਰਾਪਤ ਕੀਤਾ ਸੀ। ਪਰ ਉਹ ਸੰਸਾਰ ਤੋਂ ਵਿਦਾ ਹੋ ਚੁੱਕੇ ਸਨ। ਇਸ ਤੋਂ ਪਿੱਛੋਂ ਉਸਨੇ ਉਨ੍ਹਾਂ ਪੰਜਾਂ ਸਾਥੀਆਂ ਦੀ ਭਾਲ ਆਰੰਭ ਕੀਤੀ ਜੋ ਉਸਨੂੰ ਛੱਡ ਕੇ ਆ ਗਏ ਸਨ। ਬੁੱਧ ਨੂੰ ਪਤਾ ਲਗਾ ਕਿ ਇਹ ਸਾਥੀ ਬਨਾਰਸ ਦੇ ਨੇੜੇ ਸਾਰਨਾਥ ਦੇ ਸਥਾਨ ਤੇ ਰਹਿੰਦੇ ਹਨ। ਮਹਾਤਮਾ ਬੁੱਧ ਉਨ੍ਹਾਂ ਪਾਸ ਗਏ



Downloaded from https:// www.studiestoday.com

Downloaded from https:// www.studiestoday.com

ਅਤੇ ਇਹਨਾਂ ਪੰਜ ਤਪੱਸਵੀਆਂ ਨੂੰ ਉਸਨੇ ਪਹਿਲਾ ਬੋਧ-ਉਪਦੇਸ਼ ਦਿੱਤਾ। ਪਾਲੀ ਗ੍ਰੰਥਾਂ ਵਿੱਚ ਲਿਖਿਆ ਹੋਇਆ ਹੈ,"ਇਥੇ ਉਸਨੇ ਧਰਮ ਚੱਕਰ ਨੂੰ ਪਹਿਲਾ ਗੇੜਾ ਦਿੱਤਾ।" ਇਹ ਉਪਦੇਸ਼ ਹੀ ਆਰੀਆ ਸੱਚ, ਅਸ਼ਟਾਂਗ ਮਾਰਗ ਅਤੇ ਨਿਰਵਾਣ ਦਾ ਮਾਰਗ ਬਿਆਨ ਕਰਦਾ ਹੈ।

| ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ |
|---|
| (1) ਮਹਾਤਮਾ ਬੁੱਧ ਨੇ ਕਿੰਨੇ ਸਾਲ ਕਠਿਨ ਤੱਪ ਕੀਤਾ ? |
| (2) ਤਪੱਸਿਆ ਕਰਦੇ ਸਮੇਂ ਮਹਾਤਮਾ ਬੁੱਧ ਨੇ ਪਹਿਲਾ ਕਿਹੜਾ ਅਨੁਭਵ ਪ੍ਰਾਪਤ ਕੀਤਾ। |
| (3) ਮੱਧ ਮਾਰਗ ਦਾ ਦੂਜਾ ਨਾਂ ਕੀ ਹੈ ? |
| (4) ਮਹਾਤਮਾ ਬੁੱਧ ਨੇ ਆਪਣਾ ਪਹਿਲਾ ਉਪਦੇਸ਼ ਕਿੱਥੇ ਅਤੇ ਕਿਨ੍ਹਾਂ ਨੂੰ ਦਿੱਤਾ ? |

**ਮਧ ਮਾਰਗ ਅਤੇ ਅਸ਼ਟ ਮਾਰਗ**

ਮਹਾਤਮਾ ਬੁੱਧ ਨੇ ਸਾਰਨਾਥ ਵਿੱਚ ਜੋ ਉਪਦੇਸ਼ ਦਿੱਤਾ ਉਸਦਾ ਸਾਰ-ਤਤ ਇਹੀ ਹੈ ਕਿ ਜੋ ਮਨੁੱਖ ਦੁੱਖਾਂ ਤੋਂ ਛੁਟਕਾਰਾ ਪਾ ਕੇ ਨਿਰਵਾਣ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ, ਉਸ ਲਈ ਹਿਰਦੇ ਨੂੰ ਕਸ਼ਟ ਦੇਣ ਵਾਲੀ ਕਠੋਰ ਤਪੱਸਿਆ ਵੀ ਉਨੀ ਹੀ ਨੁਕਸਾਨਦੇਹ ਹੈ ਜਿਤਨੀ ਕਿ ਪਦਾਰਥਕ ਜੀਵਨ ਤੋਂ ਉਤਪੰਨ ਸੁੱਖ ਦੀ ਲਾਲਸਾ। ਇਹਨਾਂ ਦੋਹਾਂ ਤਰ੍ਹਾਂ ਦੀਆਂ ਜੀਵਨ ਸ਼ੈਲੀਆਂ ਦਾ ਤਿਆਗ ਕਰਕੇ ਵਿਚਕਾਰਲਾ ਰਸਤਾ ਭਾਵ ਮੱਧ ਮਾਰਗ ਦਾ ਪਾਲਣ ਕਰਨਾ ਚਾਹੀਦਾ ਹੈ। ਮਧ ਮਾਰਗ ਨੂੰ ਬੋਧੀ ਗ੍ਰੰਥਾਂ ਵਿੱਚ 'ਮੱਧ ਯਮਾ ਪ੍ਰਤਿ ਪੱਤੀ' ਵੀ ਕਿਹਾ ਗਿਆ ਹੈ। ਇਸ ਮਾਰਗ ਦੇ ਅੱਠ ਸਿਧਾਂਤ ਹਨ ਜਿਸ ਕਰਕੇ ਇਸਨੂੰ ਅਸ਼ਟ ਮਾਰਗ ਵੀ ਕਿਹਾ ਜਾਂਦਾ ਹੈ। 'ਸੰਯੁਤ-ਨਿਕਾਏ' ਵਿੱਚ ਲਿਖਿਆ ਹੈ – "ਇਹ ਮੱਧ ਮਾਰਗ ਅਸ਼ਟਾਂਗ ਮਾਰਗ (ਅੱਠ-ਅੰਗੀ-ਮਾਰਗ) ਹੈ। ਇਸ ਤੋਂ ਬੁੱਧਤਵ ਦੀ ਪ੍ਰਾਪਤੀ ਹੋ ਸਕਦੀ ਹੈ ਕਿਉਂਕਿ ਇਸ ਵਿੱਚ ਸਾਰੇ ਦੁੱਖਾਂ ਤੋਂ ਉਪਰ ਉੱਠਣ ਦਾ ਸਹੀ ਰਸਤਾ ਦੱਸਿਆ ਗਿਆ ਹੈ। ਇਥੇ ਮਧ-ਮਾਰਗ ਹੀ ਅਸ਼ਟ ਮਾਰਗ ਹੈ ਕਿਉਂਕਿ ਇਸ ਦੇ ਅੱਠ ਪ੍ਰਮੁੱਖ ਸਿਧਾਂਤ ਹਨ।

**ਅਸ਼ਟ ਮਾਰਗ ਅਤੇ ਚਾਰ ਆਰੀਆ ਸੱਚ :–**

ਅਸਲ ਵਿੱਚ ਅਸ਼ਟ-ਮਾਰਗ ਚਾਰ ਆਰੀਆ ਸੱਚ ਦੀ ਚੌਥੀ ਸਚਾਈ ਦਾ ਹੀ ਨਾਮ ਹੈ ਅਤੇ ਇਸਦੇ ਅੱਠ ਸਿਧਾਂਤ ਹਨ। ਇਨ੍ਹਾਂ ਚਾਰ ਅਮਰ ਸੱਚਾਂ ਵਿੱਚ ਬੁੱਧਮਤ ਦਾ ਸਾਰਾ ਦਰਸ਼ਨ ਕੇਂਦਰਿਤ ਹੁੰਦਾ ਹੈ। ਇਸ ਤੋਂ ਪਹਿਲਾਂ ਕਿ ਅਸ਼ਟ ਮਾਰਗ ਦੀ ਵਿਆਖਿਆ ਕੀਤੀ ਜਾਵੇ, ਸਾਨੂੰ ਇਹਨਾਂ ਚਾਰ ਆਰੀਆਂ ਸੱਚ ਜਾਂ ਅਮਰ ਸੱਚ ਬਾਰੇ ਜਾਣ ਲੈਣਾ ਜ਼ਰੂਰੀ ਹੈ।

ਬੁੱਧ ਦੀ ਸਾਰੀ ਰੂਹਾਨੀ ਸਿੱਖਿਆ ਚਾਰ ਸੱਚਾਈਆਂ ਦੁਆਲੇ ਘੁੰਮਦੀ ਹੈ। ਬੋਧੀ ਗ੍ਰੰਥਾਂ ਵਿੱਚ ਇਨ੍ਹਾਂ ਨੂੰ ਚਾਰ ਆਰੀਆ ਸੱਚ (ਆਰਯ ਸੱਤ) ਕਿਹਾ ਗਿਆ ਹੈ। ਆਰੀਆ ਸ਼ਬਦ ਭਾਵੇਂ ਮਨੁੱਖ ਦੀ ਇੱਕ ਨਸਲ ਨਾਲ ਸੰਬੰਧਤ ਹੈ ਪਰ ਇਸ ਦੇ ਅਰਥ ਇੱਥੇ ਸ੍ਰੇਸ਼ਟ, ਨੇਕ, ਉੱਤਮ ਅਤੇ ਸੁੰਦਰ ਪੁਰਸ਼ ਲਈ ਵਰਤੇ ਜਾਂਦੇ ਹਨ। ਬੁੱਧ ਧਰਮ ਵਿੱਚ ਹਰ ਭਲੇ ਮਾਣਸ ਲਈ ਆਰੀਆ ਸ਼ਬਦ ਵਰਤਿਆ ਜਾਂਦਾ ਹੈ।

ਇਨ੍ਹਾਂ ਚਾਰ ਅਮਰ ਸਚਾਈਆਂ ਦਾ ਉਪਦੇਸ਼ ਧਰਮ ਚੱਕਰ ਪਰਵਰਤਨ ਸੂਤਰ ਵਿੱਚ ਮਿਲਦਾ ਹੈ। ਇਸ ਸੂਤਰ ਵਿੱਚ ਮਹਾਤਮਾ ਬੁੱਧ ਨੇ ਸਵੈ-ਅਨੁਭਵ ਦੇ ਆਧਾਰ ਤੇ ਜੀਵਨ-ਸੰਬੰਧੀ ਜਿਹੜੀਆਂ ਚਾਰ ਸਚਾਈਆਂ ਦਾ ਵਰਣਨ ਕੀਤਾ ਹੈ ਇਹਨਾਂ ਨੂੰ ਚੰਗੀ ਤਰ੍ਹਾਂ ਸਮਝ ਲੈਣ ਤੇ ਮਨੁੱਖ ਦੁੱਖਾਂ ਤੋਂ ਮੁਕਤ ਹੋ ਸਕਦਾ ਹੈ ਅਤੇ ਅਮਰ ਸ਼ਾਂਤੀ ਨੂੰ ਨਿਰਵਾਣ ਨੂੰ ਪ੍ਰਾਪਤ ਕਰ ਸਕਦਾ ਹੈ। ਇਹਨਾਂ ਚਾਰ-ਆਰੀਆ ਸਤਯ ਨੂੰ ਪਹੀਏ ਦੀਆਂ ਚਾਰ ਧੁਰੀਆਂ ਦੇ ਬਰਾਬਰ ਮੰਨਿਆ ਗਿਆ ਹੈ ਅਤੇ ਇਨ੍ਹਾਂ ਤੇ ਹੀ ਸਾਰੇ ਧਰਮ ਚੱਕਰ ਦੀ ਹੋਂਦ ਨਿਰਭਰ ਹੈ। ਇਹ ਚਾਰ ਸਚਾਈਆਂ ਇਸ ਪ੍ਰਕਾਰ ਹਨ –

(1) ਸੰਸਾਰ ਵਿੱਚ ਦੁੱਖ ਹੈ।

(2) ਦੁੱਖ ਦਾ ਕਾਰਨ ਹੈ।

(3) ਦੁੱਖ ਦੂਰ ਹੋ ਸਕਦਾ ਹੈ।

(4) ਦੁੱਖਾਂ ਦੇ ਅੰਤ ਦਾ ਇੱਕ ਰਸਤਾ ਹੈ।



Downloaded from https:// www.studiestoday.com

Downloaded from https:// www.studiestoday.com

(1) ਦੁੱਖ ਹਨ :

ਸੰਸਾਰ ਵਿੱਚ ਅਤੇ ਇਸ ਦੀ ਗਤੀ ਵਿੱਚ ਜਾਣਾ ਦੁੱਖ ਹੈ। ਜੀਵ ਦਾ ਜਨਮ ਦੁੱਖ ਦਾ ਜਨਮ ਹੈ। ਬੁੱਧ ਮੱਤ ਦੀ ਉਦੋਂ ਤੱਕ ਸਮਝ ਨਹੀਂ ਆ ਸਕਦੀ ਜਦੋਂ ਤੱਕ ਦੁੱਖ ਨੂੰ ਸਮਝ ਨਹੀਂ ਲਿਆ ਜਾਂਦਾ। ਮਹਾਤਮਾ ਬੁੱਧ ਦਾ ਕਥਨ ਹੈ - ਜਨਮ ਲੈਣਾ, ਬਿਮਾਰ ਹੋਣਾ, ਮਰ ਜਾਣਾ, ਵਿਛੜ ਜਾਣਾ, ਸਭੇ ਦੁੱਖ ਹਨ। ਦੋ ਪ੍ਰਕਾਰ ਦੀਆਂ ਵਸਤਾਂ ਸੰਸਾਰ ਵਿੱਚ ਹਨ - ਇੱਕ ਉਹ ਜੋ ਪ੍ਰਾਪਤ ਨਹੀਂ ਹੋਈਆਂ, ਦੂਜੀਆਂ ਉਹ ਜੋ ਪ੍ਰਾਪਤ ਹੋਈਆਂ। ਜਿਨ੍ਹਾਂ ਚੀਜ਼ਾਂ ਦੀ ਇੱਛਾ ਸੀ ਪਰ ਨਾ ਮਿਲੀਆਂ, ਉਹ ਦੁਖਦਾਈ ਬਣੀਆਂ ਪਰ ਜਿਨ੍ਹਾਂ ਵਸਤਾਂ ਦੀ ਇੱਛਾ ਨਹੀਂ, ਉਹ ਮਿਲ ਜਾਣ ਤਾਂ ਵੀ ਦੁੱਖ ਹੈ। ਸੰਤਾਨ ਨਾ ਹੋਣ ਦਾ ਦੁੱਖ ਬਹੁਤ ਲੋਕਾਂ ਨੇ ਭੋਗਿਆ ਪਰ ਜਿਨ੍ਹਾਂ ਦੇ ਸੰਤਾਨ ਹੋਈ ਉਨ੍ਹਾਂ ਨੂੰ ਵੀ ਸੰਤਾਨ ਨੇ ਦੁਖੀ ਕੀਤਾ ਤਾਂ ਇਸ ਦਾ ਭਾਵ ਹੈ ਵਸਤਾਂ ਦੀ ਹੋਂਦ ਜਾਂ ਅਣਹੋਂਦ ਕਰਕੇ ਨਹੀਂ, ਦੁੱਖ ਦਾ ਕਾਰਨ ਕੁੱਝ ਹੋਰ ਹੈ। ਬੁੱਧ ਦੇ ਫਲਸਫੇ ਦਾ ਕੇਂਦਰ ਦੁੱਖ ਹੈ। ਇਹੀ ਕਾਰਨ ਹੈ ਕਿ ਬੁੱਧ ਅਕਸਰ ਕਿਹਾ ਕਰਦੇ ਸਨ, "ਮੈਂ ਦਰਸ਼ਨ ਆਚਾਰੀਆ ਨਹੀਂ ਹਾਂ — ਚਰਚਾ ਵਿੱਚ, ਬਹਿਸ ਵਿੱਚ ਵਕਤ ਜਾਇਆ ਕਰਨ ਦੀ ਥਾਂ ਮੈਂ ਦੁੱਖ ਤੋਂ ਬਚਣ ਦਾ ਰਸਤਾ ਲਭਦਾ ਰਿਹਾ ਹਾਂ।

ਦੁੱਖ, ਅਜਿਹੀ ਸ਼ਕਤੀਸ਼ਾਲੀ ਹੋਂਦ ਹੈ ਕਿ ਇਹ ਸਾਧੂਆਂ ਅਤੇ ਪਾਪੀਆਂ ਨੂੰ ਬਰਾਬਰ ਆਪਣੀ ਲਪੇਟ ਵਿੱਚ ਲੈ ਲੈਂਦਾ ਹੈ। ਕੁਦਰਤ ਦੀ ਕਰੋਪੀ, ਬਿਮਾਰੀ, ਹੜ੍ਹ, ਤੂਫ਼ਾਨ, ਭੂਚਾਲ, ਸੋਕਾ, ਇਹ ਸਭ ਨੂੰ, ਚੰਗਿਆਂ ਨੂੰ ਵੀ ਅਤੇ ਮਾੜਿਆਂ ਨੂੰ ਵੀ ਖ਼ਤਮ ਕਰ ਦਿੰਦੇ ਹਨ। ਬਹੁਤੇ ਦੁੱਖ ਮਨੁੱਖ ਆਪ ਸਹੇੜਦਾ ਹੈ। ਇਹ ਉਹ ਦੁੱਖ ਹਨ ਜਿਨ੍ਹਾਂ ਵਿੱਚ ਆਮ ਬੰਦੇ ਫਸਦੇ ਹਨ ਪਰ ਸਾਧੂ ਮੁਕਤ ਰਹਿੰਦੇ ਹਨ। ਗੁੱਸਾ, ਈਰਖਾ, ਚੁਗਲੀ, ਹੰਕਾਰ, ਘਿਰਣਾ, ਇਹ ਸਾਰਾ ਕੁੱਝ ਦੁੱਖ ਪੈਦਾ ਕਰਨ ਦਾ ਸਮਾਨ ਹੈ। ਸਾਧੂ ਇਹਨਾਂ ਤੋਂ ਦੂਰ ਰਹਿੰਦੇ ਹਨ ਪਰ ਸਾਧੂਆਂ ਦੇ ਖਿਲਾਫ਼ ਗੁੱਸਾ, ਈਰਖਾ, ਚੁਗਲੀ, ਘਿਰਣਾ ਆਦਿਕ ਦਾ ਚੱਕਰ ਹੋਰਾਂ ਵੱਲੋਂ ਚਲਦਾ ਰਹਿੰਦਾ ਹੈ। ਸਾਧੂ ਆਪਣੇ ਆਪ ਨੂੰ ਇਸ ਤਰ੍ਹਾਂ ਢਾਲ ਲੈਂਦੇ ਹਨ ਕਿ ਪ੍ਰੇਸ਼ਾਨ ਨਹੀਂ ਹੁੰਦੇ। ਸਾਧਾਰਨ ਮਨੁੱਖ ਦੁੱਖਾਂ ਨੂੰ ਬਰਦਾਸ਼ਤ ਕਰਨ ਦੀ ਹਿੰਮਤ ਨਹੀਂ ਰਖਦੇ। ਸਮਯੁੱਤ ਨਿਕਾਇ ਗ੍ਰੰਥ ਵਿੱਚ ਬੁੱਧ ਦਾ ਕਥਨ ਹੈ — "ਭਿੱਖੂਓ ਸਮੁੰਦਰ ਵਿੱਚ ਵਧੀਕ ਪਾਣੀ ਹੈ ਕਿ ਤੁਹਾਡੇ ਹੰਝੂ ਵਧੀਕ ਹਨ? ਜੀਵਨ ਵਿੱਚ ਤੁਸੀਂ ਅਣਗਿਣਤ ਵਾਰ ਰੋਏ, ਮਾਪਿਆਂ ਦੀ ਮੌਤ 'ਤੇ, ਭਰਾਵਾਂ ਦੀ ਮੌਤ 'ਤੇ, ਰਿਸ਼ਤੇਦਾਰਾਂ ਅਤੇ ਪਿਆਰਿਆਂ ਦੀ ਮੌਤ 'ਤੇ, ਜਾਇਦਾਦ ਖੁੱਸ ਜਾਣ ਦੇ ਦੁੱਖ 'ਤੇ, ਯੁੱਗਾਂ ਤੋਂ ਤੁਸੀਂ ਹੰਝੂ ਵਹਾਉਂਦੇ ਆਏ ਹੋ।"

(2) ਦੁੱਖ ਦਾ ਕਾਰਨ ਹੈ :

ਮਹਾਤਮਾ ਬੁੱਧ ਅਨੁਸਾਰ ਸੰਸਾਰ ਵਿੱਚ ਕੁਝ ਵੀ ਅਕਾਰਨ ਨਹੀਂ ਵਾਪਰਦਾ। ਜਦੋਂ ਤੱਕ ਅਸੀਂ ਕਾਰਨ ਨਹੀਂ ਜਾਣ ਲੈਂਦੇ ਉਦੋਂ ਤੱਕ ਕਿਸੇ ਨਤੀਜੇ 'ਤੇ ਵੀ ਨਹੀਂ ਅੱਪੜ ਸਕਦੇ, ਬਿਲਕੁਲ ਉਸੇ ਪ੍ਰਕਾਰ ਜਿਵੇਂ ਬਿਮਾਰੀ ਦੇ ਕਾਰਨਾਂ ਦੀ ਜਾਂਚ ਬਗੈਰ ਉਸ ਦਾ ਇਲਾਜ ਸਥਾਈ ਨਹੀਂ।

ਸੰਸਾਰ ਅਨਿੱਤ ਹੈ। ਹਰ ਵਸਤ ਹਰ ਪਲ ਬਦਲ ਰਹੀ ਹੈ। ਸਾਨੂੰ ਲਗਦਾ ਹੈ ਕਿ ਕਈ ਚੀਜ਼ਾਂ ਸਥਿਰ ਹਨ ਪਰ ਇਹ ਸਥਿਰਤਾ ਭਰਾਂਤੀ ਹੈ। ਹਰੇਕ ਵਸਤ ਵਕਤ ਦੇ ਦਰਿਆ ਵਿੱਚ ਰੁੜ੍ਹੀ ਜਾ ਰਹੀ ਹੈ। ਇਸੇ ਕਰਕੇ ਬੁੱਧ ਕਹਿੰਦਾ ਸੀ ਕਿ ਹਰ ਵਸਤੂ ਜਦੋਂ ਉਹ ਮੌਜੂਦ ਹੁੰਦੀ ਹੈ, ਉਸੇ ਵਕਤ ਮੌਜੂਦ ਨਹੀਂ ਵੀ ਹੁੰਦੀ। ਕਿਸੇ ਵਸਤੂ ਬਾਰੇ ਮੈਂ ਕਹਿੰਦਾ ਹਾਂ ਕਿ 'ਇਹ ਹੈ' ਪਰ ਜੇ ਕੋਈ ਹੋਰ ਇਹ ਕਹੇ ਕਿ 'ਇਹ ਨਹੀਂ ਹੈ' ਤਾਂ ਦੋਵੇਂ ਕਥਨ ਠੀਕ ਹਨ। ਕਾਰਨ ਕਾਰਜ ਦੇ ਇਸ ਬੋਧੀ ਸਿਧਾਂਤ ਨੂੰ ਦਰਸ਼ਨ ਸ਼ਾਸਤਰਾਂ ਵਿੱਚ 'ਪਰਤੀਤ-ਸਮ-ਉਤਪਾਦ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਇਸ ਸ਼ਬਦ ਦਾ ਅਰਥ ਹੈ - 'ਆਸ਼੍ਰਿਤ ਹੋਂਦ', ਭਾਵ ਹਰ ਵਸਤੂ ਕਿਸੇ ਆਸਰੇ ਤੇ ਟਿਕੀ ਹੈ। ਕੋਈ ਹੋਂਦ ਸੁਤੰਤਰ ਨਹੀਂ। ਬੁੱਧ ਨੂੰ ਜਦੋਂ ਪੁੱਛਿਆ ਜਾਂਦਾ ਸੀ ਕਿ ਕੀ ਕੁਝ ਵੀ ਸਥਿਰ ਨਹੀਂ? ਤਾਂ ਉਹ ਕਹਿੰਦਾ ਹੁੰਦਾ ਸੀ, ਕੇਵਲ ਪਰਿਵਰਤਨ ਹੈ ਜੋ ਸਥਿਰ ਹੈ ਤੇ ਨਿਰੰਤਰ ਹੈ। ਜਦੋਂ ਪੁੱਛਿਆ ਜਾਂਦਾ ਸੀ ਕਿ ਕੀ ਕਦੇ ਵੀ ਅਜਿਹਾ ਨਹੀਂ ਹੋਇਆ ਕਿ ਕੋਈ ਹੋਂਦ ਸੁਤੰਤਰ ਹੋਈ ਹੋਵੇ? ਜੁੱਗਾਂ ਦੇ ਆਰੰਭ ਵਿੱਚ ਜਾਂ ਉਸ ਤੋਂ ਵੀ ਪਹਿਲਾਂ ਕੀ ਕੋਈ ਹਸਤੀ ਸੁਤੰਤਰ ਨਹੀਂ ਸੀ? ਤਦ ਬੁੱਧ ਚੁੱਪ ਰਹਿੰਦਾ। ਬਾਰ-ਬਾਰ ਪ੍ਰਸ਼ਨ ਕੀਤੇ ਜਾਂਦੇ ਤਾਂ ਉਹ ਆਖਦਾ - 'ਮੇਰਾ ਨਿਸ਼ਾਨਾ ਦੁੱਖ ਹੈ। ਮੈਂ ਦੁੱਖਾਂ ਦੀ ਨਵਿਰਤੀ ਚਾਹੁੰਦਾ ਹਾਂ।

ਸੰਸਾਰ ਨੇਕੀ ਬਦੀ ਦੇ ਸੂਤਰ ਵਿੱਚ ਬੱਝਾ ਹੋਇਆ ਹੈ। ਨੇਕ ਕੰਮ ਕਰੋਗੇ ਤਾਂ ਉੱਤਮ ਨਤੀਜੇ ਪ੍ਰਾਪਤ ਹੋਣਗੇ। ਬੁਰੇ ਕੰਮ ਕਰੋਗੇ ਤਾਂ ਤੁਹਾਡੇ ਨਾਲ ਬੁਰਾ ਹੋਵੇਗਾ, ਕਰਮਾਂ ਦਾ ਫਲ ਭੁਗਤਣ ਲਈ ਬਾਰ-ਬਾਰ ਜਨਮ ਲਵੋਗੇ, ਉਦੋਂ ਤੱਕ ਇਸ ਭਟਕਣਾ ਵਿੱਚ ਤੁਰਦੇ ਜਾਓਗੇ, ਜਦੋਂ ਤੱਕ ਨਿਰਵਾਣ ਦੀ ਪ੍ਰਾਪਤੀ ਨਹੀਂ ਹੁੰਦੀ। ਨਿਰਵਾਨ ਦੁੱਖਾਂ ਦੇ ਅੰਤ ਦਾ ਸਥਾਨ ਹੈ।



Downloaded from https:// www.studiestoday.com

Downloaded from https:// www.studiestoday.com

ਦੁੱਖਾਂ ਦੇ ਕਾਰਨ ਦਾ ਨਾਮ ਤ੍ਰਿਸ਼ਨਾ ਹੈ। ਪਾਲੀ ਭਾਸ਼ਾ ਵਿੱਚ ਤ੍ਰਿਸ਼ਨਾ ਨੂੰ 'ਤਲਹਾ' ਕਿਹਾ ਜਾਂਦਾ ਹੈ। ਤ੍ਰਿਸ਼ਨਾ ਦਾ ਅਰਥ ਹੈ ਕਾਮਨਾ, ਇੱਛਾ। ਦੁੱਖ ਆਪਣੇ ਆਪ ਪੈਦਾ ਨਹੀਂ ਹੁੰਦਾ, ਇੱਕ ਸਿਸਟਮ ਵਿੱਚੋਂ ਪੈਦਾ ਹੁੰਦਾ ਹੈ। ਸਾਡੇ ਮਨ ਅੰਦਰ ਇੱਛਾ ਪੈਦਾ ਹੁੰਦੀ ਹੈ ਕਿ ਫਲਾਣੀ ਚੀਜ਼ ਦਾ ਮਾਲਕ ਮੈਂ ਹੋਵਾਂ। ਇੱਛਾ ਦੀ ਪੂਰਤੀ ਵਾਸਤੇ ਅਸੀਂ ਕਾਰਜ ਸ਼ੀਲ ਹੋ ਜਾਂਦੇ ਹਾਂ। ਜਿਹੜੇ ਕੰਮ ਕਰਦੇ ਹਾਂ ਕਿਉਂਕਿ ਉਹ ਸੁਆਰਥ ਵਿੱਚੋਂ ਪੈਦਾ ਹੋਏ ਹਨ, ਇਸ ਲਈ ਉਨ੍ਹਾਂ ਦੇ ਨਤੀਜੇ ਸਹੀ ਨਹੀਂ ਹੋਣਗੇ। ਅਸੀਂ ਜੇ ਇਹ ਜਾਣਦੇ ਵੀ ਹੋਈਏ ਕਿ ਨਤੀਜੇ ਸਹੀ ਨਹੀਂ ਹੋਣਗੇ ਤਾਂ ਵੀ ਕਾਮਨਾਵਾਂ ਇੰਨੀਆਂ ਪ੍ਰਬਲ ਹਨ ਕਿ ਅਸੀਂ ਰੁਕਦੇ ਨਹੀਂ। ਇੱਥੋਂ ਹੀ ਪੁਨਰ ਜਨਮ ਵੱਲ ਵਿਕਾਸ ਹੁੰਦਾ ਰਹਿੰਦਾ ਹੈ। ਜਨਮ, ਤ੍ਰਿਸ਼ਨਾ, ਦੁੱਖ, ਕਰਮ, ਮੌਤ, ਇਹ ਪ੍ਰਕ੍ਰਿਆ ਬਾਰ-ਬਾਰ, ਅਨੰਤ ਬਾਰ ਦੁਹਰਾਈ ਜਾ ਰਹੀ ਹੈ।

**(3) ਦੁੱਖ ਦੂਰ ਹੋ ਸਕਦਾ ਹੈ :**

ਦੁੱਖਾਂ ਨੂੰ ਦੂਰ ਕਰਨ ਲਈ ਆਪਣੀਆਂ ਖਾਹਿਸ਼ਾਂ ਨੂੰ ਤਿਆਗਣ ਦੀ ਲੋੜ ਹੈ। ਖਾਹਿਸ਼ਾਂ ਤਿਆਗਣ ਨਾਲ ਮਨ ਨਿਰਮਲ ਹੁੰਦਾ ਹੈ। ਲਗਾਤਾਰ ਅਭਿਆਸ ਕਰਦੇ ਰਹਿਣ ਨਾਲ ਇੱਕ ਵਕਤ ਅਜਿਹਾ ਆ ਜਾਂਦਾ ਹੈ, ਜਦੋਂ ਕਰਮ ਖ਼ਤਮ ਹੋ ਜਾਂਦੇ ਹਨ। ਕਰਮ ਖ਼ਤਮ ਹੋਣ ਨਾਲ ਨਿਰਵਾਣ ਦੀ ਪ੍ਰਾਪਤੀ ਹੁੰਦੀ ਹੈ। ਦੂਜਿਆਂ ਦਾ ਭਲਾ ਕਰਨਾ, ਭਲਾ ਕਰਨਾ, ਪਰਉਪਕਾਰ ਕਰਨਾ, ਇਹ ਸ਼ੁਭ ਕਰਮ ਹਨ। ਇਸ ਲਈ ਪਰਖ ਕਰਨ ਦੀ ਲੋੜ ਹੈ ਕਿ ਕਰਮ ਬੁਰੇ ਹਨ ਜਾਂ ਨੇਕ। ਜੇ ਮੇਰੇ ਸਵਾਰਥ ਦੀ ਪੂਰਤੀ ਹੁੰਦੀ ਹੈ ਤਾਂ ਬੁਰਾ ਹੈ। ਜੇ ਮੈਨੂੰ ਭਾਵੇਂ ਨੁਕਸਾਨ ਹੋਵੇ ਪਰ ਦੂਜੇ ਦਾ ਭਲਾ ਹੋ ਰਿਹਾ ਹੈ ਤਦ ਨੇਕੀ ਹੈ।

ਜਿਹੜਾ ਵਿਅਕਤੀ ਸੰਜਮ ਵਿੱਚ ਰਹਿ ਕੇ ਮਨ ਨੂੰ ਕਾਬੂ ਵਿੱਚ ਕਰ ਲਵੇ, ਉਸ ਨੂੰ ਬੋਧੀ 'ਅਰਹਤ' ਕਹਿੰਦੇ ਹਨ। ਇਹ ਸੰਤ ਪਦ ਹੈ। ਜਿੰਨਾ ਚਿਰ ਅਰਹਤ ਜਿਉਂਦਾ ਰਹਿੰਦਾ ਹੈ, ਉਨਾ ਚਿਰ ਉਸਦਾ ਮਨ ਕਾਮਨਾਵਾਂ ਤੋਂ ਮੁਕਤ ਰਹਿੰਦਾ ਹੈ। ਜੇਕਰ ਉਸ ਦੇ ਮਨ ਵਿੱਚ ਕੋਈ ਇੱਛਾ ਪੈਦਾ ਹੋ ਵੀ ਜਾਵੇ ਤਾਂ ਵੀ ਉਹ ਉਸਦੀ ਪੂਰਤੀ ਲਈ ਕਰਮ ਨਹੀਂ ਕਰਦਾ। ਇਸ ਅਵਸਥਾ ਦਾ ਵਰਣਨ ਬੁੱਧ 'ਦੀਘਨਿਕਾਇ ਗ੍ਰੰਥ' ਵਿੱਚ ਕਰਦਿਆਂ ਦੱਸਦਾ ਹੈ – "ਮੈਂ ਆਤਮ ਪਿੰਡ ਦੇ ਨੇੜੇ ਖੇਤਾਂ ਵਿੱਚ ਬਣੇ ਇੱਕ ਕੋਠੇ ਵਿੱਚ ਬੈਠਾ ਸਾਂ ਤਾਂ ਧਿਆਨ ਮਗਨ ਸਾਂ। ਥੋੜ੍ਹੀ ਦੂਰ ਲੋਕਾਂ ਦੀ ਭੀੜ ਦੇਖੀ। ਇਹ ਜਾਣਨ ਲਈ ਕਿ ਕੀ ਹੋਇਆ ਹੈ ਮੈਂ ਉਧਰ ਚੱਲ ਪਿਆ। ਪਤਾ ਲੱਗਾ ਕਿ ਦੇਰ ਤੋਂ ਬੱਦਲ ਗੱਜ ਰਿਹਾ ਸੀ ਤੇ ਬਿਜਲੀ ਕੜਕ ਰਹੀ ਸੀ। ਦੋ ਕਿਸਾਨਾਂ ਤੇ ਚਾਰ ਬਲਦਾਂ ਨੂੰ ਬਿਜਲੀ ਨੇ ਮਾਰ ਦਿੱਤਾ ਸੀ। ਇੱਕ ਬੰਦੇ ਨੇ ਪੁੱਛਿਆ – ਮਿੱਤਰ ਤੁਹਾਨੂੰ ਨਹੀਂ ਪਤਾ ਲੱਗਾ ਕਿ ਬਿਜਲੀ ਕੜਕੀ ਸੀ ਤੇ ਇਨ੍ਹਾਂ ਉੱਤੇ ਗਿਰੀ ਸੀ ?" ਮੈਂ ਦੱਸਿਆ ਸੀ ਕਿ ਮੈਨੂੰ ਪਤਾ ਨਹੀਂ। ਉਸ ਫਿਰ ਪੁੱਛਿਆ, "ਕੀ ਤੁਸੀਂ ਸੁੱਤੇ ਸੀ ? ਮੈਂ ਕਿਹਾ ਨਹੀਂ ਜਾਗਦਾ ਸੀ।" ਉਸਨੇ ਫਿਰ ਪੁੱਛਿਆ, "ਕੀ ਤੁਸੀਂ ਬੇਹੋਸ਼ ਸਉ ?" ਮੈਂ ਕਿਹਾ ਨਹੀਂ ਹੋਸ਼ ਵਿੱਚ ਸਾਂ। ਉਸ ਬੰਦੇ ਨੇ ਹੈਰਾਨ ਹੋ ਕੇ ਕਿਹਾ ਕੀ ਇਸ ਤਰ੍ਹਾਂ ਵੀ ਹੋ ਸਕਦਾ ਹੈ ਕਿ ਕੋਈ ਬੰਦਾ ਸੁੱਤਾ ਵੀ ਨਾ ਹੋਵੇ, ਬੇਹੋਸ਼ ਵੀ ਨਾ ਹੋਵੇ, ਪਰ ਉਸਦੇ ਲਾਗੇ ਬਿਜਲੀ ਗਿਰੇ ਤੇ ਮਨੁੱਖਾਂ ਪਸ਼ੂਆਂ ਨੂੰ ਮਾਰ ਦੇਵੇ ਤੇ ਉਸਨੂੰ ਪਤਾ ਹੀ ਨਾ ਲੱਗੇ।" ਮੈਂ ਉਸ ਨੂੰ ਦੱਸਿਆ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ। ਧਿਆਨੀ ਮਨੁੱਖ ਨਾਲ ਇਸ ਤਰ੍ਹਾਂ ਆਮ ਹੁੰਦਾ ਹੈ ਕਿਉਂਕਿ ਉਹ ਦੁੱਖਾਂ ਤੋਂ ਪਾਰ ਹੁੰਦਾ ਹੈ।

ਦੁੱਖਾਂ ਤੋਂ ਪਾਰ ਹੋਣ ਦੇ ਚਾਰ ਪੜਾਅ ਹਨ। ਪਹਿਲਾ ਪੜਾਓ ਹੈ ਧਰਮ ਵਿੱਚ ਪ੍ਰਵੇਸ਼। ਬੁੱਧ ਦੀਆਂ ਸਿੱਖਿਆਵਾਂ ਨੂੰ ਜਾਣਨਾ ਤੇ ਸੰਸਾਰ ਦੀ ਨਾਸ਼ਵਾਨਤਾ ਦਾ ਗਿਆਨ ਪ੍ਰਾਪਤ ਕਰਨਾ। ਦੂਜਾ ਪੜਾਉ ਹੈ ਆਤਮ-ਪ੍ਰਕਾਸ਼ ਜਿਸ ਵਿੱਚ ਕਰਮ ਕਾਂਡ, ਰਸਮ ਰਿਵਾਜ, ਵਾਸ਼ਨਾਵਾਂ ਦਾ ਤਿਆਗ ਹੁੰਦਾ ਹੈ। ਤੀਜਾ ਪੜਾਉ ਹੈ ਵਾਸ਼ਨਾ, ਨਫ਼ਰਤ ਅਤੇ ਅਗਿਆਨਤਾ ਪੂਰੀ ਤਰ੍ਹਾਂ ਖ਼ਤਮ ਹੋਣ ਦਾ। ਚੌਥੀ ਸਟੇਜ ਵਿੱਚ ਵਿਅਕਤੀ ਅਰਹਤ ਬਣ ਜਾਂਦਾ ਹੈ। ਉਸ ਵਿੱਚ ਨੇਕੀ, ਸੁਖਮਤਾ ਅਤੇ ਪਵਿਤਰਤਾ ਦਾ ਪੂਰਨ ਵਿਕਾਸ ਹੋ ਜਾਂਦਾ ਹੈ। ਉਸਦੀ ਸੰਗਤ ਵਿੱਚ ਹਰ ਵਿਅਕਤੀ ਅਨੰਦ ਪ੍ਰਤੀਤ ਕਰਦਾ ਹੈ।

**(4) ਦੁੱਖਾਂ ਦੀ ਸਮਾਪਤੀ ਦਾ ਮਾਰਗ :**

ਦੁੱਖਾਂ ਤੋਂ ਸੰਪੂਰਨ ਛੁਟਕਾਰਾ ਪਾਉਣ ਦਾ ਨਾਮ ਨਿਰਵਾਣ ਹੈ। ਨਿਰਵਾਣ ਦੀ ਪ੍ਰਾਪਤੀ ਲਈ ਮਹਾਤਮਾ ਬੁੱਧ ਜੋ ਮਾਰਗ ਦੱਸਿਆ ਹੈ ਉਸਨੂੰ ਅਸ਼ਟਾਂਗ-ਮਾਰਗ ਕਿਹਾ ਜਾਂਦਾ ਹੈ। ਅਸ਼ਟਾਂਗ ਦਾ ਅਰਥ ਹੈ ਅੱਠ ਅੰਗਾਂ ਵਾਲਾ। ਇਸ ਵਿੱਚ ਅੱਠ ਨਿਯਮਾਂ ਦੀ ਪਾਲਣਾ ਕਰਕੇ ਸੰਤਾਪ ਦੇ ਦੁੱਖਾਂ ਤੋਂ ਮੁਕਤ ਹੋਣਾ ਹੁੰਦਾ ਹੈ। ਅੱਗੇ ਇਸ ਅਸ਼ਟਾਂਗ ਮਾਰਗ ਬਾਰੇ ਵੇਰਵੇ ਸਹਿਤ ਦੱਸਿਆ ਜਾ ਰਿਹਾ ਹੈ।



Downloaded from https:// www.studiestoday.com

Downloaded from https:// www.studiestoday.com

**ਦੁਹਰਾਈ ਦੇ ਪ੍ਰਸ਼ਨ**

(1) ਮਹਾਤਮਾ ਬੁੱਧ ਅਨੁਸਾਰ ਦੁੱਖਾਂ ਦਾ ਮੁੱਖ ਕਾਰਨ ਕੀ ਹੈ ?

(2) ਮਹਾਤਮਾ ਬੁੱਧ ਅਨੁਸਾਰ ਦੁੱਖ ਕਿਵੇਂ ਦੂਰ ਕੀਤੇ ਜਾ ਸਕਦੇ ਹਨ ?

(3) ਸੰਸਾਰ ਅਨਿੱਤ ਹੈ ਤੋਂ ਕੀ ਭਾਵ ਹੈ ?

(4) ਜਿਹੜਾ ਵਿਅਕਤੀ ਸੰਜਮ ਵਿੱਚ ਰਹਿ ਕੇ ਮਨ ਨੂੰ ਕਾਬੂ ਵਿੱਚ ਕਰ ਲਵੇ ਉਸਨੂੰ ਬੋਧੀ ਕੀ ਆਖਦੇ ਹਨ ?

(5) ਉਪਰੋਕਤ ਅਵਸਥਾ ਦਾ ਵਰਣਨ ਬੁੱਧ ਧਰਮ ਦੇ ਕਿਹੜੇ ਗ੍ਰੰਥ ਵਿੱਚ ਮਿਲਦਾ ਹੈ ?

(6) ਬੁੱਧ ਧਰਮ ਦੇ ਦੋ ਗ੍ਰੰਥਾਂ ਦੇ ਨਾਂ ਲਿਖੋ ?

(7) ਚਾਰ ਆਰੀਆਂ ਸੱਚ ਕਿਹੜੇ ਹਨ ?

**ਅਸ਼ਟ-ਮਾਰਗ :-**

ਅਸ਼ਟ ਮਾਰਗ ਜਿਸਨੂੰ ਅਸ਼ਟਾਂਗ ਮਾਰਗ ਵੀ ਕਿਹਾ ਜਾਂਦਾ ਹੈ ਜੀਵਨ ਜਿਉਣ ਦਾ ਵਿਚਕਾਰਲਾ ਮਾਰਗ ਹੈ। ਇਹ ਸੁਨਹਿਰੀ ਰਸਤਾ ਹੈ। 'ਸੰਯੁਤ ਨਿਕਾਏ' ਵਿੱਚ ਇਸ ਨੂੰ ਦੁੱਖ ਮਾਰਗ ਸੰਬੰਧੀ ਆਰਯ ਸਤਿ ਕਿਹਾ ਹੈ। ਇਹ ਅੱਠ ਸਿਧਾਂਤਾਂ ਵਾਲਾ ਮਾਰਗ ਹੈ। ਜੋ ਇਸ ਮਾਰਗ ਉਪਰ ਤੁਰਦਾ ਹੈ ਉਹ ਸਰਵ ਉੱਤਮਤਾ ਦਾ ਭਾਗੀ ਹੁੰਦਾ ਹੈ। ਧੰਮਪਦ ਵਿੱਚ ਸਾਫ਼ ਲਿਖਿਆ ਹੈ ਕਿ ਇਸ ਮਾਰਗ ਦਾ ਪਾਂਧੀ ਸਾਰੇ ਦੁੱਖਾਂ ਤੋਂ ਮੁਕਤ ਹੋ ਸਕਦਾ ਹੈ। ਇਹ ਅੱਠ ਸਿਧਾਂਤ ਇਸ ਪ੍ਰਕਾਰ ਹਨ:-

(1) **ਸਹੀ ਦ੍ਰਿਸ਼ਟੀ :**

ਸੰਸਕ੍ਰਿਤ ਵਿੱਚ ਇਸਨੂੰ 'ਸਮਯਕ ਦ੍ਰਿਸ਼ਟੀ' ਅਤੇ ਪਾਲੀ ਵਿੱਚ 'ਸੰਮਾ ਦਿੱਠੀ' ਕਿਹਾ ਜਾਂਦਾ ਹੈ। ਜਦ ਤੱਕ ਦ੍ਰਿਸ਼ਟੀ ਸਹੀ ਨਹੀਂ ਹੋਵੇਗੀ ਅਸੀਂ ਗਲਤ ਤੇ ਠੀਕ ਦੀ ਪਛਾਣ ਨਹੀਂ ਕਰ ਸਕਾਂਗੇ। ਕੀ ਤਿਆਗਣਾ ਹੈ ਤੇ ਕੀ ਚੁਣਨਾ ਹੈ ਇਸਦਾ ਫੈਸਲਾ ਸਹੀ ਦ੍ਰਿਸ਼ਟੀ ਰਾਹੀਂ ਹੋਵੇਗਾ। ਅਗਿਆਨਤਾ ਅਤੇ ਅਵਿਦਿਆ ਗਲਤ ਦ੍ਰਿਸ਼ਟੀ ਕਰਕੇ ਪੈਦਾ ਹੁੰਦੀਆਂ ਹਨ। ਅਵਿਦਿਆ ਕਾਰਨ ਗਲਤ ਫੈਸਲੇ ਕਰਦੇ ਹਾਂ ਅਤੇ ਦੁੱਖ ਪਾਉਂਦੇ ਹਾਂ। ਕੀ ਉਚਿਤ ਹੈ ਕੀ ਅਨੁਚਿਤ ਹੈ। ਕੀ ਨੈਤਿਕ ਹੈ, ਕੀ ਅਨੈਤਿਕ, ਸਦਾਚਾਰ ਅਤੇ ਦੁਰਾਚਾਰ ਇਹਨਾਂ ਵਿੱਚੋਂ ਚੋਣ ਕਰਨ ਦਾ ਕਾਰਜ ਸਹੀ ਦ੍ਰਿਸ਼ਟੀ ਨੇ ਕਰਨਾ ਹੈ। ਕੁਝ ਬੋਧੀ ਗ੍ਰੰਥਾਂ ਵਿੱਚ ਸਹੀ ਦ੍ਰਿਸ਼ਟੀ ਦਾ ਅਰਥ 'ਬੁੱਧ ਵਿੱਚ ਵਿਸ਼ਵਾਸ, ਧਰਮ ਵਿੱਚ ਵਿਸ਼ਵਾਸ, ਸੰਘ ਵਿੱਚ ਵਿਸ਼ਵਾਸ' ਕੀਤਾ ਹੈ ਪਰ ਇਹ ਅਰਥ ਪਿੱਛੋਂ ਕੀਤੇ ਜਾਣ ਲੱਗੇ ਹਨ।

(2) **ਸਹੀ ਸੰਕਲਪ :**

ਸੰਸਕ੍ਰਿਤ ਦੇ ਸ਼ਬਦ 'ਸਮਯਕ-ਸੰਕਲਪ' ਨੂੰ ਪਾਲੀ ਭਾਸ਼ਾ ਵਿੱਚ 'ਸੰਮਾ-ਸਕੱਪੋ' ਲਿਖਿਆ ਹੋਇਆ ਹੈ। ਇਸ ਸ਼ਬਦ ਦਾ ਅਰਥ ਹੈ ਸਹੀ ਭਾਵਨਾ, ਨੇਕ ਇਰਾਦਾ। ਸਹੀ ਦ੍ਰਿਸ਼ਟੀ ਤੁਹਾਨੂੰ ਦੱਸ ਦੇਵੇਗੀ ਕਿ ਕੀ ਚੰਗਾ ਹੈ, ਕੀ ਬੁਰਾ, ਪਰ ਜੇ ਨੀਅਤ ਮਾੜੀ ਹੈ, ਫਿਰ ਦ੍ਰਿਸ਼ਟੀ ਨੂੰ ਨਜ਼ਰ-ਅੰਦਾਜ਼ ਕਰਕੇ ਸਵਾਰਥ ਪੂਰਤੀ ਹਿਤ ਅਸੀਂ ਗਲਤ ਚੋਣ ਕਰਾਂਗੇ। ਗਿਆਨ ਹਾਸਲ ਕਰਨਾ ਵਿਅਰਥ ਹੈ ਜੇ ਅਮਲ ਵਿੱਚ ਨਾ ਲਿਆਂਦਾ ਜਾਵੇ। ਦ੍ਰਿੜ ਫੈਸਲਾ ਕਰਨਾ ਹੋਵੇਗਾ ਕਿ ਅਸੀਂ ਕੇਵਲ ਨੇਕੀ ਕਰਾਂਗੇ।

(3) **ਸਹੀ ਬਾਣੀ :**

ਠੀਕ ਬੋਲ ਬਾਣੀ ਨੂੰ ਸੰਸਕ੍ਰਿਤ ਵਿੱਚ 'ਸਮਯਕ-ਵਾਕ' ਕਿਹਾ ਗਿਆ ਹੈ ਤੇ ਪਾਲੀ ਭਾਸ਼ਾ ਵਿੱਚ 'ਸੰਮਾ-ਵਾਚਾ'। ਸੰਤੁਲਤ ਮਨੁੱਖ ਤੇਜ਼ਤਰਾਰ ਬੋਲ ਨਹੀਂ ਬੋਲਦਾ, ਉੱਚੀ-ਉੱਚੀ ਨਹੀਂ ਬੋਲਦਾ, ਝੂਠ ਨਹੀਂ ਬੋਲਦਾ ਅਤੇ ਅਜਿਹਾ ਕੁਝ ਨਹੀਂ ਬੋਲਦਾ ਜੋ ਜਾਣ ਬੁੱਝ ਕੇ ਕਿਸੇ ਦਾ ਨੁਕਸਾਨ ਕਰੇ। ਸਹੀ ਗਿਆਨ ਹੋਵੇ ਤਾਂ ਦੂਜਿਆਂ ਤੋਂ ਲੁਕਾ ਕੇ ਨਾ ਰੱਖੋ। ਜਿਸ ਚੀਜ਼ ਦਾ ਗਿਆਨ ਨਾ ਹੋਵੇ, ਉਸ ਬਾਰੇ ਗਿਆਨਵਾਨ ਹੋਣ ਦਾ ਦਾਅਵਾ ਨਾ ਕਰੋ। ਨਿੰਦਾ ਚੁਗਲੀ ਨਾ ਕਰੋ। ਗੁਸੈਲਾ, ਭੜਕੀਲਾ ਮਨੁੱਖ ਭਾਂਵੇ ਕਿੰਨਾ ਗਿਆਨਵਾਨ ਹੋਵੇ ਉਹ ਧਾਰਮਿਕ ਨਹੀਂ ਹੋ ਸਕਦਾ।



Downloaded from https:// www.studiestoday.com

Downloaded from https:// www.studiestoday.com

(4) ਸਹੀ ਕਰਮ :

ਪੰਜਾਬੀ ਭਾਸ਼ਾ ਵਿੱਚ ਸਹੀ ਕਰਮ ਨੂੰ 'ਸਹੀ ਕਮਾਈ' ਕਹਿ ਸਕਦੇ ਹਾਂ। ਮਹਾਤਮਾ ਬੁੱਧ ਨੇ ਸਹੀ ਕਮਾਈ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ :-

(ੳ) ਜੀਵ ਹੱਤਿਆ ਦੀ ਮਨਾਹੀ।

(ਅ) ਜੋ ਦਿੱਤਾ ਨਹੀਂ ਗਿਆ, ਉਸ ਉੱਤੇ ਅਧਿਕਾਰ ਦੀ ਮਨਾਹੀ।

(ੲ) ਅਨੈਤਿਕ ਕਾਮ ਸੰਬੰਧਾਂ ਦੀ ਮਨਾਹੀ।

ਉਪਰੋਕਤ ਮਨਾਹੀਆਂ ਤੋਂ ਇਲਾਵਾ ਦਇਆ ਦੀ ਭਾਵਨਾ ਹਰ ਹਿਰਦੇ ਵਿੱਚ ਕਾਇਮ ਹੋਵੇ। ਮਹਾਤਮਾ ਬੁੱਧ ਨੇ ਕਿਹਾ ਸੀ ਜਿਵੇਂ ਮਾਂ ਆਪਣੇ ਬੱਚਿਆਂ ਨੂੰ ਖ਼ਤਰੇ ਝੱਲ ਕੇ ਪਾਲਦੀ ਹੈ, ਉਨ੍ਹਾਂ ਉੱਤੇ ਰਹਿਮ ਕਰਦੀ ਹੈ, ਇਸ ਪ੍ਰਕਾਰ ਮਨੁੱਖ ਸਾਰੇ ਜੀਵਾਂ ਉਪਰ ਦਿਆਲੂ ਹੋਵੇ। ਬੁੱਧ ਨੇ ਇਹ ਵੀ ਕਿਹਾ ਸੀ ਕਿ ਕੀਮਤੀ ਸੁਗਾਤਾਂ ਦੇਣ ਦੀ ਥਾਂ ਥੋੜ੍ਹਾ ਕੁ ਪਿਆਰ ਦਿਉ, ਉਹ ਵਧੀਕ ਅਸਰ ਅੰਦਾਜ਼ ਹੋਵੇਗਾ।

(5) ਸਹੀ ਕਿਰਤ :

ਧਰਮ ਦੀ ਕਿਰਤ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਧਰਮ ਦੀ ਕਿਰਤ ਉਹ ਹੈ ਜਿਸ ਵਿੱਚ ਈਮਾਨਦਾਰੀ ਮੌਜੂਦ ਹੈ। ਵਧੀਕ ਕੀਮਤ ਵਸੂਲਣੀ, ਲੋੜਵੰਦ ਦੀ ਮਜ਼ਦੂਰੀ ਤੋਂ ਨਾਜਾਇਜ਼ ਲਾਭ ਉਠਾਉਣਾ ਪਾਪ-ਕਿਰਤ ਹੈ। ਅਜਿਹੀ ਕਮਾਈ ਨੁਕਸਾਨਦਾਇਕ ਹੁੰਦੀ ਹੈ। ਕੁਝ ਕੁ ਕਿੱਤੇ ਅਜਿਹੇ ਹਨ ਜਿਨ੍ਹਾਂ ਰਾਹੀਂ ਜੇ ਵਧੀਕ ਆਮਦਨ ਵੀ ਹੋਵੇ ਤਦ ਵੀ ਨਹੀਂ ਅਪਨਾਉਣੇ, ਇਹ ਕਿੱਤੇ ਹਨ - ਝਟਕਈ ਦਾ ਕਿੱਤਾ, ਸ਼ਰਾਬ ਵੇਚਣ ਦਾ ਕੰਮ, ਜ਼ਹਿਰ ਵੇਚਣ ਦਾ ਵਪਾਰ, ਗੁਲਾਮਾਂ ਦਾ ਵਪਾਰ ਅਤੇ ਸ਼ਸਤਰਾਂ ਦਾ ਵਪਾਰ। ਘੱਟ ਵਿੱਚ ਗੁਜ਼ਾਰਾ ਕਰ ਲਵੋ ਪਰ ਕਿਰਤ ਵਿੱਚ ਬੇਈਮਾਨੀ ਨਾ ਕਰੋ। ਅਮਾਨਤ ਵਿੱਚ ਖ਼ਿਆਨਤ ਦੁੱਖ ਦੀ ਖਾਣ ਹੈ।

(6) ਸਹੀ ਪ੍ਰਯਤਨ :

ਧਰਮ ਪੰਧ 'ਤੇ ਚਲਦਿਆਂ ਕਈ ਵਾਰ ਮਨ ਬੇਚੈਨ ਹੋ ਜਾਂਦਾ ਹੈ। ਕਈ ਸਾਧੂ ਸੰਤ ਲੋਭ, ਲਾਲਚ, ਕਾਮ ਜਾਂ ਹੰਕਾਰ ਵਿੱਚ ਫੱਸਦੇ ਦੇਖੇ ਗਏ ਹਨ। ਇਸ ਲਈ ਬੜਾ ਜ਼ਰੂਰੀ ਹੈ ਕਿ ਮਨ ਉੱਤੇ ਲਗਾਤਾਰ ਸਖ਼ਤ ਪਹਿਰਾ ਰੱਖਿਆ ਜਾਵੇ। ਮਨ ਨੂੰ ਨਿਰੰਤਰ ਵਿਕਾਰਾਂ ਤੋਂ ਸ਼ੁੱਧ ਰੱਖਣਾ ਪਵੇਗਾ। ਚੰਗੇ ਵਿਚਾਰਾਂ ਨੂੰ ਉਤਸਾਹਿਤ ਕਰੋ ਤਾਂ ਕਿ ਧਰਮ ਪ੍ਰਫੁੱਲਤ ਹੋਵੇ। ਬੁਰੀਆਂ ਭਾਵਨਾਵਾਂ ਨੂੰ ਤਿਆਗੋ। ਮਨ ਦੀ ਖਿੜਕੀ ਵਿੱਚੋਂ ਦੀ ਕੇਵਲ ਚੰਗੀਆਂ ਭਾਵਨਾਵਾਂ ਹੀ ਦਾਖ਼ਲ ਹੋਣ ਤੇ ਬੁਰੇ ਖਿਆਲਾਂ ਤੋਂ ਬਚੋ। ਇਸ ਤੋਂ ਬਚਣ ਦੇ ਇਹ ਤਰੀਕੇ ਹਨ :-

(ੳ) ਜਿਸ ਵਸਤੂ ਦੇ ਖ਼ਿਆਲ ਵਿੱਚ ਆਉਣ ਨਾਲ ਬੁਰੇ ਭਾਵ ਪੈਦਾ ਹੋਣ, ਉਸ ਵਸਤੂ ਦੀ ਥਾਂ ਪਵਿੱਤਰ ਵਸਤੂ ਵਲ ਧਿਆਨ ਦਿਉ।

(ਅ) ਜੇ ਫਿਰ ਵੀ ਧਿਆਨ ਪਰੇ ਨਾ ਹਟੇ ਤਾਂ ਬੁਰੀ ਵਸਤੂ ਦੀਆਂ ਬੁਰਾਈਆਂ ਸਾਹਮਣੇ ਰੱਖ ਕੇ ਉਸਦੇ ਖਿਆਲ ਨੂੰ ਤਿਆਗੋ।

(ੲ) ਜੇ ਫਿਰ ਵੀ ਧਿਆਨ ਲਾਂਭੇ ਨਾ ਹਟੇ ਤਾਂ ਬੁਰੀ ਵਸਤੂ ਨੂੰ ਮਨ ਵਿੱਚੋਂ ਕੱਢੋ।

(ਸ) ਨੇਕ ਭਲੇ ਪੁਰਖਾਂ ਦੀ ਸੰਗਤ ਕਰੋ।

(7) ਸਹੀ ਸਿਮ੍ਰਤੀ :

ਸਿਮ੍ਰਤੀ ਤੋਂ ਭਾਵ ਹੈ ਮਨੋਭਾਵਨਾ। ਬਿਨ੍ਹ ਸੋਚੇ ਵਿਚਾਰੇ ਕਾਹਲੇਪਣ ਵਿੱਚ ਕੋਈ ਕਾਰਜ ਨਹੀਂ ਕਰਨਾ, ਕੋਈ ਫੈਸਲਾ ਨਹੀਂ ਲੈਣਾ। ਬਿਨ੍ਹ ਸੋਚੇ ਸਮਝੇ ਕੋਈ ਸ਼ਬਦ ਮੂੰਹੋਂ ਨਹੀਂ ਕੱਢਣਾ। ਸਾਰਾ ਵਰਤੋਂ ਵਿਹਾਰ ਨਿਯਮਿਤ ਹੋਵੇ। ਜਿੱਥੇ ਕੰਮ ਕਰ ਰਹੇ ਹੋਵੋ, ਜਾਂ ਯਾਤਰਾ ਕਰ ਰਹੇ ਹੋਵੋ, ਚਾਹੇ ਘਰ ਵਿੱਚ ਹੋਵੋ, ਸਾਰਾ ਵਿਹਾਰ ਸੰਤੁਲਿਤ ਹੋਵੇ। ਤੁਰਨ ਫਿਰਨ ਤੋਂ ਲੈ ਕੇ ਹਾਵ ਭਾਵ ਤਕ ਇਹੀ ਸਾਬਤ ਕਰਨਾ ਕਿ ਤੁਹਾਡੀ ਚੇਤਨਾ ਵਿੱਚ ਸੰਜਮ ਹੈ। ਜੋ ਕੁਝ ਚਾਰ-ਚੁਫ਼ੇਰੇ ਵਾਪਰ ਰਿਹਾ ਹੋਵੇ ਉਸ ਤੋਂ ਚੇਤੰਨ ਰਹੋ। ਜਦੋਂ ਤੁਹਾਡੀ ਸਿਮ੍ਰਤੀ ਵਿੱਚ ਕੋਈ ਵਿਘਨ ਪਿਆ ਮਹਿਸੂਸ ਹੋਵੇ ਤਾਂ ਉਸਦੇ ਕਾਰਨ ਲੱਭੋ। ਕਾਰਨ ਮਿਲ ਜਾਣ ਉੱਤੇ ਸਿਮ੍ਰਤੀ ਸਹੀ ਹੋ ਜਾਵੇਗੀ। ਬੁਰਾ ਕੰਮ ਕਰਨ ਤੋਂ ਤਾਂ ਮਨਾਹੀ ਹੈ ਹੀ, ਚੰਗਾ ਕੰਮ ਕਰਨ ਵੇਲੇ ਵੀ



Downloaded from https:// www.studiestoday.com

Downloaded from https:// www.studiestoday.com

ਸੋਚੋ ਕੀ ਇਸ ਵਿੱਚ ਕੋਈ ਸ਼ੁਹਰਤ ਦੀ ਭੁੱਖ ਤਾਂ ਨਹੀਂ ਕਿ ਵਾਕਈ ਨਿਸ਼ਕਾਮ ਸੇਵਾ ਕਰ ਰਹੇ ਹਾਂ। ਕਿਤੇ ਦਿਖਾਵਾ ਤਾਂ ਨਹੀਂ। ਸਹੀ ਸਿਮ੍ਰਤੀ ਬਾਰੇ ਚਾਰ ਪੜਾਓ ਸਹਾਈ ਹਨ :-

(ੳ) ਕਾਯਾ ਉਪਸਥਾਨ : ਹਮੇਸ਼ਾ ਯਾਦ ਰੱਖੋ ਕਿ ਸਰੀਰ ਨਾਸ਼ਵਾਨ ਹੈ। ਉਸਨੂੰ ਬੇਮਾਇਨਾ (ਵਿਅਰਥ) ਸਮਝੋ। ਸਰੀਰ ਦੀਆਂ ਲੋੜਾਂ ਹੀ ਬਹੁਤੀ ਵੇਰ ਬੁਰਾਈ ਦਾ ਕਾਰਨ ਬਣਦੀਆਂ ਹਨ। ਸਰੀਰ ਕਿਉਂਕਿ ਨੇਕੀ ਕਰਨ ਦਾ ਇੱਕ ਵਾਹਨ ਵੀ ਹੈ, ਇਸ ਲਈ ਇਸ ਦੀ ਸੰਭਾਲ ਜ਼ਰੂਰ ਕਰੋ। ਲੋੜ ਅਨੁਸਾਰ ਖਾਓ-ਪੀਓ ਤੇ ਸਫ਼ਾਈ ਰੱਖੋ। ਪਰ ਸਰੀਰ ਨੂੰ ਵਾਹਨ ਤੋਂ ਵੱਧ ਕੋ ਮਹੱਤਤਾ ਨਾ ਦਿਓ।

(ਅ) ਵੇਦਨਾ ਉਪਸਥਾਨ : ਵੇਦਨਾ ਦਾ ਅਰਥ ਹੈ ਗਿਆਨ ਇੰਦਰੀਆਂ ਰਾਹੀਂ ਪ੍ਰਾਪਤ ਕੀਤੀ ਸੂਚਨਾ, ਭਾਵ ਇੰਦ੍ਰਿਆਵੀ ਅਨੁਭਵ। ਅਹਿਸਾਸ ਕਰੋ ਕਿ ਇੰਦ੍ਰੀਆਂ ਦੁਆਰਾ ਪ੍ਰਾਪਤ ਗਿਆਨ ਉੱਤਮ ਗਿਆਨ ਨਹੀਂ ਹੈ। ਇਹ ਗਿਆਨ ਤਾਂ ਪਸ਼ੂਆਂ ਪਾਸ ਵੀ ਹੈ। ਫਿਰ ਮਨੁੱਖ ਅਤੇ ਪਸ਼ੂਆਂ ਵਿੱਚ ਕੀ ਫਰਕ ਹੋਇਆ?

(ੲ) ਚਿੱਤ ਉਪਸਥਾਨ : ਮਨ ਵਿੱਚ ਪੈਦਾ ਹੁੰਦੀਆਂ ਵਿਚਾਰਾਂ ਦੀ ਲੜੀ ਉੱਤੇ ਧਿਆਨ ਨਾਲ ਪਹਿਰਾ ਦਿਓ। ਸਮਤੋਲ ਕਾਇਮ ਰੱਖੋ। ਜਿਹੜੇ ਵਿਚਾਰ ਪੈਦਾ ਹੋਣ ਉਹਨਾਂ ਅਨੁਸਾਰ ਤੁਰੰਤ ਕਰਮ ਨਾ ਕਰੀ ਜਾਓ। ਵਿਚਾਰਾਂ ਦੀ ਪਰਖ ਕਰੋ ਕਿ ਸਹੀ ਹਨ ਜਾਂ ਗ਼ਲਤ। ਮਨ ਪਲ-ਪਲ ਬਦਲਦਾ ਹੈ। ਇਸ ਲਈ ਮਨ ਨੂੰ ਇਵੇਂ ਸਿੱਧਾ ਕਰੋ ਜਿਵੇਂ ਘੋੜੇ ਨੂੰ ਸਿਧਾਈਦਾ ਹੈ।

(8) ਸਹੀ ਸਮਾਧੀ :

ਸਮਾਧੀ ਦਾ ਭਾਵ ਹੈ ਧਿਆਨ। ਇੱਕ ਨੁਕਤੇ ਉੱਤੇ ਧਿਆਨ ਕੇਂਦਰਿਤ ਕਰਨਾ। ਇਕਾਂਤ ਵਿੱਚ ਜਾ ਕੇ ਚਿੰਤਨ ਕਰਨਾ ਬੜਾ ਉਪਯੋਗੀ ਹੈ। ਇਸ ਦੀ ਜ਼ਰੂਰਤ ਹਰ ਰੋਜ਼ ਹੈ। ਸਮਾਧੀ ਵਿੱਚ ਪ੍ਰਗਤੀ ਹੋਣ ਨਾਲ ਮਨ ਤੇ ਸਰੀਰ ਦੋਵੇਂ ਸ਼ੁੱਧ ਰਹਿੰਦੇ ਹਨ। ਸਮਾਧੀ ਮਨ ਨੂੰ ਉੱਤਮ ਖ਼ੁਰਾਕ ਦਿੰਦੀ ਹੈ ਤੇ ਮਨ ਸੰਤੁਲਿਤ ਅਤੇ ਤੰਦਰੁਸਤ ਹੁੰਦਾ ਹੈ। ਸਰੀਰ ਉਪਰ ਖੇੜਾ ਆਉਂਦਾ ਹੈ। ਸਮਾਧੀ ਦਾ ਲਗਾਤਾਰ ਅਭਿਆਸ ਕਰਨ ਨਾਲ ਮਨ ਧਰਮ ਦੇ ਉੱਚੇ ਪੱਧਰਾਂ ਤੱਕ ਪੁੱਜ ਜਾਂਦਾ ਹੈ। ਸਮਾਧੀ ਉਹ ਸਾਧਨ ਹੈ ਜਿਹੜਾ ਲਗਾਤਾਰ ਮਨੁੱਖ ਨੂੰ ਭੌਤਿਕ ਜਗਤ ਦੀ ਨਾਸ਼ਵਾਨਤਾ ਤੋਂ ਨਿਰਮਲ ਕਰਦੀ ਰਹਿੰਦੀ ਹੈ।

ਸਮਾਧੀ ਵਿੱਚ ਚਾਰ ਪੜਾਉ ਹਨ :-

(ੳ) ਪਹਿਲੀ ਅਵਸਥਾ ਵਿੱਚ ਮਨ ਸ਼ਾਂਤ ਹੁੰਦਾ ਹੈ ਪਰ ਸਮਾਧੀ ਖ਼ਤਮ ਹੋਣ ਉਪਰੰਤ ਫਿਰ ਸ਼ੰਕੇ ਪੈਦਾ ਹੋ ਜਾਂਦੇ ਹਨ।

(ਅ) ਦੂਜੀ ਅਵਸਥਾ ਵਿੱਚ ਸ਼ੰਕੇ ਖ਼ਤਮ ਹੋ ਜਾਂਦੇ ਹਨ ਅਤੇ ਸ਼ਰਧਾ ਦਾ ਪ੍ਰਕਾਸ਼ ਹੁੰਦਾ ਹੈ।

(ੲ) ਤੀਜੀ ਅਵਸਥਾ ਵਿਚੋਂ ਮਨ ਅਨੰਦ ਨਾਲ ਭਰ ਜਾਂਦਾ ਹੈ। ਉਹ ਅਵਸਥਾ ਸਰਵੋਤਮ ਹੈ ਜਿਸ ਵਿੱਚ ਨਾ ਸ਼ੰਕੇ ਹਨ ਨਾ ਅਨੰਦ। ਨਾ ਦੁੱਖ ਨਾ ਸੁੱਖ। ਨਾ ਮੋਹ ਨਾ ਤਿਆਗ। ਕਿਸੇ ਵਸਤੂ ਦੀ ਵੀ ਸੁਧ-ਬੁਧ ਨਹੀਂ ਰਹਿੰਦੀ। ਨਾ ਕੋਈ ਆਪਣਾ ਨਾ ਕੋਈ ਪਰਾਇਆ ਲਗਦਾ ਹੈ। ਇਥੇ ਸੋਨਾ ਤੇ ਮਿੱਟੀ ਇੱਕ ਬਰਾਬਰ ਹਨ। ਇੱਥੇ ਵਿਅਕਤੀ ਅਰਹਤ ਬਣਦਾ ਹੈ।

(ਸ) ਚੌਥੀ ਅਵਸਥਾ ਨਿਰਵਾਣ ਦੀ ਅਵਸਥਾ ਹੈ। ਬੁੱਧ ਆਖਦਾ ਹੈ,"ਧੰਨ ਹਨ ਉਹ ਮਨੁੱਖ ਜਿਨ੍ਹਾਂ ਨੇ ਆਪਣਾ ਫਿਣ ਪਕੜ ਲਿਆ। ਪਛਤਾਉਣਗੇ ਉਹ ਜਿਨ੍ਹਾਂ ਦਾ ਛਿਣ ਹੱਥੋਂ ਨਿਕਲ ਗਿਆ।"

ਇਵੇਂ ਇਹਨਾਂ ਅਸ਼ਟ ਮਾਰਗਾਂ ਉਪਰ ਚਲ ਕੇ ਮਨੁੱਖ ਦੁੱਖਾਂ ਤੋਂ ਪਾਰ ਹੋ ਜਾਂਦਾ ਹੈ।

### ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

(1) ਅਸ਼ਟਾਂਗ ਮਾਰਗ ਕਿਸ ਨੇ ਦਿੱਤਾ?

(2) ਅਸ਼ਟ ਮਾਰਗ ਦੇ ਸਿਧਾਂਤਾਂ ਦੇ ਨਾਮ ਦੱਸੋ?

(3) ਸਹੀ ਦ੍ਰਿਸ਼ਟੀ ਤੋਂ ਕੀ ਭਾਵ ਹੈ?

(4) ਸਹੀ ਸੰਕਲਪ ਕਿਸ ਨੂੰ ਕਹਿੰਦੇ ਹਨ?

(5) ਸਹੀ ਬਾਣੀ ਕੀ ਹੁੰਦੀ ਹੈ?

(6) ਸਹੀ ਪ੍ਰਯਤਨ ਕੀ ਹੈ?

(7) ਬੁੱਧ ਧਰਮ ਦੇ ਕਿਹੜੇ ਗ੍ਰੰਥ ਵਿੱਚ ਅਸ਼ਟਾਂਗ ਮਾਰਗ ਦੀ ਚਰਚਾ ਕੀਤੀ ਗਈ ਹੈ?



Downloaded from https:// www.studiestoday.com

Downloaded from https:// www.studiestoday.com

### ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਸੰਸਾਰ ਵਿੱਚ ਦੁੱਖ ਹਨ। ਕਿਵੇਂ ?
2. ਬੁੱਧ ਮੱਤ ਅਨੁਸਾਰ ਦੁੱਖ ਦੂਰ ਹੋ ਸਕਦਾ ਹੈ ?
3. ਬੁੱਧ ਮੱਤ ਅਨੁਸਾਰ ਦੁੱਖਾਂ ਦੇ ਅੰਤ ਦਾ ਰਸਤਾ ਕਿਹੜਾ ਹੈ ?
4. ਸਹੀ ਦ੍ਰਿਸ਼ਟੀ ਤੋਂ ਕੀ ਭਾਵ ਹੈ ?
5. ਬੁੱਧ ਮੱਤ ਵਿੱਚ ਸਹੀ ਕਰਮ ਕਿਸਨੂੰ ਆਖਿਆ ਗਿਆ ਹੈ ?
6. ਸਹੀ ਪ੍ਰਯਤਨ ਕਿਸਨੂੰ ਆਖਿਆ ਗਿਆ ਹੈ ?
7. ਸਹੀ ਗ੍ਰਿਸਟੀ ਤੋਂ ਕੀ ਭਾਵ ਹੈ ?
8. ਬੁੱਧ ਮੱਤ ਵਿੱਚ ਸਹੀ ਸਮਾਧੀ ਕਿਸ ਨੂੰ ਮੰਨਿਆ ਗਿਆ ਹੈ ?

### ਨਿਬੰਧਾਤਮਕ ਉੱਤਰਾਂ ਵਾਲੇ ਪ੍ਰਸ਼ਨ

1. ਬੁੱਧ ਧਰਮ ਵਿੱਚ ਚਾਰ ਆਰੀਆ ਸੱਚ ਕਿਸ ਨੂੰ ਆਖਿਆ ਗਿਆ ਹੈ।
2. ਬੁੱਧ ਧਰਮ ਦੇ ਅਸ਼ਟ ਮਾਰਗ ਬਾਰੇ ਤੁਸੀਂ ਕੀ ਜਾਣਦੇ ਹੋ ?



Downloaded from https:// www.studiestoday.com

Downloaded from https:// www.studiestoday.com

# ਪਾਠ -11

# ਜੈਨ ਧਰਮ ਦੀਆਂ ਨੈਤਿਕ ਸਿੱਖਿਆਵਾਂ

**ਵਿਸ਼ਾ ਪ੍ਰਵੇਸ਼ :-**

ਭਾਰਤੀ ਸੰਸਕ੍ਰਿਤੀ ਵਿੱਚ ਪੁਰਾਤਨ ਕਾਲ ਤੋਂ ਦੋ ਵਿਚਾਰਧਾਰਾਵਾਂ ਚਲਦੀਆਂ ਸਨ : ਇੱਕ ਵੈਦਿਕ ਵਿਚਾਰਧਾਰਾ ਅਤੇ ਦੂਜੀ ਗੈਰ-ਵੈਦਿਕ ਵਿਚਾਰਧਾਰਾ। ਇਹ ਦੋਵੇਂ ਪਰਸਪਰ ਵਿਰੋਧੀ ਵਿਚਾਰਧਾਰਾਵਾਂ ਸਨ। ਆਰੀਆ ਰਿਸ਼ੀਆਂ ਨੇ ਸ਼੍ਰੋਮਣਾਂ ਨੂੰ ਨਾਸਤਿਕ ਕਹਿ ਕੇ ਭੰਡਿਆ ਸੀ। ਨਾਸਤਿਕ ਤੋਂ ਉਨ੍ਹਾਂ ਦਾ ਭਾਵ ਇਹ ਨਹੀਂ ਸੀ ਕਿ ਇਹ ਰੱਬ ਦੀ ਹੋਂਦ ਤੋਂ ਮੁਨਕਰ ਸਨ। ਨਾਸਤਿਕ ਇਸ ਕਰਕੇ ਸਨ, ਕਿਉਂਕਿ ਇਹ ਵੇਦਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ ਸਨ। ਇਸੇ ਕਰਕੇ ਮਨੂ ਆਪਣੀ ਸਿਮ੍ਰਤੀ ਵਿੱਚ ਕਹਿੰਦਾ ਹੈ, 'ਨਾਸਤਿਕੋ ਵੇਦ ਨਿੰਦਕਹ' ਭਾਵ ਨਾਸਤਿਕ ਉਹ ਹੈ ਜੋ ਵੇਦ ਨਿੰਦਦਾ ਹੈ। ਇਸ ਸ਼੍ਰੋਮਣ ਵਿਚਾਰਧਾਰਾ ਨਾਲ ਦੋ ਧਰਮ – ਜੈਨ ਧਰਮ ਅਤੇ ਬੁੱਧ ਧਰਮ ਸੰਬੰਧਤ ਰਹੇ ਹਨ। ਬੁੱਧ ਧਰਮ ਬਾਰੇ ਅਸੀਂ ਵੱਖਰੇ ਰੂਪ ਵਿੱਚ ਪੜ੍ਹ ਚੁੱਕੇ ਹਾਂ, ਇੱਥੇ ਅਸੀਂ ਜੈਨ ਧਰਮ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹੋਏ ਇਸ ਧਰਮ ਦੀਆਂ ਨੈਤਿਕ ਸਿਖਿਆਵਾਂ ਨੂੰ ਜਾਣਨ ਦੀ ਕੋਸ਼ਿਸ਼ ਕਰਾਂਗੇ।

**ਮੁੱਢਲੀ ਜਾਣਕਾਰੀ :-**

ਜੈਨ ਧਰਮ ਭਾਰਤ ਦੇ ਸਨਾਤਨੀ ਧਰਮਾਂ ਵਿੱਚੋਂ ਇੱਕ ਹੈ ਅਤੇ ਜੈਨੀਆਂ ਦੀ ਭਾਰਤ ਵਿੱਚ ਵਸੋਂ 1971 ਦੀ ਜਨ-ਗਣਨਾ ਅਨੁਸਾਰ 26,04,646 ਸੀ। ਗੁਜਰਾਤ ਪ੍ਰਦੇਸ਼ ਭਾਵੇ ਜੈਨੀਆਂ ਦਾ ਗੜ੍ਹ ਹੈ ਪਰ ਇਸ ਤੋਂ ਇਲਾਵਾ ਰਾਜਸਥਾਨ, ਪੰਜਾਬ ਤੇ ਦੂਜੇ ਰਾਜਾਂ ਵਿੱਚ ਜੈਨੀ ਲੋਕ ਮਿਲਦੇ ਹਨ। ਜੈਨੀਆਂ ਦਾ ਵਿਸ਼ਵਾਸ ਹੈ ਉਨ੍ਹਾਂ ਦਾ ਧਰਮ ਸਭ ਧਰਮਾਂ ਤੋਂ ਪੁਰਾਣਾ ਹੈ। ਭਾਵੇਂ ਇਹ ਗੱਲ ਸੌ ਪ੍ਰਤੀਸ਼ਤ ਸੱਚੀ ਨਾ ਵੀ ਹੋਵੇ, ਪਰ ਇਸ ਵਿੱਚ ਭਾਰਤੀ ਧਾਰਮਿਕ ਸਭਿਆਚਾਰ ਦੇ ਸਭ ਤੋਂ ਪੁਰਾਣੇ ਕੁਝ ਤੱਤ ਮਿਲਦੇ ਹਨ। ਇਸ ਦਾ ਸਾਧੂਆਂ ਵਾਲਾ ਮਾਰਗ ਅਤੇ ਯੋਗ ਦੀਆਂ ਰੀਤੀਆਂ ਦਾ ਮੁੱਢ ਹੜੱਪਾ-ਕਾਲ ਵਿੱਚੋਂ ਲੱਭਿਆ ਜਾ ਸਕਦਾ ਹੈ। ਇਹ ਧਰਮ ਵੈਦਿਕ ਬ੍ਰਾਹਮਣੀ ਮਤ ਨਾਲੋਂ ਵਿਚਾਰਾਂ ਦੀ ਭਿੰਨਤਾ ਕਾਰਨ ਵਿਕਸਿਤ ਹੋਇਆ ਸੀ। ਭਾਵੇਂ ਕੁਝ ਵਿਦਵਾਨਾਂ ਦੀ ਰਾਇ ਹੈ ਕਿ ਜੈਨ ਮਤ ਬੁੱਧਮਤ ਦਾ ਹੀ ਇੱਕ ਫਿਰਕਾ ਸੀ, ਪਰ ਨਵੀਨ ਖੋਜ ਅਨੁਸਾਰ ਇਸ ਦੇ ਕੁਝ ਤੱਤ ਰਿਗਵੇਦ ਨਾਲੋਂ ਵੀ ਪੁਰਾਣੇ ਹਨ। ਸਿਧਾਂਤਾਂ ਦੀ ਸਾਂਝ ਕਰਕੇ ਇਹ ਬੁੱਧਮਤ ਨਾਲ ਮਿਲਦਾ ਜੁਲਦਾ ਹੈ।

ਜੈਨ ਮਤ ਵਾਲੇ ਆਪਣਾ ਇਤਿਹਾਸ 24 'ਤੀਰਥੰਕਰਾ' ਰਾਹੀਂ ਪੇਸ਼ ਕਰਦੇ ਹਨ। 'ਤੀਰਥੰਕਰ' ਦਾ ਸ਼ਬਦੀ ਅਰਥ ਹੈ – 'ਪੁਲ ਬਣਾਉਣ ਵਾਲਾ'। ਭਾਵ ਸੰਸਾਰ ਦੇ ਭਾਵ-ਸਾਗਰ ਨੂੰ ਪਾਰ ਕਰਨ ਲਈ ਤੀਰਥੰਕਰ ਜੀਵਾਂ ਲਈ ਇੱਕ ਪਵਿੱਤਰ ਪੁਲ ਹੈ। ਭਗਵਾਨ ਮਹਾਂਵੀਰ ਜਿਹੜਾ ਪ੍ਰਚਲਿਤ ਧਾਰਨਾ ਅਨੁਸਾਰ ਜੈਨ ਧਰਮ ਦਾ ਬਾਨੀ ਸਮਝਿਆ ਜਾਂਦਾ ਹੈ, ਢਾਈ ਹਜ਼ਾਰ ਵਰ੍ਹੇ ਪਹਿਲਾਂ ਹੋਇਆ ਹੈ। ਪਰ ਉਹ ਤੀਰਥੰਕਰਾਂ ਵਿੱਚੋਂ ਆਖਰੀ ਤੀਰਥੰਕਰ ਸਨ ਤੇ ਉਨ੍ਹ ਤੋਂ ਪਹਿਲਾਂ 23 ਤੀਰਥੰਕਰ ਹੋ ਚੁੱਕੇ ਸਨ। ਇਵੇਂ ਮਹਾਵੀਰ ਜੈਨ ਧਰਮ ਦਾ ਮੋਢੀ ਹੀ ਨਹੀਂ ਸਗੋਂ ਇੱਕ ਮਹਾਨ ਸੁਧਾਰਕ ਅਤੇ ਪ੍ਰਚਾਰਕ ਸੀ।

ਇਨ੍ਹਾਂ ਸਾਰੇ ਧਾਰਮਿਕ ਆਗੂਆਂ ਦੀ ਇਤਿਹਾਸਕ ਹੋਂਦ ਸਿੱਧ ਕਰਨਾ ਸੰਭਵ ਨਹੀਂ ਹੈ, ਪਰ ਜੈਨੀਆਂ ਦੀਆਂ ਪਵਿੱਤਰ ਰਿਵਾਇਤਾਂ ਵਿੱਚ ਇਨ੍ਹਾਂ ਦਾ ਜ਼ਿਕਰ ਆਉਂਦਾ ਹੈ। ਇਹ ਸਪਸ਼ਟ ਹੈ ਕਿ ਸੁਆਮੀ ਮਹਾਂਵੀਰ ਇੱਕ ਇਤਿਹਾਸਕ ਮਹਾਪੁਰਸ਼ ਸਨ। ਇਸ ਤੋਂ ਪਹਿਲੇ ਤੀਰਥੰਕਰ ਪਾਰਸ਼ਵ ਨਾਥ ਬਾਰੇ ਜੋ ਪਤਾ ਲਗਦਾ ਹੈ, ਉਹ ਇਤਿਹਾਸਕ ਦੀ ਬਜਾਇ ਮਿਥਿਹਾਸਕ ਵਧੇਰੇ ਹੈ। ਉਨ੍ਹਾਂ ਬਾਰੇ ਏਨੀ ਹੀ ਜਾਣਕਾਰੀ ਮਿਲਦੀ ਹੈ ਕਿ ਉਹ ਵਾਰਾਨਸੀ ਦੇ ਰਾਜਾ ਅਸ਼ਵਸੇਨ ਦੇ ਘਰ ਪੈਦਾ ਹੋਏ ਸਨ ਤੇ 30 ਸਾਲ ਦੀ ਉਮਰ ਵਿੱਚ ਸੰਨਿਆਸ ਧਾਰਨ ਕਰ ਲਿਆ ਸੀ। ਜੈਨ ਸੋਮਿਆਂ ਅਨੁਸਾਰ 777 ਪੂਰਵ ਈਸਵੀ ਵਿੱਚ ਉਨ੍ਹਾਂ ਦਾ ਦੇਹਾਂਤ ਹੋਇਆ ਸੀ। ਇਸ ਤੋਂ ਪੂਰਬਲੇ ਤੀਰਥੰਕਰਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ।



Downloaded from https:// www.studiestoday.com

Downloaded from https:// www.studiestoday.com

### ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

(1) ਜੈਨ ਧਰਮ ਕਿਸ ਵਿਚਾਰਧਾਰਾ ਨਾਲ ਸੰਬੰਧਿਤ ਧਰਮ ਹੈ ?
(2) ਭਾਰਤ ਵਿੱਚ ਜੈਨੀ ਲੋਕਾਂ ਦੀ ਗਿਣਤੀ ਕਿੰਨੀ ਹੈ ?
(3) 'ਤੀਰਥੰਕਰ' ਤੋਂ ਕੀ ਭਾਵ ਹੈ ?
(4) ਜੈਨ ਧਰਮ ਦੇ ਕੁਲ ਕਿੰਨੇ ਤੀਰਥੰਕਰ ਹੋਏ ਹਨ ਤੇ ਮਹਾਂਵੀਰ ਕਿੰਨਵੇਂ ਤੀਰਥੰਕਰ ਸਨ ?

**ਭਗਵਾਨ ਮਹਾਂਵੀਰ ਦਾ ਸੰਖੇਪ ਜੀਵਨ :-**

ਭਗਵਾਨ ਮਹਾਂਵੀਰ ਜਿਸਦਾ ਅਸਲ ਨਾਮ ਵਰਧਮਾਨ ਸੀ। ਆਪ ਦਾ ਜਨਮ 599 (ਈਸਵੀ ਪੂਰਬ) ਵਿੱਚ ਵੈਸ਼ਾਲੀ ਵਿਖੇ ਹੋਇਆ। ਅੱਜਕਲ੍ਹ ਇਸ ਸਥਾਨ ਦਾ ਨਾਮ ਬਸਰਾ ਹੈ ਅਤੇ ਇਹ ਪਟਨੇ ਤੋਂ 40 ਕਿਲੋਮੀਟਰ ਉੱਤਰ ਵੱਲ ਹੈ। ਪਿਤਾ ਦਾ ਨਾਮ ਸਿਧਾਰਥ ਸੀ ਜੋ ਅਮੀਰ ਖੱਤਰੀ ਤੇ ਇੱਕ ਰਿਆਸਤ ਦਾ ਮਾਲਕ ਸੀ। ਮਾਤਾ ਦਾ ਨਾਮ ਤ੍ਰਿਸ਼ਲਾ ਸੀ ਜੋ ਵੈਸ਼ਾਲੀ ਦੇ ਰਾਜੇ ਲਿੱਛਵੀ ਦੀ ਧੀ ਸੀ। ਵਰਧਮਾਨ ਦੇ ਜਨਮ ਤੋਂ ਪਹਿਲਾਂ ਤ੍ਰਿਸ਼ਲਾ ਨੂੰ 14 ਸੁਪਨੇ ਆਏ ਸਨ। ਮਹਾਂਵੀਰ ਦਾ ਪਾਲਣ-ਪੋਸ਼ਣ ਰਾਜਕੁਮਾਰਾਂ ਵਾਂਗ ਹੋਇਆ। ਪਿਤਾ ਦਾ ਦੇਹਾਂਤ ਹੋਣ ਪਿੱਛੋਂ ਵੱਡੇ ਭਰਾ ਦੀ ਆਗਿਆ ਲੈ ਕੇ ਭਗਵਾਨ ਮਹਾਂਵੀਰ ਨੇ 30 ਸਾਲ ਦੀ ਉਮਰ ਵਿੱਚ ਤਪ ਕਰਨ ਲਈ ਜੰਗਲ ਦਾ ਰਾਹ ਫੜਿਆ। ਬਾਰਾਂ ਸਾਲ ਦੀ ਕਰੜੀ ਤਪੱਸਿਆ ਕੀਤੀ। ਤਪੱਸਿਆ ਦੌਰਾਨ ਅਗਿਆਨੀ ਲੋਕਾਂ ਨੇ ਆਪ ਨੂੰ ਬਹੁਤ ਕਸ਼ਟ ਦਿੱਤੇ। ਕਿਹਾ ਜਾਂਦਾ ਹੈ ਕਿ ਸੋਮਦੱਤ ਬ੍ਰਾਹਮਣ ਨੇ ਆਪ ਦੀ ਤਨ ਢਕਣ ਵਾਲੀ ਇੱਕੋ ਇੱਕ ਲੰਗੋਟੀ ਵੀ ਮਕਰ ਨਾਲ ਖੋਹ ਲਈ ਤੇ ਆਪ ਅਲਫ ਨੰਗੇ ਤੱਪ ਕਰਦੇ ਰਹੇ, ਜਿਸ ਨਾਲ ਆਪ ਦਿਗੰਬਰ ਅਖਵਾਏ। ਦਿਗੰਬਰ ਦਾ ਸ਼ਬਦੀ ਅਰਥ ਹੈ ਉਹ ਵਿਅਕਤੀ ਜਿਸਦਾ ਲਿਬਾਸ ਆਕਾਸ਼ ਹੋਵੇ। ਦਿੱਗ ਦਾ ਅਰਥ ਹੈ ਆਕਾਸ਼ ਤੇ ਅੰਬਰ ਦਾ ਅਰਥ ਹੈ ਲਿਬਾਸ। ਜੈਨੀਆਂ ਦੇ ਦੋ ਫਿਰਕੇ ਹਨ ; ਇੱਕ ਦਿਗੰਬਰ ਤੇ ਦੂਜਾ ਸਵੇਤਾਂਬਰ। ਦਿਗੰਬਰ ਨੰਗੇ ਸਾਧੂ ਹੁੰਦੇ ਹਨ ਅਤੇ ਸਵੇਤਾਂਬਰ ਚਿੱਟੇ ਕੱਪੜਿਆਂ ਵਾਲੇ ਸਾਧੂ।

ਮਨ ਨੂੰ ਕਾਬੂ ਰੱਖਣ ਲਈ ਭਗਵਾਨ ਮਹਾਂਵੀਰ ਨੇ ਵਰਤ ਰੱਖੇ। 16 ਦਿਨ ਦੀ ਲੰਮੀ ਸਮਾਧੀ ਪਿੱਛੋਂ ਗਿਆਨ ਦੀ ਪ੍ਰਾਪਤੀ ਕੀਤੀ। ਇਸ ਵੇਲੇ ਆਪ ਦੀ ਉਮਰ 42 ਸਾਲ ਦੀ ਸੀ ਅਤੇ ਇਹ ਗਿਆਨ (ਜਿਸਨੂੰ ਜੈਨੀ 'ਕੇਵਲਯ ਪਦ' ਕਹਿੰਦੇ ਹਨ) ਜੁੰਭਿਕ ਪਿੰਡ ਦੇ ਕਿਸਾਨ ਸ਼ਾਮ ਦੇ ਖੇਤਾਂ ਵਿੱਚ ਸਾਲ੍ਹ ਦਰਖ਼ਤ ਦੇ ਹੇਠਾਂ ਅਤੇ ਰਿਜੂਬਾਲਿਕਾ ਨਦੀ ਦੇ ਕਿਨਾਰੇ ਪ੍ਰਾਪਤ ਹੋਇਆ। ਆਪ ਨੇ ਆਪਣਾ ਪਹਿਲਾ ਉਪਦੇਸ਼ ਮਹਾਸੈਨ ਦੇ ਬਗ਼ੀਚੇ ਵਿੱਚ ਪਾਵਾਪੁਰੀ ਦੇ ਸਥਾਨ ਤੇ ਦਿੱਤਾ। ਇਸ ਪਿੱਛੋਂ 30 ਸਾਲ ਨਿਰੰਤਰ ਜੈਨ ਮਤ ਦਾ ਪ੍ਰਚਾਰ ਕਰਦੇ ਰਹੇ। 8 ਮਹੀਨੇ ਉਪਦੇਸ਼ ਦਿੰਦੇ ਤੇ ਚੌਮਾਸੇ ਤੇ ਬਰਸਾਤ ਦੇ 4 ਮਹੀਨੇ ਆਰਾਮ ਕਰਦੇ। ਆਪ ਜੀ ਦੇ ਪ੍ਰਵਚਨ ਸੁਣ ਕੇ ਹਜ਼ਾਰਾਂ ਲੋਕ ਆਪਦੇ ਸ਼ਰਧਾਲੂ ਬਣ ਗਏ।

ਭਗਵਾਨ ਮਹਾਂਵੀਰ ਦਾ ਦੇਹਾਂਤ ਪਾਵਾਪੁਰੀ ਦੇ ਸਥਾਨ ਤੇ ਦੀਵਾਲੀ ਵਾਲੇ ਦਿਨ ਹੋਇਆ। ਇੱਥੇ ਆਪ ਦੀ ਯਾਦ ਵਿੱਚ ਤੀਰਥ ਸਥਾਨ ਬਣਿਆ ਹੋਇਆ ਹੈ।

### ਦੁਹਰਾਈ ਵਸਤੂਨਿਸ਼ਠ ਪ੍ਰਸ਼ਨ

(1) ਭਗਵਾਨ ਮਹਾਂਵੀਰ ਦਾ ਜਨਮ ਕਿੱਥੇ ਹੋਇਆ ?
(2) ਭਗਵਾਨ ਮਹਾਂਵੀਰ ਤੱਪ ਕਰਨ ਲਈ ਕਦੋਂ ਗਏ ?
(3) ਭਗਵਾਨ ਮਹਾਂਵੀਰ ਨੂੰ ਦਿਗੰਬਰ ਸਾਧੂ ਕਿਉਂ ਕਿਹਾ ਜਾਂਦਾ ਹੈ ?
(4) ਮਹਾਂਵੀਰ ਨੇ 'ਕੇਵਲਯ ਪਦ' ਕਦੋਂ ਪ੍ਰਾਪਤ ਕੀਤਾ ਅਤੇ ਕਿੱਥੇ ਪ੍ਰਾਪਤ ਕੀਤਾ ?
(5) ਭਗਵਾਨ ਮਹਾਂਵੀਰ ਨੇ ਆਪਣਾ ਪਹਿਲਾਂ ਉਪਦੇਸ਼ ਕਿਸ ਸਥਾਨ ਤੇ ਦਿੱਤਾ ?
(6) ਭਗਵਾਨ ਮਹਾਂਵੀਰ ਦਾ ਦੇਹਾਂਤ ਕਿੱਥੇ ਹੋਇਆ ?



Downloaded from https:// www.studiestoday.com

Downloaded from https:// www.studiestoday.com

**ਜੈਨ ਧਰਮ ਦੀਆਂ ਨੈਤਿਕ ਸਿਖਿਆਵਾਂ :**

ਜੈਨ ਧਰਮ ਦੀਆਂ ਸਿਖਿਆਵਾਂ ਨੂੰ ਜਾਣਨ ਤੋਂ ਪਹਿਲਾਂ ਜੈਨ ਸ਼ਬਦ ਬਾਰੇ ਜਾਣ ਲੈਣਾ ਜ਼ਰੂਰੀ ਹੈ ਕਿਉਂਕਿ ਇਸ ਤੋਂ ਜੈਨ ਧਰਮ ਦੀ ਨੈਤਿਕਤਾ ਦਾ ਅੰਦਾਜ਼ਾ ਲਗ ਜਾਂਦਾ ਹੈ। ਜੈਨ ਸ਼ਬਦ 'ਜਿਨ' ਤੋਂ ਬਣਿਆ ਹੈ। ਜਿਨ ਦਾ ਅਰਥ ਹੈ ਜੇਤੂ ਉਹ ਵਿਅਕਤੀ ਜਿਸ ਨੇ ਆਪਣੀਆਂ ਇੰਦਰੀਆਂ ਉੱਤੇ ਜਿੱਤ ਪ੍ਰਾਪਤ ਕਰ ਲਈ ਹੋਵੇ, ਜਿਸਨੇ ਆਪਣੀਆਂ ਵਾਸ਼ਨਾਵਾਂ ਉੱਤੇ ਕਾਬੂ ਪਾ ਲਿਆ ਹੋਵੇ, ਜਿਹੜਾ ਵਿਅਕਤੀ ਤੀਰਥੰਕਰਾਂ ਦੀਆਂ ਸਿਖਿਆਵਾਂ ਉੱਪਰ ਅਮਲ ਕਰਦਾ ਹੋਇਆ ਮੁਕਤੀ (ਕੇਵਲਯ ਪਦ) ਨੂੰ ਪ੍ਰਾਪਤ ਕਰ ਲੈਂਦਾ ਹੈ, ਉਹ ਜੈਨੀ ਅਖਵਾਉਂਦਾ ਹੈ। ਇਵੇਂ ਜੈਨੀ ਨੈਤਿਕ ਪੱਧਰ ਤੇ ਬਹੁਤ ਹੀ ਉਚੱਤਮ ਬਿਰਤੀ ਵਾਲੇ ਮਨੁੱਖ ਦਾ ਵਿਸ਼ੇਸ਼ਣ ਰੂਪ ਹੈ। ਜੈਨ ਧਰਮ ਨੇਕੀ, ਤਿਆਗ ਅਤੇ ਅਹਿੰਸਾ ਉੱਪਰ ਆਧਾਰਿਤ ਉਚੇਰੇ ਨੈਤਿਕ ਗੁਣਾਂ ਵਾਲਾ ਧਰਮ ਹੈ। ਇਸ ਦੀਆਂ ਨੈਤਿਕ, ਧਾਰਣਾਵਾਂ ਸਿਖਿਆਵਾਂ ਇਸ ਦੇ ਹੇਠ ਲਿਖੇ ਚਾਰ ਸਿਧਾਂਤਾ ਉੱਪਰ ਆਧਾਰਿਤ ਹਨ -

(1) ਜੀਵਾਂ ਨੂੰ ਦੁੱਖ ਦੇਣਾ ਪਾਪ ਹੈ (ਅਹਿੰਸਾ)

(2) ਸੱਚ ਤੇ ਚੱਲੋ (ਸੁਨਰਿਤ)

(3) ਜੋ ਤੁਹਾਨੂੰ ਨਹੀਂ ਦਿੱਤਾ ਗਿਆ ਉਹ ਨਾ ਲਉ (ਅਸਤੇਯ)

(4) ਧਨ ਸੰਪਤੀ ਇਕੱਤਰ ਨਾ ਕਰੋ (ਅਪਰਿਗ੍ਰਹ)

ਇਸ ਤੋਂ ਬਿਨਾਂ ਭਗਵਾਨ ਮਹਾਂਵੀਰ ਨੇ ਬ੍ਰਹਮਚਰਜ ਭਾਵ ਕਾਮਨਾਵਾਂ ਉੱਤੇ ਸੰਪੂਰਨ ਸੰਜਮ ਕਰਨ ਉੱਤੇ ਵੀ ਜ਼ੋਰ ਦਿੱਤਾ ਹੈ।

ਜੈਨ ਧਰਮ ਦੀਆਂ ਨੈਤਿਕ ਸਿਖਿਆਵਾਂ ਅਤੇ ਸਿਧਾਂਤਾਂ ਨੂੰ ਅਸੀਂ ਇਸ ਪ੍ਰਕਾਰ ਵਿਚਾਰ ਸਕਦੇ ਹਾਂ :-

(1) **ਆਤਮਾ ਦੀ ਹੋਂਦ ਵਿੱਚ ਵਿਸ਼ਵਾਸ :**

ਜੈਨ ਧਰਮ ਵਿੱਚ ਆਤਮਾ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ। ਇਸ ਅਨੁਸਾਰ ਆਤਮਾ ਅਮਰ ਹੈ ਤੇ ਸ਼ਕਤੀਸ਼ਾਲੀ ਹੈ, ਪਰੰਤੂ ਬੁਰੇ ਕਰਮਾਂ ਨਾਲ ਇਸ ਦੀ ਸ਼ਕਤੀ ਘੱਟ ਜਾਂਦੀ ਹੈ। ਆਤਮਾ ਸਰੀਰ ਅੰਦਰ ਰਹਿ ਕੇ ਸਰੀਰ ਤੋਂ ਵੱਖਰੀ ਹੁੰਦੀ ਹੈ। ਜੈਨੀਆਂ ਅਨੁਸਾਰ ਆਤਮਾ ਸਿਰਫ ਮਨੁੱਖਾਂ ਤੇ ਪਸ਼ੂ-ਪੰਛੀਆਂ ਅੰਦਰ ਹੀ ਨਹੀਂ, ਸਗੋਂ ਦਰਖਤਾਂ, ਪੌਦਿਆਂ, ਹਵਾ, ਅੱਗ, ਪੱਥਰਾਂ ਆਦਿ ਵਿੱਚ ਵੀ ਮੌਜੂਦ ਹੈ।

(2) **ਕਰਮ ਦੇ ਸਿਧਾਂਤ ਵਿੱਚ ਵਿਸ਼ਵਾਸ :**

ਜੈਨ ਧਰਮ ਵਿੱਚ ਕਰਮ ਨੂੰ ਬਹੁਤ ਮਹੱਤਵਪੂਰਨ ਸਥਾਨ ਦਿੱਤਾ ਗਿਆ ਹੈ। ਕਰਮ ਆਤਮਾ ਨੂੰ ਘੇਰ ਲੈਂਦੇ ਹਨ। ਉਹ ਆਤਮਾ ਵਿੱਚ ਜਮ੍ਹਾਂ ਹੁੰਦੇ ਰਹਿੰਦੇ ਹਨ। ਹਰ ਜਨਮ ਵਿੱਚ ਇਹਨਾਂ ਕਰਮਾਂ ਵਿੱਚ ਵਾਧਾ ਹੁੰਦਾ ਰਹਿੰਦਾ ਹੈ। ਇਸ ਲਈ ਆਤਮਾ ਨੂੰ ਕਰਮਾਂ ਤੋਂ ਮੁਕਤ ਕਰਨਾ ਚਾਹੀਦਾ ਹੈ, ਅਜਿਹਾ ਤਾਂ ਹੀ ਹੋ ਸਕਦਾ ਹੈ ਜੇਕਰ ਆਤਮਾ ਨੂੰ ਨਵੇਂ ਕਰਮਾਂ ਤੋਂ ਬਚਾਇਆ ਜਾਵੇ। ਇਸ ਦਸ਼ਾ ਵਿੱਚ ਮੋਕਸ਼ ਦੀ ਪ੍ਰਾਪਤੀ ਤਦੋਂ ਹੀ ਸੰਭਵ ਹੋ ਸਕਦੀ ਹੈ ਜੇਕਰ ਉਹ ਕਰਮਾਂ ਦੇ ਗੇੜ ਤੋਂ ਮੁਕਤ ਹੋਵੇ। ਕਰਮ ਸਿਧਾਂਤ ਬਾਰੇ ਜੈਨ ਗ੍ਰੰਥਾਂ ਵਿੱਚ ਕਿਹਾ ਗਿਆ ਹੈ

"ਜਿਸ ਤਰ੍ਹਾਂ ਸੜੇ ਹੋਏ ਬੀਜ ਵਿੱਚੋਂ ਅੰਕੁਰ ਨਹੀਂ ਨਿਕਲਦਾ, ਉਸੇ ਤਰ੍ਹਾਂ ਕਰਮ ਰੂਪੀ ਬੀਜ ਦੇ ਜਲਣ ਨਾਲ ਸੰਸਾਰਕ ਹੋਂਦ ਖਤਮ ਹੋ ਜਾਂਦੀ ਹੈ।"

(3) **ਮੋਕਸ਼ ਜਾਂ ਕੈਵਲਯ ਪਦ :**

ਆਤਮਾ ਨੂੰ ਕਰਮਾਂ ਦੇ ਬੰਧਨ ਤੋਂ ਮੁਕਤੀ ਪ੍ਰਾਪਤ ਕਰਨਾ ਮੋਕਸ਼ ਜਾਂ 'ਕੇਵਲਯ ਪਦ' ਹੈ। ਇਸ ਨਾਲ ਪਰਮ ਆਨੰਦ ਤੇ ਖ਼ੁਸ਼ੀ ਦੀ ਪ੍ਰਾਪਤੀ ਹੁੰਦੀ ਹੈ। ਕਰਮਾਂ ਕਰਕੇ ਹੀ ਪੁਨਰ-ਜਨਮ ਮਿਲਦਾ ਹੈ। ਮੋਕਸ਼ ਪ੍ਰਾਪਤੀ ਉਪਰੰਤ ਇਹ ਜਨਮ-ਮਰਨ ਦਾ ਚੱਕਰ ਸਮਾਪਤ ਹੋ ਜਾਂਦਾ ਹੈ।

ਇਸ ਸਾਰੇ ਕੁਝ ਲਈ ਗਿਆਨ ਦੀ ਲੋੜ ਹੈ। ਇਸੇ ਕਰਕੇ ਜੈਨ ਧਰਮ ਵਿੱਚ ਗਿਆਨ ਦੇ ਮਹੱਤਵ ਉੱਪਰ ਜ਼ੋਰ ਦਿੱਤਾ ਗਿਆ ਹੈ।



Downloaded from https:// www.studiestoday.com

Downloaded from https:// www.studiestoday.com

**ਸੱਚਾ ਗਿਆਨ :**

ਆਮ ਕਰਕੇ ਇਹ ਸਮਝਿਆ ਜਾਂਦਾ ਹੈ ਕਿ ਜਿਉਂ-ਜਿਉਂ ਬੱਚੇ ਦਾ ਸਰੀਰਕ ਵਿਕਾਸ ਹੁੰਦਾ ਹੈ ਤਿਉਂ-ਤਿਉਂ ਉਸਦਾ ਬੌਧਿਕ ਵਿਕਾਸ ਹੁੰਦਾ ਹੈ। ਜੈਨ ਧਰਮ ਦੀ ਧਾਰਨਾ ਇਸਦੇ ਉਲਟ ਹੈ। ਉਸ ਅਨੁਸਾਰ ਬੱਚੇ ਦੀ ਮੂਲ ਬਿਰਤੀ ਪਾਪਾਂ ਤੋਂ ਮੁਕਤ ਹੁੰਦੀ ਹੈ। ਜਿਉਂ-ਜਿਉਂ ਉਹ ਵੱਡਾ ਹੁੰਦਾ ਜਾਂਦਾ ਹੈ ਕਰਮਾਂ ਦੇ ਪਰਦੇ ਨਾਲ ਉਸ ਦੀ ਬੁੱਧੀ ਢੱਕੀ ਜਾਂਦੀ ਹੈ ਅਤੇ ਮਨੁੱਖ ਅਗਿਆਨੀ ਹੋ ਜਾਂਦਾ ਹੈ। ਗਿਆਨ ਕਿਤੋਂ ਬਾਹਰੋਂ ਨਹੀਂ ਮਿਲਦਾ। ਪਾਪਾਂ ਦੇ ਪਰਦੇ ਨੂੰ ਹਟਾਉਂਦੇ ਜਾਓ ਗਿਆਨ ਦਾ ਪ੍ਰਕਾਸ਼ ਹੁੰਦਾ ਜਾਂਦਾ ਹੈ। ਆਤਮਾ ਜਦੋਂ ਪੂਰੀ ਤਰ੍ਹਾਂ ਕਰਮਾਂ ਤੋਂ ਮੁਕਤ ਹੋ ਜਾਂਦੀ ਹੈ ਤਾਂ ਸਰਵੋਤਮ ਸ਼ੁੱਧ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸੇ ਨੂੰ ਆਤਮ ਗਿਆਨ ਕਿਹਾ ਜਾਂਦਾ ਹੈ ਅਤੇ ਇਹੀ 'ਕੇਵਲਯ ਪਦ' ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

(1) ਜੈਨ ਧਰਮ ਦੀਆਂ ਦੋ ਮੁੱਢਲੀਆਂ ਨੈਤਿਕ ਸਿੱਖਿਆਵਾਂ ਦੇ ਨਾਮ ਦੱਸੋ।

(2) ਜੈਨ ਧਰਮ ਦਾ ਗਿਆਨ ਤੋਂ ਕੀ ਭਾਵ ਹੈ?

(3) ਗਿਆਨ ਪ੍ਰਾਪਤੀ ਸਮੇਂ ਕਿਹੜਾ ਕੋਸ਼ ਉਤਪੰਨ ਹੋ ਸਕਦਾ ਹੈ?

(4) ਮੋਕਸ਼ ਨੂੰ ਹੋਰ ਕਿਹੜਾ ਪਦ ਆਖਦੇ ਹਨ?

**ਨੈਤਿਕ ਸਿੱਖਿਆ ਦੇ 'ਤਿੰਨ ਰਤਨ' :**

ਜੈਨ ਧਰਮ ਵਿੱਚ ਮੁਕਤੀ ਜਾਂ 'ਕੈਲਵਯ ਪਦ' ਦੀ ਪ੍ਰਾਪਤੀ ਕਰਨਾ ਹਰ ਮਨੁੱਖ ਦਾ ਅਧਿਕਾਰ ਹੈ। ਇਸ ਵਿੱਚ ਜਾਤ, ਵਰਣ, ਲਿੰਗ, ਉਮਰ ਦਾ ਕੋਈ ਭੇਦ ਨਹੀਂ। ਇਸ ਦੀ ਪ੍ਰਾਪਤੀ ਲਈ ਜਾਂ ਇਸ ਦੇ ਮਾਰਗਾਂ ਤੇ ਚਲਣ ਲਈ ਤਿੰਨ ਰਤਨਾਂ ਦੀ ਜ਼ਰੂਰਤ ਹੈ। ਇਹ ਰਤਨ ਹਨ - ਸੱਚਾ ਵਿਸ਼ਵਾਸ, ਸੱਚਾ ਗਿਆਨ ਤੇ ਸੱਚਾ ਆਚਾਰ।

(1) **ਸੱਚਾ ਵਿਸ਼ਵਾਸ :**

ਸੱਚੇ ਵਿਸ਼ਵਾਸ ਨੂੰ ਜੈਨ ਧਰਮ ਵਿੱਚ ਪ੍ਰਮੁਖਤਾ ਹਾਸਿਲ ਹੈ। ਜੇਕਰ ਵਿਅਕਤੀ ਅੰਦਰ ਸੱਚਾ ਵਿਸ਼ਵਾਸ ਨਹੀਂ ਹੋਵੇਗਾ ਤਾਂ ਸੱਚਾ ਗਿਆਨ ਤੇ ਸੱਚਾ ਆਚਾਰ ਕਦੇ ਪ੍ਰਾਪਤ ਨਹੀਂ ਹੋ ਸਕਦਾ। ਸੱਚੇ ਵਿਸ਼ਵਾਸ ਤੋਂ ਭਾਵ ਇਹ ਹੈ ਕਿ ਜੋ ਵਿਅਕਤੀ ਮੁਕਤੀ ਪ੍ਰਾਪਤ ਕਰਨਾ ਚਾਹੁੰਦਾ ਹੈ, ਉਸਦੀ 24 ਤੀਰਥੰਕਰਾਂ, ਨੌਂ ਤੱਤਾਂ ਅਤੇ ਜੈਨ ਸ਼ਾਸਤਰਾਂ ਵਿੱਚ ਸੱਚੀ ਸ਼ਰਧਾ ਹੋਵੇ। ਸੱਚੇ ਵਿਸ਼ਵਾਸ ਦੇ ਅੱਠ ਅੰਗ ਹਨ :-

(i) ਜੈਨ ਧਰਮ ਦੇ ਸਿਧਾਂਤਾਂ ਬਾਰੇ ਕਿਸੇ ਕਿਸਮ ਦੀ ਸ਼ੰਕਾ ਨਹੀਂ ਹੋਣੀ ਚਾਹੀਦੀ।

(ii) ਸੰਸਾਰਿਕ ਵਸਤਾਂ ਨਾਲ ਕੋਈ ਪਿਆਰ ਨਹੀਂ ਹੋਣਾ ਚਾਹੀਦਾ।

(iii) ਸਰੀਰ ਵਿੱਚ ਭਾਵੇਂ ਅਨੇਕਾਂ ਬੁਰਾਈਆਂ ਹਨ, ਪਰ ਇਸ ਬਾਰੇ ਕੋਈ ਤਿਰਸਕਾਰ ਦੀ ਭਾਵਨਾ ਨਹੀਂ ਹੋਣੀ ਚਾਹੀਦੀ।

(iv) ਗਲਤ ਮਾਰਗ ਵੱਲ ਕੋਈ ਝੁਕਾਅ ਨਹੀਂ ਹੋਣਾ ਚਾਹੀਦਾ।

(v) ਪਵਿੱਤਰ ਵਿਅਕਤੀਆਂ ਦੀ ਪ੍ਰਸੰਸਾ ਕੀਤੀ ਜਾਣੀ ਚਾਹੀਦੀ ਹੈ ਪਰ ਦੂਜੇ ਵਿਅਕਤੀਆਂ ਦੀ ਨਿੰਦਾ ਨਹੀਂ ਕਰਨੀ ਚਾਹੀਦੀ।

(vi) ਜਿਹੜੇ ਵਿਅਕਤੀ ਧਰਮ ਦੀ ਰਾਹ ਤੋਂ ਭਟਕ ਗਏ ਹੋਣ, ਉਹਨਾਂ ਨੂੰ ਠੀਕ ਰਾਹ ਤੇ ਪਾਉਣਾ ਚਾਹੀਦਾ ਹੈ।

(vii) ਧਾਰਮਿਕ ਵਿਅਕਤੀਆਂ ਦਾ ਪੂਰਾ ਸਤਿਕਾਰ ਕਰਨਾ ਚਾਹੀਦਾ ਹੈ।

(viii) ਜੈਨ ਧਰਮ ਦੇ ਸਿਧਾਂਤਾਂ ਦੇ ਪ੍ਰਚਾਰ ਲਈ ਪੂਰੇ ਮਨ ਨਾਲ ਯਤਨ ਕਰਨੇ ਚਾਹੀਦੇ ਹਨ।

ਜੋ ਵਿਅਕਤੀ ਸੱਚਾ ਵਿਸ਼ਵਾਸ ਪ੍ਰਾਪਤ ਕਰਦਾ ਹੈ, ਉਸ ਨੂੰ ਤਿੰਨ ਅੰਧ-ਵਿਸ਼ਵਾਸਾਂ ਅਤੇ ਅੱਠ ਹੰਕਾਰਾਂ ਤੋਂ ਬਚਣਾ ਚਾਹੀਦਾ ਹੈ। ਤਿੰਨ ਅੰਧ ਵਿਸ਼ਵਾਸ਼ ਹਨ :-



Downloaded from https:// www.studiestoday.com

Downloaded from https:// www.studiestoday.com

(i) ਪਹਾੜ ਤੇ ਚੜ੍ਹ ਕੇ, ਨਦੀ ਵਿੱਚ ਨਹਾ ਕੇ ਜਾਂ ਅੱਗ ਤੇ ਚੱਲ ਕੇ ਆਪਣੇ ਆਪ ਨੂੰ ਪਵਿੱਤਰ ਸਮਝਣਾ।

(ii) ਝੂਠੇ ਦੇਵੀ-ਦੇਵਤਿਆਂ ਵਿੱਚ ਵਿਸ਼ਵਾਸ ਕਰਨਾ।

(iiii) ਝੂਠੇ ਤਪੱਸਵੀਆਂ ਦਾ ਸਤਿਕਾਰ ਕਰਨਾ।

ਅੱਠ ਹੰਕਾਰ ਇਸ ਪ੍ਰਕਾਰ ਹਨ :-

(i) ਗਿਆਨ ਦਾ ਹੰਕਾਰ (ii) ਪੂਜਾ ਦਾ ਹੰਕਾਰ

(iii) ਪਰਿਵਾਰ ਦਾ ਹੰਕਾਰ (iv) ਜਾਤੀ ਦਾ ਹੰਕਾਰ

(v) ਸ਼ਕਤੀ ਦਾ ਹੰਕਾਰ (vi) ਦੌਲਤ ਦਾ ਹੰਕਾਰ

(vii) ਤੱਪ ਦਾ ਹੰਕਾਰ (viii) ਸੋਹਣੇ ਸਰੀਰ ਦਾ ਹੰਕਾਰ

(2) ਸੱਚਾ ਗਿਆਨ :

ਇਸ ਬਾਰੇ ਪਹਿਲਾਂ ਵਿਸਥਾਰ ਨਾਲ ਚਰਚਾ ਕਰ ਚੁੱਕੇ ਹਾਂ।

(3) ਸੱਚਾ ਆਚਰਣ :

ਮੋਕਸ਼ ਦੀ ਪ੍ਰਾਪਤੀ ਲਈ ਵਿਅਕਤੀ ਵਿੱਚ ਸੱਚੇ ਵਿਸ਼ਵਾਸ, ਸੱਚੇ ਗਿਆਨ ਦੇ ਨਾਲ ਸੱਚੇ ਆਚਰਣ ਦੀ ਵੀ ਲੋੜ ਹੈ। ਸੱਚੇ ਆਚਰਣ ਤੇ ਚੱਲਣ ਲਈ ਜੈਨ ਧਰਮ ਵਿੱਚ ਕੁਝ ਨਿਯਮ ਨਿਰਧਾਰਿਤ ਕੀਤੇ ਗਏ ਹਨ। ਇਹ ਨਿਯਮ ਭਾਵੇਂ ਸਮਾਨ ਰੂਪ ਵਿੱਚ ਜੈਨ ਮੁਨੀਆਂ ਤੇ ਆਮ ਲੋਕਾਂ ਦੋਹਾਂ ਉੱਪਰ ਲਾਗੂ ਹੁੰਦੇ ਹਨ, ਪਰ ਇਹਨਾਂ ਵਿੱਚ ਕਰੜਾਈ ਸੰਬੰਧੀ ਅੰਤਰ ਹੈ। ਜੈਨ ਮੁਨੀਆਂ ਲਈ ਇਹਨਾਂ ਨਿਯਮਾਂ ਦੀ ਪਾਲਣਾ ਕਰਨੀ ਬਹੁਤ ਜ਼ਰੂਰੀ ਹੈ, ਪਰ ਆਮ ਲੋਕਾਂ ਨੂੰ ਕੁਝ ਛੋਟ ਦਿੱਤੀ ਗਈ ਹੈ। ਇਹਨਾਂ ਨਿਯਮਾਂ ਨੂੰ ਪੰਜ ਮਹਾਂ ਵਰਤ ਕਿਹਾ ਜਾਂਦਾ ਹੈ, ਜੋ ਇਸ ਪ੍ਰਕਾਰ ਹਨ :-

(i) ਕਿਸੇ ਜੀਵ ਨੂੰ ਦੁਖ ਨਾ ਦੇਣਾ ਤੇ ਅਹਿੰਸਾ ਦੀ ਨੀਤੀ ਤੇ ਚਲਣਾ।

(ii) ਸੱਚ ਬੋਲਣਾ।

(iii) ਕੋਈ ਵੀ ਵਸਤੂ ਆਪਣੇ ਕੋਲ ਨਾ ਰੱਖਣੀ ਜੋ ਉਸਨੂੰ ਦਾਨ ਵਿੱਚ ਪ੍ਰਾਪਤ ਨਾ ਹੋਈ ਹੋਵੇ।

(iv) ਸੰਸਾਰਿਕ ਵਸਤਾਂ ਨਾਲ ਮੋਹ ਨਾ ਰੱਖਣਾ।

(v) ਬ੍ਰਹਮਚਾਰੀਆਂ ਦਾ ਪਾਲਣ ਕਰਨਾ।

ਇਹਨਾਂ ਪੰਜ ਮਹਾਂ ਵਰਤਾਂ ਨੂੰ ਅੱਗੇ ਵਿਸਥਾਰ ਨਾਲ ਬਿਆਨ ਕੀਤਾ ਜਾ ਰਿਹਾ ਹੈ।

ਪੰਜ ਮਹਾਂਵਰਤ :

ਜੈਨ ਧਰਮ ਵਿੱਚਲੇ ਪੰਜ ਮਹਾ ਵਰਤਾ ਦੇ ਸੰਖੇਪ ਨਾ ਇਸ ਪ੍ਰਕਾਰ ਹਨ :-

(i) ਅਹਿੰਸਾ

(ii) ਸੱਤ

(iii) ਅਸੱਤੇਯ

(iv) ਅਪਰਿਗ੍ਰਹਿ

(v) ਬ੍ਰਹਮਚਰਜ

(1) ਅਹਿੰਸਾ :-

ਸਾਧਾਰਣ ਅਰਥਾਂ ਵਿੱਚ ਅਹਿੰਸਾ ਕਿਸੇ ਜੀਵ ਉਪਰ ਜ਼ੁਲਮ ਨਾ ਕਰਨ ਦਾ ਨਾਮ ਹੈ। ਪਰ ਜੀਵਾਂ ਨੂੰ ਕੇਵਲ ਸਰੀਰਕ ਕਸ਼ਟ ਨਾ ਦੇਣਾ ਹੀ ਅਹਿੰਸਾ ਨਹੀਂ। ਹਿੰਸਾ ਕਈ ਪ੍ਰਕਾਰ ਦੀ ਹੈ।



Downloaded from https:// www.studiestoday.com

Downloaded from https:// www.studiestoday.com

(ੳ) ਮਨ ਕਰਕੇ : ਮਨ ਵਿੱਚ ਕਿਸੇ ਪ੍ਰਤੀ ਬੁਰੇ ਵਿਚਾਰ ਪੈਦਾ ਹੋ ਜਾਣ ਤਾਂ ਇਹ ਮਾਨਸਿਕ ਹਿੰਸਾ ਹੈ। ਅਸਲ ਵਿੱਚ ਇਹ ਬੁਰਾਈ ਦੀ ਜੜ੍ਹ ਹੈ। ਜੇ ਮਨ ਸਾਫ਼ ਹੈ ਤੇ ਉਸ ਵਿੱਚ ਕੋਈ ਪਾਪ ਕਰਮ ਕਰਨ ਦੀ ਕਲਪਣਾ ਨਹੀਂ ਤਾਂ ਭੌਤਿਕ ਹਿੰਸਾ ਦੀ ਵੀ ਸੰਭਾਵਨਾ ਨਹੀਂ ਹੈ। ਜੇ ਮਨੁੱਖ, ਮਨ ਵਿੱਚ ਪਾਪ ਸੋਚਦਾ ਹੈ ਪਰ ਇਨ੍ਹਾਂ ਵਿਚਾਰਾਂ ਨੂੰ ਅਸਲੀ ਰੂਪ ਨਹੀਂ ਦਿੰਦਾ ਤਦ ਵੀ ਉਹ ਹਿੰਸਕ ਹੈ। ਬੁਰਾਈ ਜੇ ਮਨ ਵਿੱਚ ਪੈਦਾ ਹੋ ਰਹੀ ਹੈ ਤਾਂ ਕਦੀ ਨਾ ਕਦੀ ਉਹ ਕਰਮ ਵਿੱਚ ਵੀ ਪ੍ਰਗਟ ਹੋ ਜਾਵੇਗੀ। ਲੋੜ ਹਰ ਵੇਲੇ ਮਨ ਉਪਰ ਸਖ਼ਤ ਪਹਿਰਾ ਦੇਣ ਦੀ ਹੈ।

(ਅ) ਬਚਨ ਕਰਕੇ : ਬੁਰੇ ਬੋਲ ਬੋਲ ਕੇ ਹਿਰਦਾ ਦੁਖਾਉਣਾ ਦੂਜੀ ਪ੍ਰਕਾਰ ਦੀ ਹਿੰਸਾ ਹੈ। ਝੂਠ ਨਹੀਂ ਬੋਲਣਾ, ਇਹ ਵੀ ਹਿੰਸਾ ਦਾ ਹੀ ਇੱਕ ਰੂਪ ਹੈ। ਅਜਿਹਾ ਸੱਚ ਬੋਲਣ ਦੀ ਕੋਈ ਜ਼ਰੂਰਤ ਨਹੀਂ ਜਿਹੜਾ ਕਿਸੇ ਹੋਰ ਲਈ ਕਸ਼ਟਦਾਈ ਹੋਵੇ। ਸੱਚ ਬੋਲਣ ਪਿੱਛੇ ਜੇ ਬੁਰੀ ਮਨਸ਼ਾ ਕੰਮ ਕਰਦੀ ਹੈ, ਤਦ ਸੱਚ ਵੀ ਨਿੰਦਣਯੋਗ ਹੈ।

(ੲ) ਕਰਮ ਕਰਕੇ : ਕਿਸੇ ਜੀਵ ਉੱਤੇ ਜਬਰ ਜ਼ਿਆਦਤੀ ਨਹੀਂ ਕਰਨੀ। ਪਸ਼ੂਆਂ ਨੂੰ ਹਰ ਵਕਤ ਬੰਨ੍ਹ ਕੇ ਰੱਖਣਾ ਅਤੇ ਉਨ੍ਹਾਂ ਤੋਂ ਸਮਰੱਥਾ ਨਾਲੋਂ ਵਧ ਕੰਮ ਲੈਣਾ ਹਿੰਸਾ ਹੈ। ਬੇਜ਼ਬਾਨ ਪਸ਼ੂ ਕੁਝ ਨਹੀਂ ਆਖ ਸਕਦੇ, ਨਾ ਉਜਰ ਇਤਰਾਜ਼ ਕਰ ਸਕਦੇ ਹਨ, ਪਰ ਜੇਕਰ ਇਨ੍ਹਾਂ ਨਾਲ ਧੱਕਾ ਕਰਾਂਗੇ ਤਾਂ ਉਸਦਾ ਪਾਪ ਸਾਡੇ ਕਰਮਾਂ ਨੂੰ ਬੁਰੇ ਬਣਾ ਕੇ ਆਤਮਾ ਉੱਤੇ ਚਿਪਕਾ ਦੇਵੇਗਾ ਤੇ ਸਾਡੀ ਮੁਕਤੀ ਵਿੱਚ ਵਿਘਨ ਪਵੇਗਾ। ਆਪ ਨਹੀਂ ਕਿਸੇ ਹੋਰ ਰਾਹੀਂ ਹਿੰਸਾ ਕਰਵਾਉਣੀ ਵੀ ਓਨਾ ਹੀ ਪਾਪ ਹੈ।

ਜੈਨ ਗ੍ਰੰਥਾਂ ਵਿੱਚ ਚਾਰ ਪ੍ਰਕਾਰ ਦੀ ਕਰਮ ਹਿੰਸਾ ਦਾ ਜ਼ਿਕਰ ਆਉਂਦਾ ਹੈ :-

(i) ਆਰੰਭੀ ਹਿੰਸਾ : ਸੰਸਾਰ ਵਿੱਚ ਅਨੇਕ ਪ੍ਰਕਾਰ ਦੇ ਜੀਵ ਹਨ। ਕੁਝ ਜੀਵ ਵਿਕਸਿਤ ਹਨ ਤੇ ਕੁਝ ਅਵਿਕਸਤ। ਵਿਕਸਤ ਜੀਵ 'ਤਰਸ' ਦੇ ਪਾਤਰ ਹਨ ਅਤੇ ਅਵਿਕਸਤ ਜੀਵ 'ਸਥਾਵਰ' ਹਨ। ਬਨਸਪਤੀ ਅਵਿਕਸਤ ਜੀਵ ਹਨ। ਇਹਨਾਂ ਨੂੰ ਭੋਜਨ ਲਈ ਵਰਤਣਾ ਆਰੰਭੀ ਹਿੰਸਾ ਹੈ। ਇਸ ਵਿੱਚ ਪਾਪ ਦੀ ਮਾਤਰਾ ਬਹੁਤ ਘੱਟ ਹੈ।

(ii) ਉਦਯੋਗੀ ਹਿੰਸਾ : ਗ੍ਰਹਿਸਥ ਚਲਾਉਣ ਲਈ, ਬਾਲ ਬੱਚਿਆਂ ਦੇ ਪਾਲਣ ਪੋਸ਼ਣ ਲਈ ਪਰਿਵਰਸ਼ ਲਈ ਇਕੱਤਰ ਕੀਤੀ ਸਮੱਗਰੀ। ਵਪਾਰ ਹਿੱਤ ਜਾਂ ਘਰ ਦੀ ਵਰਤੋਂ ਲਈ ਜਿਹੜੀ ਹਿੰਸਾ ਕੀਤੀ ਜਾਂਦੀ ਹੈ, ਉਹ ਉਦਯੋਗੀ ਹਿੰਸਾ ਹੈ। ਇਸ ਵਿੱਚ ਵੀ ਪਾਪ ਦੀ ਮਾਤਰਾ ਘੱਟ ਹੈ।

(iii) ਵਿਰੋਧੀ ਹਿੰਸਾ : ਕੋਈ ਪਸ਼ੂ ਜਾਂ ਜੀਵ ਤੁਹਾਨੂੰ ਮਾਰਦਾ ਹੈ ਤੇ ਤੁਸੀਂ ਉਸ ਤੋਂ ਬਚਣ ਲਈ ਉਸਨੂੰ ਮਾਰਦੇ ਹੋ, ਇਹ ਵਿਰੋਧੀ ਹਿੰਸਾ ਹੈ। ਇਸ ਵਿੱਚ ਵੀ ਪਾਪ ਨਹੀਂ ਹੈ।

(iv) ਸੰਕਲਪੀ ਹਿੰਸਾ : ਇਸ ਵਿੱਚ ਬੇਕਸੂਰ ਜੀਵਾਂ ਦੀ ਆਪਣੇ ਨਿੱਜੀ ਹਿੱਤਾਂ ਨੂੰ ਸਾਹਮਣੇ ਰੱਖ ਕੇ ਕੀਤੀ ਹਿੰਸਾ ਆਉਂਦੀ ਹੈ। ਇਹ ਪਾਪ ਕਰਮ ਹੈ।

ਉਪਰੋਕਤ ਸਭ ਕਿਸਮ ਦੀ ਹਿੰਸਾ ਵਿੱਚੋਂ ਗ੍ਰਹਿਸਥੀ ਲੋਕਾਂ ਨੂੰ ਸੱਭ ਤੋਂ ਪਹਿਲਾਂ ਸੰਕਲਪੀ ਹਿੰਸਾ ਦਾ ਤਿਆਗ ਕਰਨਾ ਚਾਹੀਦਾ ਹੈ। ਬਾਕੀ ਤਿੰਨ ਪ੍ਰਕਾਰ ਦੀ ਹਿੰਸਾ ਤੋਂ ਵੀ ਦੂਰ ਰਹਿਣ ਦਾ ਯਤਨ ਕੀਤਾ ਜਾਵੇ।

(2) ਸੱਤ :

ਝੂਠ ਦਾ ਤਿਆਗ ਮਨੁੱਖ ਨੂੰ ਧਰਮ ਪੰਧ 'ਤੇ ਸਿੱਧੀ ਦਿਸ਼ਾ ਵਿੱਚ ਲੈ ਕੇ ਚਲਦਾ ਹੈ। ਜਿੱਥੇ ਝੂਠ ਹੈ, ਉੱਥੇ ਧਰਮ ਨਹੀਂ। ਮਿੱਠੇ ਤੇ ਹਿਤਕਾਰੀ ਵਚਨ ਬੋਲਣੇ ਚਾਹੀਦੇ ਹਨ। ਕਰੋਧ ਵਿੱਚ ਆ ਕੇ ਝੂਠ ਬੋਲਿਆ ਜਾਂਦਾ ਹੈ। ਕਰੋਧ ਆਉਣ ਤੇ ਮੌਨ ਧਾਰਨ ਕਰ ਲਵੋ। ਝੂਠ ਤੇ ਕਰੋਧ ਕਲੇਸ਼ ਦੀ ਜੜ੍ਹ ਹਨ। ਸੱਤ ਨੂੰ ਧਾਰਨ ਕਰਨ ਲਈ ਹੇਠ ਲਿਖੀਆਂ ਪੰਜ ਗੱਲਾਂ ਜ਼ਰੂਰ ਕਰੋ :-

(i) ਕਿਸੇ ਉੱਪਰ ਝੂਠਾ ਇਲਜ਼ਾਮ ਨਾ ਲਾਓ।

(ii) ਕਿਸੇ ਦੇ ਭੇਦ ਦੂਜਿਆਂ ਸਾਹਮਣੇ ਪ੍ਰਗਟ ਨਾ ਕਰੋ।

(iii) ਵਿਸ਼ਵਾਸ ਘਾਤ ਨਾ ਕਰੋ।

(iv) ਗਲਤ ਸਲਾਹ ਦੇ ਕੇ ਗੁਮਰਾਹ ਨਾ ਕਰੋ।

(v) ਜਾਲਸਾਜ਼ੀ, ਝੂਠੇ ਪ੍ਰਮਾਣ ਪੱਤਰ ਨਾ ਤਿਆਰ ਕਰੋ।



Downloaded from https:// www.studiestoday.com

Downloaded from https:// www.studiestoday.com

(3) ਅਸਤੇਯ :

ਅਸਤੇਯ ਦਾ ਅਰਥ ਹੈ ਚੋਰੀ ਨਾ ਕਰਨਾ। ਕਿਸੇ ਦੀ ਵਸਤੂ ਚੁਰਾ ਲੈਣੀ ਸਿੱਧਾ ਅਪਰਾਧ ਹੈ। ਜੇ ਕੋਈ ਮਨੁੱਖ ਆਪਣੀ ਵਸਤੂ ਕਿਤੇ ਭੁੱਲ ਗਿਆ ਹੈ, ਉਸਦਾ ਪ੍ਰਯੋਗ ਕਰਨਾ ਵੀ ਚੋਰੀ ਹੈ। ਕਿਸੇ ਹੋਰ ਮਨੁੱਖ ਨੂੰ ਉਕਸਾ ਕੇ ਪਰਾਈ ਵਸਤੂ ਉੱਤੇ ਉਸਦਾ ਅਧਿਕਾਰ ਕਰਵਾ ਦੇਣਾ ਵੀ ਚੋਰੀ ਹੈ। ਗੁਰੂ ਨੇ ਜਿਹੜਾ ਲਿਬਾਸ ਪਹਿਨਣ ਦੀ ਆਗਿਆ ਦਿੱਤੀ ਹੈ ਉਹ ਛੱਡ ਕੇ ਕੋਈ ਹੋਰ ਭੇਖ ਕਰਨਾ ਚੋਰੀ ਹੈ। ਜੇ ਪਰਾਏ ਦੇਸ਼ ਵਿੱਚ ਰਾਜੇ ਦੀ ਆਗਿਆ ਬਿਨਾ ਘੁੰਮ ਰਹੇ ਹੋ ਤਾਂ ਵੀ ਚੋਰੀ ਹੈ।

ਚੋਰੀ ਦੀਆਂ ਦੋ ਕਿਸਮਾਂ ਹੁੰਦੀਆਂ ਹਨ :-

(i) ਸੂਖਮ ਚੋਰੀ।

(ii) ਸਥੂਲ ਚੋਰੀ।

ਸੂਖਮ ਚੋਰੀ ਵਿੱਚ ਨਿੱਕੇ ਮੋਟੇ ਕਰਮ ਆ ਜਾਂਦੇ ਹਨ ਜਿਹੜੇ ਗ੍ਰਹਿਸਥੀ ਲੋਕ ਸਹਿਜ ਸੁਭਾਅ ਆਪਣੇ ਪਰਿਵਾਰ ਲਈ ਕਰ ਲੈਂਦੇ ਹਨ, ਜਿਵੇਂ ਜੰਗਲ ਵਿੱਚੋਂ ਸਾਗ, ਕੰਦ-ਮੂਲ, ਲੱਕੜੀ, ਫ਼ਲ ਪ੍ਰਾਪਤ ਕਰਨਾ। ਸਮਾਜ ਵਿੱਚ ਕਾਨੂੰਨ ਦੀਆਂ ਨਜ਼ਰਾਂ ਵਿੱਚ ਜਿਹੜੀ ਚੋਰੀ ਦੰਡ ਯੋਗ ਹੈ, ਉਹ ਸਥੂਲ ਚੋਰੀ ਹੈ।

ਅਸਤੇਯ ਤੋਂ ਬਚਣ ਲਈ ਪੰਜ ਕਰਮ ਕਰਨੇ ਬੁਰੇ ਹਨ :-

(i) ਚੋਰੀ ਦਾ ਮਾਲ ਖਰੀਦਣਾ।

(ii) ਚੋਰ ਦੀ ਕਿਸਮ ਪ੍ਰਕਾਰ ਮਦਦ ਕਰਨਾ।

(iii) ਸਰਕਾਰੀ ਟੈਕਸ ਨਾ ਦੇਣਾ।

(iv) ਘੱਟ ਨਾਪ ਤੋਲ ਦੇ ਵੱਟੇ ਰੱਖਣਾ।

(v) ਮਿਲਾਵਟ ਕਰਨਾ।

ਰਾਹਗੀਰਾਂ ਨੂੰ ਲੁੱਟਣਾ ਨਹੀਂ, ਖੇਤ ਵਿੱਚ ਪਈਆਂ ਭਰੀਆਂ ਚੋਰੀ ਨਹੀਂ ਕਰਨਾ, ਆਪਣੀ ਚਾਬੀ ਨਾਲ ਕਿਸੇ ਦਾ ਜਿੰਦਰਾ ਨਹੀਂ ਖੋਲ੍ਹਣਾ।

(4) ਅਪਰਿਗ੍ਰਹਿ :

'ਅਪਰਿਗ੍ਰਹਿ' ਸ਼ਬਦ ਦਾ ਭਾਵ ਹੈ ਸੰਸਾਰਕ ਵਸਤਾਂ ਪ੍ਰਤੀ ਹੇਜ ਨਾ ਜਤਾਉਣਾ। ਲੋੜ ਤੋਂ ਵਧ ਚੀਜ਼ਾਂ ਇਕੱਠੀਆਂ ਕਰਨਾ ਹਵਸ ਹੈ। ਜੀਵਨ ਵਿੱਚ ਜ਼ਰੂਰੀ ਵਸਤਾਂ ਪ੍ਰਾਪਤ ਕਰਨ ਨੂੰ ਬੁਰਾਈ ਨਹੀਂ ਮੰਨਿਆ ਜਾਂਦਾ, ਪਰ ਵਸਤਾਂ ਦਾ ਭੰਡਾਰ ਜਮ੍ਹਾ ਕਰਨਾ ਅਸਲ ਵਿੱਚ ਲੋੜਵੰਦਾਂ ਦਾ ਹੱਕ ਮਾਰਨਾ ਹੈ। ਜਿੰਨੀ ਹਵਸ ਵਧੇਗੀ, ਮਨ ਓਨਾ ਹੀ ਅਸ਼ਾਂਤ ਹੋਵੇਗਾ, ਕਰਮ ਅਸ਼ੁੱਧ ਹੋਣਗੇ।

(5) ਬ੍ਰਹਮਚਰਜ :

ਹਰ ਹੀਲੇ ਮਨੁੱਖ ਕਾਮ-ਵਾਸ਼ਨਾਵਾਂ ਤੋਂ ਬਚੇ। ਬ੍ਰਹਮਚਰਜ ਇੰਦਰੀਆਂ ਉਪਰ ਕਰੜਾ ਪਹਿਰਾ ਦੇਣ ਦਾ ਨਾਮ ਹੈ। ਸਾਧੂ ਲੋਕ ਹਰ ਹੀਲੇ ਸਖਤ ਸੰਜਮ ਤੋਂ ਕੰਮ ਲੈਣ। ਜਿੱਥੋਂ ਤਕ ਗ੍ਰਹਿਸਥੀਆਂ ਦਾ ਸਵਾਲ ਹੈ, ਕੇਵਲ ਆਪਣੀ ਇਸਤਰੀ ਨਾਲ ਸੰਗ ਕਰਨਾ ਬ੍ਰਹਮਚਰਜ ਹੈ। ਕਾਮ ਵਾਸਤਵ ਵਿੱਚ ਜੀਵਨ ਨਸ਼ਟ ਕਰਨ ਵਾਲਾ ਖ਼ਤਰਨਾਕ ਰੋਗ ਹੈ।

ਇਹ ਉਪਰੋਕਤ ਪੰਜ ਮਹਾਂਵਰਤ ਆਪਣੇ ਆਪ ਵਿੱਚ ਕੋਈ ਮੰਜ਼ਲ ਨਹੀਂ। ਪਰ ਇਹਨਾਂ ਦਾ ਨਿਰੰਤਰ ਅਭਿਆਸ ਮਨੁੱਖ ਨੂੰ ਸੰਜਮੀ ਬਣਾ ਦਿੰਦਾ ਹੈ। ਇੱਕ ਦਿਨ ਇਸ ਸੰਜਮ 'ਤੇ ਚਲ ਕੇ 'ਕੈਵਲਯ ਪਦ' ਦੀ ਪ੍ਰਾਪਤੀ ਹੋ ਜਾਵੇਗੀ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

(1) ਜੈਨ ਧਰਮ ਅਨੁਸਾਰ ਹਿੰਸਾ ਕਿੰਨੇ ਪ੍ਰਕਾਰ ਦੀ ਹੈ ?

(2) ਸੰਕਲਪੀ ਹਿੰਸਾ ਤੋਂ ਕੀ ਭਾਵ ਹੈ ?

(3) ਸੱਤ ਤੋਂ ਕੀ ਭਾਵ ਹੈ ?

(4) ਅਸਤੇਯ ਕਿਸ ਨੂੰ ਆਖਿਆ ਗਿਆ ਹੈ ।?

(5) ਬ੍ਰਹਮ ਚਰਜ ਤੋਂ ਕੀ ਭਾਵ ਹੈ ?



Downloaded from https:// www.studiestoday.com

Downloaded from https:// www.studiestoday.com

ਨੌਂ ਤੱਤ

ਜੈਨ ਧਰਮ ਵਿੱਚ ਨੌਂ ਤੱਤਾਂ ਦਾ ਜ਼ਿਕਰ ਆਉਂਦਾ ਹੈ ਜੋ ਇਸਦੀ ਨੈਤਿਕ ਸਿੱਖਿਆ ਨਾਲ ਸੰਬੰਧਤ ਹਨ। ਇਨ੍ਹਾਂ ਤੱਤਾਂ ਦਾ ਵੇਰਵਾ ਜੀਵ, ਅਜੀਵ, ਪੁੰਨ, ਪਾਪ, ਆਸ਼ਰਵ, ਬੰਧ, ਸੰਵਰ, ਨਿਰਜਰਾ ਤੇ ਮੋਕਸ਼ ਹਨ।

(1) ਜੀਵ :

ਚੇਤਨਾ ਦ੍ਰਵ ਨੂੰ ਜੀਵ (ਆਤਮਾ) ਕਹਿੰਦੇ ਹਨ। ਸੰਸਾਰ ਵਿੱਚ ਹਰ ਜੀਵ ਅੰਦਰ ਚੇਤਨਾ ਪਾਈ ਜਾਂਦੀ ਹੈ। ਜੀਵ ਆਤਮਾ ਜਿਸ ਸਰੀਰ ਨੂੰ ਧਾਰਨ ਕਰਦੀ ਹੈ, ਉਸੇ ਦਾ ਹੀ ਆਕਾਰ ਲੈ ਲੈਂਦੀ ਹੈ। ਤੱਤਾਂ ਦੇ ਆਧਾਰ ਤੇ ਜੈਨ ਆਚਾਰੀਆਂ ਨੇ ਜੀਵ ਨੂੰ ਪੰਜਾਂ ਸ਼੍ਰੇਣੀਆਂ ਵਿੱਚ ਵੰਡਿਆ ਹੈ।

(ੳ) ਇਕੇਂਦਰੀ ਜੀਵ : ਇਹ ਹੇਠਲੀ ਪੱਧਰ ਦੇ ਇੱਕ ਇੰਦਰੀ ਵਾਲੇ ਜੀਵ ਹਨ ਜਿਵੇਂ ਪਾਣੀ, ਬਾਰਸ਼, ਤ੍ਰੇਲ, ਧੁੰਦ, ਪਿਘਲੀ ਬਰਫ, ਇਸਦੇ ਵੱਖ-ਵੱਖ ਰੂਪ ਹਨ। ਧਰਤੀ ਜੀਵ ਹੈ ਇਸਨੂੰ ਪ੍ਰਿਥਵੀ ਕਾਇਆ ਕਿਹਾ ਜਾਂਦਾ ਹੈ। ਇਸ ਵਿੱਚ ਸਪਰਸ਼ ਗਿਆਨ ਮੌਜੂਦ ਹੈ। ਅੱਗਨੀ ਵੀ ਕਾਇਆ ਹੈ, ਹਵਾ ਵੀ ਜੀਵ ਹੈ ਇਸਨੂੰ ਵਾਯੂ ਕਾਇਆ ਕਹਿੰਦੇ ਹਨ। ਭਾਵ ਪੰਜ ਤੱਤ ਜਦ ਇਕੱਲੇ-ਇਕੱਲੇ ਰੂਪ ਵਿੱਚ ਕਿਸੇ ਵਸਤੂ ਅੰਦਰ ਹਨ ਤਾਂ ਉਹ ਇਕੇਂਦਰ ਜੀਵ ਹਨ। ਬਨਸਪਤੀ ਇਸੇ ਸ਼੍ਰੇਣੀ ਵਿੱਚ ਆਉਂਦੀ ਹੈ।

(ਅ) ਬੇਂਦਰੀ ਜੀਵ : ਉਹ ਜੀਵ ਜਿਨ੍ਹਾਂ ਦੀਆਂ ਦੋ ਗਿਆਨ ਇੰਦ੍ਰੀਆਂ ਹਨ। ਜਿਵੇਂ ਘੋਗੇ, ਸਿੱਪੀਆਂ, ਸੰਖ। ਇਹਨਾਂ ਪਾਸ ਦੋ ਇੰਦਰੀਆਂ ਹਨ – ਸਪਰਸ਼ (ਛੂਹ) ਅਤੇ ਰਸਨਾ (ਸੁਆਦ) ਜੋਕਾਂ, ਗੰਡੋਏ ਵੀ ਇਸੇ ਸ਼੍ਰੇਣੀ ਦੇ ਜੀਵ ਹਨ।

(ੲ) ਤ੍ਰੀਏਂਦਰੀ ਜੀਵ : ਇਨ੍ਹਾਂ ਵਿੱਚ ਤਿੰਨ ਇੰਦਰੀਆਂ ਹੁੰਦੀਆਂ ਹਨ। ਇਸ ਸ਼੍ਰੇਣੀ ਵਿੱਚ ਕੀੜਿਆਂ, ਜੂੰਆਂ, ਪਿੱਸੂ ਆਉਂਦੇ ਹਨ। ਇਹ ਸਭ ਸਤਿਕਾਰ ਯੋਗ ਮਹਿਮਾਨ ਹਨ।

(ਸ) ਚਾਰ ਇੰਦਰੀ ਜੀਵ : ਇਹ ਚਾਰ ਇੰਦਰੀਆਂ ਵਾਲੇ ਜੀਵ ਹਨ। ਇਸ ਸ਼੍ਰੇਣੀ ਵਿੱਚ ਮੱਛਰ, ਬਿੱਛੂ, ਤਿਤਲੀਆਂ ਆਉਂਦੀਆਂ ਹਨ।

(ਹ) ਪੰਜ ਇੰਦਰੀ ਜੀਵ : ਇਸ ਵਿੱਚ ਸੁਆਦ, ਸਪਰਸ਼, ਸੁੰਘਣ, ਦੇਖਣ ਅਤੇ ਸੁਨਣ ਸ਼ਕਤੀ ਪੰਜ ਇੰਦਰੀਆਂ ਹੁੰਦੀਆਂ ਹਨ।

ਇਸਦੀਆਂ ਅੱਗੇ ਚਾਰ ਜਾਤੀਆਂ ਹਨ –

(i) ਜਲਚਰ : ਪੰਛੀ ਤੇ ਪਾਣੀ ਦੇ ਹੋਰ ਜੀਵ।

(ii) ਥਲਚਰ : ਗਾਂ, ਮੱਝ, ਘੋੜੇ, ਬਕਰੀ, ਪਸ਼ੂ ਆਦਿ।

(iii) ਖੇਚਰ : ਅਕਾਸ਼ ਵਿੱਚ ਉਡਣ ਵਾਲੇ ਪੰਛੀ।

(iv) ਉਰਿਸਰੱਪ : ਰੀਂਗਣ ਵਾਲੇ ਪ੍ਰਾਣੀ।

(v) ਭੁੱਜਿਪਰਿਸਰੱਪ : ਬਾਜੂਆਂ ਦੇ ਸਹਾਰੇ ਚਲਣ ਵਾਲੇ ਜੀਵ ਜਿਵੇਂ ਚੂਹੇ, ਨਿਉਲੇ ਆਦਿ।

ਸਭ ਤੋਂ ਪਹਿਲੀ ਸ਼੍ਰੇਣੀ ਵਾਲੇ ਭਾਵ ਇੱਕ ਇੰਦਰੀ ਵਾਲੇ ਜੀਵ ਸਥਾਵਰ (ਅਹਿੱਲ) ਹੁੰਦੇ ਹਨ ਤੇ ਬਾਕੀ ਤਰਸ (ਤੁਰਨ ਫਿਰਨ ਵਾਲੇ) ਹਨ।

ਗ੍ਰਹਿਸਥੀ ਲੋਕਾਂ ਲਈ ਸਥਾਵਰ (ਬਨਾਸਪਤੀ) ਦੀ ਵਰਤੋਂ ਕਰਨ ਦੀ ਆਗਿਆ ਹੈ ਪਰ ਉਹ ਵੀ ਸੰਜਮ ਨਾਲ।

(2) ਅਜੀਵ :

ਜੀਵ ਦਾ ਉਲਟ ਅਜੀਵ ਜਾਂ ਨਿਰਜੀਵ ਹੈ। ਜਿਹੜੇ ਤੱਤ ਚੇਤਨਾ ਤੋਂ ਰਹਿਤ ਹਨ ਉਹ ਆਜੀਵ ਹਨ। ਇਹ ਜੜ੍ਹ ਪਦਾਰਥ ਹਨ। ਇਨ੍ਹਾਂ ਦੀਆਂ ਪੰਜ ਕਿਸਮਾਂ ਹਨ :

(i) ਪੁਦਗਲ

(ii) ਧਰਮ



Downloaded from https:// www.studiestoday.com

Downloaded from https:// www.studiestoday.com

(iii) ਅਧਰਮ

(iv) ਅਕਾਸ਼

(v) ਕਾਲ

ਪੁਦਗਲ ਤੋਂ ਭਾਵ ਪਦਾਰਥ ਹੈ। ਧਰਮ ਤੋਂ ਭਾਵ ਗਤੀ ਅਤੇ ਨਜੋਦ ਗਤੀ ਵਿੱਚ ਰੋਕ ਪਾਵੇ ਉਹ ਅਧਰਮ ਹੈ। ਪੁਲਾੜ ਆਕਾਸ਼ ਹੈ ਤੇ ਸਮਾਂ ਕਾਲ ਹੈ।

(3) ਪੁੰਨ :

ਮਨ ਅਤੇ ਸਰੀਰ ਨੂੰ ਸੁਖ ਦੇਣ ਵਾਲੇ, ਸੇਵਾ ਵੀਰਤਾ ਵਧਾਉਣ ਵਾਲੇ ਕਰਮ ਪੁੰਨ ਹਨ। ਪੁੰਨ ਨੌ ਕਿਸਮ ਦੇ ਹਨ ਤੇ ਹਰ ਪੁੰਨ ਦਾ ਲਾਭ ਹੈ -

(i) ਅੰਨ-ਪੁੰਨ : ਭੁੱਖਿਆਂ, ਗਰੀਬਾਂ ਤੇ ਲੋੜਵੰਦਾ ਨੂੰ ਖਾਣ ਲਈ ਭੋਜਨ ਦੇਣਾ।

(ii) ਪਾਣ-ਪੁੰਨ : ਤਿਹਾਇਆਂ ਨੂੰ ਪਾਣੀ ਪਿਲਾਣਾ ਪੁੰਨ ਹੈ। ਖੂਹ ਨਲਕੇ ਲਵਾਉਣਾ ਵੀ ਪੁੰਨ ਹੈ।

(iii) ਵਸਤਰ ਪੁੰਨ : ਲੋੜਵੰਦਾਂ ਨੂੰ ਵਸਤਰ ਦੇਣਾ ਪੁੰਨ ਹੈ।

(iv) ਲਾਇਣ ਪੁੰਨ : ਸਾਧੂਆਂ ਲਈ ਕੁਟੀਆ ਬਣਵਾ ਦੇਣੀ, ਮੁਸਾਫ਼ਰਾਂ ਦੇ ਰੈਣ ਬਸੇਰੇ ਲਈ ਸਰਾਂ ਬਣਾ ਦੇਣਾ ਪੁੰਨ ਹੈ।

(v) ਸਾਇਣ ਪੁੰਨ : ਅਰਾਮ ਲਈ ਮੰਜੇ, ਬਿਸਤਰੇ, ਪੀਹੜੀਆਂ ਦਾਨ ਕਰਨਾ ਪੁੰਨ ਹੈ।

(vi) ਮਾਣ ਪੁੰਨ : ਮਨ ਵਿੱਚ ਨੇਕ ਭਾਵਨਾ ਰੱਖਣੀਆਂ, ਸਭ ਦਾ ਭਲਾ ਲੋਚਨਾ, ਅਸੀਸਾਂ ਦੇਣੀਆਂ ਪੁੰਨ ਹਨ।

(vii) ਸਰੀਰ ਪੁੰਨ : ਕਿਸੇ ਡੁੱਬਦੇ ਨੂੰ ਬਚਾਉਣਾ, ਅੱਗ ਵਿੱਚੋਂ ਬਾਹਰ ਕੱਢਣਾ, ਜ਼ਖਮ ਉੱਤੇ ਪੱਟੀ ਬੰਨਣਾ ਸਰੀਰ ਪੁੰਨ ਹੈ।

(viii) ਵਚਨ ਪੁੰਨ : ਚੰਗੇ ਮਿੱਠੇ ਬਚਨ ਕਹਿ ਕੇ ਕਿਸੇ ਦਾ ਹਿਰਦਾ ਸ਼ਾਂਤ ਕਰਨਾ ਪੁੰਨ ਹੈ।

(ix) ਨਮਸਕਾਰ ਪੁੰਨ : ਜਿਸ ਕਿਸੇ ਨੂੰ ਮਿਲੋ, ਪ੍ਰਣਾਮ ਨਮਸਕਾਰ ਕਰੋ। ਇਹ ਵੀ ਪੁੰਨ ਹੈ।

(4) ਪਾਪ :

ਸਭ ਤੋਂ ਵੱਡਾ ਪਾਪ ਜੀਵ ਹਿੰਸਾ ਮੰਨਿਆ ਗਿਆ ਹੈ। ਜੈਨ ਧਰਮ ਦਾ ਮੂਲ ਮੰਤਰ ਹੈ - "ਅਹਿੰਸਾ ਪਰਮੋਧਰਮਾ" ਭਾਵ ਜੀਵਾਂ ਉੱਪਰ ਦਇਆ ਕਰਨਾ ਵੱਡਾ ਧਰਮ ਹੈ। ਹਿੰਸਾ ਕਰਨਾ ਵੱਡਾ ਪਾਪ ਹੈ। ਦੂਜਾ ਪਾਪ ਝੂਠ ਬੋਲਣਾ ਹੈ। ਤੀਜਾ ਪਾਪ ਬੇਈਮਾਨੀ ਹੈ, ਚੌਥਾ ਚਰਿਤ੍ਰਹੀਣਤਾ, ਪੰਜਵਾਂ ਲੋਭ। ਇਵੇਂ ਹੀ ਮਾਇਆ, ਗੁੱਸਾ, ਮੋਹ, ਦਵੈਸ਼, ਈਰਖਾ, ਚੁਗਲੀ ਨਿੰਦਾ ਸਭ ਪਾਪ ਕਰਮ ਹਨ। ਇਹਨਾਂ ਤੋਂ ਬਚਣਾ ਜ਼ਰੂਰੀ ਹੈ।

(5) ਆਸ਼ਰਵ :

ਕਰਮਾਂ ਦਾ ਆਤਮਾ ਵਲ ਵਹਾਉ ਆਸ਼ਰਵ ਹੈ। ਆਰੰਭ ਵਿੱਚ ਬੱਚੇ ਦੀ ਆਤਮਾ ਸ਼ੁੱਧ ਤੇ ਨਿਰਮਲ ਹੁੰਦੀ ਹੈ। ਜਿਉਂ-ਜਿਉਂ ਵੱਡਾ ਹੁੰਦਾ ਹੈ ਬੁਰੇ ਕਰਮ ਕਰਨ ਨਾਲ ਆਤਮਾ ਉੱਪਰ ਭਾਰ ਚੜ੍ਹਦਾ ਜਾਂਦਾ ਹੈ। ਇਹ ਇਵੇਂ ਹੈ ਜਿਵੇਂ ਕਿਸ਼ਤੀ ਦੇ ਛੇਕ ਰਾਹੀਂ ਉਸ ਵਿੱਚ ਪਾਣੀ ਭਰਦਾ ਜਾਵੇ ਤੇ ਅੰਤ ਕਿਸ਼ਤੀ ਡੁੱਬ ਜਾਂਦੀ ਹੈ। ਇਵੇਂ ਪਾਪ ਕਰਮਾਂ ਨਾਲ ਆਤਮਾ ਮੈਲੀ ਹੋ ਜਾਂਦੀ ਹੈ। ਜੈਨ ਧਰਮ ਵਿੱਚ 42 ਪ੍ਰਕਾਰ ਦੇ ਆਸ਼ਰਵ ਦੱਸੇ ਗਏ ਹਨ।

(6) ਸੰਵਰ :

ਸੰਵਰ ਦਾ ਅਰਥ ਸੰਵਾਰਨਾ ਜਾਂ ਰੋਕਣਾ। ਜੇ ਕਿਸ਼ਤੀ ਵਿੱਚ ਛੇਕ ਹੋ ਗਿਆ ਤਾਂ ਚੀਕਣ ਚਿਲਾਉਣ ਦੀ ਬਜਾਇ ਇਹੀ ਉਚਿਤ ਹੈ ਕਿ ਛੇਕ ਬੰਦ ਕੀਤਾ ਜਾਵੇ ਤੇ ਪਾਣੀ ਬਾਹਰ ਕੱਢ ਦਿੱਤਾ ਜਾਵੇ। ਜੋ ਮੰਦ ਕਰਮ ਆਤਮਾ ਉੱਪਰ ਮੈਲ ਬਣਕੇ ਜੰਮਦੇ ਜਾ ਰਹੇ ਹਨ, ਉਨ੍ਹਾਂ ਨੂੰ ਨਾਲੋਂ ਨਾਲ ਧੋ ਦੇਣਾ ਸੰਵਰ ਹੈ। ਇਸਨੂੰ ਮੰਦ ਕਰਮਾਂ ਦਾ ਆਤਮਾ ਵੱਲੋਂ ਰੋਕਣਾ ਵੀ



Downloaded from https:// www.studiestoday.com

Downloaded from https:// www.studiestoday.com

ਕਿਹਾ ਜਾਂਦਾ ਹੈ। ਜੈਨੀ ਗ੍ਰੰਥਾਂ ਵਿੱਚ ਸੰਵਰ ਦੇ ਜੋ ਉਪਾਅ ਦੱਸੇ ਗਏ ਹਨ, ਉਨ੍ਹਾਂ ਦੀ ਗਿਣਤੀ 57 ਹੈ।

(7) ਬੰਧ :

ਬੰਧ ਤੋਂ ਵਸਤਾਂ ਕਰਮ + ਆਤਮਾ ਦੇ ਆਪਸੀ ਮੇਲ ਦਾ ਨਾਮ ਹੈ। ਦੁੱਧ ਵਿੱਚ ਮਿੱਠਾ ਘੋਲ ਦਈਏ ਤਾਂ ਇਹ ਦਿਸਦਾ ਭਾਵੇਂ ਨਹੀਂ, ਪਰ ਇਸਦੀ ਹੋਂਦ ਕਾਇਮ ਰਹਿੰਦੀ ਹੈ। ਇਵੇਂ ਹੀ ਮਾੜੇ ਕਰਮ ਸਾਡੀ ਆਤਮਾ ਵਿੱਚ ਜਜ਼ਬ ਹੋ ਕੇ ਇਸ ਨੂੰ ਮੈਲੀ ਕਰ ਦਿੰਦੇ ਹਨ। ਜਦੋਂ ਕੱਪੜੇ ਉੱਤੇ ਤੇਲ ਲੱਗ ਜਾਵੇ ਤਾਂ ਮੈਲ ਵਧੇਰੇ ਜੰਮਦੀ ਹੈ ਤੇ ਉਤਾਰਨੀ ਵੀ ਔਖੀ ਹੈ। ਕੱਪੜਾ ਆਤਮਾ ਹੈ, ਤੇਲ ਸਾਡੀਆਂ ਕਰਮ ਭਾਵਨਾਵਾਂ ਤੇ ਮੈਲ ਪੁਦਗਲ। ਪੁਦਗਲ ਦਾ ਭਾਵ ਮਹੀਨ ਕਣਾਂ ਵਾਲਾ ਦ੍ਰਵ। ਬੰਧ ਦੇ ਕਾਰਨ ਜੀਵ ਬਾਰ ਬਾਰ ਸੰਸਾਰ ਵਿੱਚ ਜਨਮ ਲੈਂਦਾ ਹੈ।

(8) ਨਿਰਜਰਾ :

ਪੁਦਗਲ ਦੀ ਮੈਲ ਨੂੰ ਖ਼ਤਮ ਕਰਨਾ ਨਿਰਜਰਾ ਹੈ। ਮਨ ਅਤੇ ਇੰਦਰੀਆਂ ਉੱਤੇ ਕਾਬੂ ਪਾ ਕੇ, ਸੰਜਮ ਪੂਰਨ ਜੀਵਨ ਬਤੀਤ ਕਰਕੇ, ਸੰਵਰ ਰਾਹੀਂ ਆਤਮਾ ਵੱਲੋਂ ਕਰਮਾਂ ਦਾ ਵਹਾਓ ਬੰਦ ਕਰਕੇ ਪਾਪਾਂ ਦੀ ਮੈਲ ਤੋਂ ਪਿੱਛਾ ਛੁਡਾਇਆ ਜਾ ਸਕਦਾ ਹੈ। ਖਿਮਾ ਕਰਨ, ਹੰਕਾਰ ਤੇ ਕਾਬੂ ਪਾਉਣ, ਸੁੱਚਾ ਆਚਰਣ ਰੱਖਣ, ਸੰਜਮ, ਤੱਪ ਅਤੇ ਬ੍ਰਹਮਚਰਜ ਆਦਿਕ ਸਾਧਨਾਵਾਂ ਕਰਨ ਨਾਲ ਪਿਛਲੇ ਦਾਖ਼ਲ ਹੋਏ ਕਰਮਾਂ ਤੋਂ ਛੁਟਕਾਰਾ ਪ੍ਰਾਪਤ ਹੋ ਜਾਂਦਾ ਹੈ। ਭੋਜਨ ਘਟਾਉਣਾ ਜ਼ਰੂਰੀ ਹੈ। ਵਰਤ ਰੱਖੇ। ਸਾਧੂਆਂ ਨੂੰ ਹੁਕਮ ਹੈ ਦੁੱਧ, ਘਿਓ, ਖੰਡ, ਗੁੜ ਬਿਲਕੁਲ ਨਾ ਖਾਣ ਕਿਉਂਕਿ ਇਨ੍ਹਾਂ ਦੇ ਖਾਣ ਨਾਲ ਮੋਟਾਪਾ ਵਧਦਾ ਹੈ ਤੇ ਸੁਸਤੀ ਪੈਂਦੀ ਹੈ ਜੋ ਧਰਮ ਲਈ ਅਨੁਚਿਤ ਹੈ।

ਸਾਧੂ ਆਪਣੇ ਸਰੀਰ ਨੂੰ ਸਾਧਣ ਲਈ ਗਰਮੀਆਂ ਵਿੱਚ ਧੁੱਪੇ ਤੱਪ ਕਰੇ, ਸਰਦੀਆਂ ਵਿੱਚ ਘੱਟ ਕੱਪੜੇ ਪਾਵੇ। ਹਰ ਸੁਬ੍ਹਾ-ਸ਼ਾਮ ਪ੍ਰਾਰਥਨਾ ਕਰੇ – 'ਭਗਵਾਨ ਮੇਰੇ ਪਾਪ ਹਰੋ।'

ਵਿੱਦਿਆ ਪ੍ਰਾਪਤੀ ਅਤਿਅੰਤ ਸ਼ੁਭ ਕਾਰਜ ਹੈ। ਪਾਠ ਕਰਨਾ, ਗ੍ਰੰਥਾਂ ਦਾ ਸਤਿਕਾਰ ਕਰਨਾ। ਧਿਆਨ ਲਗਾਉਣਾ। ਇਹ ਸਾਰੇ ਨਿਰਜਰਾ ਕਰਮ ਹਨ।

(9) ਮੋਕਸ਼ :

ਮੋਕਸ਼ ਮਨੁੱਖ ਦੇ ਜੀਵਨ ਦਾ ਉੱਤਮ ਉਦੇਸ਼ ਹੈ। ਜੈਨ ਧਰਮ ਵਿੱਚ ਮੋਕਸ਼ ਨੂੰ 'ਕੈਵਲਯ' ਕਹਿੰਦੇ ਹਨ। ਅਵੱਲ ਤੇ ਆਖਰ ਇਹੋ ਪ੍ਰਾਪਤੀ ਹੈ ਜਿਸ ਨਾਲ ਮਨੁੱਖਾ ਜੀਵਨ ਸਫ਼ਲ ਹੁੰਦਾ ਹੈ। ਜੀਵਾਂ ਵਿੱਚੋਂ ਸਿਰਫ਼ ਮਨੁੱਖ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ। ਇਸ ਲਈ ਪਹਿਲੋਂ ਹਰ ਜੀਵ ਨੂੰ ਮਨੁੱਖੀ ਜਾਮੇ ਵਿੱਚ ਆਉਣਾ ਪਵੇਗਾ। ਜਿਹੜਾ ਮਨੁੱਖ ਕੇਵਲਯ ਪਦ ਪ੍ਰਾਪਤ ਕਰ ਲੈਂਦਾ ਹੈ ਉਸਨੂੰ ਸਿਧ, ਬੁੱਧ, ਨਾਥ ਜਾਂ ਅਰਹਤ ਕਿਹਾ ਜਾਂਦਾ ਹੈ। ਅਰਹਤ ਦੀ ਸ਼ਖ਼ਸੀਅਤ ਅਸੀਮ ਹੁੰਦੀ ਹੈ। ਪੁਲਾੜ ਤੇ ਕਾਲ ਦੋਹਾਂ ਵਿੱਚ ਉਹ ਅਨੰਤ ਹੈ। ਜਿਹੜਾ ਇੱਕ ਵਾਰ ਮੁਕਤ ਹੋ ਗਿਆ, ਉਹ ਦੁਬਾਰਾ ਫਿਰ ਜਨਮ ਦੇ ਬੰਧਨ ਵਿੱਚ ਨਹੀਂ ਆਉਂਦਾ।

ਦਿਗੰਬਰ ਫਿਰਕੇ ਮੁਤਾਬਿਕ ਖੁਸਰਾ ਤੇ ਔਰਤ ਮੁਕਤ ਨਹੀਂ ਹੋ ਸਕਦੇ। ਇਨ੍ਹਾਂ ਨੂੰ ਪਹਿਲਾਂ ਮਰਦ ਦੇ ਜਾਮੇ ਵਿੱਚ ਜਨਮ ਲੈਣਾ ਪਵੇਗਾ। ਪਰ ਸ਼ਵੇਤਾਂਬਰਾਂ ਦਾ ਵਿਚਾਰ ਹੈ ਕਿ ਖੁਸਰਾ ਤੇ ਔਰਤ ਵੀ ਮੁਕਤ ਹੋ ਜਾਂਦੇ ਹਨ।

ਮੁਕਤੀ ਪ੍ਰਾਪਤੀ ਲਈ ਤਿੰਨ ਗੁਣ ਵਰਤ, ਚਾਰ ਸਿੱਖਿਆ ਵਰਤ ਤੇ ਪੰਜ ਮਹਾਂ ਵਰਤਾਂ ਨੂੰ ਅਮਲ ਵਿੱਚ ਲਿਆਉਣ ਦੀ ਲੋੜ ਹੈ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

(1) ਨੌਂ ਤੱਤ ਕਿਹੜੇ ਕਿਹੜੇ ਹਨ ?

(2) ਜੀਵ ਤੱਤ ਤੇ ਨਿਰਜੀਵ ਤੱਤ ਵਿੱਚ ਕੀ ਅੰਤਰ ਹੈ ?

(3) ਪੁੰਨ ਤੱਤ ਕਿਹੜੇ ਹਨ ?

(4) ਆਸ਼ਰਵ ਤੱਤ ਤੋਂ ਕੀ ਭਾਵ ਹੈ ?

(5) ਬੰਧ ਤੱਤ ਕੀ ਹੈ ?



Downloaded from https:// www.studiestoday.com

Downloaded from https:// www.studiestoday.com

**ਤਿੰਨ ਗੁਣ ਵਰਤ :**

ਜੈਨ ਧਰਮ ਦੀ ਨੈਤਿਕ ਸਿੱਖਿਆ ਵਿੱਚ ਤਿੰਨ ਗੁਣ ਵਰਤ ਇਸ ਪ੍ਰਕਾਰ ਹਨ -

(i) **ਦਿਗ ਵਰਤ** :- ਜਿੰਨਾ ਵਧੀਕ ਫੇਰਾ ਤੋਰਾ ਹੋਵੇਗਾ ਓਨੇ ਵਧੀਕ ਸੰਸਕਾਰ ਪੈਦਾ ਹੋਣਗੇ। ਓਨੇ ਵਧੀਕ ਬੰਧਨ ਪੈਣਗੇ। ਸੋ ਕੁਝ ਚਿਰ ਲਈ ਆਪਣੀਆਂ ਗਤੀਵਿਧੀਆਂ ਦਾ ਘੇਰਾ ਸੀਮਤ ਕੀਤਾ ਜਾਵੇ। ਇਸ ਨੂੰ ਦਿਗ-ਵਰਤ ਕਹਿੰਦੇ ਹਨ।

(ii) **ਦੇਸ਼ ਵਰਤ** :- ਅਜਿਹਾ ਸਮਾਂ ਵੀ ਨਿਸ਼ਚਿਤ ਕੀਤਾ ਜਾਵੇ ਕਿ ਕਿਸੇ ਪ੍ਰਕਾਰ ਦੀ ਗਤੀ ਨਾ ਕੀਤੀ ਜਾਵੇ। ਇਕਾਂਤ ਵਿੱਚ ਇੱਕੋ ਥਾਂ ਤੇ ਟਿਕ ਕੇ ਬੈਠ ਕੇ ਸਮਾਧੀ ਲਾਈ ਜਾਵੇ। ਪਹਿਲੇ ਵਰਤ ਵਿੱਚ ਸਮੇਂ ਦਾ ਬੰਧਨ ਸੀ ਇਸ ਵਿੱਚ ਸਥਾਨ ਦਾ ਵੀ ਬੰਧਨ ਹੈ।

(iii) ਅਨਰਥ ਦੰਡ ਵਰਤ :- ਆਪਣਾ ਕਾਰ ਵਿਹਾਰ, ਸੰਬੰਧ, ਕੁਝ ਸਮੇਂ ਲਈ ਇਨ੍ਹਾਂ ਨੂੰ ਵੀ ਤਿਆਗਦੇ ਰਹਿਣ ਦਾ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ। ਇਹ ਸੋਚਦੇ ਰਹਿਣਾ ਚਾਹੀਦਾ ਹੈ ਕਿ ਇਹ ਸੰਤਾਨ, ਇਹ ਸੰਪਤੀ, ਇਹ ਸਰੀਰ ਮੇਰਾ ਨਹੀਂ ਹੈ। ਬੁਰੇ ਖਿਆਲ ਤਿਆਗ ਦੇਣੇ ਚਾਹੀਦੇ ਹਨ, ਆਲਸ ਛੱਡਣਾ ਚਾਹੀਦਾ ਹੈ। ਨਾ ਆਪ ਬੁਰਾ ਚਿੰਤਨ ਕਰਨਾ ਤੇ ਨਾ ਕਿਸੇ ਹੋਰ ਨੂੰ ਬੁਰਾਈ ਕਰਨ ਦੀ ਪ੍ਰੇਰਨਾ ਦੇਣੀ। ਇਹ ਸਭ ਅਨਰਥ ਦੰਡ ਵਰਤ ਹਨ। ਅਜਿਹਾ ਕਰਕੇ ਬਿਨਾ ਮਤਲਬ ਆਪਣੇ ਆਪ ਨੂੰ ਦੰਡ ਦਿੱਤਾ ਜਾ ਰਿਹਾ ਹੁੰਦਾ ਹੈ।

**ਚਾਰ ਸਿੱਖਿਆ ਵਰਤ :-**

ਚਾਰ ਸਿੱਖਿਆ ਵਰਤ ਇਸ ਪ੍ਰਕਾਰ ਹਨ :

(i) **ਦੇਸ਼ ਵਰਤ** : ਇਕ ਦੇਸ਼ ਤੇ ਖੇਤਰ ਨਿਸਚਿਤ ਕਰ ਲੈਣਾ ਜਿਸ ਤੋਂ ਅੱਗੇ ਗ੍ਰਹਿਸਥੀ ਨਾ ਜਾਵੇ ਤੇ ਨਾ ਹੀ ਅਜਿਹਾ ਕੋਈ ਵਿਵਹਾਰ ਕਰੇ।

(ii) **ਸਾਮਨਿਕ ਵਰਤ** : ਨਿਸ਼ਚਿਤ ਸਮੇਂ ਤੇ (ਸਵੇਰ, ਦੁਪਹਿਰ ਜਾਂ ਸ਼ਾਮ) ਸਾਰੇ ਸੰਸਾਰਕ ਕੰਮ ਛਡ ਕੇ, ਸਾਰੀ ਈਰਖਾ ਭਾਵ ਤਿਆਗ ਕੇ, ਸੱਚੇ ਭਾਵ ਧਾਰਨ ਕਰਕੇ ਸ਼ੁਧ ਆਤਮਾ ਸਰੂਪ ਵਿੱਚ ਲੀਨ ਹੋਇਆ ਜਾਵੇ। ਇਸ ਨੂੰ ਸਾਮਨਿਕ ਵਰਤ ਕਹਿੰਦੇ ਹਨ।

(iii) ਪੋਸ਼ਧੋਪਵਾਸ ਵਰਤ : ਹਰੇਕ ਅਸ਼ਟਮੀ ਤੇ ਚਤੁਰਦਸੀ ਦੇ ਦਿਨ ਸੰਸਾਰਿਕ ਕੰਮ ਦਾ ਤਿਆਗ ਕਰਕੇ ਮੁਨੀਆਂ ਦੇ ਸਮਾਨ ਜੀਵਨ ਬਤੀਤ ਕਰਨ ਦਾ ਯਤਨ ਕਰਨ ਨੂੰ ਪੋਸ਼ਧੋਪਵਾਸ ਵਰਤ ਕਹਿੰਦੇ ਹਨ। ਇਸ ਦਿਨ ਗ੍ਰਹਿਸਥੀ ਨੂੰ ਸਭ ਤਰ੍ਹਾਂ ਦੇ ਭੋਜਨ ਤਿਆਗ ਕੇ ਧਰਮ ਕਥਾ ਸੁਣਨ ਵਿੱਚ ਵੀ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ।

(iv) **ਅਤਿਥੀ ਸੰਵਿਭਾਗ ਵਰਤ** : ਵਿਦਵਾਨ ਮਹਿਮਾਨਾਂ ਤੇ ਵਿਸ਼ੇਸ਼ ਕਰਕੇ ਮੁਨੀਆਂ ਦਾ ਸਨਮਾਨ ਪੂਰਵਕ ਸੁਆਗਤ ਕਰਨਾ ਅਤਿਥੀ ਸੰਵਿਭਾਗ ਵਰਤ ਹੈ।

ਇਹ ਸਾਰੇ ਵਰਤ ਮਨੁੱਖ ਨੂੰ ਸ਼ੁਭ ਤੇ ਚੰਗੇ ਕਰਮਾਂ ਵਲ ਪ੍ਰੇਰਿਤ ਕਰਦੇ ਹਨ। ਗੁਣ ਵਰਤ ਅਮਲੀ ਜੀਵਨ ਦੇ ਵਰਤ ਹਨ ਤੇ ਸਿੱਖਿਆ ਵਰਤ ਪ੍ਰੇਰਨਾਦਾਇਕ ਵਰਤ ਹਨ।

**ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ**

(1) ਤਿੰਨ ਗੁਣ ਵਰਤ ਕਿਹੜੇ ਕਿਹੜੇ ਹਨ ?

(2) ਚਾਰ ਸਿੱਖਿਆ ਵਰਤ ਕਿਹੜੇ ਹਨ ?

(3) ਗੁਣ ਵਰਤ ਤੇ ਸਿੱਖਿਆ ਵਰਤ ਵਿੱਚ ਕੀ ਅੰਤਰ ਹੈ ?

(4) ਦੇਸ਼ ਵਰਤ ਕੀ ਹੁੰਦਾ ਹੈ ?



Downloaded from https:// www.studiestoday.com

Downloaded from https:// www.studiestoday.com

ਜੈਨ ਧਰਮ ਦਾ ਪਤਨ ਤੇ ਫਿਰਕੇ :

ਭਗਵਾਨ ਮਹਾਂਵੀਰ ਦੇ ਦੇਹਾਂਤ ਮਗਰੋਂ ਜੈਨ ਧਰਮ ਤੇਜ਼ੀ ਨਾਲ ਵਧਦਾ ਫੁਲਦਾ ਰਿਹਾ, ਪਰ ਇਸ ਵਿੱਚ ਅੰਦਰੂਨੀ ਮੱਤਭੇਦ ਪੈਦਾ ਹੁੰਦੇ ਗਏ। ਧਰਮ ਗ੍ਰੰਥਾਂ ਦੀ ਪ੍ਰਮਾਣਿਕਤਾ, ਪਹਿਰਾਵੇ ਅਤੇ ਫਿਰਕਿਆਂ ਵਿਚਕਾਰ ਤਣਾਉ ਵਧਦਾ ਗਿਆ। ਭਗਵਾਨ ਮਹਾਂਵੀਰ ਦੇ ਸਮੇਂ ਹੀ ਮੱਖਲੀ ਗੋਸ਼ਾਲ ਅਤੇ ਜਮਾਲੀ ਜੋ ਉਨ੍ਹਾਂ ਦੇ ਸ਼ਾਗਿਰਦ ਸਨ, ਦੋਵਾਂ ਵਿੱਚਕਾਰ ਮਤਭੇਦ ਪੈਦਾ ਹੋ ਗਿਆ ਸੀ। ਭਗਵਾਨ ਮਹਾਂਵੀਰ ਦੇ ਦੇਹਾਂਤ ਪਿੱਛੋਂ ਇਹ ਮਤਭੇਦ ਹੋਰ ਵਧ ਗਏ, ਜਿਸ ਨਾਲ ਜੈਨ ਮਤ ਫਿਰਕਿਆਂ ਵਿੱਚ ਵੰਡਿਆ ਗਿਆ।

ਪਹਿਲੀ ਮਹਾਂਸਭਾ ਜੋ ਪਾਟਲੀਪੁਤਰ ਵਿਖੇ ਹੋਈ ਸੀ ਉਸ ਵਿੱਚ ਦੋ ਵੱਡੇ ਦਿਗੰਬਰ ਅਤੇ ਸ਼ਵੇਤਾਂਬਰ ਹੋਂਦ ਵਿੱਚ ਆ ਗਏ ਸਨ। ਅਸਲ ਵਿੱਚ ਜੈਨ ਧਰਮ ਦੀਆਂ ਮੂਲ ਸਿਖਿਆਵਾਂ ਕਿਤੇ ਗਵਾਚ ਨਾ ਜਾਣ, ਇਸ ਮਨੋਰਥ ਨੂੰ ਸਾਹਮਣੇ ਰੱਖ ਕੇ ਸਥੂਲ ਭੱਦਰ ਭਿੱਖੂ ਨੇ ਪੂਰਵਾਂ ਵਿੱਚ ਦਰਜ ਮਹਾਂਵੀਰ ਦੀਆਂ ਸਿਖਿਆਵਾਂ ਸੰਪਾਦਤ ਕਰਨ ਅਤੇ ਤਰਤੀਬ ਦੇਣ ਲਈ ਪਾਟਲੀਪੁੱਤਰ ਵਿੱਚ ਮਹਾਂ ਸਭਾ ਬੁਲਾਈ ਸੀ। ਭੱਦਰਬਾਹੂ ਦੇ ਕੁੱਝ ਸ਼ਾਗਿਰਦ ਭਿੱਖੂ, ਜੋ ਦਖਣੀ ਭਾਰਤ ਤੋਂ ਵਾਪਿਸ ਆਏ ਤਾਂ ਉਹਨਾਂ ਨੇ ਸਥੂਲਭਦਰ ਵੱਲੋਂ ਕੀਤੀ ਗਈ ਪੂਰਵਾ ਦੇ ਅੰਗ ਵਿੱਚਲੀ ਤਰਤੀਬ ਨੂੰ ਪਸੰਦ ਨਾ ਕੀਤਾ। ਉਨ੍ਹਾਂ ਨੇ ਕਿਹਾ ਇਹ ਅੰਗ ਮਹਾਂਵੀਰ ਦੀਆਂ ਮੂਲ ਸਿਖਿਆਵਾਂ ਨਹੀਂ ਹਨ। ਇਸ ਸਭਾ ਤੋਂ ਪਿੱਛੋਂ ਕਾਫ਼ੀ ਭਿਖੂਆਂ ਨੇ ਸਫ਼ੇਦ ਵਸਤਰ ਪਹਿਨਣੇ ਸ਼ੁਰੂ ਕਰ ਦਿੱਤੇ। ਨਾਂਗੇ ਸਾਧੂਆਂ ਨੇ ਇਸ ਪ੍ਰਥਾ ਦੀ ਨਿਖੇਧੀ ਕੀਤੀ। ਇਸ ਨਾਲ ਜੈਨ ਧਰਮ ਦੇ ਫਿਰਕਿਆਂ ਵਿੱਚ ਪੱਕੇ ਤੌਰ ਤੇ ਵੰਡਿਆ ਗਿਆ :

(1) ਦਿਗੰਬਰ

(2) ਸਵੇਤਾਂਬਰ

ਦੋਹਾਂ ਦਾ ਲਿਬਾਸ ਅੱਡ, ਪ੍ਰਚਾਰ ਅੱਡ ਅਤੇ ਸਿਧਾਂਤ ਵੱਖ-ਵੱਖ ਹੁੰਦੇ ਗਏ।

ਦਿਗੰਬਰ :

ਦਿਗੰਬਰ ਦਾ ਅਰਥ ਹੈ ਜਿਸ ਵਿਅਕਤੀ ਨੇ ਅਕਾਸ਼ ਦਾ ਲਿਬਾਸ ਪਹਿਨਿਆਂ ਹੋਵੇ। ਦਿਗ ਦੇ ਅਰਥ ਹਨ ਅਕਾਸ਼ ਅਤੇ ਅੰਬਰ ਦੇ ਅਰਥ ਹਨ ਵਸਤਰ। ਇਹ ਨਾਂਗੇ ਸਾਧੂ ਸਨ। ਇਹਨਾਂ ਦੇ ਕੁਝ ਸਿਧਾਂਤ ਇਸ ਪ੍ਰਕਾਰ ਹਨ –

(i) ਇਹ ਸਾਧੂ ਸਦਾ ਨੰਗੇ ਰਹਿੰਦੇ ਸਨ।

(ii) ਜਿਹੜਾ ਵਿਅਕਤੀ ਗਿਆਨੀ ਹੋ ਜਾਂਦਾ, ਭਾਵ ਜਿਸਨੇ ਕੈਵਲਯ ਪਦ ਪ੍ਰਾਪਤ ਕਰ ਲਿਆ ਹੋਵੇ ਅਤੇ ਉਸ ਲਈ ਭੋਜਨ ਵਸਤਰ ਚੀਜ਼ਾਂ ਦੀ ਲੋੜ ਨਹੀਂ ਰਹਿੰਦੀ।

(iii) ਇਸਤਰੀਆਂ ਇਸ ਪੰਥ ਵਿੱਚ ਦਾਖਲ ਨਹੀਂ ਹੋ ਸਕਦੀਆਂ ਸਨ।

(iv) ਇਹ ਸਾਧੂ ਬਾਲ ਬ੍ਰਹਮਚਾਰੀ ਸਨ।

ਸ਼ਵੇਤਾਂਬਰ :

ਇਹ ਸਫ਼ੇਦ ਕੱਪੜੇ ਪਹਿਨਦੇ ਸਨ, ਵਿਆਹ ਸ਼ਾਦੀ ਕਰਵਾਉਂਦੇ ਸਨ, ਇਸਤਰੀਆਂ ਇਸ ਪੰਥ ਵਿੱਚ ਸ਼ਾਮਿਲ ਸਨ। ਹਰ ਕੋਈ ਕੈਵਲਯ ਪਦ ਦਾ ਅਧਿਕਾਰੀ ਸੀ।

ਦਿਗੰਬਰ ਤੇ ਸ਼ਵੇਤਾਂਬਰ ਬਾਅਦ ਵਿੱਚ ਫਿਰ ਉਪ-ਫਿਰਕਿਆਂ ਵਿੱਚ ਵੰਡੇ ਗਏ। ਦਿਗੰਬਰ ਫਿਰਕੇ ਦੇ ਕੁਝ ਪੰਥ - ਦਰਾਵੜ ਸੰਘ, ਕਾਸ਼ਠ ਸੰਘ, ਮਥਰਾ ਸੰਘ, ਯਾਪਨੀ ਸੰਘ, ਤੇਰਾ ਪੰਥ, ਬੀਸ ਪੰਥ ਅਤੇ ਗਮਾਨ ਪੰਥ ਹਨ।

ਸ਼ਵੇਤਾਂਬਰ ਦੇ ਮੁਖ ਪੰਥ – ਸਥਾਨਕਵਾਸੀ ਅਤੇ ਪੰਥੀ ਹਨ।

ਇਹਨਾਂ ਦੋਵਾਂ ਫਿਰਕਿਆਂ ਨੇ ਮੰਦਰਾਂ ਅਤੇ ਬੁੱਤ ਪੂਜਾ ਦਾ ਤਿਆਗ ਕਰਨ ਤੇ ਜ਼ੋਰ ਦਿੱਤਾ। ਜੈਨ ਮੰਦਰਾਂ ਵਿੱਚ ਰਹਿਣ ਅਤੇ ਉੱਥੇ ਪਾਠ-ਪੂਜਾ ਦੀ ਬਜਾਇ ਸਥਾਨਕਵਾਸੀ ਭਿੱਖੂ ਸੰਤਾਂ ਨੇ ਸਥਾਨਕ (abodes) ਬਣਾਏ।

ਇਹ ਸਥਾਨਕ ਪਿੰਡਾਂ ਸ਼ਹਿਰਾਂ ਵਿੱਚ ਉੱਥੋਂ ਦੇ ਜੈਨੀ ਉਪਾਸ਼ਕਾਂ ਵੱਲੋਂ ਸਥਾਪਤ ਸੰਗਤਾਂ ਹੁੰਦੀਆਂ ਸਨ।



Downloaded from https:// www.studiestoday.com

Downloaded from https:// www.studiestoday.com

ਸਾਰੰਸ਼ :

ਸਾਰੰਸ਼ ਰੂਪ ਵਿੱਚ ਕਿਹਾ ਜਾਵੇ ਤਾਂ ਜੈਨ ਮੱਤ ਭਾਰਤੀ ਧਰਮ ਪਰੰਪਰਾ ਵਿੱਚ ਬੁੱਧ ਧਰਮ ਵਾਂਗ ਗੈਰ-ਵੈਦਿਕ ਧਰਮ ਸੀ। ਇਸ ਧਰਮ ਵਿੱਚ ਪੂਜਾ ਅਰਚਾ ਦੀ ਥਾਂ ਨੈਤਿਕ ਸਿਖਿਆਵਾਂ ਵਾਲੇ ਅਮਲੀ ਜੀਵਨ ਤੇ ਜੋਰ ਦਿੱਤਾ ਗਿਆ ਹੈ। ਇਹ ਨੈਤਿਕਤਾ ਹੀ ਇਸ ਧਰਮ ਦਾ ਸਾਰ-ਵਿਸਥਾਰ ਹੈ।

## ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

(1) ਜੈਨੀ ਫਿਰਕੇ ਕਦੋਂ ਹੋਂਦ ਵਿੱਚ ਆਏ ?

(2) ਜੈਨ ਧਰਮ ਦੀਆਂ ਪ੍ਰਮੁੱਖ ਸੰਪਰਦਾਵਾਂ ਕਿਹੜੀਆਂ ਹਨ ?

(3) ਦਿਗੰਬਰ ਫਿਰਕੇ ਦੇ ਤਿੰਨ ਮੁੱਖ ਸਿਧਾਂਤ ਕੀ ਹਨ ?

(4) ਸ਼ਵੇਤਾਂਬਰ ਤੋਂ ਕੀ ਭਾਵ ਹੈ ?

(5) ਦਿਗੰਬਰਾਂ ਦੇ ਪ੍ਰਮੁੱਖ ਉਪ-ਫਿਰਕੇ ਕਿਹੜੇ ਕਿਹੜੇ ਹਨ ?

(6) ਸ਼ਵੇਤਾਂਬਰਾਂ ਦੇ ਉੱਪ-ਫਿਰਕਿਆਂ ਦੇ ਨਾਂ ਲਿਖੋ।

## ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਤੀਰਥਾਂਕਰ ਤੋਂ ਕੀ ਭਾਵ ਹੈ ? ਜੈਨ ਧਰਮ ਦੇ ਤੀਰਥੰਕਰਾਂ ਬਾਰੇ ਜਾਣਕਾਰੀ ਦਿਓ।
2. ਮਨ ਨੂੰ ਕਾਬੂ ਰੱਖਣ ਲਈ ਭਗਵਾਨ ਮਹਾਂਵੀਰ ਨੇ ਕੀ ਕੀਤਾ ?
3. ਜੈਨ ਮਤ ਦੇ ਕਰਮ ਸਿਧਾਂਤ ਬਾਰੇ ਤੁਸੀਂ ਕੀ ਜਾਣਦੇ ਹੋ ?
4. ਜੈਨ ਧਰਮ ਵਿੱਚ ਆਤਮਾ ਦੀ ਹੋਂਦ ਬਾਰੇ ਕੀ ਕਿਹਾ ਗਿਆ ਹੈ ?
5. 'ਸੱਚਾ ਵਿਸ਼ਵਾਸ਼' ਤੋਂ ਕੀ ਭਾਵ ਹੈ ?
6. ਜੈਨ ਧਰਮ ਦੇ ਸੱਚੇ ਆਚਰਣ ਵਿੱਚ ਕੀ ਕੀ ਸ਼ਾਮਿਲ ਹੈ।
7. ਜੈਨ ਧਰਮ ਦੇ ਪੰਜ ਮਹਾਂਵਰਤ ਕਿਹੜੇ ਕਿਹੜੇ ਹਨ ? ਅਹਿੰਸਾ ਉੱਤੇ ਨੋਟ ਲਿਖੋ।
8. ਜੈਨ ਧਰਮ ਵਿੱਚ ਅਸਤਯ ਕਿਸਨੂੰ ਆਖਿਆ ਗਿਆ ਹੈ।
9. ਜੈਨ ਮੱਤ ਦੇ ਨੌ ਰਤਨਾਂ ਵਿੱਚੋਂ 'ਪੁੰਨ' ਬਾਰੇ ਚਰਚਾ ਕਰੋ।
10. ਜੈਨ ਧਰਮ ਵਿੱਚ ਨਿਰਜਰਾ ਕਿਸ ਨੂੰ ਆਖਿਆ ਗਿਆ ਹੈ।
11. ਜੈਨ ਮੱਤ ਅਨੁਸਾਰ 'ਮੋਕਸ਼' ਦੀ ਕੀ ਮਹੱਤਤਾ ਹੈ ?

## ਨਿਬੰਧਾਤਮਕ ਪ੍ਰਸ਼ਨਾਂ ਦੇ ਉੱਤਰ

1. ਭਗਵਾਨ ਮਹਾਂਵੀਰ ਦੇ ਜੀਵਨ ਅਤੇ ਸਿਖਿਆਵਾਂ ਬਾਰੇ ਤੁਸੀਂ ਕੀ ਜਾਣਦੇ ਹੋ ?
2. ਜੈਨ ਧਰਮ ਦੀਆਂ ਨੈਤਿਕ ਸਿਖਿਆਵਾਂ ਆਪਣੇ ਸ਼ਬਦਾਂ ਵਿੱਚ ਲਿਖੋ।
3. ਜੈਨ ਧਰਮ ਕਿਸ ਨੈਤਿਕਤਾ ਤੇ ਚੱਲਣ ਦਾ ਉਪਦੇਸ਼ ਦਿੰਦਾ ਹੈ। ਵਿਚਾਰ ਕਰੋ।



Downloaded from https:// www.studiestoday.com

Downloaded from https:// www.studiestoday.com

# ਪਾਠ - 12

## ਸਿੱਖ ਜੀਵਨ -ਜਾਚ

ਜਦੋਂ ਕੋਈ ਧਰਮ ਹੋਂਦ ਵਿੱਚ ਆਉਂਦਾ ਹੈ ਤਾਂ ਉਸਦੇ ਬਾਨੀ ਆਪਣੇ ਪੈਰੋਕਾਰਾਂ ਲਈ ਜੀਵਨ-ਵਿਧੀ ਨਿਸ਼ਚਿਤ ਕਰਦੇ ਹਨ ਕਿ ਉਹਨਾਂ ਦੇ ਪੈਰੋਕਾਰਾਂ ਨੇ ਸੰਸਾਰ ਵਿੱਚ ਰਹਿੰਦਿਆਂ ਕਿਵੇਂ ਜੀਵਨ ਨੂੰ ਆਦਰਸ਼ਮਈ ਬਣਾ ਕੇ ਲੋਕ-ਪਰਲੋਕ ਵਿੱਚ ਉਜਲੇ ਮੁਖਾਂ ਨਾਲ ਵਿਚਰਨਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਨਾਮ ਜਪਣ, ਕਿਰਤ ਕਰਨ 'ਤੇ ਵੰਡ ਛਕਣ ਦਾ ਉਪਦੇਸ਼ ਅਤੇ ਨਾਲ ਹੀ ਗੁਰਬਾਣੀ ਨਾਲ ਜੁੜਨ ਲਈ ਆਖਿਆ। ਭਾਈ ਗੁਰਦਾਸ ਜੀ ਦੀ ਗਵਾਹੀ ਹੈ: ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ ਭਾਵ ਸਿੱਖ ਸਵੇਰੇ ਅੰਮ੍ਰਿਤ ਵੇਲੇ ਜਪੁਜੀ ਸਾਹਿਬ ਦਾ ਪਾਠ ਕਰਦੇ ਸਨ ਅਤੇ ਸ਼ਾਮ ਨੂੰ ਧਰਮਸ਼ਾਲਾ ਵਿੱਚ ਜਾਂ ਕੇ ਰਹਿਰਾਸ ਤੇ ਆਰਤੀ ਦਾ ਪਾਠ ਜਾਂ ਗਾਇਨ ਕਰਦੇ ਸਨ। ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਤੱਕ ਸਿੱਖ ਨੂੰ ਸਿੱਖ ਧਰਮ ਵਿੱਚ ਸ਼ਾਮਿਲ/ਦਾਖਿਲ ਕਰਨ ਲਈ ਚਰਨਾਮ੍ਰਿਤ ਦਿੱਤਾ ਜਾਂਦਾ ਸੀ।

ਗੁਰੂ ਗੋਬਿੰਦ ਸਿੰਘ ਨੇ 1699 ਈ. ਨੂੰ ਵਿਸਾਖੀ ਨੂੰ ਕਮਾਲ ਦਾ ਕੌਤਕ ਕੀਤਾ । ਪੰਜ ਪਿਆਰੇ ਸਾਜੇ। ਅੰਮ੍ਰਿਤ ਦਾ ਬਾਟਾ ਤਿਆਰ ਕਰ ਕੇ ਪਹਿਲਾਂ ਉਹਨਾਂ ਨੂੰ ਅੰਮ੍ਰਿਤਪਾਨ ਕਰਵਾਇਆ ਤੇ ਮਗਰੋਂ ਆਪ ਅੰਮ੍ਰਿਤ ਪਾਨ ਕੀਤਾ। ਉਹਨਾਂ ਨੇ ਜੋ ਰੀਤ ਨਿਸਚਿਤ ਕੀਤੀ ਉਹ ਅੱਜ ਤੱਕ ਚਲੀ ਆ ਰਹੀ ਹੈ। ਸਿੱਖ ਦਾ ਸ਼ਖਸੀ, ਸਮਾਜਿਕ, ਰਾਜਨੀਤਕ ਤੇ ਆਰਥਿਕ ਜੀਵਨ ਕਿਸ ਤਰ੍ਹਾਂ ਦਾ ਹੋਵੇ, ਇਸ ਬਾਰੇ ਸਿੱਖ ਸਾਹਿਤ, ਰਹਿਤਨਾਮਿਆਂ ਆਦਿ ਵਿੱਚ ਵਿਸਥਾਰ ਸਹਿਤ ਜ਼ਿਕਰ ਮਿਲਦਾ ਹੈ। ਸਿੱਖਾਂ ਦੀ ਪ੍ਰਮੁੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਹਿਤ ਮਰਿਯਾਦਾ ਛਾਪੀ ਹੈ, ਜਿਸ ਅਨੁਸਾਰ ਸਿੱਖ ਦੀ ਰਹਿਣੀ ਬਹਿਣੀ ਦੱਸੇ ਨਿਯਮਾਂ ਅਨੁਸਾਰ ਹੋਣੀ ਚਾਹੀਦੀ ਹੈ।

**ਸਿੱਖ ਦੀ ਪਰਿਭਾਸ਼ਾ:** ਉਹ ਵਿਅਕਤੀ ਸਿੱਖ ਹੈ ਜੋ ਇੱਕ ਪਰਮਾਤਮਾ, ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਸਾਹਿਬ ਦੀ ਬਾਣੀ ਅਤੇ ਸਿੱਖਿਆ ਅਤੇ ਗੁਰੂ ਗੋਬਿੰਦ ਸਿੰਘ ਦੇ ਅੰਮ੍ਰਿਤ ਉਪਰ ਨਿਸਚਾ ਰਖਦਾ ਹੈ ਤੇ ਕਿਸੇ ਹੋਰ ਦੇਵੀ ਦੇਵਤੇ, ਪੀਰ ਫਕੀਰ, ਧਰਮ ਕਰਮ ਆਦਿ ਨੂੰ ਨਹੀਂ ਮੰਨਦਾ, ਭਾਵੇਂ ਉਹ ਸਤਿਕਾਰ ਸਭ ਦਾ ਕਰਦਾ ਹੈ।

**ਮੂਲ ਸ੍ਰੋਤ:** ਸਿੱਖ ਜੀਵਨ ਜਾਚ ਦੇ ਮੂਲ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਰਚਿਤ ਵਾਰਾਂ ਅਤੇ ਕਬਿੱਤ ਸਵਈਏ ਰਹਿਤਨਾਮੇ ਆਦਿ ਹਨ । ਇਹਨਾਂ ਗ੍ਰੰਥਾਂ ਵਿੱਚ ਦ੍ਰਿੜਾਏ ਜੀਵਨ-ਜਾਚ ਦੇ ਵਿਚਾਰਾਂ ਨੂੰ ਸਿੱਖ ਸਤਿ ਕਰਕੇ ਮੰਨਦਾ ਹੈ। ਰਹਿਤਨਾਮੇ ਅਤੇ ਤਨਖਾਹਨਾਮੇ ਕਈ ਸ਼ਰਧਾਲੂ ਸਿੰਘਾਂ ਨੇ ਲਿਖੇ ਹਨ ਜਿਵੇਂ ਭਾਈ ਚਉਪਾ ਸਿੰਘ, ਪ੍ਰਹਿਲਾਦ ਸਿੰਘ, ਨੰਦ ਲਾਲ, ਦਇਆ ਸਿੰਘ, ਦੇਸਾ ਸਿੰਘ, ਸਾਹਿਬ ਸਿੰਘ ਆਦਿ । ਇਹਨਾਂ ਵਿੱਚ ਸਿੱਖ ਦੀ ਸ਼ਖਸੀ ਅਤੇ ਪੰਥਕ ਰਹਿਣੀ ਬਾਰੇ ਵਿਸਤਾਰ ਸਹਿਤ ਲਿਖਿਆ ਗਿਆ ਹੈ।

**ਸਿੱਖ ਦੀ ਸ਼ਖਸੀ ਰਹਿਣੀ:** ਸਿੱਖ ਅੰਮ੍ਰਿਤ ਵੇਲੇ ਭਾਵ ਪਹਿਰ ਰਾਤ ਰਹਿੰਦੀ ਜਾਗੇ, ਇਸ਼ਨਾਨ ਕਰ ਕੇ ਫਿਰ ਪਰਮਾਤਮਾ ਦਾ ਧਿਆਨ ਕਰ ਕੇ ਵਾਹਿਗੁਰੂ ਗੁਰ ਮੰਤਰ ਦਾ ਜਾਪ ਕਰੇ । ਦਿਨ ਚੜ੍ਹਨ ਤੇ, ਪੰਜ ਬਾਣੀਆਂ ਦਾ ਪਾਠ ਕਰੇ। ਸਵੇਰੇ ਜਪੁਜੀ, ਜਾਪ ਸਾਹਿਬ ਤੇ ਸੁਧਾ ਸਵਈਏ ਤੇ ਸ਼ਾਮ ਨੂੰ ਰਹਿਰਾਸ ਸਾਹਿਬ ਤੇ ਸੌਣ ਲੱਗਿਆਂ ਕੀਰਤਨ ਸੋਹਿਲੇ ਦਾ ਪਾਠ ਕਰਨ ਮਗਰੋਂ ਅਕਾਲਪੁਰਖ ਅੱਗੇ ਅਰਦਾਸ ਕਰੇ ।

ਸਿੱਖ ਜਦੋਂ ਸਮਾਂ ਮਿਲੇ ਸਵੇਰੇ ਸ਼ਾਮ ਜਾਂ ਦੁਪਹਿਰ ਨੂੰ ਸਾਧ-ਸੰਗਤ ਵਿੱਚ ਜਾ ਕੇ ਗੁਰਬਾਣੀ ਦਾ ਕੀਰਤਨ ਸੁਣੇ। ਉਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠ ਕੇ ਅਕਾਲ ਪੁਰਖ ਦੀ ਨੇੜਤਾ ਮਹਿਸੂਸ ਕਰੇ । ਗੁਰੂ ਗ੍ਰੰਥ ਸਾਹਿਬ ਦਾ ਪੂਰਨ ਸਤਿਕਾਰ ਕਰਕੇ, ਵਿਧੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਵੇ। ਹਰ ਸਮਾਗਮ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਅਰਦਾਸ ਕੀਤੀ ਜਾਵੇ ਤੇ ਹਾਜ਼ਿਰ ਸੰਗਤ ਨੂੰ ਪ੍ਰਸ਼ਾਦ ਵੰਡਿਆ ਜਾਵੇ, ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿੱਚ ਸਿਰ ਢੱਕ ਕੇ ਰੱਖਿਆ ਜਾਵੇ। ਦੀਵਾਨ ਦੀ ਸਮਾਪਤੀ ਤੇ ਵਾਕ ਲਿਆ ਜਾਵੇ ਜਿਸ ਨੂੰ ਗੁਰੂ ਦਾ ਹੁਕਮ ਮੰਨ ਕੇ ਉਸ ਉਪਰ ਚਲਣ ਲਈ ਯਤਨ ਕੀਤਾ ਜਾਵੇ।

ਸਿੱਖ ਨੂੰ ਆਮ ਜੀਵਨ ਵਿੱਚ ਗੁਰਮਤਿ ਅਨੁਸਾਰ ਕਾਰ ਵਿਹਾਰ ਕਰਨਾ ਚਾਹੀਦਾ ਹੈ। ਉਸ ਨੂੰ ਕਿਸੇ ਦੇਵੀ ਦੇਵਤਾ, ਅਵਤਾਰ ਆਦਿ ਦੀ ਪੂਜਾ ਨਹੀਂ ਕਰਨੀ ਚਾਹੀਦੀ। ਸਿਰਫ ਅਕਾਲ ਪੁਰਖ ਤੇ ਸਤਿਗੁਰੂ ਦਾ ਹੀ ਧਿਆਨ ਧਰਨਾ ਚਾਹੀਦਾ ਹੈ ।



Downloaded from https:// www.studiestoday.com

Downloaded from https:// www.studiestoday.com

ਸਿੱਖ ਲਈ ਜੋ ਫੋਕਟ ਕਰਮ ਹਨ, ਉਹਨਾ ਦਾ ਤਿਆਗ ਜ਼ਰੂਰੀ ਹੈ। ਜਾਤ ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ-ਤੰਤ੍ਰ ਸਾਧ, ਪਿਤਰ-ਪੂਜਾ, ਵਰਤ ਗੋਰ-ਪੂਜਾ, ਮੜ੍ਹੀ-ਮਸਾਣਾਂ ਦੀ ਕਿਰਿਆ ਆਦਿ ਦਾ ਤਿਆਗ ਕਰਨਾ ਚਾਹੀਦਾ ਹੈ।

ਜਦੋਂ ਸਿੱਖ ਨੇ ਕੋਈ ਕੰਮ/ਕਾਰਜ ਅਰੰਭ ਕਰਨਾ ਹੋਵੇ ਤਾਂ ਉਸ ਨੂੰ ਪਰਮਾਤਮਾ ਤੇ ਗੁਰੂ ਅੱਗੇ ਉਸਦੀ ਸਫਲਤਾ ਲਈ ਅਰਦਾਸ ਕਰਨੀ ਚਾਹੀਦੀ ਹੈ। ਆਪਣੇ ਬਾਲ-ਪਰਿਵਾਰ ਨੂੰ ਸਿੱਖ ਸਰੂਪ ਤੇ ਰਹਿਣੀ-ਬਹਿਣੀ-ਕਹਿਣੀ ਵਾਲੇ ਬਣਾਉਣਾ ਚਾਹੀਦਾ ਹੈ। ਸਿੱਖ ਨੂੰ ਕਦੇ ਕੋਈ ਨਸ਼ਾ ਨਹੀਂ ਕਰਨਾ ਚਾਹੀਦਾ। ਸਿੱਖ ਕਿਰਤੀ ਬਣੇ। ਚੋਰੀ, ਜੂਆ ਆਦਿ ਦਾ ਤਿਆਗ ਕਰੇ। ਧੀ ਨਾ ਮਾਰੇ। ਸਿੱਖ ਜਨਮ ਤੋਂ ਮਰਨ ਤੱਕ ਗੁਰਮਰਿਆਦਾ ਦਾ ਧਾਰਨੀ ਬਣਿਆ ਰਹੇ। ਲੜਕੇ ਦੇ ਨਾਮ ਨਾਲ 'ਸਿੰਘ' ਤੇ ਲੜਕੀ ਦੇ ਨਾਮ ਨਾਲ ਕੌਰ ਸ਼ਬਦ ਲਗਾਇਆ ਜਾਵੇ। ਸਿੱਖ ਵਿਆਹ, ਅਨੰਦ ਕਾਰਜ ਦੁਆਰਾ ਕੀਤਾ ਜਾਵੇ। ਵਿਆਹ ਲਈ ਮਿਤੀ ਨਿਸਚਿਤ ਕਰਨ ਲਈ ਕਿਸੇ ਜੋਤਿਸ਼ੀ ਆਦਿ ਤੋਂ ਨਾ ਪੁੱਛਿਆ ਜਾਵੇ। ਵਿਆਹ ਵਿਚ ਗੰਦੇ ਗੀਤ, ਵੇਸ਼ਵਾ ਨਾਚ, ਸ਼ਰਾਬ ਆਦਿ ਕੁਕਰਮਾਂ ਤੋਂ ਗੁਰੇਜ਼ ਕੀਤਾ ਜਾਵੇ। ਵਿਆਹ ਲਾਵਾਂ ਪੜ੍ਹਕੇ ਪੂਰੀ ਸ਼ਰਧਾ ਨਾਲ ਕੀਤਾ ਜਾਵੇ।

ਜਦੋਂ ਕਿਸੇ ਸਿੰਘ/ਸਿੰਘਣੀ ਦਾ ਅੰਤਿਮ ਸਮਾਂ ਨੇੜੇ ਆਵੇ ਤਾਂ ਉਸ ਨੂੰ ਮੰਜੇ ਤੋਂ ਲਾਹ ਕੇ ਧਰਤੀ ਤੇ ਨਾ ਲਿਟਾਇਆ ਜਾਵੇ ਤੇ ਨਾਂ ਹੀ ਕੋਈ ਹੋਰ ਮਨਮਤ ਕੀਤੀ ਜਾਵੇ। ਉਸ ਪਾਸ ਬੈਠ ਕੇ ਗੁਰਬਾਣੀ ਦਾ ਪਾਠ ਕੀਤਾ ਜਾਵੇ। ਸਿਆਪਾ ਕਰਨਾ, ਧਾਹ ਮਾਰਨੀ ਜਾਂ ਪਿੱਟਣਾ ਮਨਮਤ ਹੈ । ਪ੍ਰਭੂ ਦੇ ਭਾਣੇ ਵਿੱਚ ਰਹਿਕੇ ਸਹਿਜ ਵਿੱਚ ਵਿਚਰਿਆਂ ਜਾਵੇ। ਸਸਕਾਰ ਨਾਲ ਸਬੰਧਤ ਕਿਸੇ ਫੋਕਟ ਕਰਮ ਨੂੰ ਨਾਂ ਕੀਤਾ ਜਾਵੇ ਜਿਵੇਂ ਅਧ ਮਾਰਗ, ਫੂਹੜੀ, ਦੀਵਾ, ਪਿੰਡ, ਕਿਰਿਆ ਸਰਾਧ ਆਦਿ । ਮ੍ਰਿਤਕ ਪ੍ਰਾਣੀ ਦੇ ਫੁੱਲ ਚੁਗ ਕੇ ਪਾਤਾਲਪੁਰੀ ਕੀਰਤਪੁਰ ਸਾਹਿਬ ਵਿਖੇ ਜਾਂ ਨੇੜੇ ਕਿਸੇ ਵਗਦੇ ਪਾਣੀ ਵਿੱਚ ਪਾਏ ਜਾਣ।

ਜਨਮ ਤੋਂ ਮਰਨ ਦੇ ਸਮੇਂ ਦੌਰਾਨ ਸਿੱਖ ਜੋ ਵੀ ਕਾਰਜ ਕਰੇ ਉਸ ਲਈ ਆਸਰਾ ਗੁਰੂ/ਪ੍ਰਭੂ ਦਾ ਲਵੇ।

ਰਹਿਤਨਾਮਿਆਂ ਵਿੱਚ ਕੁਝ ਕੁਰਹਿਤਾਂ ਦਾ ਜ਼ਿਕਰ ਹੈ ਜਿਹਨਾਂ ਤੋਂ ਹਰ ਸਿੱਖ ਨੂੰ ਬਚਣਾ ਚਾਹੀਦਾ ਹੈ। 1. ਕੇਸਾਂ ਦੀ ਬੇਅਦਬੀ 2. ਕੁੱਠਾ ਖਾਣਾ 3. ਪਰ ਇਸਤਰੀ/ਪੁਰਖ ਨਾਲ ਨਾਜਾਇਜ਼ ਸਰੀਰਕ ਸੰਬੰਧ 4. ਤਮਾਕੂ ਦੀ ਵਰਤੋਂ। ਜੇਕਰ ਕਦੇ ਇਹਨਾਂ ਵਿੱਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਤਨਖਾਹ ਲਗਵਾ ਕੇ ਮੁੜ ਅੰਮ੍ਰਿਤ ਛਕਣਾ ਚਾਹੀਦਾ ਹੈ। ਹਰ ਸਿੱਖ ਨੂੰ ਪੰਜ ਕਕਾਰਾਂ ਦਾ ਧਾਰਨੀ ਹੋਣਾ ਚਾਹੀਦਾ ਹੈ। ਪੰਜ ਕਕਾਰ ਇਹ ਹਨ : 1. ਕੇਸ, 2. ਕੰਘਾ, 3. ਕੜਾ, 4.ਕ੍ਰਿਪਾਨ, 5 ਕਛਹਿਰਾ।

## ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

1. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਜੀਵਨ ਜਾਚ ਦੇ ਕਿਹੜੇ-ਕਿਹੜੇ ਮੁੱਖ ਦੇ ਆਧਾਰ ਦੱਸੇ ਹਨ ?
2. ਸਿੱਖ ਨੂੰ ਕਿਸ ਦੀ ਪੂਜਾ ਤੋਂ ਰੋਕਿਆ ਗਿਆ ਹੈ?
3. ਸਿੱਖ ਜੀਵਨ ਜਾਚ ਦਾ ਮੂਲ ਸ੍ਰੋਤ ਕਿਹੜਾ ਹੈ?
4. ਆਮ ਜੀਵਨ ਵਿੱਚ ਸਿੱਖ ਦੀ ਸਖਸ਼ੀ ਰਹਿਣੀ-ਬਹਿਣੀ ਕਿਹੋ ਜਿਹੀ ਹੋਵੇ?
5. ਕਿਸੇ ਇਕ ਰਹਿਤਨਾਮੇ ਦਾ ਨਾਂ ਲਿਖੋ?

ਗੁਰੂ ਗੋਬਿੰਦ ਸਿੰਘ ਜੀ ਨੇ ਦੇਹਧਾਰੀ ਗੁਰੂ ਦੀ ਪਰੰਪਰਾ ਦੀ ਸਮਾਪਤੀ ਮਗਰੋਂ ਸਰਬਤ ਖਾਲਸੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਲਈ ਕਿਹਾ ਹੈ। ਇਸ ਲਈ ਸਿੱਖਾਂ ਦਾ ਪਹਿਲਾ ਫਰਜ਼ ਹੈ ਕਿ ਉਹ ਕਿਸੇ ਦੇਹਧਾਰੀ ਗੁਰੂ ਨੂੰ ਨਾਂ ਮੰਨਣ ਤੇ ਸ਼ਬਦ ਗੁਰੂ ਦਾ ਧਿਆਨ ਕਰਨ। ਗੁਰੂ ਜੀ ਨੇ ਬਾਣੀ ਨੂੰ ਗੁਰੂ ਤੇ ਗੁਰੂ ਨੂੰ ਬਾਣੀ ਆਖਕੇ ਇਸ ਗਲ ਨੂੰ ਸਪਸ਼ਟ ਕਰ ਦਿੱਤਾ ਹੈ।

ਗੁਰਬਾਣੀ ਵਿੱਚ ਹਉਮੈਂ ਨੂੰ ਦੀਰਘ ਰੋਗ ਆਖਿਆ ਹੈ ਤੇ ਹਰ ਸਿੱਖ ਨੂੰ ਹਉਮੈਂ ਦੇ ਤਿਆਗ ਲਈ ਆਖਿਆ ਹੈ। ਇਹ ਮੈਂ-ਮੇਰੀ ਦੀ ਭਾਵਨਾਂ ਹੀ ਪ੍ਰਭੂ ਦੇ ਦਰਮਿਆਨ ਜੀਵ ਲਈ ਪਰਦਾ ਬਣਦੀ ਹੈ। ਹਉਮੈਂ ਸਾਧਾਰਨ ਜੀਵਨ ਵਿੱਚ ਵੀ ਦੁਖ-ਕਲੇਸ਼ ਆਦਿ ਦਾ ਪ੍ਰਮੁੱਖ ਕਾਰਨ ਬਣਦੀ ਹੈ। ਹਉਮੈਂ ਤਿਆਗ ਕੇ ਗੁਰੂ ਸ਼ਰਣ ਵਿੱਚ ਆਉਣਾ ਸਾਰੇ ਸੁੱਖਾਂ ਦਾ ਮੂਲ ਹੈ।

ਰੋਜ਼ੀ-ਰੋਟੀ ਕਮਾਉਣ ਲਈ ਸੁੱਚੀ ਕਿਰਤ ਕਰਨੀ ਚਾਹੀਦੀ ਹੈ। ਦਸਾਂ ਨੌਂਹਾਂ ਨਾਲ ਕੀਤੀ ਕਿਰਤ ਹੀ ਸ਼ੁਧ ਮੰਨੀ ਗਈ ਹੈ। ਅਜਿਹੀ ਸ਼ੁਧ ਕਮਾਈ ਵਿੱਚੋਂ ਹੀ ਸਿੱਖ ਨੂੰ ਦਾਨ ਕਰਕੇ ਹੋਰਨਾਂ ਲਈ ਸੁੱਖ ਸਾਧਨ ਪੈਦਾ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ।



Downloaded from https:// www.studiestoday.com

Downloaded from https:// www.studiestoday.com

ਮਿੱਠਾ ਬੋਲਣਾ ਸੁਖੀ ਜੀਵਨ ਦੀ ਕੁੰਜੀ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਂ ਨੇ ਸਿੱਖਾਂ ਨੂੰ ਮਿਠ ਬੋਲੜੇ ਬਣਨ ਲਈ ਪ੍ਰੇਰਨਾ ਦਿੱਤੀ। ਇਸ ਲਈ ਹਰ ਸਿੱਖ ਨੂੰ ਮਿਠ ਬੋਲੜੇ ਹੋਣ ਦੇ ਗੁਣ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ।

ਅੰਮ੍ਰਿਤ ਵੇਲੇ ਜਾਗਣਾ ਹਰ ਸਿੱਖ ਲਈ ਲਾਜ਼ਮੀ ਹੈ ਕਿਉਂਕਿ ਇਸ ਵੇਲੇ ਸ਼ਾਂਤੀ ਹੁੰਦੀ ਹੈ । ਟਿਕ ਕੇ ਪਰਮਾਤਮਾ ਦਾ ਧਿਆਨ ਧਰਿਆ ਜਾ ਸਕਦਾ ਹੈ। ਭਜਨ ਕੀਤਾ ਜਾ ਸਕਦਾ ਹੈ। ਬਾਣੀ ਦਾ ਪਾਠ ਕੀਤਾ ਜਾ ਸਕਦਾ ਹੈ। ਪ੍ਰਭੂ ਦੇ ਗੁਣ ਗਾਏ ਜਾ ਸਕਦੇ ਹਨ। ਇਸ ਨਾਲ ਮਨ ਬਲਵਾਨ ਤੇ ਸ਼ੁਧ ਬਣਦਾ ਹੈ। ਦਿਨ ਚੜ੍ਹੇ ਨਿਤ ਦਾ ਕਾਰ-ਵਿਹਾਰ ਕਰਨ ਲਈ ਉਦਮ ਕਰਨਾ ਸੌਖਾ ਹੁੰਦਾ ਹੈ। ਉਦਮੀ ਵਿਅਕਤੀ ਦੁਨਿਆਵੀ ਤੇ ਆਤਮਕ ਪੱਖੋਂ ਖ਼ੂਬ ਤਰੱਕੀ ਕਰਦਾ ਹੈ।

ਗੁਰੂ ਸਾਹਿਬਾਨ ਨੇ ਇਸਤਰੀ ਨੂੰ ਮਾਣ-ਸਤਿਕਾਰ ਦਿੱਤਾ ਹੈ ਤੇ ਉਸ ਨੂੰ ਮੰਦਾ ਕਹਿਣ ਵਾਲੇ ਨੂੰ ਚੰਗਾ ਨਹੀਂ ਮੰਨਿਆ ਕਿਉਂਕਿ ਉਹ ਜਣਨੀ ਹੈ। ਦੁਨੀਆਂ ਦੀ ਗਤੀ ਨੂੰ, ਵਿਕਾਸ ਨੂੰ ਜਾਰੀ ਕਰਨ ਵਿੱਚ ਸਹਾਈ ਹੁੰਦੀ ਹੈ।

ਹਰ ਸਿੱਖ ਨੂੰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਪੰਜ ਵਿਕਾਰਾਂ ਉਪਰ ਕਾਬੂ ਪਾਉਣ ਲਈ ਗੁਰੂ ਦੀ ਟੇਕ ਲੈਣੀ ਚਾਹੀਦੀ ਹੈ । ਇਹ ਪੰਜ ਵਿਕਾਰ,.ਮਨੁੱਖ ਨੂੰ ਕਈ ਪ੍ਰਕਾਰ ਦਾ ਨੁਕਸਾਨ ਪਹੁੰਚਾਉਂਦੇ ਹਨ।

ਨਸ਼ਿਆਂ ਦਾ ਸੇਵਨ ਮਨੁੱਖ ਨੂੰ ਆਲਸੀ, ਨਿਰੱਲਾ ਤੇ ਕਮਜ਼ੋਰ ਬਣਾਉਂਦਾ ਹੈ। ਦੁਨੀਆਂ ਨਾਲੋਂ ਤੋੜਦਾ ਹੈ, ਵਿਕਾਸ, ਕਰਮ ਤੇ ਸ਼ਰਮ ਆਦਿ ਤੋਂ ਪਰ੍ਹੇ ਕਰਦਾ ਹੈ। ਇਸ ਲਈ ਗੁਰੂ ਸਹਿਬਾਨ ਨੇ ਸਿੱਖਾਂ ਨੂੰ ਹਰ ਪ੍ਰਕਾਰ ਦੇ ਨਸ਼ਿਆਂ ਤੋਂ ਦੂਰ ਰਹਿਣ ਲਈ ਹੁਕਮ ਕੀਤਾ ਹੈ। ਨਸ਼ਈ ਬੁਰੇ ਕੰਮ ਕਰਦਾ ਹੈ, ਵਿਕਾਰੀ ਬਣਦਾ ਹੈ, ਚੋਰੀ ਠਗੀ ਕਰਦਾ ਹੈ, ਪਰਿਵਾਰ ਲਈ ਸੰਤਾਪ ਦਾ ਕਾਰਨ ਬਣਦਾ ਹੈ। ਨਸ਼ਾ ਕਰਨਾ ਧਾਰਮਕ ਤੇ ਦੁਨਿਆਵੀ ਪੱਖੋਂ ਘਾਟੇ ਦਾ ਸੌਦਾ ਹੈ।

ਸਿੱਖ ਅਰਦਾਸ ਵਿੱਚ ਅਖ਼ੀਰ ਦੇ ਆਖਿਆ ਜਾਂਦਾ ਹੈ – "ਨਾਨਕ ਨਾਮੁ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ"- ਇਸ ਤੋਂ ਸ੍ਵੈ-ਸਪਸ਼ਟ ਹੈ ਕਿ ਸਿੱਖ ਧਰਮ ਕਿਸੇ ਦੇ ਬੁਰੇ ਦੀ ਕਾਮਨਾਂ ਕਰਨ ਦੀ ਆਗਿਆ ਨਹੀਂ ਦਿੰਦਾ ਸਗੋਂ ਸਭ ਦਾ ਭਲਾ ਕਰਨ ਤੇ ਭਲਾ ਮੰਗਣ ਲਈ ਪ੍ਰੇਰਨਾ ਦੇਂਦਾ ਹੈ।

ਸਿੱਖ ਨੂੰ ਗੁਰੂ ਦੇ ਆਦੇਸ਼ ਅਨੁਸਾਰ ਆਪਣੀ ਕਮਾਈ ਵਿੱਚੋਂ ਦਸਵੰਧ ਭਾਵ ਆਪਣੀ ਕਮਾਈ ਦਾ ਦਸਵਾਂ ਹਿੱਸਾ ਗੁਰੂ ਨਮਿਤ ਕੱਢਣਾ ਚਾਹੀਦਾ ਹੈ ਤੇ ਉਹ ਧਨ ਯੋਗ ਥਾਂ ਦੇਣਾ ਜਾਂ ਯੋਗ ਕਾਰਜ ਲਈ ਦੇਣਾ ਚਾਹੀਦਾ ਹੈ। ਗੁਰੂ ਜੀ ਨੇ ਗ਼ਰੀਬ ਦੇ ਮੂੰਹ ਨੂੰ ਗੁਰੂ ਦੀ ਗੋਲਕ ਆਖਿਆ ਹੈ ਭਾਵ ਗ਼ਰੀਬ ਸਿੱਖਾਂ ਦੀ ਰੋਜ਼ੀ ਰੋਟੀ ਜਾਂ ਥੁੜਾਂ ਦੂਰ ਕਰਨ ਲਈ ਦਾਨ ਦੇਣ ਦੀ ਜ਼ਰੂਰਤ ਹੈ ਦਾਨ ਦਿਖਾਵਾ ਕਰਕੇ ਨਹੀਂ ਸਗੋਂ ਗੁਪਤ ਹੋਣਾ ਚਾਹੀਦਾ ਹੈ।

ਸਿੱਖ ਨੂੰ ਨਿੰਦਾ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਸਿੱਖਾਂ ਨੂੰ ਆਪਸੀ ਮਿਲਵਰਤਣ ਕਰਨਾ ਚਾਹੀਦਾ ਹੈ। ਸਮਾਜਕ ਤੇ ਆਰਥਕ ਖੇਤਰ ਵਿੱਚ ਆਪਸੀ ਮਿਲਵਰਤਣ ਨਾਲ ਭਾਈਚਾਰਕ ਸਾਂਝ ਕਾਫ਼ੀ ਲਾਹੇਵੰਦ ਰਹਿੰਦੀ ਹੈ। ਸਭ ਦੇ ਰਹੇ ਸਹੇ ਕਾਰਜ ਪੂਰੇ ਹੋ ਜਾਂਦੇ ਹਨ। ਗਰੀਬੀ ਦਾ ਨਾਸ ਹੋ ਸਕਦਾ ਹੈ ਅਤੇ ਸਿੱਖ ਹਰ ਖੇਤਰ ਵਿੱਚ ਤਰੱਕੀ ਕਰ ਸਕਦਾ ਹੈ। ਜੇਕਰ ਇਸ ਭਾਈਚਾਰਕ ਸਾਂਝ ਵਿੱਚ ਨਿਮਰਤਾ ਹੋਵੇ ਤਾਂ ਹੋਰ ਵੀ ਚੰਗਾ ਹੈ ਕਿਉਂਕਿ ਨਿਮਰਤਾ ਬਹੁਤ ਸਾਰੇ ਰੋਗਾਂ ਸੋਗਾਂ ਤੇ ਕਸ਼ਟਾਂ ਦਾ ਇਲਾਜ ਹੈ।

ਦੁਨੀਆਂ ਵਿੱਚ ਕੋਈ ਵਿਅਕਤੀ ਅਜਿਹਾ ਨਹੀਂ ਜਿਸ ਤੋਂ ਕਦੇ ਗਲਤੀ ਨਾ ਹੋਈ ਹੋਵੇ, ਮਨੁੱਖ ਨੂੰ ਭੁਲਣਹਾਰ ਜਾਣ ਕੇ ਉਸ ਨੂੰ ਮੁਆਫ਼ ਕਰਨ ਦੀ ਬਿਰਤੀ ਬਹੁਤ ਵਧੀਆ ਹੈ। ਸਿੱਖ ਨੂੰ ਇਸ ਬਿਰਤੀ ਦਾ ਧਾਰਨੀ ਹੋਣਾ ਚਾਹੀਦਾ ਹੈ।

ਸਹਿਣਸ਼ੀਲਤਾ ਮਨੁੱਖ ਦਾ ਸੀਰੀ ਗੁਣ ਹੈ। ਦੁਖ-ਸੁਖ, ਮਾਨ-ਅਪਮਾਨ, ਗਰੀਬੀ-ਅਮੀਰੀ ਆਦਿ ਵਿੱਚ ਸਹਿਣਸ਼ੀਲ ਬਣੇ ਰਹਿਣ ਨਾਲ ਕਸ਼ਟ ਦੁਖੀ ਨਹੀਂ ਕਰਦਾ।

ਖਾਣਾ ਪੀਣਾ ਜ਼ਿੰਦਗੀ ਦਾ ਆਧਾਰ ਹੈ ਸਰੀਰ ਨੂੰ ਜੀਵਤ ਰੱਖਣ ਤੇ ਪ੍ਰਭੂ-ਚਰਨਾਂ ਨਾਲ ਜੋੜੀ ਰੱਖਣ ਲਈ ਆਹਾਰ ਦੀ ਜ਼ਰੂਰਤ ਹੈ, ਪਰ ਭੋਜਨ ਕਿਹੋ ਜਿਹਾ ਚਾਹੀਦਾ ਹੈ, ਇਸ ਬਾਰੇ ਹਰ ਧਰਮ ਦਾ ਆਪਣਾ ਆਪਣਾ ਦ੍ਰਿਸ਼ਟੀਕੋਣ ਹੈ, ਪਰ ਸਿੱਖ ਧਰਮ ਵਿੱਚ ਥੋੜ੍ਹਾ ਖਾਣਾ ਤੇ ਥੋੜਾ ਸੌਣਾ ਵਧੀਆ ਮੰਨਿਆ ਗਿਆ ਹੈ। ਖਾਣਾ ਅਜਿਹਾ ਖਾਧਾ ਜਾਵੇ ਜੋ ਸਰੀਰ ਵਿੱਚ ਰੋਗ ਅਤੇ ਮਨ ਵਿੱਚ ਵਿਕਾਰ ਪੈਦਾ ਨਾ ਕਰੇ । ਸਾਤਵਿਕ ਭੋਜਨ ਨੂੰ ਚੰਗਾ ਕਿਹਾ ਗਿਆ ਹੈ।

ਹੱਕ ਹਲਾਲ ਦੀ ਕਮਾਈ ਨੂੰ ਗੁਰੂ ਸਾਹਿਬ ਨੇ ਪਰਵਾਨਗੀ ਦਿੱਤੀ ਹੈ ਇਸ ਲਈ ਕਿਸੇ ਦਾ ਹੱਕ ਰੱਖਣਾ, ਕਿਸੇ ਦੀ ਕਿਰਤ-ਕਮਾਈ ਨੂੰ ਧੋਖੇ ਨਾਲ ਹੜੱਪ ਕਰਨਾ ਆਦਿ ਗੁਰਮਤਿ ਵਿੱਚ ਵਿਵਰਜਿਤ ਹੈ।



Downloaded from https:// www.studiestoday.com

Downloaded from https:// www.studiestoday.com

## ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

1. ਗੁਰੂ ਗੋਬਿੰਦ ਸਿੰਘ ਜੀ ਨੇ ਦੇਹ ਧਾਰੀ ਗੁਰੂ ਦੀ ਥਾਂ ਸਿੱਖ ਨੂੰ ਕਿਸ ਦੇ ਲੜ ਲਾਇਆ ?
2. 'ਹਉਮੈਂ' ਸਿੱਖ ਲਈ ਕਿਉਂ ਹਾਨੀਕਾਰਕ ਹੈ।
3. ਅੰਮ੍ਰਿਤ ਵੇਲੇ ਜਾਗ ਕੇ ਸਿੱਖ ਨੂੰ ਕੀ ਕਰਨਾ ਚਾਹੀਦਾ ਹੈ?
4. ਸਿੱਖ ਨੂੰ ਪੰਜ ਵਿਕਾਰਾਂ ਉਪਰ ਕਿਉਂ ਕਾਬੂ ਪਾਉਣਾ ਚਾਹੀਦਾ ਹੈ?
5. ਨਸ਼ਿਆਂ ਦਾ ਸੇਵਨ ਮਨੁੱਖ ਲਈ ਹਾਨੀਕਾਰਕ ਕਿਉਂ ਹੈ?
6. ਦਸਵੰਧ ਕੀ ਹੈ?
7. ਸਿੱਖ ਨੂੰ ਕਿਹੋ ਜਿਹਾ ਖਾਣਾ-ਪੀਣਾ ਚਾਹੀਦਾ ਹੈ?

**ਸੇਵਾ:** ਸਿੱਖ ਧਰਮ ਵਿੱਚ ਸੇਵਾ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ, 'ਵਿਚਿ ਦੁਨੀਆਂ ਸੇਵ ਕਮਾਈਐ। ਤਾਂ ਦਰਗਹ ਬੈਸਣੁ ਪਾਈਐ' ਸੇਵਕ ਸੇਵਾ ਕਰਕੇ ਸੁਆਮੀ ਨੂੰ ਮਿਲ ਸਕਦਾ ਹੈ। ਉਸ ਦਾ ਰੂਪ ਬਣ ਸਕਦਾ ਹੈ।

ਇਕ ਸੇਵਾ ਆਤਮਕ ਹੈ। ਉਹ ਹੈ 'ਨਾਮੁ ਹਮਾਰੈ ਗੁਰ ਕੀ ਸੇਵ'-ਨਾਮ ਸਿਮਰਨ ਵੀ ਗੁਰੂ ਦੀ ਸੇਵਾ ਹੈ ਤੇ ਇਸ ਸੇਵਾ ਨਾਲ ਮੁਕਤੀ ਮਿਲਦੀ ਹੈ।

ਦੂਜੀ ਸੇਵਾ ਤਨ ਦੀ ਹੈ। ਦੁਖੀਆਂ ਦੀ ਸੇਵਾ, ਗੁਰਦੁਆਰੇ ਦੀ ਸੇਵਾ ਭਾਵ ਜੋੜੇ ਝਾੜਨੇ, ਝਾੜੂ ਦੇਣਾ, ਲੰਗਰ ਤਿਆਰ ਕਰਨਾ, ਵਰਤਾਉਣਾ ਲੰਗਰ ਦੇ ਭਾਂਡੇ ਸਾਫ਼ ਕਰਨੇ, ਆਦਿ। ਇਸੇ ਤਰ੍ਹਾਂ ਸੁਧ ਕਮਾਈ ਵਿੱਚੋਂ ਧਾਰਮਕ ਤੇ ਸਮਾਜਕ ਕਾਰਜਾਂ ਲਈ ਮਾਇਆ ਦਾਨ ਦੇਣਾ ਵੀ ਸੇਵਾ ਦਾ ਇੱਕ ਰੂਪ ਹੈ। ਸੇਵਾ ਦਾ ਉਤਮ ਰੂਪ ਹੈ ਮਨੁੱਖਤਾ ਦੀ ਸੇਵਾ। ਭਾਵ ਬਿਨਾਂ ਕਿਸੇ ਜਾਤ ਪਾਤ ਦੇ ਮਨੁੱਖ ਮਾਤਰ ਦੀ ਸੇਵਾ ਕਰਨੀ। ਉਤਮ ਕਾਰਜ ਹੀ ਮਨੁੱਖਤਾ ਦੀ ਸੇਵਾ ਪ੍ਰਭੂ-ਗੁਰੂ ਦੀ ਸੇਵਾ ਹੈ। ਇਸ ਵਿੱਚ ਦਿਖਾਵਾ, ਕਪਟ, ਲੋਭ, ਇੱਛਾ ਆਦਿ ਦੀ ਅਣਹੋਂਦ ਰਹਿਣੀ ਚਾਹੀਦੀ ਹੈ।

ਸੇਵਾ ਕਰਨ ਨਾਲ ਮਨੁੱਖੀ ਜੀਵਨ ਇੱਕ ਖਾਸ ਵਿਧਾਨ ਵਿੱਚ ਰਹਿਣ ਦਾ ਆਦੀ ਹੋ ਜਾਂਦਾ ਹੈ ਤੇ ਮਨੁੱਖ ਅਨੁਸ਼ਾਸਨ ਵਿੱਚ ਰਹਿਣ ਨੂੰ ਜੀਵਨ ਜਾਚ ਦਾ ਹਿੱਸਾ ਬਣਾ ਲੈਂਦਾ ਹੈ। ਮਨੁੱਖ ਸਰੀਰਕ ਪੱਖੋਂ, ਬਲਵਾਨ ਤੇ ਚੁਸਤ ਹੋ ਜਾਂਦਾ ਹੈ ਅਤੇ ਆਤਮਕ ਪੱਖੋਂ ਬਲਵਾਨ ਤੇ ਚੜਦੀ ਕਲਾ ਵਾਲਾ। ਸੇਵਾ ਸਿੱਖ ਦੇ ਜੀਵਨ-ਜਾਚ ਦਾ ਆਧਾਰ ਹੈ।

**ਨਾਮ ਸਿਮਰਨ:-** ਸਿੱਖ ਧਰਮ ਵਿੱਚ ਨਾਮ ਸਿਮਰਨ ਜਾਂ ਭਜਨ ਬੰਦਗੀ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ, ਕਿਉਂਕਿ ਗੁਰੂ ਸਾਹਿਬਾਨ ਅਨੁਸਾਰ ਸਭ ਦੁਖਾਂ ਨੂੰ ਮੂਲ ਤੋਂ ਨਸ਼ਟ ਕਰਨ ਵਾਲਾ ਸਾਧਨ ਨਾਮ ਸਿਮਰਨ ਹੈ ਮੁਕਤੀ ਦਾਤਾ ਵੀ ਸਿਮਰਨ ਹੈ। ਨਾਮ ਸਿਮਰਨ ਦਾ ਅਭਿਆਸ ਕਰਨ ਵਾਲਾ ਸਿੱਖ/ਸਾਧਕ ਹੌਲੀ-ਹੌਲੀ ਆਤਮਕ ਤਰੱਕੀ ਕਰਦਾ ਹੋਇਆ ਮੁਕਤ ਹੋ ਜਾਂਦਾ ਹੈ। ਪ੍ਰਭੂ ਵਿੱਚ ਸਮਾ ਜਾਂਦਾ ਹੈ ਤੇ ਉਸਦਾ ਹੀ ਰੂਪ ਬਣ ਜਾਂਦਾ ਹੈ। ਜਿੰਨੇ ਧਰਮ-ਕਰਮ ਹਨ : ਦਾਨ, ਤੀਰਥ-ਯਾਤਰਾ, ਜਗ-ਕਰਮ, ਆਦਿ ਉਹਨਾਂ ਵਿੱਚ ਸ੍ਰੇਸ਼ਟ ਕੇਵਲ ਨਾਮ-ਸਿਮਰਨ ਹੀ ਹੈ। ਸਿਮਰਨ ਕਰਨ ਵਾਲੇ ਦੇ ਚਰਨਾਂ ਵਿੱਚ ਰਿਧੀਆਂ-ਸਿੱਧੀਆਂ ਹਾਜ਼ਰ ਹੁੰਦੀਆਂ ਹਨ, ਉਹ ਸਿਮਰਨ ਕਰਦਿਆਂ ਮਹਾਨ-ਆਨੰਦ ਦਾ ਰਸ ਮਾਣਦਾ ਹੈ।

ਸਿਮਰਨ ਦੀ ਸਾਧਨਾਂ ਕਰਨ ਵਾਲੇ ਦੇ ਸਭ ਪੂਰਬਲੇ ਵਿਕਾਰ-ਮੰਦ ਕਰਮ ਨਾਸ਼ ਹੋ ਜਾਂਦੇ ਹਨ ਤੇ ਉਹ ਸੁਧ ਸੋਨਾ ਬਣ ਜਾਂਦਾ ਹੈ। ਸਿਮਰਨ ਕਰਨ ਵਾਲਾ ਬ੍ਰਹਮ-ਗਿਆਨੀ, ਸਾਧੂ-ਸੰਤ, ਜੀਵਨ-ਮੁਕਤ, ਭਗਤ-ਜਨ ਦਾ ਸਰੂਪ ਧਾਰਨ ਕਰਕੇ ਆਪ ਮੁਕਤ ਹੁੰਦਾ ਤੇ ਸੰਗੀ ਸਾਥੀਆਂ ਨੂੰ ਮੁਕਤ ਕਰਦਾ ਹੈ। ਗੁਰਮੰਤ੍ਰ ਕੀ ਹੈ? ਵਾਹਿਗੁਰੂ ਗੁਰਮੰਤ੍ਰ ਹੈ। ਭਾਈ ਗੁਰਦਾਸ ਜੀ ਦੇ ਬਚਨ ਹਨ- ਵਾਹਿਗੁਰੂ ਗੁਰਮੰਤ੍ਰ ਹੈ ਜਪ ਹਉਮੈਂ ਖੋਈ। ਜਾਪ/ ਸਿਮਰਨ 'ਵਾਹਿਗੁਰੂ' ਸ਼ਬਦ ਦਾ ਹੈ। ਇਹੀ ਸਿੱਖੀ ਵਿੱਚ ਪ੍ਰਵਾਨ ਹੈ। ਸਿਮਰਨ ਤਨ-ਮਨ ਦੇ ਰੋਗਾਂ ਦਾ ਨਾਸ਼ ਕਰਦਾ ਹੈ। ਜਨਮ-ਮਰਨ ਦਾ ਚੱਕਰ ਖਤਮ ਹੋ ਜਾਂਦਾ ਹੈ। ਦੁਨਿਆਵੀ ਸੰਕਟ ਖਤਮ ਹੋ ਜਾਂਦੇ ਹਨ ਤੇ ਰੂਹਾਨੀ ਮੰਡਲਾਂ ਵਿੱਚ ਵੀ ਪਰਮ ਸੁੱਖ ਦੀ ਪ੍ਰਾਪਤੀ ਹੁੰਦੀ ਹੈ।



Downloaded from https:// www.studiestoday.com

Downloaded from https:// www.studiestoday.com

ਨਾਮ-ਜਪਣ ਵਾਲਾ ਸਹਿਜ ਅਵਸਥਾ ਦਾ ਆਨੰਦ ਮਾਣਦਾ ਹੈ। ਇਸ ਅਵਸਥਾ ਦੇ ਆਨੰਦ ਦੇ ਰਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ ਇਹ ਤਾਂ ਗੁੰਗੇ ਦੀ ਮਠਿਆਈ ਹੈ। ਇਸ ਮਹਾਂਰਸ ਦੇ ਸਾਹਮਣੇ ਦੁਨਿਆਵੀ ਰਸ ਫਿਕੇ ਤੇ ਸਾਰਹੀਣ ਜਾਪਦੇ ਹਨ।

ਸਿਮਰਨ ਸਿੱਖ ਸਾਧਨਾਂ ਦਾ ਮੂਲ ਹੈ ਜਿਸ ਨਾਲ ਸਿੱਖ ਦੇ ਦੁਨਿਆਵੀ ਦੁਖਾਂ ਦਾ ਨਾਸ਼ ਹੁੰਦਾ ਹੈ, ਸਭ ਪ੍ਰਕਾਰ ਦੇ ਪਦਾਰਥਕ ਸੁੱਖ ਪ੍ਰਾਪਤ ਹੋ ਜਾਂਦੇ ਹਨ। ਪਰਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਤੇ ਆਖਿਰ ਸਿੱਖ ਪਰਮਾਤਮਾ ਦੀ ਹਜ਼ੂਰੀ ਵਿੱਚ ਪਹੁੰਚ ਜਾਂਦਾ ਹੈ। ਸੱਚਖੰਡ ਵਿੱਚ ਟਿਕ ਜਾਂਦਾ ਹੈ। ਆਖਰ ਪ੍ਰਭੂ ਵਿੱਚ ਸਮਾ ਜਾਂਦਾ ਹੈ।

## ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

1. ਦੋ ਪ੍ਰਕਾਰ ਦੀ ਸੇਵਾ ਕਿਹੜੀ ਕਿਹੜੀ ਹੈ?
2. ਸਿੱਖ ਨੂੰ ਤਨ ਨਾਲ ਕਿਹੜੀ ਕਿਹੜੀ ਸੇਵਾ ਕਰਨ ਦਾ ਆਦੇਸ਼ ਹੈ?
3. ਸਿੱਖ ਧਰਮ ਵਿੱਚ ਨਾਮ ਸਿਮਰਨ ਨੂੰ ਕਿਉਂ ਮਹੱਤਤਾ ਦਿੱਤੀ ਗਈ ਹੈ?
4. ਸਿੱਖ ਨੂੰ ਕਿਹੜੇ ਮੰਤ੍ਰ ਦਾ ਸਿਮਰਨ ਕਰਨਾ ਚਾਹੀਦਾ ਹੈ?
5. ਸਿੱਖ ਧਰਮ ਅਨੁਸਾਰ ਨਾਮ ਜਪਣ ਵਾਲਾ ਵਿਅਕਤੀ ਕਿਹੜੀਆਂ ਵਸਤਾਂ ਦਾ ਅੰਨਦ ਮਾਣਦਾ ਹੈ?
6. ਗੁਰਮਤਿ ਅਨੁਸਾਰ ਸਹਿਜ ਅਵਸਥਾ ਕੀ ਹੈ?

ਕੀਰਤਨ : ਕੀਰਤਨ ਦਾ ਭਾਰਤੀ ਧਰਮ-ਸਾਧਨਾਂ ਵਿੱਚ ਵਿਸ਼ੇਸ਼ ਮਹੱਤਵ ਹੈ ਪਰ ਸਿੱਖ ਧਰਮ ਵਿੱਚ ਕੀਰਤਨ ਨੂੰ ਬਹੁਤ ਅਹਿਮ ਸਾਧਨ ਮੰਨਿਆ ਗਿਆ ਹੈ। ਸਿੱਖ ਗੁਰੂ ਸਾਹਿਬਾਨ ਆਪ ਕੀਰਤਨ ਕਰਿਆ ਕਰਦੇ ਸਨ ਤੇ ਉਹਨਾਂ ਨੇ ਸਿੱਖਾਂ ਨੂੰ ਵੀ ਕੀਰਤਨ ਕਰਨ ਲਈ ਆਖਿਆ ਹੈ। ਸਿੱਖਾਂ ਦੇ ਜਨਮ-ਮਰਨ ਆਦਿ ਸਭ ਸੰਸਕਾਰਾਂ ਵਿੱਚ ਕੀਰਤਨ ਕੀਤਾ ਜਾਂਦਾ ਹੈ। ਕੀਰਤਨ ਦਾ ਅਰਥ ਹੈ ਪਰਮਾਤਮਾ ਦੀ ਕੀਰਤੀ ਕਰਨੀ ਜਾਂ ਉਸ ਦੇ ਗੁਣਾਂ ਦਾ ਗਾਇਨ ਕਰਨਾ।

ਗੁਰੂ ਨਾਨਕ ਸਾਹਿਬ ਆਪ ਉਤਮ ਕੀਰਤਨੀਏ ਸਨ। ਉਹਨਾਂ ਦਾ ਸਾਥੀ ਭਾਈ ਮਰਦਾਨਾ ਸੰਗੀਤਾਚਾਰੀਆ ਸੀ, ਜੋ ਗੁਰੂ ਜੀ ਦੀ ਬਾਣੀ ਨੂੰ ਰਾਗਾਂ ਵਿੱਚ ਗਾ ਕੇ ਜਿੱਥੇ ਗੁਰੂ ਨਾਨਕ ਸਾਹਿਬ ਨੂੰ ਪ੍ਰਸੰਨ ਕਰਦਾ ਸੀ, ਉਥੇ ਪਰਮਾਤਮਾ ਦੇ ਦਰ ਤੇ ਵੀ ਮਨੁੱਖਤਾ ਦੀ ਆਵਾਜ਼ ਪਹੁੰਚਾਣ ਦਾ ਸਫਲ ਯਤਨ ਕਰਦਾ ਸੀ। ਮਰਦਾਨੇ ਦਾ ਕੀਰਤਨ ਸੁਣ ਕੇ ਗੁਰੂ ਨਾਨਕ ਸਾਹਿਬ ਨੂੰ ਮਿਲਣ ਵਾਲੇ ਮਾੜੇ ਸੁਭਾ ਦੇ ਮੰਦ ਕਰਮੀ ਲੋਕ ਵੀ ਸਿੱਧੇ ਰਾਹ ਪੈ ਗਏ। ਉਹਨਾਂ ਦੇ ਜੀਵਨ ਨੇ ਪਲਟਾ ਖਾਧਾ। ਉਹ ਸਤਿਪੁਰਖ, ਸਾਧ ਸੰਤ ਅਤੇ ਬ੍ਰਹਮ ਗਿਆਨੀ ਬਣ ਗਏ। ਉਹ ਆਪ ਸ਼ੁਭ ਮਾਰਗ ਤੇ ਚਲਣ ਲੱਗੇ ਤੇ ਸਾਥੀਆਂ ਨੂੰ ਵੀ ਪ੍ਰੇਰਨਾ ਦੇਣ ਲੱਗੇ। ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਬਧ ਬਾਣੀ 31 ਰਾਗਾਂ ਵਿੱਚ ਵੰਡੀ ਹੋਈ ਹੈ ਜਿਹਨਾਂ ਵਿੱਚ ਇਸ ਨੂੰ ਗਾਉਣ ਦਾ ਵਿਧਾਨ ਦਰਜ ਹੈ। ਗੁਰੂ ਅਰਜਨ ਸਾਹਿਬ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸਮੇਂ ਦੇ ਰਾਗ ਅਨੁਸਾਰ ਕੀਰਤਨ ਕਰਦੇ ਸਨ ਤੇ ਉਹਨਾਂ ਨੂੰ ਰਾਗਾਂ ਤੇ ਉਪਰਾਗਾਂ ਦਾ ਗਿਆਨ ਸੀ। ਕੀਰਤਨ ਦਾ ਪ੍ਰਵਾਹ ਨਿਰੰਤਰ ਚਲਦਾ ਰਿਹਾ। ਗੁਰੂ ਹਰਿ ਗੋਬਿੰਦ ਸਾਹਿਬ ਨੇ ਸ਼ਾਮ ਦੇ ਦੀਵਾਨਾਂ ਵਿੱਚ ਸਿੱਖਾਂ ਵਿੱਚ ਉਤਸ਼ਾਹ ਤੇ ਧਰਮ ਯੁੱਧ ਲਈ ਚਾਅ ਭਰਨ ਲਈ ਢਾਡੀਆਂ ਨੂੰ ਵਾਰਾਂ ਗਾਉਣ ਲਈ ਨਿਯੁਕਤ ਕੀਤਾ। ਗੁਰੂ ਗੋਬਿੰਦ ਸਿੰਘ ਆਪ ਸਿਰੰਦੇ ਨਾਲ ਕੀਰਤਨ ਕਰਦੇ ਸਨ ਤੇ ਉਹਨਾਂ ਦੇ ਦਰਬਾਰ ਵਿੱਚ ਰਾਗੀ ਢਾਡੀ ਗੁਰੂ-ਪ੍ਰਭੂ ਵੀਰ ਯੋਧੇ ਦੇ ਗੁਣਾਂ ਦਾ ਗਾਇਨ ਕਰਦੇ ਰਹਿੰਦੇ ਸਨ। ਪਹਿਲੇ ਸਮਿਆਂ ਵਿੱਚ ਕੀਰਤਨ ਤੰਤੀ ਸਾਜ਼ਾਂ ਨਾਲ ਕੀਤਾ ਜਾਂਦਾ ਸੀ, ਪਰ ਹੁਣ ਬਹੁਤੇ ਰਾਗੀ ਹਰਮੋਨੀਅਮ ਨਾਲ ਕੀਰਤਨ ਕਰਦੇ ਹਨ।

ਟਿਕ ਕੇ ਕੀਰਤਨ ਕਰਨ ਤੇ ਸੁਣਨ ਵਾਲੇ ਦੇ ਮਨ ਉਪਰ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ। ਉਸ ਦਾ ਤਪਦਾ ਹਿਰਦਾ ਸ਼ਾਂਤ ਹੋ ਜਾਂਦਾ ਹੈ। ਕਲ-ਕਲੇਸ਼-ਚਿੰਤਾਂ-ਫਿਕਰ ਸਭ ਨੱਸ ਜਾਂਦੇ ਹਨ। ਮਨ ਗੁਰੂ-ਪ੍ਰਭੂ ਚਰਨਾਂ ਨਾਲ ਜੁੜਦਾ ਹੈ। ਮਨ ਦੀ ਮੈਲ ਕੱਟੀ ਜਾਂਦੀ ਹੈ। ਮਨੁੱਖ ਦਾ ਮਨ ਸ਼ੁਧ, ਸਾਫ਼ ਤੇ ਮੈਲ-ਰਹਿਤ ਹੋ ਜਾਂਦਾ ਹੈ। ਉਹ ਪ੍ਰਭੂ ਚਰਨਾਂ ਨਾਲ ਜੁੜ ਕੇ ਅਗੰਮੀ ਰਸ ਦਾ ਆਨੰਦ ਮਾਣਦਾ ਹੈ।

ਕੀਰਤਨ ਕਰਨ/ਸੁਣਨ ਨਾਲ ਮਨੁੱਖ ਨੂੰ ਆਤਮਕ ਮੰਡਲ ਦੀ ਸੋਝੀ ਮਿਲਦੀ ਹੈ। ਇਹੀ ਕਾਰਨ ਹੈ ਕਿ ਗੁਰਮਤਿ ਵਿੱਚ



Downloaded from https:// www.studiestoday.com

Downloaded from https:// www.studiestoday.com

ਕੀਰਤਨ ਸੁਣਨ ਵਾਲੇ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਗੁਰੂ ਦੇ ਬਚਨ ਹਨ ਕਿ ਕੀਰਤਨ ਸੁਣਨ ਵਾਲੇ ਨੂੰ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਦਾ ਦ੍ਰਿੜ ਵਿਸ਼ਵਾਸ ਹੈ ਕਿ ਕੀਰਤਨ ਜਿੱਥੇ ਵੀ ਹੁੰਦਾ ਹੋਵੇ ਉਥੇ ਜਮਦੂਤ ਨਹੀਂ ਜਾ ਸਕਦੇ ਤੇ ਜਿਹੜੇ ਸਿੱਖ ਸਾਧਕ ਹਰਿ ਜਸ ਵਿੱਚ ਜੁੜਕੇ ਕੀਰਤਨ ਕਰਦੇ/ਸੁਣਦੇ ਹਨ ਉਹਨਾਂ ਬਾਰੇ ਫੁਰਮਾਨ ਹੈ -

ਜੋ ਜਨੁ ਕਰੈ ਕੀਰਤਨ ਗੋਪਾਲ ।।

ਤਿਸ ਕਉ ਪੋਹਿ ਨ ਸਕੈ ਜਮਕਾਲੁ ।।

ਤੇ ਜੋ ਦਿਨ ਰਾਤ ਕੀਰਤਨ ਕਰਦੇ ਹਨ ਪ੍ਰਭੂ ਚਰਨਾਂ ਨਾਲ ਜੁੜਦੇ ਹਨ। ਉਹਨਾਂ ਦਾ ਆਵਾਗਵਨ ਦਾ ਚੱਕਰ ਖਤਮ ਹੋ ਜਾਂਦਾ ਹੈ। ਉਹਨਾਂ ਦੀ ਦੁਰਮਤਿ ਨਾਸ ਹੋ ਜਾਂਦੀ ਹੈ। ਚੰਗੀ ਮਤ ਦਾ ਪ੍ਰਕਾਸ਼ ਹੁੰਦਾ ਹੈ। ਕੀਰਤਨ ਸੁਣਨ/ਕਰਨ ਵਾਲਾ ਗੁਰਮੁਖ/ਬ੍ਰਹਮ ਗਿਆਨੀ ਬਣ ਜਾਂਦਾ ਹੈ। ਉਸ ਦੀਆਂ ਸਭ ਆਂਸਾਂ ਪੂਰੀਆਂ ਹੋ ਜਾਂਦੀਆਂ ਹਨ। ਸਗਲ ਮਨੋਰਥ ਪੂਰੇ ਹੋ ਜਾਂਦੇ ਹਨ।

ਕੀਰਤਨ ਕਰ/ਸੁਣ ਉਹ ਹੀ ਸਿੱਖ ਸਕਦੇ ਜਿਹਨਾਂ ਉਪਰ ਆਪ ਅਕਾਲਪੁਰਖ ਮਿਹਰ ਕਰਦਾ ਹੈ, ਕਿਉਂਕਿ ਮਿਹਰਹੀਣ ਬੰਦਾ ਤਾਂ ਮਾਇਆ ਸੰਚਿਤ ਕਰਨ ਦੇ ਗੇੜ ਵਿੱਚ ਪਿਆ ਦਿਨ ਰਾਤ ਬਸਰ ਕਰਦਾ ਹੈ। ਕੀਰਤਨ ਵਿੱਚ ਮਨ ਉਹਨਾਂ ਦਾ ਹੀ ਟਿਕਦਾ ਹੈ ਜਿਹਨਾਂ ਤੇ ਰਹਿਮਤ ਹੁੰਦੀ ਹੈ।

ਕੀਰਤਨ ਸਿੱਖ ਜੀਵਨ-ਜਾਚ ਦਾ ਇੱਕ ਹਿੱਸਾ ਹੈ ਤੇ ਕੀਰਤਨ ਨਾਲ ਮਨ-ਤਨ ਸਭ ਚੜਦੀ ਕਲਾ ਵਿੱਚ ਸਥਿਤ ਹੁੰਦਾ ਹੈ। ਵਿਸ਼ੇ ਵਿਕਾਰਾਂ ਦਾ ਨਾਸ਼ ਹੁੰਦਾ ਹੈ। ਮਨ-ਨਾਮ-ਸਿਮਰਨ ਵਿੱਚ ਜੁੜਦਾ ਹੈ। ਪਰਮਾਤਮਾ ਦੀ ਸਿਫ਼ਤ ਸਲਾਹ ਚੰਗੀ ਲਗਣ ਲਗਦੀ ਹੈ। ਮਨੁੱਖ ਦਾ ਜੀਵਨ ਗੁਰਮਤਿ ਦੇ ਸਿਧਾਂਤਾਂ ਅਨੁਸਾਰ ਹੋ ਜਾਂਦਾ ਹੈ ਜਿਸ ਕਾਰਨ ਆਖਰ ਸਿੱਖ/ਸਾਧਕ ਨੂੰ ਪਰਮਪਦ ਦੀ ਪ੍ਰਾਪਤੀ ਹੁੰਦੀ ਹੈ।

**ਹੁਕਮ :** ਗੁਰਮਤਿ ਵਿੱਚ ਹੁਕਮ ਦਾ ਸੰਕਲਪ ਇੱਕ ਅਤਿ ਮਹਤਵਪੂਰਨ ਸੰਕਲਪ ਹੈ, ਜਿਸ ਦਾ ਅਰਥ ਹੈ ਪਰਮਾਤਮਾ ਦਾ ਹੁਕਮ, ਉਸਦੀ ਰਜ਼ਾ, ਉਸ ਦਾ ਭਾਣਾ। ਇਹਨਾਂ ਤਿੰਨਾਂ ਸ਼ਬਦਾਂ ਦਾ ਭਾਵ ਹੈ ਪਰਮਾਤਮਾ ਦੀ ਇੱਛਾ, ਉਸ ਦੀ ਰਜ਼ਾ, ਉਸ ਦਾ ਭਾਣਾ ਜਿਸ ਵਿੱਚ ਹਰ ਸਿੱਖ ਸਾਧਕ ਨੂੰ ਰਹਿਣਾ ਚਾਹੀਦਾ ਹੈ। ਹੁਕਮ ਉਹ ਰੱਬੀ ਨਿਯਮ ਹੈ, ਜਿਸ ਵਿੱਚ ਸਗਲ ਸ੍ਰਿਸ਼ਟੀ ਚਲ ਰਹੀ ਹੈ। ਉਸ ਪ੍ਰਭੂ ਨੇ ਸਭ ਲਈ ਜੀਵਨ-ਚੱਜ-ਆਚਾਰ ਨਿਸਚਿਤ ਕੀਤੇ ਹਨ। ਇਸ ਅਨੁਸਾਰ ਚਲਣ ਵਾਲਾ ਪਰਮਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ਗੁਰੂ ਨਾਨਕ ਦੇ ਬਚਨ ਹਨ ਕਿ ਮਨੁੱਖ ਸਚਿਆਰਾ ਕਿਵੇਂ ਹੋ ਸਕਦਾ ਹੈ? ਕੂੜ ਦੀ ਪਾਲ ਕਿਵੇਂ ਟੁੱਟ ਸਕਦੀ ਹੈ? ਇਸ ਦਾ ਸਪਸ਼ਟ ਉਤਰ ਦਿੱਤਾ ਹੈ ਕਿ ਉਹ ਪਰਮਾਤਮਾ ਦੇ ਹੁਕਮ ਵਿੱਚ, ਉਸ ਦੀ ਰਜ਼ਾ ਵਿੱਚ ਰਹੇ। ਭਾਵ ਜੋ ਸਿੱਖ ਹੈ ਉਹ ਆਪਣੇ ਸਭ ਕਰਮ ਪਰਮਾਤਮਾ ਦੀ ਰਜ਼ਾ ਅਧੀਨ ਕਰ ਦੇਵੇ। ਪਰਮਾਤਮਾ ਦੇ ਹੁਕਮ ਨਾਲ ਹੀ ਸਾਰੀ ਸ੍ਰਿਸ਼ਟੀ ਹੋਂਦ ਵਿੱਚ ਆਈ ਹੈ। ਸਾਰੇ ਜੀਵ-ਜੰਤ ਪੈਦਾ ਹੋਏ ਹਨ। ਆਕਾਰ ਪ੍ਰਕਾਰ ਬਣੇ ਹਨ। ਉਸ ਹੁਕਮ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਉਹਨਾਂ ਸਾਧਕਾਂ/ਸਿੱਖਾਂ ਨੂੰ ਲੋਕ-ਪਰਲੋਕ ਵਿੱਚ ਮਾਨ-ਸਤਿਕਾਰ/ਵਡਿਆਈ ਮਿਲੇਗੀ ਜੋ ਅਕਾਲ ਪੁਰਖ ਦੇ ਹੁਕਮ ਵਿੱਚ ਰਹਿੰਦੇ ਹਨ। ਭਾਣੇ ਵਿੱਚ ਵਿਚਰਦੇ ਹਨ। ਰਜ਼ਾ ਵਿੱਚ ਰਾਜ਼ੀ ਰਹਿੰਦੇ ਹਨ। ਸਾਰੇ ਜੀਵ ਅਸਲ ਵਿੱਚ ਉਸ ਦੇ ਹੁਕਮ ਵਿੱਚ ਹੀ ਹਨ।

ਪਰਮਾਤਮਾ ਆਪਣੇ ਹੁਕਮ ਅਨੁਸਾਰ ਸ੍ਰਿਸਟੀ ਦਾ ਪ੍ਰਬੰਧ ਚਲਾ ਰਿਹਾ ਹੈ। ਕਾਰ-ਵਿਹਾਰ ਚਲਾ ਰਿਹਾ ਹੈ। ਸਭ ਗਤੀਆਂ ਵਿਧੀਆਂ ਉਸਦੇ ਹੁਕਮ ਅਨੁਸਾਰ ਹਨ। ਉਹ ਇਸ ਸਭ ਹੁਕਮੀ ਵਰਤਾਰੇ ਨੂੰ ਵੇਖਕੇ ਪ੍ਰਸੰਨ ਹੁੰਦਾ ਹੈ। ਵਿਗਸਦਾ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਬਚਨ ਹੈ: ਹੁਕਮੀ ਹੁਕਮ ਚਲਾਏ ਰਾਹੁ ।। ਨਾਨਕ ਵਿਗਸੈ ਵੇਪਰਵਾਹੁ।।

ਗੁਰੂ ਨਾਨਕ ਸਾਹਿਬ ਦਾ ਵਿਚਾਰ ਹੈ ਕਿ ਉਸ ਪਰਮਾਤਮਾ ਦੀ ਮਰਜ਼ੀ ਬਿਨਾਂ ਪੱਤਾ ਵੀ ਨਹੀਂ ਹਿਲ ਸਕਦਾ। ਉਹ ਆਪਣੀ ਮਰਜ਼ੀ ਕਰਦਾ ਹੈ। ਕਿਸੇ ਦੀ ਸਲਾਹ ਨਹੀਂ ਲੈਂਦਾ। ਇਸ ਲਈ ਉਸਦੇ ਹੁਕਮ ਵਿੱਚ ਰਹਿਣਾ ਹੀ ਸੁੱਖਾਂ ਦੀ ਪ੍ਰਾਪਤੀ ਦਾ ਮੂਲ ਸਾਧਨ ਹੈ ਉਹ ਪਰਮ ਪੁਰਖ ਚੰਗਿਆਈਆਂ ਦਾ ਮੂਲ-ਸ੍ਰੋਤ ਹੈ ਤੇ ਉਸ ਦਾ ਹਰ ਕਰਮ ਮਾਨਵ-ਕਲਿਆਣ ਹਿਤ ਹੈ। ਉਹ ਸਭ ਜੀਵਾਂ ਨੂੰ ਪਿਆਰ ਕਰਦਾ ਹੈ।

ਗੁਰੂ ਸਾਹਿਬਾਨ ਦੀ ਧਾਰਨਾ ਹੈ ਕਿ ਮਨੁੱਖ ਆਪਣੇ ਕਰਮਾਂ ਅਨੁਸਾਰ ਫ਼ਲ ਭੋਗਦਾ ਹੈ। ਚੰਗੇ ਮੰਦੇ ਕਰਮਾਂ ਅਨੁਸਾਰ ਉਹ ਆਵਾਗਵਨ ਦੇ ਚੱਕਰ ਵਿੱਚ ਪਿਆ ਰਹਿੰਦਾ ਹੈ। ਇਸੇ ਲਈ ਸਤਿਗੁਰੂ ਸਿੱਖ ਨੂੰ ਪ੍ਰਭੂ-ਭਾਣੇ ਅਨੁਸਾਰ ਚੱਲਣ ਲਈ ਆਖਦੇ ਹਨ। ਅਜਿਹੇ ਹੁਕਮ ਵਿੱਚ ਰਹਿਣ ਵਾਲੇ ਹੁਕਮੀ ਬੰਦੇ ਦੀ ਜੀਵਨ ਯਾਤਰਾ ਸਫ਼ਲ ਹੁੰਦੀ ਹੈ। ਉਹ ਜਨਮ-ਮਰਨ ਦੇ ਚੱਕਰ ਵਿੱਚੋਂ ਨਿਕਲ ਕੇ ਪਰਮਪਦ ਦੀ ਪ੍ਰਾਪਤੀ ਕਰ ਸਕਦਾ ਹੈ।



Downloaded from https:// www.studiestoday.com

Downloaded from https:// www.studiestoday.com

ਹੁਕਮ ਕੌਣ ਮੰਨਦਾ ਹੈ? ਇਸ ਬਾਰੇ ਗੁਰੂ ਸਾਹਿਬਾਨ ਦਾ ਸਪਸ਼ਟ ਮਤ ਹੈ ਕਿ ਕੇਵਲ ਉਹ ਸਿੱਖ/ਸਾਧਕ ਹੁਕਮ ਮੰਨਦੇ ਹਨ ਜਿਹਨਾਂ ਤੇ ਬਖਸ਼ਿਸ਼ ਕਰਕੇ ਉਹ ਆਪ ਮੰਨਾਉਂਦਾ ਹੈ ਕਿ ਉਹੀ ਸਦਾ ਸੁੱਖੀ ਰਹਿੰਦੇ ਹਨ।

**ਸਾਧ ਸੰਗਤ:** ਸਿੱਖ ਨੂੰ ਸਾਧੂ ਜਨਾਂ ਦੀ ਸੰਗਤ ਕਰਨ ਲਈ ਆਦੇਸ਼ ਕੀਤਾ ਗਿਆ ਹੈ। ਸਾਧ ਤੋਂ ਭਾਵ ਸ਼ੁਭ ਆਚਰਣ ਵਾਲੇ ਗੁਰਸਿੱਖ-ਗੁਰਮੁਖ ਤੋਂ ਹੈ, ਜਿਹਨਾਂ ਦੀ ਸੰਗਤ ਵਿੱਚ ਪ੍ਰਭੂ ਦੀ ਯਾਦ ਤਾਜ਼ਾ ਰਹਿੰਦੀ ਹੈ ਤੇ ਮਨੁੱਖ ਦੀ ਦ੍ਰਿਸ਼ਟੀ ਵਿੱਚ ਭੇਦ-ਭਾਵ ਦੀ ਭਾਵਨਾ ਖਤਮ ਹੋ ਜਾਂਦੀ ਹੈ। ਗੁਰੂ ਜੀ ਦਾ ਬਚਨ ਹੈ: ਬਿਸਰਿ ਗਈ ਸਭ ਤਾਤਿ ਪਰਾਈ ।। ਜਬ ਤੇ ਸਾਧ ਸੰਗਤਿ ਮੋਹਿ ਪਾਈ।। ਨਾਂ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕੋ ਬਨਿ ਆਈ।।

ਸਾਧ ਸੰਗਤ ਦੀ ਨਿਸ਼ਾਨੀ ਸਤਿਗੁਰੂ ਨੇ ਦੱਸੀ ਹੈ ਕਿ ਸਾਧ-ਸੰਗਤ ਉਹ ਹੈ ਜਿੱਥੇ ਕੇਵਲ ਇੱਕ ਪ੍ਰਭੂ ਦੇ ਨਾਮ ਦੀ ਚਰਚਾ ਹੁੰਦੀ ਹੈ । ਸਤਿ-ਸੰਗਤਿ ਕੈਸੀ ਜਾਣੀਐ।। ਜਿਥੈ ਏਕੋ ਨਾਮ ਵਖਾਣੀਐ।। ਏਕੋ ਨਾਮ ਹੁਕਮ ਹੈ ਨਾਨਕ ਸਤਿਗੁਰਿ ਦੀਆਂ ਬੁਝਾਇ ਜੀਉ। ਅਜਿਹੀ ਸੰਗਤ ਵਿੱਚ ਮਨੁੱਖ ਦੀ ਆਤਮਕ ਤੇ ਆਚਰਣ ਅਵਸਥਾ ਵਿੱਚ ਉਚਾਈ ਦੀ ਸੰਭਾਵਨਾਂ ਵਸ ਜਾਂਦੀ ਹੈ। ਉਸ ਦਾ ਤਨ-ਮਨ ਪਵਿਤਰ ਹੋ ਜਾਂਦਾ ਹੈ ਅਤੇ ਸਾਧਕ ਸਿੱਖ ਦੇ ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ। ਉਸ ਦਾ ਜਨਮ-ਮਰਨ ਦਾ ਗੇੜ ਮੁੱਕ ਜਾਂਦਾ ਹੈ। "ਮੇਰੇ ਮਾਧਉ ਜੀ ਸਤਿ ਸੰਗਤਿ ਮਿਲੇ ਸੁ ਤਰਿਆ" ਉਹ ਭਵਸਾਗਰ ਭਾਵ ਸੰਸਾਰ ਸਾਗਰ ਤੋਂ ਤਰ ਜਾਂਦਾ ਹੈ।

ਜਿਹੜਾ ਵਿਅਕਤੀ ਸਾਧ ਸੰਗਤ ਵਿੱਚ ਜਾਣ ਲਗ ਪੈਂਦਾ ਹੈ। ਉਥੇ ਉਤਮ ਪੁਰਖਾਂ ਦੀ ਸੰਗਤ ਵਿੱਚ ਨਾਮ-ਕੀਰਤਨ-ਪ੍ਰਭੂ-ਗੁਰੂ ਕੀਰਤੀ ਦਾ ਆਨੰਦ ਮਾਣਦਾ ਹੈ। ਉਸ ਦੀਆਂ ਮੰਦ ਬਿਰਤੀਆਂ ਦਾ ਨਾਸ਼ ਹੋ ਜਾਂਦਾ ਹੈ ਅਤੇ ਉਸ ਦਾ ਪਾਰ ਉਤਾਰਾ ਹੋ ਜਾਂਦਾ ਹੈ ਸੰਗਤ ਦਾ ਅਸਰ ਸਭ ਤੇ ਹੁੰਦਾ ਹੈ ਭਾਵੇ ਸਾਧਕ ਕਿਸੇ ਵੀ ਵਰਣ-ਆਸ਼ਰਮ ਵਿੱਚੋਂ ਹੋਵੇ ਜਿਵੇਂ ਚੰਦਨ ਦੇ ਨਿਕਟ ਵਸਣ ਵਾਲੇ ਵਿੱਚ ਸਹਿਜ ਸੁਭਾ ਚੰਦਨ ਦੀ ਬਾਸ ਦਾਖਲ ਹੋ ਜਾਂਦੀ ਹੈ ਤੇ ਉਹ ਸੁਗੰਧਤ ਹੋ ਕੇ ਸਭ ਪਾਸੇ ਸੁਗੰਧ ਬਿਖਰੇਦਾ ਹੈ: ਜਿਉਂ ਚੰਦਨ ਨਿਕਟਿ ਵਸੈ ਹਿਰਡ ਬਪੁੜਾ ਤਿਉ ਸਤ ਸੰਗਤਿ ਮਿਲਿ ਪਤਿਤ ਪਰਵਾਣ।"

ਸਾਧ ਸੰਗਤ ਦੀ ਮਹਿਮਾ ਅਪਾਰ ਹੈ। ਸਿੱਖਾਂ ਵਿੱਚ ਇਹ ਵਿਚਾਰ ਬੜਾ ਪ੍ਰਬਲ ਹੈ: ਗੁਰੂ ਵੀਹ ਵਿਸਵੇ ਅਤੇ ਸੰਗਤ ਇੱਕੀ ਵਿਸਵੇ ਭਾਵ ਸੰਗਤ ਗੁਰੂ ਤੋਂ ਵਧ ਮਹੱਤਵਪੂਰਨ ਹੈ। ਜਿੱਥੇ ਸਾਧ ਸੰਗਤ ਜੁੜਦੀ ਹੈ ਉਹ ਸਥਾਨ ਪਵਿਤਰ ਹੋ ਜਾਂਦਾ ਹੈ ਉਥੇ ਕੋਈ ਮੰਦ ਬਿਰਤੀ ਵਾਲਾ ਟਿਕ ਨਹੀਂ ਸਕਦਾ। ਸਾਧ ਸੰਗਤ ਵਿੱਚ ਹਾਜ਼ਰੀ ਭਰਨ ਵਾਲਾ ਨਿਰਮਲ ਹੋ ਜਾਂਦਾ ਹੈ। ਪ੍ਰਭੂ-ਗੁਰੂ ਚਰਨਾਂ ਨਾਲ ਜੁੜ ਜਾਂਦਾ ਹੈ ਤੇ ਉਹ ਮੁਕਤ ਹੋ ਜਾਂਦਾ ਹੈ। ਉਹ ਜੀਵਨ-ਮੁਕਤ ਹੁੰਦਾ ਹੈ। ਉਸ ਦੀ ਸਹਿਜ ਅਵਸਥਾ ਹੋ ਜਾਂਦੀ ਹੈ, ਜਿੱਥੇ ਪਰਮ ਅਨੰਦ ਦਾ ਅਨੁਭਵ ਹੁੰਦਾ ਹੈ। ਜਿਵੇਂ ਪਾਰਸ ਲੋਹੇ ਨੂੰ ਸੋਨਾ ਬਣਾ ਦਿੰਦਾ ਹੈ, ਇਵੇਂ ਸਾਧ ਸੰਗਤ ਸਧਾਰਨ ਮਨੁੱਖ ਨੂੰ ਵਿਸ਼ੇਸ਼ ਬਣਾ ਦਿੰਦੀ ਹੈ। ਮੁਲੱਵਾਨ ਬਣਾ ਦਿੰਦੀ ਹੈ। ਬੰਦਾ ਆਪਣੇ ਵਿਕਾਰਾਂ ਤੋਂ ਪੱਲਾ ਛੁੜ ਲੈਂਦਾ ਹੈ ਤੇ ਸ਼ੁਭ ਕਰਮ ਕਰਨ ਲਗਦਾ ਹੈ, ਜਿਸ ਨਾਲ ਉਸ ਦੇ ਸੁਭਾ ਵਿੱਚ ਕਾਫ਼ੀ ਪਰਿਵਰਤਨ ਆ ਜਾਂਦਾ ਹੈ। ਉਹ ਇਹਨਾਂ ਪਰਿਵਰਤਨਾਂ ਕਾਰਨ ਆਤਮਕ ਮੰਡਲ ਵਿੱਚ ਪਹੁੰਚ ਕੇ ਆਖਰ ਪਰਮਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ਸੰਗਤ ਦਾ ਅਸਰ ਸਹਿਜ ਸੁਭਾ ਹੁੰਦਾ ਹੈ ਤੇ ਸੰਗਤ ਕਰਨ ਵਾਲਾ ਸ਼ੁਭ-ਗੁਣ ਅਤੇ ਸ਼ੁਭ-ਆਚਰਣ ਨੂੰ ਗ੍ਰਹਿਣ ਕਰ ਲੈਂਦਾ ਹੈ।

ਸਾਧ ਸੰਗਤ ਮਨੁੱਖ ਨੂੰ ਆਪਣੇ ਮਨ, ਆਪਣੀਆਂ ਇਛਾਵਾਂ ਆਦਿ ਉਪਰ ਕਾਬੂ ਪਾਣ ਲਈ ਬਲ ਬਖਸ਼ਦੀ ਹੈ ਤੇ ਬੇਲੋੜਾ ਭਟਕਣ ਤੋਂ ਬਚਾਉਂਦੀ ਹੈ। ਕੇਸਾਹੀਣ ਤੇ ਮਾਇਆਧਾਰੀ ਨੂੰ ਅੰਨ੍ਹਾ ਬੋਲਾ ਬਣਨ ਤੋਂ ਵਰਜਦੀ ਹੈ ਉਹ ਮਨੁੱਖ ਨੂੰ ਉਤਮ ਮਨੁੱਖ, ਗੁਰੂ ਦਾ ਪਿਆਰਾ ਅਤੇ ਗੁਰੂ ਵਾਲਾ ਬਣਨ ਲਈ ਉਤਸ਼ਾਹ ਬਖਸ਼ਦੀ ਹੈ।

ਸਾਧ ਸੰਗਤ ਵਿੱਚ ਗੁਰੂ ਦਾ ਨਿਵਾਸ ਹੈ। ਗੁਰੂ ਦੀ ਸਾਧ ਸੰਗਤ ਦੀ ਵਡਿਆਈ ਇਹ ਹੈ ਕਿ ਉਹ ਦਰ ਤੇ ਆਏ, ਸਰਣ ਵਿੱਚ ਆਏ ਸਭ ਪਾਪੀਆਂ, ਮੰਦ ਕਰਮੀਆਂ, ਨਿੰਦਕਾਂ ਦੋਖੀਆਂ ਆਦਿ ਨੂੰ ਬਖਸ਼ ਦਿੰਦੀ ਹੈ ਤੇ ਉਹਨਾਂ ਨੂੰ ਮੰਦਾ ਵੀ ਨਹੀਂ ਆਖਿਆ ਜਾਂਦਾ। ਗੁਰੂ ਜੀ ਦਾ ਹੁਕਮ ਹੈ ਕਿ ਜੇਕਰ ਕੋਈ ਗੁਰੂ ਨਿੰਦਕ ਵੀ ਗੁਰੂ ਦੀ ਸ਼ਰਣ ਵਿੱਚ ਆ ਜਾਂਦਾ ਹੈ ਤਾਂ ਉਸ ਨੂੰ ਬਖਸ਼ ਲੈਂਦਾ ਹੈ ਤੇ ਸਾਧ ਸੰਗਤ ਵਿੱਚ ਮਿਲਾ ਲੈਂਦਾ ਹੈ। ਜਿਵੇਂ ਨਾਲਿਆਂ ਦਾ ਗੰਦਾ ਜਲ ਜਦੋਂ ਗੰਗਾ ਵਿੱਚ ਪ੍ਰਵੇਸ਼ ਕਰ ਜਾਂਦਾ ਹੈ ਤਾਂ ਉਹ ਵੀ ਗੰਗਾ ਵਰਗਾ ਪਵਿਤਰ ਬਣ ਜਾਂਦਾ ਹੈ।

ਸਾਧ ਸੰਗਤ ਦਾ ਸਮਾਜਕ ਮਹੱਤਵ ਵੀ ਬਹੁਤ ਹੈ, ਕਿਉਂਕਿ ਸੰਗਤ ਵਿੱਚ ਸਭ ਦੀ ਬਰਾਬਰੀ ਦਾ ਅਹਿਸਾਸ ਹਰ ਇੱਕ ਨੂੰ ਰਹਿੰਦਾ ਹੈ। ਆਪਸੀ ਭਾਈਚਾਰੇ ਦੀ ਭਾਵਨਾ ਦ੍ਰਿੜ ਹੁੰਦੀ ਹੈ ਤੇ ਮਨੁੱਖ ਨੂੰ ਚੰਗੇ ਸੰਗੀ ਸਾਥੀ ਮਿਲਦੇ ਹਨ। ਹਮ ਖਿਆਲ ਬੰਦਿਆਂ ਦੀ ਸੰਗਤ ਨਾਲ ਸਮਾਜਕ ਅਤੇ ਆਤਮਕ ਖੇਤਰ ਵਿੱਚ ਵਿਕਾਸ ਹੁੰਦਾ ਹੈ।



Downloaded from https:// www.studiestoday.com

Downloaded from https:// www.studiestoday.com

ਸਾਧ ਸੰਗਤ ਦੀ ਪਰੰਪਰਾ ਗੁਰੂ ਘਰ ਵਿੱਚ ਗੁਰੂ ਨਾਨਕ ਸਾਹਿਬ ਦੇ ਜੀਵਨ-ਕਾਲ ਤੋਂ ਸ਼ੁਰੂ ਹੋਈ ਤੇ ਨਿਰੰਤਰ ਚਲ ਰਹੀ ਹੈ। ਸਿੱਖ ਦੇ ਵਿਕਾਸ ਅਤੇ ਵਿਗਾਸ ਵਿੱਚ ਇਸ ਸੰਸਥਾ ਦਾ ਯੋਗਦਾਨ ਅਤਿ ਮਹੱਤਵਪੂਰਨ ਹੈ।

### ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

1. ਕੀਰਤਨ ਦੀ ਪਰੰਪਰਾ ਕਿਹੜੇ ਗੁਰੂ ਜੀ ਤੋਂ ਸ਼ੁਰੂ ਹੋਈ ?
2. ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਹੋਰ ਕਿਹੜੇ-ਕਿਹੜੇ ਗੁਰੂ ਸਾਹਿਬਾਨ ਨੇ ਕੀਰਤਨ ਦੀ ਪਰੰਪਰਾ ਵਿੱਚ ਯੋਗਦਾਨ ਪਾਇਆ।
3. ਕੀਰਤਨ ਸੁਣਨ ਨਾਲ ਮਨੁੱਖ ਉੱਤੇ ਕੀ ਪ੍ਰਭਾਵ ਪੈਂਦਾ ਹੈ?
4. 'ਹੁਕਮ' ਲਈ ਹੋਰ ਕਿਹੜੇ-ਕਿਹੜੇ ਸ਼ਬਦ ਵਰਤੇ ਜਾਂਦੇ ਹਨ?
5. ਪ੍ਰਭੂ-ਭਾਣੇ ਵਿੱਚ ਚਲਣ ਨਾਲ ਵਿਅਕਤੀ ਨੂੰ ਕੀ ਲਾਭ ਪੁਜਦਾ ਹੈ? ਕੋਈ ਇਕ ਦੱਸੋ?
7. 'ਸਾਧ-ਸੰਗਤ' ਕਿਸਨੂੰ ਆਖਦੇ ਹਨ।
8. ਸਾਧ-ਸੰਗਤ ਵਿੱਚ ਜਾਣ ਦਾ ਕੋਈ ਇੱਕ ਲਾਭ ਲਿਖੋ?

(ਲੰਗਰ):- ਲੰਗਰ ਦੀ ਸੰਸਥਾ ਸਿੱਖ ਧਰਮ ਦੀ ਵੱਖਰੀ ਪਛਾਣ ਕਾਇਮ ਕਰਨ ਵਾਲੀ ਸੰਸਥਾ ਹੈ। ਲੰਗਰ ਵਿੱਚ ਹਰ ਲੋੜਵੰਦ ਗਰੀਬ, ਅਮੀਰ, ਯਾਤਰੂ ਆਦਿ ਨੂੰ ਰੱਜਵੀਂ ਰੋਟੀ ਮਿਲਦੀ ਹੈ ਤੇ ਕੋਈ ਵੀ ਭੁੱਖਾ ਨਹੀਂ ਰਹਿੰਦਾ। ਲਗਭਗ ਸਭ ਗੁਰਦੁਆਰਿਆ ਵਿੱਚ ਲੰਗਰ ਚਲਦੇ ਹਨ। ਗੁਰੂ ਘਰ ਦੀ ਇਹ ਉਤਮ ਮਹਿਮਾ ਹੈ ਕਿ ਪੰਗਤ ਵਿੱਚ ਬੈਠ ਕੇ ਸਭ ਨੇ ਇੱਕੋ ਜਿਹਾ ਪ੍ਰਸ਼ਾਦਾ ਛਕਣਾ ਹੈ। ਗੁਰੂ ਦੀ ਨਜ਼ਰ ਵਿੱਚ ਰਾਜਾ-ਰੰਕ, ਗਰੀਬ-ਅਮੀਰ, ਉਚੀ ਜਾਤ ਵਾਲਾ-ਨੀਚ ਜਾਤ ਵਾਲਾ, ਛੂਤ-ਅਛੂਤ, ਸਿੱਖ ਅਸਿੱਖ ਆਦਿ ਸਭ ਬਰਾਬਰ ਹਨ। ਅਕਬਰ ਬਾਦਸ਼ਾਹ ਨੇ ਵੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਆਇਆਂ ਪੰਗਤ ਵਿੱਚ ਲੰਗਰ ਛਕਿਆ ਸੀ।

ਸਿੱਖ ਧਰਮ ਵਿੱਚ ਕਿਸੇ ਪ੍ਰਕਾਰ ਦੀ ਮਨੁੱਖੀ ਵਰਣ ਵੰਡ ਨੂੰ ਸਵੀਕਾਰ ਨਹੀਂ ਕੀਤਾ ਗਿਆ ਅਤੇ ਸਭ ਵਿੱਚ ਬ੍ਰਹਮ ਦੇ ਨਿਵਾਸ ਨੂੰ ਸਿਧਾਂਤਕ ਤੌਰ ਤੇ ਮੰਨਿਆ ਹੈ। ਗੁਰੂ ਸਾਹਿਬਾਨ ਨੇ ਸਭ ਜਾਤਾਂ-ਧਰਮਾਂ-ਵਿਚਾਰਾਂ ਦੇ ਅਨੁਯਾਈਆਂ ਨੂੰ ਬਰਾਬਰ ਦਾ ਮੰਨਦਿਆਂ ਇੱਕੋ ਜਿਹਾ ਵਰਤਾਅ ਕੀਤਾ ਹੈ। ਲੰਗਰ ਇਸ ਦੀ ਗਵਾਹੀ ਹੈ। ਸਾਰੇ ਲੋਕ ਸੰਗਤ ਵਿੱਚ ਬੈਠ ਕੇ ਬਰਾਬਰੀ ਦਾ ਅਹਿਸਾਸ ਕਰਦੇ ਹਨ ਤੇ ਸੱਭ ਨੂੰ ਇੱਕ ਪ੍ਰਕਾਰ ਦਾ ਪ੍ਰਸ਼ਾਦਾ ਮਿਲਦਾ ਹੈ। ਲੰਗਰ ਕਿਸੇ ਅਮੀਰ ਵਜ਼ੀਰ ਜਾਂ ਰਾਜੇ ਮਹਾਰਾਜੇ ਦੇ ਦਾਨ ਨਾਲ ਨਹੀਂ ਚਲਦਾ ਸਗੋਂ ਕਿਰਤੀ ਸਿੱਖਾਂ ਦੀ ਹੱਕ ਹਲਾਲ ਦੀ ਕਮਾਈ ਵਿੱਚੋਂ ਆਏ ਦਾਨ ਜਾਂ ਸਮਗਰੀ ਨਾਲ ਚਲਦਾ ਹੈ, ਜਿਸ ਕਾਰਨ ਇਹ ਅਹਿਮ ਹੈ।

ਲੰਗਰ ਦੀ ਪ੍ਰਥਾ ਗੁਰੂ ਨਾਨਕ ਸਾਹਿਬ ਵੇਲੇ ਚਲ ਪਈ ਸੀ। ਜਦੋਂ ਸਤਿਗੁਰ ਉਦਾਸੀਆਂ ਮਗਰੋਂ ਕਰਤਾਰਪੁਰ ਵਸਾ ਕੇ ਉੱਥੇ ਟਿਕ ਗਏ ਤਾਂ ਗੁਰੂ ਜੀ ਦੇ ਦਰਸ਼ਨਾਂ ਲਈ ਆਈ ਗਈ ਸੰਗਤ ਅਤੇ ਹੋਰ ਮਤਾਂ ਦੇ ਸਾਧ-ਸੰਤ-ਪੈਰੋਕਾਰਾਂ ਆਦਿ ਨੂੰ ਅਤੇ ਗਰੀਬਾਂ ਨੂੰ ਰੋਟੀ ਪਾਣੀ-ਮਿਲ ਜਾਂਦਾ ਸੀ। ਲੰਗਰ ਗੁਰੂ ਨਾਨਕ ਸਾਹਿਬ ਦੀ ਨਿਗਰਾਨੀ ਵਿੱਚ ਚਲਦਾ ਸੀ।

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਲੰਗਰ ਪ੍ਰਥਾ ਨੂੰ ਪੱਕੇ ਪੈਰਾਂ ਉਪਰ ਕੀਤਾ। ਲੰਗਰ ਦਾ ਪ੍ਰਬੰਧ ਗੁਰੂ ਜੀ ਦੀ ਸੁਪਤਨੀ ਮਾਤਾ ਖੀਵੀ ਜੀ ਪਾਸ ਸੀ ਜੋ ਉਤਮ ਪ੍ਰਸ਼ਾਦਾ ਤਿਆਰ ਕਰਵਾ ਕੇ ਪ੍ਰਸੰਨ ਹੁੰਦੇ ਸਨ। ਲੰਗਰ ਦਾ ਖਰਚ ਗੁਰੂ ਜੀ ਪਾਸ ਆਏ ਦਾਨ ਤੋਂ ਚਲਦਾ ਸੀ।

ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ ਨੇ ਵੀ ਲੰਗਰ-ਪੰਗਤ ਦੀ ਪ੍ਰਥਾ ਕਾਇਮ ਰੱਖੀ ਤੇ ਗੁਰੂ ਸਾਹਿਬ ਆਪ ਵੀ ਹੱਥੀਂ ਸੇਵਾ ਕਰਦੇ ਸਨ। ਮਸੰਦ ਦੂਰ ਦੁਰਾਡੇ ਵਸਦੇ ਸਿੱਖਾਂ ਪਾਸੋਂ ਲੰਗਰ ਲਈ ਮਾਇਆ ਅਤੇ ਰਸਦ ਆਦਿ ਲਿਆਉਂਦੇ ਸਨ।

ਗੁਰੂ ਅਰਜਨ ਦੇਵ ਜੀ ਵੇਲੇ ਲੰਗਰ ਦੀ ਪ੍ਰਥਾ ਕਾਇਮ ਰਹੀ ਪਰ ਕੁਝ ਸਮਾਂ ਲੰਗਰ ਚਲਾਉਣ ਵਿੱਚ ਮੁਸ਼ਕਿਲ ਆਈ



Downloaded from https:// www.studiestoday.com

Downloaded from https:// www.studiestoday.com

ਕਿਉਂਕਿ ਗੁਰੂ ਵਿਰੋਧੀ ਪ੍ਰਿਥੀ ਚੰਦ ਨੇ ਮਸੰਦਾਂ ਨੂੰ ਲਾਲਚ ਦੇ ਕੇ ਆਪਣੇ ਵਲ ਕਰ ਲਿਆ ਸੀ ਤੇ ਉਸ ਵੱਲੋਂ ਭੋਲੇ ਸਿੱਖਾਂ ਨੂੰ ਵੀ ਗੁਮਰਾਹ ਕਰਨ ਲਈ ਕਈ ਪ੍ਰਕਾਰ ਦੇ ਹੱਥ ਕੰਡੇ ਵਰਤੇ ਜਾ ਰਹੇ ਸਨ ਜਿਸ ਕਾਰਨ ਸੰਗਤ ਦੀ ਭੇਟਾ ਤੇ ਦਾਨ ਆਦਿ ਦੀ ਮਾਇਆ ਤੇ ਸਮਗਰੀ ਪ੍ਰਿਥੀ ਚੰਦ ਹੜੱਪ ਲੈਂਦਾ ਸੀ। ਪਰ ਸੱਚ ਬਹੁਤੀ ਦੇਰ ਗੁਪਤ ਨਹੀਂ ਰਹਿੰਦਾ। ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਵਰਗੇ ਪੁਰਾਣੇ ਸਿੱਖਾਂ ਨੇ ਇਸ ਸਮਸਿਆ ਦਾ ਹੱਲ ਕਰਨ ਲਈ ਆਪ ਪ੍ਰਚਾਰ ਕਰਨਾ ਆਰੰਭਿਆ ਅਤੇ ਗੁਰ ਸਿੱਖਾਂ ਨੂੰ ਮਿਲ ਕੇ ਅਸਲੀ ਗੁਰੂ ਦੀ ਸ਼ਰਣ ਵਿੱਚ ਜਾਣ ਦੀ ਪ੍ਰੇਰਨਾ ਦਿੱਤੀ ਜਿਸ ਦੇ ਫਲਸਰੂਪ ਮੁੜ ਆਮਦਨ ਵਧ ਗਈ। ਗੁਰੂ ਅਰਜਨ ਦੇਵ ਜੀ ਨੇ ਹੋਰ ਕਾਰਜਾਂ ਦੇ ਨਾਲ ਨਾਲ ਲੰਗਰ-ਪ੍ਰਥਾ ਨੂੰ ਵੀ ਵਧੀਆ ਤਰੀਕੇ ਨਾਲ ਚਲਾਇਆ। ਮਾਤਾ ਗੰਗਾ ਜੀ ਨੂੰ ਲੰਗਰ ਦੀ ਦੇਖ ਭਾਲ ਦਾ ਕੰਮ ਬਖਸ਼ਿਆ ਜਿਹਨਾਂ ਨੇ ਪੂਰੀ ਕੁਸ਼ਲਤਾ ਨਾਲ ਲੰਗਰ ਨੂੰ ਪੱਕੇ ਪੈਰੀਂ ਕੀਤਾ ਤੇ ਕਈ ਸੁਧਾਰ ਵੀ ਕੀਤੇ।

ਗੁਰੂ ਹਰਿਗੋਬਿੰਦ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਲੰਗਰ ਦੀ ਪ੍ਰਥਾ ਨਿਰੰਤਰ ਚਲਦੀ ਰਹੀ। ਜੋ ਵੀ ਗੁਰੂ ਦੇ ਦਰਬਾਰ ਵਿੱਚ ਆਇਆ ਉਹ ਕਦੇ ਭੁੱਖਾ ਨਹੀਂ ਗਿਆ। ਸੋ ਇਹਨਾਂ ਗੁਰੂ ਸਾਹਿਬਾਨ ਵੇਲੇ ਵੀ ਲੰਗਰ ਪ੍ਰਥਾ ਨਿਰੰਤਰ ਚਲਦੀ ਰਹੀ।

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ 'ਦੇਗ ਤੇਗ ਫਤਹਿ' ਦਾ ਨਾਹਰਾ ਬੁਲੰਦ ਹੋ ਗਿਆ ਸੀ ਦੇਗ ਤੋਂ ਭਾਵ ਲੰਗਰ ਸੀ ਅਤੇ ਤੇਗ ਤੋਂ ਭਾਵ ਰਾਜਸੀ ਤਾਕਤ ਸੀ ਜਿਹਨਾਂ ਦੀ ਪ੍ਰਾਪਤੀ ਲਈ ਸਿੱਖਾਂ ਨੇ ਸੰਘਰਸ਼ ਕੀਤਾ ਤੇ ਆਖਰ ਰਾਜੇ ਬਣ ਗਏ।

ਸਿੱਖ ਰਾਜ-ਕਾਲ ਦੁਰਾਨ ਹਰ ਗੁਰਦੁਆਰੇ ਵਿੱਚ ਲੰਗਰ ਜਾਰੀ ਰਿਹਾ। ਸਿੱਖਾਂ ਦੇ ਦਾਨ ਦੇ ਨਾਲ ਨਾਲ ਸਰਕਾਰ ਦੇ ਖਜ਼ਾਨੇ ਵਿੱਚੋਂ ਵੀ ਦਾਨ ਮਿਲਣ ਲੱਗਾ। ਗੁਰਦੁਆਰਿਆਂ ਦੇ ਨਾ ਜ਼ਮੀਨਾਂ, ਪਿੰਡ ਆਦਿ ਲਗਾ ਦਿੱਤੇ ਗਏ ਜਿਹਨਾਂ ਦੀ ਆਮਦਨ ਨਾਲ ਲੰਗਰ ਆਦਿ ਵਧੀਆ ਚਲਦੇ ਰਹੇ।

ਅੱਜ ਵੀ ਲਗਭਗ ਦੇਸ਼ ਵਿਦੇਸ਼ ਦੇ ਹਰ ਗੁਰਦੁਆਰੇ ਵਿੱਚ ਆਏ ਯਾਤਰੀਆਂ ਜਾਂ ਲੋੜਵੰਦਾਂ ਨੂੰ ਪ੍ਰਸ਼ਾਦਾ ਮਿਲ ਜਾਂਦਾ ਹੈ। ਇਸ ਪ੍ਰਥਾ ਨਾਲ, ਸਹਿਜ ਸੁਭਾ ਸਿੱਖ ਧਰਮ ਦਾ ਪ੍ਰਚਾਰ ਵੀ ਹੋਇਆ ਤੇ ਆਮ ਲੋਕਾਂ ਵਿੱਚ ਸਿੱਖਾਂ ਦਾ ਮਾਣ-ਸਤਿਕਾਰ ਵੀ ਵਧਿਆ। ਸਿੱਖਾਂ ਦੀ ਸੁਧ ਕਮਾਈ ਵਿੱਚੋਂ ਦਿੱਤੇ ਦਾਨ ਦਾ ਪ੍ਰਯੋਗ ਵੀ ਅਜਿਹੇ ਸ਼ੁਭ ਕਾਰਜ ਲਈ ਹੋਇਆ। ਭੁੱਖੇ ਨੂੰ ਭੋਜਨ ਦੇਣਾ ਮਹਾਨ ਪੁੰਨ ਕਰਮ ਮੰਨਿਆ ਗਿਆ ਹੈ। ਇਉਂ ਗੁਰੂ ਸਾਹਿਬਾਨ ਨੇ ਸਮਾਜ ਵਿੱਚੋਂ ਭੁੱਖ ਖਤਮ ਕਰਨ ਤੇ ਬਰਾਬਰੀ ਦਾ ਅਹਿਸਾਸ ਕਰਵਾਉਣ ਲਈ ਲੰਗਰ ਇੱਕ ਕਮਾਲ ਦੀ ਪ੍ਰਥਾ ਚਲਾਈ, ਜਿਸ ਨੇ ਸਿੱਖਾਂ ਦੀ ਵੱਖਰੀ ਪਛਾਣ ਕਾਇਮ ਕੀਤੀ। ਅੱਜ ਕਿਧਰੇ ਕਾਲ ਪੈ ਜਾਵੇ ਜਾਂ ਕੁਦਰਤੀ ਆਫ਼ਤ ਆ ਜਾਵੇ, ਸਿੱਖ ਸੰਸਥਾਵਾ ਉੱਥੇ ਪੁੱਜ ਕੇ ਲੰਗਰ ਪਾਣੀ ਦਾ ਪ੍ਰਬੰਧ ਕਰਨ ਵਿੱਚ ਪਹਿਲ ਵੀ ਕਰਦੀਆਂ ਹਨ ਤੇ ਪੂਰੀ ਤਨਦੇਹੀ ਨਾਲ ਸੇਵਾ ਸੰਭਾਲ ਵੀ ਕਰਦੀਆਂ ਹਨ।

## ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

1. ਕਿਹੜੇ ਮੁਗਲ ਬਾਦਸ਼ਾਹ ਨੇ ਗੁਰੂ ਅਮਰਦਾਸ ਜੀ ਦੇ ਸਮੇਂ ਪੰਗਤ ਵਿੱਚ ਬੈਠਕੇ ਲੰਗਰ ਛਕਿਆ?
2. 'ਲੰਗਰ' ਦੀ ਸੰਸਥਾ ਸਿੱਖ ਧਰਮ ਦੀ ਕਿਹੜੀ ਇੱਕ ਵਿਲਖਣਤਾ ਨੂੰ ਦਰਸਾਉਂਦੀ ਹੈ?
3. ਲੰਗਰ ਦੀ ਪ੍ਰਥਾ ਕਿਸ ਗੁਰੂ ਸਾਹਿਬ ਤੋਂ ਆਰੰਭ ਹੋਈ?
4. ਗੁਰੂ ਅੰਗਦ ਦੇਵ ਜੀ ਨੇ ਲੰਗਰ-ਪ੍ਰਥਾ ਦੇ ਵਿਕਾਸ ਵਿੱਚ ਕੀ ਯੋਗਦਾਨ ਪਾਇਆ ਹੈ?
5. ਗੁਰੂ ਅਰਜਨ ਦੇਵ ਜੀ ਦੇ ਸਮੇਂ ਲੰਗਰ ਦੀ ਪ੍ਰਥਾ ਦੀ ਕੀ ਦਸ਼ਾ ਸੀ ?
6. ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਲੰਗਰ ਪ੍ਰਥਾ ਨਾਲ ਸੰਬੰਧਿਤ ਕਿਹੜਾ ਨਾਹਰਾ ਬੁਲੰਦ ਹੋ ਗਿਆ ਸੀ ਅਤੇ ਉਸਦਾ ਕੀ ਅਰਥ ਸੀ?
7. 'ਲੰਗਰ ਦੀ ਪ੍ਰਥਾ' ਨੇ ਸਮਾਜ ਨੂੰ ਕਿਵੇਂ ਪ੍ਰਭਾਵਿਤ ਕੀਤਾ?

ਜਨਮ ਸੰਸਕਾਰ :- ਸਿੱਖ ਪਰਿਵਾਰ ਵਿੱਚ ਜਦੋਂ ਕੋਈ ਬਾਲ ਜਨਮਦਾ ਹੈ ਤਾਂ ਖੁਸ਼ੀ ਮੰਨਾਈ ਜਾਂਦੀ ਹੈ। ਬਾਲ ਦੀ ਆਮਦ ਦੀ ਖੁਸ਼ੀ ਵਿੱਚ ਗੁਰਦੁਆਰੇ ਪ੍ਰਸ਼ਾਦ ਕਰਵਾਇਆ ਜਾਂਦਾ ਹੈ ਅਤੇ ਬਾਲ ਦੀ ਸੁਖਭਰੀ ਲੰਮੀ ਜ਼ਿੰਦਗੀ ਲਈ ਅਰਦਾਸ ਕੀਤੀ ਜਾਂਦੀ



Downloaded from https:// www.studiestoday.com

Downloaded from https:// www.studiestoday.com

ਹੈ। ਬਾਅਦ ਵਿੱਚ ਘਰ ਵਿੱਚ ਪਾਠ ਕਰਵਾਇਆ ਜਾਂਦਾ ਹੈ ਤਾਂ ਜਿਹੜਾ ਵਾਕ ਪਾਠ ਉਪਰੰਤ ਆਂਉਂਦਾ ਹੈ ਉਸ ਦੇ ਪਹਿਲੇ ਅੱਖਰ ਤੇ ਨਾਮ ਰੱਖਿਆ ਜਾਂਦਾ ਹੈ। ਸੰਗਤ ਜਿਸ ਨਾਮ ਦੀ ਪਰਵਾਨਗੀ ਦਿੰਦੀ ਹੈ ਉਹ ਰੱਖਕੇ ਜੈਕਾਰਾ ਗਜਾ ਦਿੱਤਾ ਜਾਂਦਾ ਹੈ। ਲੜਕੇ ਦੇ ਨਾਂ ਨਾਲ 'ਸਿੰਘ' ਤੇ ਲੜਕੀ ਦੇ ਨਾਂ ਨਾਲ 'ਕੌਰ' ਪਦ ਦੀ ਵਰਤੋਂ ਲਾਜ਼ਮੀ ਹੈ ਜਿਸ ਤੋਂ ਉਹ ਹੋਰ ਧਰਮਾਂ ਦੇ ਵਿਅਕਤੀਆਂ ਨਾਲੋਂ ਵੱਖਰੇ ਹੁੰਦੇ ਹਨ।

ਸਿੱਖ ਪਰਿਵਾਰਾਂ ਵਿੱਚ ਸੂਤਕ ਆਦਿ ਦਾ ਕੋਈ ਭਰਮ ਨਹੀਂ ਕੀਤਾ ਜਾਂਦਾ। ਗੁਰਮਤਿ ਰਹਿਤ ਮਰਿਆਦਾ ਅਨੁਸਾਰ ਬੱਚੇ ਦੇ ਜਨਮ ਸਮੇਂ ਉਸਦੇ ਕੰਨ ਵਿੱਚ ਸ੍ਰੀ ਵਾਹਿਗੁਰੂ ਦਾ ਪਵਿਤਰ ਨਾਮ ਸੁਣਾਇਆ ਜਾਂਦਾ ਹੈ। ਕਈ ਪਰਿਵਾਰਾਂ ਵਿੱਚ ਬੱਚੇ ਨੂੰ ਉਸੇ ਵੇਲੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਦਿੱਤਾ ਜਾਂਦਾ ਹੈ ਕਿਉਂਕਿ ਸਿੱਖਾਂ ਦਾ ਵਿਸਵਾਸ਼ ਹੈ ਕਿ ਅਜਿਹਾ ਕਰਨ ਨਾਲ ਸਤਿਗੁਰੂ ਬਾਲ ਦੀ ਅਪਰੀਆਂ ਬਦਰੂਹਾਂ ਆਦਿ ਤੋਂ ਰੱਖਿਆ ਕਰਦੇ ਹਨ। ਇਉਂ ਬਚਪਨ ਵਿੱਚ ਹੀ ਬਾਲ ਨੂੰ ਗੁਰੂ ਦੇ ਚਰਨੀਂ ਲਗਾ ਦਿੱਤਾ ਜਾਂਦਾ ਹੈ।

**ਅੰਮ੍ਰਿਤ ਸੰਸਕਾਰ:-** ਅੰਮ੍ਰਿਤ ਦਾ ਬਾਟਾ ਪੰਜ ਸਿੰਘ ਤਿਆਰ ਕਰਦੇ ਹਨ ਤੇ ਅੰਮ੍ਰਿਤ ਅਭਿਲਾਸ਼ੀਆਂ ਨੂੰ ਪੰਗਤ ਵਿੱਚ ਖੜ੍ਹਾ ਕਰਕੇ ਅੰਮ੍ਰਿਤ ਛਕਾਇਆ ਜਾਂਦਾ ਹੈ। ਬਾਟੇ ਵਿੱਚ ਜਲ ਤੇ ਪਤਾਸੇ ਪਾ ਕੇ ਖੰਡਾ ਫੇਰਦਿਆਂ ਪੰਜ ਸਿੰਘ ਵਾਰੀ-ਵਾਰੀ ਇੱਕ ਇੱਕ ਬਾਣੀ ਦਾ ਪਾਠ ਕਰਦੇ ਹਨ ਤੇ ਇੱਕ ਹੱਥ ਬਾਟੇ ਨਾਲ ਲਗਾ ਕੇ ਰਖਦੇ ਹਨ। ਪਾਠ ਦੇ ਭੋਗ ਮਗਰੋਂ ਅਰਦਾਸ ਕਰਕੇ ਅੰਮ੍ਰਿਤ ਛਕਾਉਣ ਦੀ ਰਸਮ ਕਰਦੇ ਹਨ ਤੇ ਫਿਰ ਅੰਮ੍ਰਿਤਧਾਰੀਆਂ ਨੂੰ ਸਿੱਖ ਰਹਿਤ ਬਹਿਤ ਬਾਰੇ ਦੱਸਦੇ ਹਨ: ਪੰਜ ਬਾਣੀਆਂ ਦਾ ਪਾਠ ਹਰ ਰੋਜ਼ ਕਰਨਾ ਹੈ-ਜਪੁਜੀ, ਜਾਪੁ ਸਾਹਿਬ, ਸੁਧਾ ਸਵਈਏ, ਰਹਿਰਾਸ ਤੇ ਕੀਰਤਨ ਸੋਹਿਲਾ। ਗੁਰੂ ਸਾਹਿਬਾਨ ਤੇ ਅਕਾਲ ਪੁਰਖ ਬਿਨਾਂ ਕਿਸੇ ਦੇਵੀ ਦੇਵਤੇ ਅਵਤਾਰ ਆਦਿ ਦੀ ਉਪਾਸਨਾਂ ਨਹੀਂ ਕਰਨੀ। ਸਾਰੇ ਅੰਮ੍ਰਿਤ ਧਾਰੀਆਂ ਨੂੰ ਆਪਣੇ ਭੈਣ ਭਰਾ ਮੰਨਣਾ ਹੈ। ਜਾਤ-ਪਾਤ ਦਾ ਖਿਆਲ ਛੱਡਣਾ ਹੈ।

**ਚਾਰ ਕੁਰਿਹਤਾਂ ਨਹੀਂ ਕਰਨੀਆਂ :-**

1. ਕੇਸਾਂ ਦੀ ਬੇਅਦਬੀ ਕਰਨੀ 2. ਕੁੱਠਾ ਖਾਣਾ 3. ਪਰ ਇਸਤਰੀ ਪਰ ਪੁਰਸ਼ ਨਾਲ ਸਰੀਰਕ ਸੰਬੰਧ ਕਾਇਮ ਕਰਨੇ 4. ਤੰਬਾਕੂ ਦੀ ਵਰਤੋਂ। ਜੇਕਰ ਇਹਨਾਂ ਵਿੱਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਦੁਬਾਰਾ ਭੁਲ ਬਖਸ਼ਾ ਕੇ ਤਨਖਾਹ ਲਗਵਾ ਕੇ ਮੁੜ ਅੰਮ੍ਰਿਤ ਛਕਣਾ ਪਵੇਗਾ।

**ਅਨੰਦ ਸੰਸਕਾਰ:** ਸਿੱਖ ਬੱਚਿਆਂ ਦਾ ਵਿਆਹ ਸਿੱਖ ਪਰਿਵਾਰਾਂ ਵਿੱਚ ਹੀ ਕੀਤਾ ਜਾਂਦਾ ਹੈ। ਕੁੜਮਾਈ ਦਾ ਕੋਈ ਵਿਧਾਨ ਨਹੀਂ ਹੈ। ਆਨੰਦ ਕਾਰਜ ਕਰਨ ਦਾ ਦਿਨ ਨਿਸਚਿਤ ਕੀਤਾ ਜਾਂਦਾ ਹੈ। ਲਾੜੇ ਨੂੰ ਕਿਸੇ ਸਿਹਰੇ, ਮੁਕਟ ਆਦਿ ਦੀ ਜ਼ਰੂਰਤ ਨਹੀਂ ਤੇ ਨਾ ਹੀ ਫਜ਼ੂਲ ਦੀਆਂ ਰਸਮਾਂ ਦੀ ਜ਼ਰੂਰਤ ਹੈ ਜਿਵੇਂ ਪਿਤਰ ਪੂਜਾ, ਕੱਚੀ ਲੱਸੀ ਵਿੱਚ ਪੈਰ ਪਾਉਣੇ, ਜੰਡੀ ਵੱਢਣੀ, ਵੇਸ਼ਵਾ ਨਾਚ, ਸਿਠਣੀਆਂ ਦੇਣੀਆਂ, ਸ਼ਰਾਬ ਦੀ ਵਰਤੋਂ ਆਦਿ ਵਰਜਿਤ ਹੈ।

ਲੜਕੇ ਲੜਕੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਗ੍ਰਿਹਸਤ ਜੀਵਨ ਸੰਬੰਧੀ ਉਪਦੇਸ਼ ਦਿੱਤਾ ਜਾਂਦਾ ਹੈ ਤੇ ਉਹਨਾਂ ਨੂੰ, ਜੇਕਰ ਅੰਮ੍ਰਿਤਧਾਰੀ ਨਾ ਹੋਣ ਤਾਂ, ਉਹਨਾਂ ਨੂੰ ਅੰਮ੍ਰਿਤ ਛਕਣ ਲਈ ਆਖਿਆ ਜਾਂਦਾ ਹੈ। ਸੂਹੀ ਰਾਗ ਵਿੱਚ ਰਚਿਤ ਗੁਰੂ ਰਾਮ ਦਾਸ ਜੀ ਦੀ ਬਾਣੀ 'ਲਾਵਾਂ' ਦਾ ਪਾਠ ਅਤੇ ਕੀਰਤਨ ਕਰਕੇ ਉਹਨਾਂ ਦਾ ਵਿਆਹ ਕਰਕੇ ਮਗਰੋਂ ਅਰਦਾਸ ਕੀਤੀ ਜਾਂਦੀ ਹੈ ਕਿ ਜੋੜੀ ਸੁੱਖ ਭਰਿਆਂ ਗੁਰਮਤਿ ਅਨੁਸਾਰ ਜੀਵਨ ਬਸਰ ਕਰੇ।

**ਮਿਰਤਕ ਸੰਸਕਾਰ:** ਸਿੱਖ ਰਹਿਤ ਮਰਿਆਦਾ ਅਨੁਸਾਰ ਜਦੋਂ ਸਿੱਖ ਅਕਾਲ ਚਲਾਣਾ ਕਰਦਾ ਹੈ ਤਾਂ ਉਹ ਨੂੰ ਮੰਜੇ ਤੋਂ ਥੱਲੇ ਲਾਹੁਣ ਦੀ ਜ਼ਰੂਰਤ ਨਹੀਂ। ਦੀਵਾ ਵੱਟੀ, ਗਊ ਆਦਿ ਮਨਸਣਾ ਜਾਂ ਹੋਰ ਸੰਸਕਾਰ ਕਰਨ ਦੀ ਮਨਾਹੀ ਹੈ। ਜਦੋਂ ਕੋਈ ਸਿੰਘ ਦੇਹ ਤਿਆਗੇ ਤਾਂ ਧਾਹ ਨਹੀਂ ਮਾਰਨੀ ਚਾਹੀਦੀ। ਰੋਣਾ-ਪਿਟਣਾ, ਸਿਆਪਾ ਕਰਨਾ, ਕੀਰਨੇ ਪਾਉਣੇਂ ਆਦਿ ਸਭ ਮਨਮਤ ਹੈ। ਮਿਰਤਕ ਸਰੀਰ ਪਾਸ ਗੁਰਬਾਣੀ ਦਾ ਪਾਠ ਕਰਨਾ ਚਾਹੀਦਾ ਹੈ। ਮਿਰਤਕ ਭਾਂਵੇ ਕਿਸੇ ਉਮਰ ਦਾ ਹੋਵੇ ਉਸ ਦਾ ਸਰੀਰ ਅਗਨ-ਭੇਟ ਕਰਨਾ ਚਾਹੀਦਾ ਹੈ।

ਮਰਨ ਵਾਲੇ ਪੁਰਸ਼ ਜਾਂ ਇਸਤਰੀ ਨੂੰ ਅੰਤਿਮ ਸਮੇਂ ਇਸ਼ਨਾਨ ਕਰਵਾਉਣਾ ਚਾਹੀਦਾ ਹੈ ਅਤੇ ਪੰਜ ਕਕਾਰ ਨਾਲ ਰੱਖਣੇ ਚਾਹੀਦੇ ਹਨ। ਜਦੋਂ ਨੜੋਆਂ ਤਿਆਰ ਹੋ ਕੇ ਚਲਣ ਲੱਗੇ ਤਾਂ ਅਰਦਾਸ ਕਰਨੀ ਚਾਹੀਦੀ ਹੈ। ਨਾਲ ਚੱਲਣ ਵਾਲੀ ਸੰਗਤ ਵੈਰਾਗਮਈ ਸ਼ਬਦ ਗਾਇਣ ਕਰੇ। ਫਿਰ ਕੀਰਤਨ ਸੋਹਿਲਾ ਪੜ੍ਹਕੇ ਸਰੀਰ ਅਗਨ ਭੇਟ ਕਰਕੇ ਅਰਦਾਸਾਂ ਸੋਧਿਆ ਜਾਵੇ ਜਦੋਂ ਅੰਗੀਠਾ ਬਲ



Downloaded from https:// www.studiestoday.com

Downloaded from https:// www.studiestoday.com

ਉਠੇ ਤਾਂ ਸੰਗਤ ਵਾਪਸ ਆ ਕੇ ਗੁਰਦੁਆਰਾ ਸਾਹਿਬ ਵਿਖੇ ਜਾਂ ਘਰ ਜੇਕਰ ਪਾਠ ਰੱਖਿਆ ਜਾਵੇ ਤਾਂ ਆਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਕਰਕੇ ਪ੍ਰਸ਼ਾਦ ਵਰਤਾਇਆ ਜਾਵੇ। ਫਿਰ ਸੋਖ ਨੂੰ ਮੁੱਖ ਰੱਖ ਕੇ ਪਾਠ ਦਾ ਭੋਗ ਪਾਇਆ ਜਾਵੇ। ਅੰਗੀਠਾ ਠੰਢਾ ਹੋਣ ਤੇ ਫੁੱਲ ਚੁਗ ਕੇ ਕੀਰਤਪੁਰ ਸਾਹਿਬ ਵਿਖੇ ਪਾਏ ਜਾਣ ਅਤੇ ਬਾਕੀ ਬਚੀ ਰਾਖ ਕਿਸੇ ਵਗਦੇ ਜਲ ਵਿੱਚ ਪ੍ਰਵਾਹ ਕਰ ਦਿੱਤੀ ਜਾਵੇ।

ਅੱਧ ਮਾਰਗ, ਸਿਆਪਾ, ਫੂਹੜੀ, ਪਿੰਡ-ਕਿਰਿਆ, ਸੰਸਕਾਰ ਆਦਿ ਗੁਰਮਤਿ ਰਹਿਤ ਮਰਿਆਦਾ ਅਨੁਸਾਰ ਵਰਜਿਤ ਹਨ।

## ਦੁਹਰਾਈ ਲਈ ਵਸਤੂਨਿਸ਼ਠ ਪ੍ਰਸ਼ਨ

1. ਸਿੱਖ ਧਰਮ ਅਨੁਸਾਰ ਬੱਚੇ ਦੇ ਜਨਮ ਸਮੇਂ ਕੀ ਕੀ ਕੀਤਾ ਜਾਂਦਾ ਹੈ?
2. ਸਿੱਖ ਧਰਮ ਅਨੁਸਾਰ ਨਵੇਂ ਜੰਮੇ ਬੱਚੇ ਦਾ ਨਾਂ ਕਿਵੇਂ ਰੱਖਿਆ ਜਾਂਦਾ ਹੈ?
3. ਅੰਮ੍ਰਿਤ ਦਾ ਬਾਟਾ ਕਿੰਨੇ ਸਿੱਘ ਤਿਆਰ ਕਰਦੇ ਹਨ।
4. ਅੰਮ੍ਰਿਤਧਾਰੀ ਨੂੰ ਕਿਹੜੀਆਂ-ਕਿਹੜੀਆਂ ਦੋ ਕੁਰਹਿਤਾਂ ਨਹੀਂ ਕਰਨੀਆਂ ਚਾਹੀਦੀਆਂ?
5. ਕਿਹੜਾ ਵਿਅਕਤੀ ਤਨਖਾਹੀਆ ਕਰਾਰ ਦਿੱਤਾ ਜਾ ਸਕਦਾ ਹੈ?
6. ਅਨੰਦ ਸੰਸਕਾਰ ਬਾਰੇ ਤੁਸੀਂ ਕੀ ਜਾਣਦੇ ਹੋ?
7. ਸਿੱਖ ਧਰਮ ਅਨੁਸਾਰ ਮਿਰਤਕ ਸੰਸਕਾਰ ਸਮੇਂ ਕਿਹੜੀਆਂ ਕਿਹੜੀਆਂ ਦੋ ਗੱਲਾਂ ਵਰਜਿਤ ਹਨ?

### ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਰਹਿਤਨਾਮਿਆ ਵਿੱਚ ਕਿਹੜੀਆਂ ਮੁੱਖ ਕੁਰਹਿਤਾ ਦਾ ਜਿਕਰ ਹੈ?
2. ਸਿੱਖ ਦੀ ਰਹਿਣੀ ਬਹਿਣੀ ਕਿਹੋ ਜਿਹੀ ਹੋਣੀ ਚਾਹੀਦੀ ਹੈ?
3. ਸਿੱਖ ਦਾ ਅੰਮ੍ਰਿਤ ਵੇਲਾ ਕਿਹੋ ਜਿਹਾ ਹੋਵੇ।
4. ਇੱਕ ਸੱਚੇ ਸਿੱਖ ਦਾ ਖਾਣਾ-ਪੀਣਾ ਕਿਹੋ ਜਿਹਾ ਹੋਵੇ।
5. ਇੱਕ ਸਿੱਖ ਲਈ ਭਾਈਚਾਰਕ ਮਿਲਵਰਤਨ ਕਿਉਂ ਜ਼ਰੂਰੀ ਹੈ।
6. ਨਾਮ ਸਿਮਰਨ ਦੀ ਕੀ ਮਹੱਤਤਾ ਹੈ?
7. ਲੰਗਰ ਦੀ ਸੰਸਥਾ ਤੇ ਨੋਟ ਲਿਖੋ?
8. ਕੀਰਤਨ ਦੀ ਸਿੱਖ ਜੀਵਨ ਜਾਂਚ ਵਿੱਚ ਕੀ ਮਹੱਤਤਾ ਹੈ।
9. ਸਿਮਰਨ ਨੂੰ ਸਿੱਖ ਸਾਧਨਾ ਦਾ ਮੂਲ ਕਿਉਂ ਆਖਿਆ ਗਿਆ ਹੈ?
10. ਲੰਗਰ ਦੀ ਪ੍ਰਥਾ ਕਿਹੜੇ ਗੁਰੂ ਸਾਹਿਬ ਤੋਂ ਆਰੰਭ ਹੋਈ? ਅਤੇ ਇਸ ਦਾ ਵਿਕਾਸ ਵੀ ਦੱਸੋ।

### ਨਿਬੰਧਾਤਮਕ ਉੱਤਰਾਂ ਵਾਲੇ ਪ੍ਰਸ਼ਨ

1. ਸਿੱਖ ਰਹਿਤ-ਮਰਯਾਦਾ ਬਾਰੇ ਤੁਸੀਂ ਕੀ ਜਾਣਦੇ ਹੋ?
2. ਸਿੱਖ ਜੀਵਨ ਜਾਚ ਵਿੱਚ ਕੀਰਤਨ ਦੀ ਭੂਮਿਕਾ ਦੱਸੋ?
3. ਸੰਗਤ ਤੇ ਪੰਗਤ ਤੋਂ ਕੀ ਭਾਵ ਹੈ? ਵਿਸਥਾਰ ਸਹਿਤ ਚਰਚਾ ਕਰੋ।
4. ਸਿੱਖ ਧਰਮ ਵਿੱਚ ਸਾਧ ਸੰਗਤ ਅਤੇ ਹੁਕਮ ਦੀ ਭੂਮਿਕਾ ਉਪਰ ਨੋਟ ਲਿਖੋ?



Downloaded from https:// www.studiestoday.com

Downloaded from https:// www.studiestoday.com

# ਪੰਜਾਬ ਸਕੂਲ ਸਿੱਖਿਆ ਬੋਰਡ
## ਪੰਜਾਬ ਓਪਨ ਸਕੂਲ
### ਆਂਤਰਿਕ ਮੁਲਾਂਕਣ-ਪੱਤਰ
### ਧਰਮ

ਨਿਰੀਖਕ ਦੁਆਰਾ ਭਰਿਆ ਜਾਂਵੇ
ਕੁਲ ਅੰਕ : 70 Changed/ਤਬਦੀਲ ਹੈ
ਪ੍ਰਾਪਤ ਅੰਕ
ਸਮਾਂ 3 ਘੰਟੇ

ਵਿਦਿਆਰਥੀ ਦੁਆਰਾ ਭਰਿਆ ਜਾਵੇ
ਨਾਂ ............
ਦਾਖਲਾ ਕ੍ਰਮ ਅੰਕ................

ਨੋਟ ਸਾਰੇ ਪ੍ਰਸ਼ਨ ਜਰੂਰੀ ਹਨ।

**(ਭਾਗ -I)**

**ਇੱਕ ਸ਼ਬਦ ਜਾਂ ਇੱਕ ਸਤਰ ਵਿੱਚ ਉੱਤਰ ਦਿਉ :** 1 X 11= 11

1. ਸਿੰਧੂ ਘਾਟੀ ਸੱਭਿਅਤਾ ਕਿੰਨੀ ਪੁਰਾਣੀ ਹੈ ?
2. ਬੋਧੀ ਸਤਵ ਤੋਂ ਕੀ ਭਾਵ ਹੈ ?
3. ਗੁਰੂ ਅਮਰਦਾਸ ਜੀ ਦੇ ਪੁੱਤਰਾਂ ਦੇ ਨਾਂ ਦੱਸੋ ।
4. ਚਾਰ ਉਪ-ਵੇਦਾਂ ਦੇ ਨਾਂ ਲਿਖੋ ।
5. ਭਾਗਵਤ ਪੁਰਾਣ ਕਿਹੜੇ ਦੇਵਤੇ ਨਾਲ ਸਬੰਧਤ ਹੈ ?
6. ਹਰਿਮੰਦਰ ਸਾਹਿਬ ਦਾ ਪਹਿਲਾ ਗ੍ਰੰਥੀ ਕਿਸ ਨੂੰ ਨਿਯੁਕਤ ਕੀਤਾ ਗਿਆ ?
7. ਆਦਿ ਗ੍ਰੰਥ ਦੀ ਬਾਣੀ ਕਿੰਨੇ ਰਾਗਾਂ ਵਿੱਚ ਸੰਕਲਿਤ ਹੈ ?
8. ਬੁੱਧ ਮਤ ਅਨੁਸਾਰ ਦੂਜੀ ਅਵਸਥਾ ਵਿੱਚ ਮਨੁੱਖ ਨੂੰ ਕਿਸ ਚੀਜ ਦੀ ਪ੍ਰਾਪਤੀ ਹੁੰਦੀ ਹੈ ?
9. ਜੈਨ ਮਤ ਦੇ ਤਿੰਨ ਰਤਨਾ ਦੇ ਨਾਂ ਲਿਖੋ ।
10. ਪੰਗਤ ਦੀ ਸਥਾਪਨਾ ਕਿਸ ਗੁਰੂ ਨੇ ਕੀਤੀ ?
11. ਸਿੱਖ ਰਹਿਤ ਨਾਮੇ ਵਿੱਚ ਕਿਹੜੀਆਂ ਮੁੱਖ ਕੁਰਿਹਤਾਂ ਦਾ ਜਿਕਰ ਹੈ ?

**(ਭਾਗ -II)**

**ਲਗਭਗ 50-60 ਸ਼ਬਦਾਂ ਵਿੱਚ ਉੱਤਰ ਦਿਉ ।** 3 X 5 = 15

12. ਸਿੰਧੂ ਘਾਟੀ ਦੇ ਲੋਕਾਂ ਵਿੱਚ ਪਸ਼ੂ ਪੂਜਾ ਪ੍ਰਚਲਿਤ ਸੀ । ਵਿਚਾਰ ਕਰੋ।
13. ਨੈਤਿਕਤਾ ਦੇ ਰਾਹ ਦੇ ਚੱਲਣ ਲਈ ਮਹਾਤਮਾ ਬੁੱਧ ਨੇ ਇਨਸਾਨ ਨੂੰ ਕਿਹੜੇ ਸਿਧਾਂਤ ਅਪਨਾਉਣ ਲਈ ਕਿਹਾ ?
14. ਮੁੱਖ ਤੌਰ ਤੇ ਆਦਿ ਗ੍ਰੰਥ ਵਿੱਚ ਕਿਹੜੇ - ਕਿਹੜੇ ਵਿਸ਼ਿਆਂ ਤੇ ਵਿਚਾਰ ਹੋਇਆ ਹੈ ?
15. ਜੈਨ ਧਰਮ ਅਨੁਸਾਰ ਅਹਿੰਸਾ ਤੋਂ ਕੀ ਭਾਵ ਹੈ ?
16. ਸਿੱਖ ਧਰਮ ਅਨੁਸਾਰ ਅਕਾਲ ਪੁਰਖ ਦਾ ਕੀ ਸਰੂਪ ਹੈ ?



Downloaded from https:// www.studiestoday.com

Downloaded from https:// www.studiestoday.com

## (ਭਾਗ -III)

ਹਰ ਪ੍ਰਸ਼ਨ ਦਾ ਉੱਤਰ ਲਗਭਗ 70-80 ਸ਼ਬਦਾਂ ਵਿੱਚ ਦਿਉ । 5 X 4 = 20

17. ਉਪਨਿਸ਼ਦ ਕਿੰਨੇ ਹਨ ? ਤੇ ਉਹਨਾਂ ਦੇ ਵਿਸ਼ੇ ਵਸਤੂ ਤੇ ਵਿਚਾਰ ਕਰੋ ।

18. ਖਾਲਸਾ ਦੀ ਸਿਰਜਨਾ ਦਾ ਮੱਹਤਵ ਦੱਸੋ ।

19. ਵਰਧਮਾਨ ਮਹਾਂਵੀਰ ਦੀਆਂ ਮੁੱਖ ਸਿੱਖਿਆਵਾਂ ਲਿਖੋ ।

20. ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਦੇ ਕਾਰਨਾਂ ਤੇ ਪ੍ਰਕਾਸ਼ ਪਾਓ ।

## (ਭਾਗ -IV)

ਹਰ ਪ੍ਰਸ਼ਨ ਦਾ ਉੱਤਰ ਲਗਭਗ ਸ਼ੀਟ ਦੇ $2^1/_2$ ਸਫਿਆਂ ਵਿੱਚ ਦਿਉ । 8 X 3 = 24

21. ਰਿਗਵੇਦ ਕਾਲ ਦੇ ਯੱਗ, ਬਲੀ ਅਤੇ ਸਵਰਗ ਦੀ ਸੋਝੀ ਸਬੰਧੀ ਚਰਚਾ ਕਰੋ ।

22. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਕੰਲਨ ਅਤੇ ਸੰਪਾਦਨ ਸਬੰਧੀ ਤੁਸੀਂ ਕੀ ਜਾਣਦੇ ਹੋ ?

23. ਜੈਨ ਧਰਮ ਦੀਆਂ ਨੈਤਿਕ ਸਿੱਖਿਆਵਾਂ ਸਬੰਧੀ ਚਰਚਾ ਕਰੋ ।



Downloaded from https:// www.studiestoday.com